27.7.92
ਪੌਂਟਾ ਸਾਹਿਬ
[illegible] ਤੋਂ ਵਾਪਸੀ
ਤੇ.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਦਸਮ ਗ੍ਰੰਥ ਦਾ ਕਰਤ੍ਰਿਤਵ

( ਪੀ-ਐਚ. ਡੀ. ਦੀ ਡਿਗਰੀ ਲਈ ਸ੍ਵੀਕ੍ਰਿਤ ਖੋਜ-ਪ੍ਰਬੰਧ : ਪੂਰਬਾਰਧ )

ਡਾ. ਰਤਨ ਸਿੰਘ ਜੱਗੀ
ਐਮ. ਏ. ( ਪੰਜਾਬੀ, ਹਿੰਦੀ ), ਜੇ. ਡੀ., ਪੀ-ਐਚ. ਡੀ.
ਪੰਜਾਬੀ ਯੂਨੀਵਰਸਿਟੀ, ਪਟਿਆਲਾ

Digitized by Panjab Digital Library | www.panjabdigilib.org

Copy-Right : ਡਾ. ਰਤਨ ਸਿੰਘ ਜੱਗੀ

(Pb)

Q-:22:9
153 K6;2

ਪਹਿਲੀ ਵਾਰ : ਮਈ, 1966

ਮੁੱਲ : 15 ਰੁਪਏ

58654

ਕ : ਪੰਜਾਬੀ ਸਾਹਿਤ ਸਭਾ (ਰਜਿਸਟਰਡ),
13 ਫ਼ਾਇਰ ਬ੍ਰਿਗੇਡ ਲੇਨ, ਨਵੀਂ ਦਿੱਲੀ

Digitized by Panjab Digital Library | www.panjabdigilib.org

ਯੁਗ ਪੁਰਸ਼

# ਸੰਤ ਬਾਬਾ ਫਤਹ ਸਿੰਘ ਜੀ

ਨੂੰ

ਅਤਿ ਸ਼ਰਧਾ ਅਤੇ ਪ੍ਰੇਮ ਸਹਿਤ

ਸਮਰਪਿਤ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

पंजाब यूनिवर्सिटी
हिंदी विभाग
चंडीगढ़

दूरभाष--१०२२

अध्यक्ष

नं० 1628

20/28 February, 1963

Dr. Rattan Singh has been awarded the Ph.D. degree by the Panjab University in 1962 on "A Critical Study of the Puranic Compositions in the Dasam Granth." The candidate has thoroughly discussed the authenticity of the Dasam Granth, an important work of the later Panjabi Poetry and after analysing the arguments for and against the authenticity of the work the candidate, with the help of published and unpublished material on the subject, has enunciated his findings in the most convincing and thought-provoking manner. His method of research is analytical and fact-finding and it is a matter of satisfaction that the candidate is above all prejudices. Many photo-plates have been appended to this volume for providing ready references to the arguments.

This dissertation deals with one of the most controvertial topics in the whole range of Panjabi literature and it is extremely gratifying that this work has been accomplished by the author at the cost of tremendous labour and scientific discrimination of a high order. The thesis is the result of vast erudition involving detailed mastery of almost the entire religious literature of the Sikhs on the one hand and of the Puranic Sanskrit Literature on the other. The Dasam Granth is traditionally attributed to the Tenth Pontif Guru Govind Singh and much has been written for long years to prove the genuinety or otherwise, for its authorship. In deciding the question the author has made himself singularly free from preconceived

Digitized by Panjab Digital Library | www.panjabdigilib.org

inhibitions, and has exercised extreme impartial care as behoves a critical literary approach.

The conglomeration of this extremely diverse material under the same cover presents a baffling problem. The present thesis is a successful probe into the mystery of the authorship and compilation of the several pieces, extracts and fragments constituting the available corpus of this scripture. For this purpose he has set before himself an ambitious programme of literary criticism based on an examination of the preserved MSS and a comparative study of the puranic study of the puranic contents with their Sanskrit sources.

The major findings of this research work show that the contents of the puranic chapters of the Dasam Granth do not accord with the ideas and personality of Guru Govind Singh, that they were the compositions of his *darbari* poets like Ram, Sayam whose names occur in the stanzas or *padas*, that many of the puranic legends tally with their puranic sources but there are also numerous instances of variation and difference and that several documents, like the letter of Bhai Mani Singh and the Khas Patras are spurious (P. 129/139) and cannot be admitted as genuine to prove the authorship or antiquity of the puranic portions. Inspite of the above, the Dasam Granth is of an in-estimate value for the history of Hindi Literature and of the development of the Sikh religion at a critical stage of its growth at the time of Guru Govind Singh when a rapproachment to Hinduism was the crying need of the hour.

The thesis displays mature judgement and patient industry in the compilation and sifting of evidence. It is presented in an excellent literary style and affords a delightful reading. This is in brief, the assessment of the thesis according to the External Examiners.

Hazari Prasad Dwivedi
Head of Hindi Department



Digitized by Panjab Digital Library | www.panjabdigilib.org

# ਨਿਵੇਦਨ

ਪੰਜਾਬ ਯੂਨੀਵਰਸਿਟੀ ਦੀ ਪੀ-ਐਚ. ਡੀ. ਦੀ ਡਿਗਰੀ ਲਈ ਜਦੋਂ ਮੈਂ 'ਦਸਮ ਗ੍ਰੰਥ' ਦੀਆਂ ਪੌਰਾਣਿਕ ਰਚਨਾਵਾਂ ਦਾ ਅਧਿਐਨ ਸ਼ੁਰੂ ਕੀਤਾ ਤਾਂ ਸਭ ਤੋਂ ਵੱਡੀ ਔਖਿਆਈ ਇਨ੍ਹਾਂ ਰਚਨਾਵਾਂ ਦੇ ਕਰਤ੍ਰਿਤਵ (Authorship) ਬਾਰੇ ਪੇਸ਼ ਆਈ, ਕਿਉਂਕਿ 'ਦਸਮ ਗ੍ਰੰਥ' ਦੇ ਕਰਤ੍ਰਿਤਵ ਨੂੰ ਸੰਦਿਗਧ ਬਣਾਉਣ ਵਾਲੀਆਂ ਇਹੀ ਕ੍ਰਿਤੀਆਂ ਹਨ ਅਤੇ ਇਸ ਵਿਸ਼ੇ ਸੰਬੰਧੀ ਆਵੱਸ਼ਕ ਖੋਜ ਤੋਂ ਬਿਨਾ ਖੋਜ-ਪ੍ਰਬੰਧ (Thesis) ਦਾ ਮਹੱਤਵ ਘਟ ਸਕਦਾ ਸੀ। ਫਲਸਰੂਪ, ਇਸ ਪੱਖ ਬਾਰੇ ਵਿਸ਼ੇਸ਼ ਯਤਨ ਕਰਨਾ ਪਿਆ ਅਤੇ ਥਾਂ ਪਰ ਥਾਂ ਜਾ ਕੇ ਜਿਤਨਾ ਵੀ 'ਸਤਿ' ਇਕੱਠਾ ਹੋ ਸਕਿਆ, ਕੀਤਾ। ਡਿਗਰੀ ਦੀ ਪ੍ਰਾਪਤੀ ਤੋਂ ਬਾਦ ਕੁਝ ਹੋਰ ਤੱਥ ਵੀ ਸਾਹਮਣੇ ਆਏ, ਉਨ੍ਹਾਂ ਸਭ ਨੂੰ ਮਿਲਾ ਕੇ ਅਤੇ ਪੂਰਬ-ਪਰ ਸੰਬੰਧ ਜੋੜ ਕੇ ਸੁਤੰਤਰ ਰੂਪ ਵਿਚ ਪ੍ਰਸਤੁਤ ਖੋਜ-ਪ੍ਰਬੰਧ ਤਿਆਰ ਹੋਇਆ ਹੈ, ਪਰ 'ਦਸਮ ਗ੍ਰੰਥ' ਦੇ ਕਰਤ੍ਰਿਤਵ ਸੰਬੰਧੀ ਇਹ ਅੰਤਿਮ ਦਾਅਵਾ ਨਹੀਂ ਹੈ। ਖੋਜ ਸਦਾ ਵਿਕਾਸਸ਼ੀਲ ਹੈ, ਆਧਾਰਭੂਤ ਨਵੇਂ ਤੱਥਾਂ ਦੇ ਪ੍ਰਕਾਸ਼ ਵਿਚ ਆਉਣ ਨਾਲ ਇਸ ਦਾ ਸਰੂਪ ਬਦਲਦਾ ਰਹਿੰਦਾ ਹੈ।

ਇਸ ਖੋਜ-ਪ੍ਰਬੰਧ ਦੀ ਵਿਵੇਚਨਾ ਪ੍ਰਣਾਲੀ ਬਾਰੇ ਪ੍ਰਾਰਥਨਾ ਹੈ ਕਿ ਮੈਂ ਹਰ ਥਾਂ ਤੇ ਇਸ ਗੱਲ ਦਾ ਧਿਆਨ ਰਖਿਆ ਹੈ ਕਿ ਸਚ ਦੀ ਖੋਜ ਕਰਾਂ। ਖੋਜ ਦਾ ਮਨੋਰਥ ਸਚ ਨੂੰ ਲਭਣਾ ਅਤੇ ਬਿਨਾ ਲਾਗ-ਲਬੇੜ ਉਸ ਨੂੰ ਪੇਸ਼ ਕਰਨਾ ਹੈ। ਇਸ ਵਿਚ ਕਿਸੇ ਪ੍ਰਕਾਰ ਦੀਆਂ ਵਿਅਕਤੀਗਤ ਭਾਵਨਾਵਾਂ, ਝੁਕਾਵਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਕੋਈ ਮਹੱਤਵ ਪ੍ਰਾਪਤ ਨਹੀਂ ਹੁੰਦਾ। ਇਨ੍ਹਾਂ ਗੁਣਾਂ ਤੋਂ ਵੰਚਿਤ ਅਤੇ ਸਚ ਨੂੰ ਸਪੱਸ਼ਟ ਕਹਿ ਸਕਣ ਵਿਚ ਅਸਮਰਥ ਵਿਅਕਤੀ ਖੋਜ ਕਰਨ ਦੇ ਅਧਿਕਾਰੀ ਨਹੀਂ ਹੋ ਸਕਦੇ। ਸ਼ੁੱਧ ਮਨ ਦੀ ਸਾਤਵਿਕ ਜਿਗਿਆਸਾ ਦੀ ਸਤਿ ਉਪਲਬਧੀ ਹੀ ਖੋਜ ਹੈ। ਪੂਰਬ ਨਿਸਚਿਤ ਧਾਰਣਾਵਾਂ ਅਤੇ ਹਠ ਤੇ ਆਧਾਰਿਤ ਖੋਜ ਧਰਮ, ਸਮਾਜ ਅਤੇ ਸਾਹਿਤ ਨਾਲ ਅਨਿਆਇ ਹੈ ਅਤੇ ਜਦ ਤਕ ਅਨਿਆਇ-ਪੂਰਣ ਖੋਜ ਜਾਰੀ ਰਹੇਗੀ ਤਦ ਤਕ ਕਿਸੇ ਸਾਹਿਤ ਦਾ ਮੂੰਹ ਮੱਥਾ ਉੱਚਾ ਨਹੀਂ ਉਠ ਸਕਦਾ। ਖੋਜ ਸੰਬੰਧੀ ਇਸ ਸੰਕਲਪ ਨੂੰ ਸਾਹਮਣੇ ਰਖਦੇ ਹੋਇਆਂ ਜਦੋਂ ਮੈਂ ਇਸ ਕਾਰਜ ਵਿਚ ਪ੍ਰਵਿਰਤ ਹੋਇਆ ਤਾਂ ਉਦੋਂ ਤੋਂ ਹੁਣ ਤਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਕ੍ਰਿਪਾ ਭਰਿਆ ਹੱਥ ਮੇਰੇ ਸਿਰ ਤੇ ਰਿਹਾ ਅਤੇ ਹਰ ਔਕੜ ਤੇ ਅਵਰੋਧ ਵੇਲੇ ਗੁਰੂ ਸਾਹਿਬ ਮੇਰੇ

Digitized by Panjab Digital Library | www.panjabdigilib.org

ਸਹਾਈ ਹੋਏ । ਇਸ ਖੋਜ-ਪ੍ਰਬੰਧ ਵਿਚ ਜੋ ਸਤਿ ਇਕਤ੍ਰਿਤ ਹੋਇਆ ਹੈ, ਉਹ ਸਭ ਗੁਰੂ ਜੀ ਦੀ ਦੇਣ ਹੈ ਅਤੇ ਜੋ ਕੋਈ ਤਰੁਟੀ ਰਹਿ ਗਈ ਹੈ ਤਾਂ ਉਹ ਮੇਰੀ ਅਲਪਗਤਾ ਦੇ ਕਾਰਣ ਹੈ। ਅਨੇਕ 'ਸੱਜਣਾਂ' ਨੇ ਕਿਸੇ ਨਾ ਕਿਸੇ ਮਨੋਰਥ ਤੋਂ ਇਸ ਖੋਜ ਨੂੰ ਬਿਨਾ ਜਾਣੇ, ਪੜ੍ਹੇ, ਸੁਣੇ ਅਤੇ ਵਿਚਾਰੇ ਦੇ ਮੇਰੇ ਉਪਰ ਬਿਲਕੁਲ ਵਿਅਰਥ ਅਤੇ ਕਦੇ ਕਦੇ ਬੜੇ ਅਭੱਦਰ ਦੋਸ਼ ਆਰੋਪਿਤ ਕੀਤੇ ਹਨ, ਮੈਂ ਉਨ੍ਹਾਂ ਸਭ ਦਾ ਧੰਨਵਾਦੀ ਹਾਂ, ਕਿਉਂਕਿ ਉਨ੍ਹਾਂ ਨੇ ਆਪਣੇ ਵਿਰੋਧ ਦੁਆਰਾ ਪ੍ਰਕਾਰਾਂਤਰ ਨਾਲ ਨਾ ਕੇਵਲ ਇਸ ਖੋਜ ਨੂੰ ਮਹੱਤਵ ਪ੍ਰਦਾਨ ਕੀਤਾ ਹੈ ਸਗੋਂ ਮੇਰੇ ਮਨ ਵਿਚ ਖੋਜ ਕਰਨ ਦੀ ਮਧਮ ਰੂਪ ਵਿਚ ਬਲ ਰਹੀ ਬਤੀ ਨੂੰ ਚਿਰ-ਕਾਲ ਤਕ ਮਘਦੀ ਰਖਣ ਲਈ ਪ੍ਰੇਰਣਾ ਦੀ ਅਬੁਝ ਜੋਤੀ ਪ੍ਰਦਾਨ ਕੀਤੀ ਹੈ।

ਇਸ ਖੋਜ-ਪ੍ਰਬੰਧ ਦੀ ਤਿਆਰੀ ਅਤੇ ਪ੍ਰਕਾਸ਼ਨ ਲਈ ਮੈਨੂੰ ਅਨੇਕ ਵਿਦਵਾਨਾਂ, ਸੰਪ੍ਰਦਾਈ ਗਿਆਨੀਆਂ, ਸਾਧਾਂ, ਸੰਤਾਂ ਅਤੇ ਮਹੰਤਾਂ ਦਾ ਸਮੇਂ ਸਮੇਂ ਸਹਿਯੋਗ ਪ੍ਰਾਪਤ ਰਿਹਾ ਹੈ, ਉਨ੍ਹਾਂ ਸਭ ਦਾ ਰਿਣੀ ਹਾਂ। ਉਨ੍ਹਾਂ ਸੱਜਣਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਵਿਸ਼ੇ ਸੰਬੰਧੀ ਆਪਣੀ ਸਾਰੀ ਸਾਮਗ੍ਰੀ ਦਾ ਅਧਿਐਨ ਕਰਨ ਲਈ ਨਿਰਸੰਕੋਚ ਰੂਪ ਵਿਚ ਆਗਿਆ ਪ੍ਰਦਾਨ ਕੀਤੀ ਹੈ। ਪਿਆਰੇ ਵੀਰ ਸ. ਮਨੋਹਰ ਸਿੰਘ 'ਮਾਰਕੋਜ਼' ਦਾ ਬਹੁਤ ਆਭਾਰੀ ਹਾਂ ਜਿਨ੍ਹਾਂ ਨੇ ਆਪਣੇ ਰੁਝੇਵੇਂ ਛੱਡ ਕੇ ਅਤੇ ਥਾਂ ਥਾਂ ਪਹੁੰਚ ਕੇ ਆਵੱਸ਼ਕ ਸਾਮਗ੍ਰੀ ਦੇ ਫੋਟੋ ਤਿਆਰ ਕੀਤੇ ਹਨ। ਡਾ. ਕਿਰਣ ਚੰਦ੍ਰ ਸ਼ਰਮਾ ਦੇ ਵਿਦਵਤਾ-ਪੂਰਣ ਨਿਰਦੇਸ਼ਨ ਅਤੇ ਆਪਣੀ ਧਰਮ ਪਤਨੀ ਦੇ ਅਦੁੱਤੀ ਸਹਿਯੋਗ ਨੂੰ ਸਦਾ ਯਾਦ ਰਖਾਂਗਾ।

ਅੰਤ ਵਿਚ ਇਹ ਖੋਜ-ਪ੍ਰਬੰਧ ਬੜੀ ਨਿਮ੍ਰਤਾ ਸਹਿਤ ਅਧਿਕਾਰੀ ਵਿਦਵਾਨਾਂ ਦੇ ਵਿਚਾਰ ਲਈ ਅਰਪਿਤ ਹੈ ਜਿਨ੍ਹਾਂ ਦੇ ਹਰ ਨਰੋਏ ਸੁਝਾਵ ਅਤੇ ਨਵੇਂ ਤੱਥ ਨੂੰ ਅਗਲੇ ਸੰਸਕਰਣ ਵਿਚ ਸਥਾਨ ਦੇਣ ਦੀ ਖੁਸ਼ੀ ਪ੍ਰਾਪਤ ਕਰਾਂਗਾ। ਧੰਨਵਾਦ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਰਤਨ ਸਿੰਘ ਜੱਗੀ

1 ਮਈ, 1966



Digitized by Panjab Digital Library / www.panjabdigilib.org

# ਵਿਸ਼ੇ-ਸੂਚੀ


| | | ਵਿਸ਼ਾ | ਪੰਨਾ |
|---|---|---|---|
| 1. | ਭੂਮਿਕਾ | | 9 |
| 2. | ਪ੍ਰਕਾਸ਼ ਪਹਿਲਾ | ਕਰਤ੍ਰਿਤਵ ਦਾ ਇਤਿਹਾਸ | 12 |
| 3. | ਪ੍ਰਕਾਸ਼ ਦੂਜਾ | ਪੂਰਬ ਪੱਖ | 27 |
| 4. | ਪ੍ਰਕਾਸ਼ ਤੀਜਾ | ਉੱਤਰ ਪੱਖ | 82 |
| 5. | ਪ੍ਰਕਾਸ਼ ਚੌਥਾ | ਪ੍ਰਾਚੀਨ ਬੀੜਾਂ | 91 |
| 6. | ਪ੍ਰਕਾਸ਼ ਪੰਜਵਾਂ | ਖ਼ਾਸ ਦਸਖ਼ਤੀ ਪੱਤਰ | 113 |
| 7. | ਪ੍ਰਕਾਸ਼ ਛੇਵਾਂ | ਅੰਦਰਲੇ ਪ੍ਰਮਾਣ | 140 |
| 8. | ਪ੍ਰਕਾਸ਼ ਸੱਤਵਾਂ | ਬਾਹਰਲੇ ਪ੍ਰਮਾਣ | 169 |
| 9. | ਪ੍ਰਕਾਸ਼ ਅੱਠਵਾਂ | ਇਸ਼ਟ-ਭਾਵਨਾ | 176 |
| 10. | ਅੰਤਿਕਾ | | 195 |
| 11. | ਪਰਿਸ਼ਿਸ਼ਟ | | 199 |
| 12. | ਸਹਾਇਕ ਪੁਸਤਕ ਸੂਚੀ | | 224 |
| 13. | ਨਾਮ-ਅਨੁਕ੍ਰਮਣਿਕਾ | | 231 |
| 14. | ਸ਼ੁੱਧੀ-ਪੱਤਰ | | 238 |


Digitized by Panjab Digital Library | www.panjabdigilib.org

# ਚਿਤਰ-ਸੂਚੀ

| ਕ੍ਰਮਾਂਕ | ਚਿੱਤਰ-ਪਰਿਚਯ | ਚਿੱਤਰ-ਅੰਕ |
|---|---|---|
| 1. | ਭਾਈ ਮਨੀ ਸਿੰਘ ਵਾਲੀ ਚਿੱਠੀ | 1 |
| 2. | ਭਾਈ ਮਨੀ ਸਿੰਘ ਦੀ ਬੀੜ ਦਾ ਪਹਿਲਾ ਪਤਰਾ | 2 |
| 3. | ਹੁਕਮਨਾਮਾ ਬੰਦਾ ਬਹਾਦੁਰ | 3 |
| 4. | ਚਿਤਰ 1-3 ਅਤੇ ਗੁਰਮੁਖੀ ਲਿਪੀ ਦਾ ਤੁਲਨਾਤਮਕ ਮਾਨਚਿਤਰ | 4 |
| 5. | ਆਨੰਦਪੁਰ ਸਾਹਿਬ ਵਾਲੀ ਬੀੜ ਦਾ ਸੰਮਤ ਵਾਲਾ ਪਤਰਾ | 5 |
| 6. | ਮੋਤੀਬਾਗ਼ ਵਾਲੀ ਬੀੜ ਦਾ ਪਹਿਲਾ ਪਤਰਾ | 6 |
| 7. | ਸੰਗਰੂਰ ਵਾਲੀ ਬੀੜ ਦਾ ਪਹਿਲਾ ਪਤਰਾ | 7 |
| 8. | ਪਟਨਾ ਸਾਹਿਬ ਵਾਲੀ ਬੀੜ ਦਾ ਪਹਿਲਾ ਪਤਰਾ | 8 |
| 9. | ਭਾਈ ਮਨੀ ਸਿਘ ਵਾਲੀ ਬੀੜ ਦਾ ਸੰਮਤ ਵਾਲਾ ਪਤਰਾ | 9 |
| 10. | ਮਾਡੀਵਾੜੇ ਵਾਲਾ ਹੁਕਮਨਾਮਾ | 10 |
| 11. | ਭਾਈ ਮਨੀ ਸਿੰਘ ਦੀ ਬੀੜ ਦਾ ਇਕ ਖ਼ਾਸ ਪਤਰਾ | 11 |
| 12. | ਮੋਤੀਬਾਗ਼ ਵਾਲੀ ਬੀੜ ਦਾ ਇਕ ਖ਼ਾਸ ਪਤਰਾ | 12 |
| 13. | ਆਨੰਦਪੁਰ ਸਾਹਿਬ ਵਾਲੀ ਬੀੜ ਦਾ ਪ੍ਰਸਤਾਵਨਾ ਵਾਲਾ ਪਤਰਾ | 13 |
| 14. | ਚਿਤਰ 11 ਅਤੇ 15 ਦਾ ਤੁਲਨਾਤਮਕ ਮਾਨਚਿਤਰ | 14 |
| 15. | ਪਟਨਾ ਸਾਹਿਬ ਵਾਲਾ ਹੁਕਮਨਾਮਾ | 15 |
| 16. | ਦਸਮ ਗੁਰੂ ਦੀਆਂ ਹੱਥ-ਲਿਖਤਾਂ ਦਾ ਤੁਲਨਾਤਮਕ ਮਾਨਚਿਤਰ | 16 |

Digitized by Panjab Digital Library | www.panjabdigilib.org

ਚਿਤਰ ੧—ਭਾਈ ਮਨੀ ਸਿੰਘ ਵਾਲੀ ਚਿੱਠੀ



Digitized by Panjab Digital Library | www.panjabdigilib.org

ਚਿਤਰ ੨—ਭਾਈ ਮਨੀ ਸਿੰਘ ਦੀ ਬੀੜ ਦਾ ਪਹਿਲਾ ਪਤਰਾ



ਚਿਤਰ ੩—ਹੁਕਮਨਾਮਾ ਬੰਦਾ ਬਹਾਦੁਰ



ਫੋਟੋ ਐਸ. ਐਸ. ਮਾਰਕੋ

Digitized by Panjab Digital Library | www.panjabdigilib.org



ਚਿਤਰ ੪—ਤੁਲਨਾਤਮਕ ਮਾਨਚਿਤਰ

ਚਿਤਰ ੫—ਆਨਦਪੁਰ ਸਾਹਿਬ ਵਾਲੀ ਬੀੜ ਦਾ ਸੰਮਤ ਵਾਲਾ ਪਤਰਾ



ਫੋਟੋ ਐਸ. ਐਸ. ਮਾਣਕੋ

Digitized by Panjab Digital Library | www.panjabdigilib.org

ਚਿਤਰ ੬—ਮੋਤੀਬਾਗ ਵਾਲੀ ਬੀੜ ਦਾ ਪਹਿਲਾ ਪਤਰਾ



ਚਿਤਰ ੭—ਸੰਗਰੂਰ ਵਾਲੀ ਬੀੜ ਦਾ ਪਹਿਲਾ ਪਤਰਾ



ਫੋਟੋ ਐਸ. ਐਸ. ਮਾਂਰਕੋ

Digitized by Panjab Digital Library | www.panjabdigilib.org

ਚਿਤਰ ੮—ਪਟਨੇ ਸਾਹਿਬ ਵਾਲੀ ਬੀੜ ਦਾ ਪਹਿਲਾ ਪਤਰਾ



ਫੋਟੋ ਐਸ. ਐਸ. ਮਾਰਕੋ

Digitized by Panjab Digital Library | www.panjabdigilib.org

ਚਿਤਰ ੯—ਭਾਈ ਮਨੀ ਸਿੰਘ ਵਾਲੀ ਬੀੜ ਦਾ ਸੰਮਤ ਵਾਲਾ ਪਤਰਾ



ਫੋਟੋ ਐਸ. ਐਸ. ਮਾਰਕੋ



ਚਿਤਰ ੧੦—ਮਾਛੀਵਾੜੇ ਦਾ ਹੁਕਮਨਾਮਾ

Digitized by Panjab Digital Library | www.panjabdigilib.org

ਚਿਤਰ ੧੧—ਭਾਈ ਮਨੀ ਸਿੰਘ ਦੀ ਬੀੜ ਦਾ ਇਕ ਖਾਸ ਪਤਰਾ



ਫੋਟੋ ਐਸ. ਐਸ. ਮਾਰਕੋ

Digitized by Panjab Digital Library | www.panjabdigilib.org

ਚਿਤਰ ੧੨—ਮੋਤੀਬਾਗ਼ ਵਾਲੀ ਬੀੜ ਦਾ ਇਕ ਖ਼ਾਸ ਪਤਰਾ



ਚਿਤਰ—੧੩—ਆਨੰਦਪੁਰ ਸਾਹਿਬ ਵਾਲੀ ਬੀੜ ਦਾ ਪ੍ਰਸਤਾਵਨਾ ਵਾਲਾ ਪਤਰਾ



ਫੋਟੋ ਐਸ. ਐਸ. ਮਾਰਕੋ

Digitized by Panjab Digital Library | www.panjabdigilib.org

ਚਿਤਰ ੧੪—ਪਟਨਾ ਸਾਹਿਬ ਵਾਲੇ ਹੁਕਮਨਾਮੇ ਅਤੇ ਚਿਤਰ ੧੧ ਦਾ ਤੁਲਨਾਤਮਕ ਮਾਨਚਿਤ੍ਰ




ਚਿਤਰ ੧੫—ਪਟਨਾ ਸਾਹਿਬ ਵਾਲਾ ਹੁਕਮਨਾਮਾ



ਫੋਟੋ ਐਸ. ਐਸ. ਮਾਰਕੋ

Digitized by Panjab Digital Library | www.panjabdigilib.org

ਚਿਤਰ ੧੬—ਦਸਮ ਗੁਰੂ ਦੀਆਂ ਹਥ ਲਿਖਤਾਂ ਦਾ ਤੁਲਨਾਤਮਕ ਮਾਨਚਿਤਰ



Digitized by Panjab Digital Library | www.panjabdigilib.org

# ਭੂਮਿਕਾ

1. 'ਦਸਮ ਗ੍ਰੰਥ' 1428 ਪੰਨਿਆਂ ਦਾ ਇਕ ਵੱਡਾ ਗ੍ਰੰਥ ਹੈ[1], ਜਿਸ ਦੇ ਵਰਤਮਾਨ ਪ੍ਰਕਾਸ਼ਿਤ ਰੂਪ ਵਿਚ ਹੇਠ ਲਿਖੇ ਕ੍ਰਮ ਅਨੁਸਾਰ ਬਾਣੀਆਂ ਦਰਜ ਹਨ —

(1) ਜਾਪੁ, (2) ਅਕਾਲ ਉਸਤਤਿ, (3) ਬਚਿਤ੍ਰ ਨਾਟਕ (ਅਪਨੀ ਕਥਾ), (4) ਚੰਡੀ ਚਰਿਤ੍ਰ (ਉਕਤਿ ਬਿਲਾਸ), (5) ਚੰਡੀ ਚਰਿਤ੍ਰ (ਦੂਜਾ), (6) ਵਾਰ ਸ੍ਰੀ ਭਗਉਤੀ ਜੀ ਕੀ (ਵਾਰ ਦੁਰਗਾ ਕੀ), (7) ਗਿਆਨ ਪ੍ਰਬੋਧ, (8) ਚੌਬੀਸ ਅਵਤਾਰ (ਬਿਸਨਾਵਤਾਰ), (9) ਬ੍ਰਹਮਾਵਤਾਰ, (10) ਰੁਦ੍ਰਾਵਤਾਰ (ਦਤਾਤ੍ਰੇਯ ਅਤੇ ਪਾਰਸਨਾਥ), (11) ਸ਼ਬਦ ਹਜ਼ਾਰੇ (ਬਿਸਨਪਦੇ), (12) ਸਵੈਯੇ (33), (13) ਖਾਲਸਾ ਮਹਿਮਾ, (14) ਸ਼ਸਤ੍ਰ ਨਾਮ ਮਾਲਾ, (15) ਚਰਿਤ੍ਰੋਪਾਖਿਆਨ, (16) ਜ਼ਫ਼ਰਨਾਮਾ ਅਤੇ ਹਕਾਇਤਾਂ।

ਇਨ੍ਹਾਂ ਰਚਨਾਵਾਂ ਤੋਂ ਛੁਟ, ਪ੍ਰਾਚੀਨ ਬੀੜਾਂ ਵਿਚ ਕੁਝ ਹੋਰ ਕ੍ਰਿਤੀਆਂ ਵੀ ਸੰਕਲਿਤ ਹਨ, ਪਰ ਉਨ੍ਹਾਂ ਬੀੜਾਂ ਵਿਚ ਕ੍ਰਮ ਸੰਬੰਧੀ ਏਕਤਾ ਨਹੀਂ ਹੈ। ਉਪਰੋਕਤ ਕ੍ਰਮ ਵਿਚੋਂ ਅੰਕ 1,2,7,11,12 ਅਤੇ 13 ਵਾਲੀਆਂ ਰਚਨਾਵਾਂ ਦਾ ਸੰਬੰਧ ਲਗਭਗ ਭਗਤੀ ਕਾਵਿ ਨਾਲ ਹੈ। 'ਸ਼ਸਤ੍ਰ ਨਾਮ ਮਾਲਾ' (ਕ੍ਰਮਾਂਕ 14) ਵਿਚ ਭਿੰਨ ਭਿੰਨ ਸ਼ਸਤ੍ਰਾਂ ਦੇ ਨਾਂ ਦੇ ਕੇ ਉਨ੍ਹਾਂ ਦੀ ਪੌਰਾਣਿਕ ਪ੍ਰਕਰਣ ਵਿਚ ਪ੍ਰਸ਼ੰਸਾ ਕੀਤੀ ਗਈ ਹੈ। 'ਜ਼ਫ਼ਰਨਾਮਾ' (ਕ੍ਰਮਾਂਕ 16) ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਾਰਸੀ ਭਾਸ਼ਾ ਵਿਚ ਲਿਖਿਆ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਇਤਿਹਾਸਿਕ ਪੱਤਰ ਹੈ ਅਤੇ ਹਕਾਇਤਾਂ ਇਸੇ ਦਾ ਪਰਿਸ਼ਿਸ਼ਟ (Appendix) ਮੰਨੀਆਂ ਜਾਂਦੀਆਂ ਹਨ। ਬਾਕੀ ਸਾਰੀਆਂ ਪੌਰਾਣਿਕ ਕ੍ਰਿਤੀਆਂ ਹਨ।

2. 'ਚਰਿਤ੍ਰੋਪਾਖਿਆਨ' (ਕ੍ਰਮਾਂਕ 15) ਦਸਮ ਗ੍ਰੰਥ ਦੇ 580 ਪੰਨਿਆਂ ਵਿਚ ਵਿਆਪਕ ਸੁਤੰਤਰ ਰਚਨਾ ਹੈ। ਇਸ ਵਿਚ 404 ਚਰਿਤ੍ਰ ਕਥਾਵਾਂ ਵਰਣਿਤ ਹਨ, ਪ੍ਰਧਾਨਤਾ ਇਸਤ੍ਰੀ-ਚਰਿਤ੍ਰਾਂ ਦੀ ਹੈ। ਇਸ ਲਈ ਇਸ ਨੂੰ 'ਤ੍ਰਿਆ ਚਰਿਤ੍ਰ' ਜਾਂ 'ਤ੍ਰਿਆ ਚਲਿਤ੍ਰ' ਦਾ ਨਾ ਵੀ ਦਿੱਤਾ ਜਾਂਦਾ ਹੈ। ਇਸ ਵਿਚ ਇਤਿਹਾਸਿਕ, ਪੌਰਾਣਿਕ, ਦੇਸ਼ੀ, ਵਿਦੇਸ਼ੀ, ਕਾਲਪਨਿਕ ਆਦਿ ਅਨੇਕ ਕਥਾਵਾਂ ਦੀ ਯੋਜਨਾ ਪੌਰਾਣਿਕ ਰੀਤੀ ਨਾਲ ਹੋਈ ਹੈ। ਦਸਮ ਗ੍ਰੰਥ ਦੀਆਂ ਬਾਕੀ ਰਚਨਾਵਾਂ (3, 4, 5, 8, 9 ਅਤੇ 10) ਅਸਲ ਵਿਚ 'ਬਚਿਤ੍ਰ

---

1. ਵਿਸ਼ੇ ਦੇ ਪ੍ਰਤਿਪਾਦਨ ਲਈ ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ 'ਦਸਮ ਗ੍ਰੰਥ' ਨੂੰ ਆਧਾਰ ਬਣਾਇਆ ਹੈ, ਅਤੇ ਹੱਥ-ਲਿਖਿਤ ਬੀੜਾਂ ਦਾ ਉੱਲੇਖ [illegible] ਕੀਤਾ ਹੈ।

Digitized by Panjab Digital Library | www.panjabdigilib.org

ਨਾਟਕ' ਦਾ ਹੀ ਅੰਗ ਹਨ। 'ਬਚਿਤ੍ਰ ਨਾਟਕ' ਜਿਹਾ ਕਿ ਇਸ ਦੇ ਨਾਂ ਤੋਂ ਸਪੱਸ਼ਟ ਹੈ, ਵਿਚਿਤ੍ਰ ਜਾਂ ਅਦਭੁਤ ਲੀਲਾਵਾਂ ਜਾਂ ਚਰਿਤ੍ਰਾਂ ਦਾ ਸੰਗ੍ਰਹਿ ਹੈ। ਦਸਮ ਗ੍ਰੰਥ ਦੇ ਲਗਭਗ 634 ਪੰਨਿਆਂ ਵਿਚ ਇਹ ਮਹੱਤਵਪੂਰਣ ਕ੍ਰਿਤੀ ਸੰਕਲਿਤ ਹੈ। ਇਸ ਵਿਚ ਸਭ ਤੋਂ ਪਹਿਲਾਂ 14 ਅਧਿਆਵਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ 'ਅਪਨੀ ਕਥਾ' ਵਰਣਿਤ ਹੈ, ਫਿਰ ਅੱਠ ਅੱਠ ਅਧਿਆਵਾਂ ਵਿਚ ਭਿੰਨ ਭਿੰਨ ਸ਼ੈਲੀਆਂ ਵਿਚ ਲਿਖੇ ਦੋ ਚੰਡੀ ਚਰਿਤ੍ਰ ਹਨ। ਇਸ ਤੋਂ ਬਾਦ ਵਿਸ਼ਨੂੰ ਦੇ 'ਚੌਬੀਸ ਅਵਤਾਰ'—ਮੱਛ, ਕੱਛ, ਮਹਾ ਮੋਹਿਨੀ, ਨਰ-ਨਾਰਾਇਣ, ਵੈਰਾਹ (ਵਾਰਾਹ), ਨਰਸਿੰਘ, ਬਾਵਨ (ਵਾਮਨ), ਪਰਸਰਾਮ, ਬ੍ਰਹਮਾ, ਰੁਦ੍ਰ, ਜਲੰਧਰ, ਅਰਹੰਤ, ਮਨੁ, ਧਨੰਤਰੀ (ਧਨਵੰਤਰਿ), ਸੂਰਜ, ਚੰਦ੍ਰ, ਰਾਮ, ਕ੍ਰਿਸ਼ਨ, ਨਰ, ਬੌਧ, ਨਿਹਕਲੰਕੀ ਅਤੇ 'ਮੀਰ ਮਹਿਦੀ—ਦਾ ਵਰਣਨ ਹੈ। ਇਸ ਪਿਛੋਂ ਬ੍ਰਹਮਾ ਦੇ ਸੱਤ ਅਵਤਾਰਾਂ—ਬਾਲਮੀਕ, ਕਸ਼ੱਪ, ਸੁਕ੍ਰ, ਬ੍ਰਹਸਪਤੀ, ਵਿਆਸ, ਛੇ ਸ਼ਾਸਤ੍ਰਧਾਰਕ ਅਤੇ ਕਾਲੀਦਾਸ—ਦਾ ਵਰਣਨ ਹੈ ਅਤੇ ਫਿਰ ਰੁਦ੍ਰ ਦੇ ਦੋ ਅਵਤਾਰਾਂ—ਦਤਾਤ੍ਰੇਯ ਅਤੇ ਪਾਰਸਨਾਥ—ਦਾ ਚਿਤ੍ਰਣ ਹੈ। ਇਨ੍ਹਾਂ ਸਾਰੀਆਂ ਕਥਾਵਾਂ ਦੇ ਸਰੋਤ ਲਗਭਗ ਪੌਰਾਣਿਕ ਹਨ। 'ਵਾਰ ਭਗਉਤੀ ਜੀ ਕੀ' (ਕ੍ਰਮਾਂਕ 6) 'ਦੁਰਗਾ ਸਪਤਸ਼ਤੀ' ਤੇ ਆਧਾਰਿਤ ਵੀਰ-ਰਸੀ ਪੌਰਾਣਿਕ ਰਚਨਾ ਹੈ।

3. ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਦ ਸਿੱਖਾਂ ਵਿਚ ਦੂਜਾ ਸਤਿਕਾਰਯੋਗ ਧਾਰਮਿਕ ਗ੍ਰੰਥ 'ਦਸਮ ਗ੍ਰੰਥ' ਹੈ, ਪਰ 'ਆਦਿ ਗ੍ਰੰਥ' ਦੀ ਪ੍ਰਮਾਣਿਕਤਾ ਜਿਤਨੀ ਅਸੰਦਿਗਧ ਹੈ, 'ਦਸਮ ਗ੍ਰੰਥ' ਦੀ ਉਤਨੀ ਹੀ ਵਿਵਾਦ-ਪੂਰਣ। ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀਆਂ ਵਿਚ ਇਸ ਗ੍ਰੰਥ ਦਾ ਕਾਫ਼ੀ ਪਠਨ-ਪਾਠਨ ਹੁੰਦਾ ਰਿਹਾ। ਇਥੋਂ ਤਕ ਕਿ 'ਆਦਿ ਗ੍ਰੰਥ' ਦੇ ਨਾਲ ਇਸ ਗ੍ਰੰਥ ਦਾ ਵੀ ਗੁਰਦੁਆਰਿਆਂ ਵਿਚ ਦਰਬਾਰ ਲਗਾਇਆ ਜਾਂਦਾ ਰਿਹਾ, ਪਰ ਵੀਹਵੀਂ ਸਦੀ ਦੇ ਸੁਧਾਰਵਾਦੀ ਅੰਦੋਲਨਾਂ ਦੇ ਫਲਸਰੂਪ ਇਸ ਗ੍ਰੰਥ ਪ੍ਰਤਿ ਉਪਰਾਮਤਾ ਵਧਣ ਲਗੀ, ਕਿਉਂਕਿ ਇਨ੍ਹਾਂ ਅੰਦੋਲਨਾਂ ਦੀ ਬੌਧਿਕ ਰੁਚੀ ਪੌਰਾਣਿਕ ਭਾਵਨਾ ਵਾਲੇ ਗ੍ਰੰਥਾਂ ਦੇ ਪਠਨ-ਪਾਠਨ ਅਨੁਕੂਲ ਨਹੀਂ ਸੀ। ਸਿੱਟੇ ਵਜੋਂ, ਗੁਰਦੁਆਰਿਆਂ ਵਿਚ ਇਸ ਗ੍ਰੰਥ ਦਾ ਪ੍ਰਕਾਸ਼ ਹੋਣਾ ਬੰਦ ਹੋ ਗਿਆ, ਪਰ ਭੂਤ-ਪੂਰਬ 'ਪੈਪਸੂ' ਖੇਤਰ ਦੇ ਕੁਝ ਗੁਰਦੁਆਰਿਆਂ ਅਤੇ ਡੇਰਿਆਂ ਵਿਚ ਜੋ ਹੁਣੇ ਹੁਣੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਬਜ਼ੇ ਵਿਚ ਆਏ ਹਨ, ਇਸ ਗ੍ਰੰਥ ਨੂੰ ਅਜੇ ਵੀ 'ਆਦਿ ਗ੍ਰੰਥ' ਦੇ ਨਾਲ ਸਥਾਨ ਦਿੱਤਾ ਜਾਂਦਾ ਹੈ ਅਤੇ ਨਿਤ ਦੇ ਦੀਵਾਨ ਤੋਂ ਬਾਦ 'ਆਦਿ ਗ੍ਰੰਥ' ਵਾਂਗ ਇਸ ਤੋਂ ਵੀ 'ਹੁਕਮ' ਜਾਂ 'ਵਾਕ' ਲਿਆ ਜਾਂਦਾ ਹੈ। ਇਥੋਂ ਤਕ ਕਿ ਗੁਰਦੁਆਰਾ 'ਦਮਦਮਾ ਸਾਹਿਬ' ਵਿਚ ਆਦਿ ਗ੍ਰੰਥ ਵਾਲੇ 'ਬਾਰਾਮਾਂਹ' ਦੇ ਨਾਲ ਦਸਮ ਗ੍ਰੰਥ ਵਾਲੇ 'ਬਾਰਾਮਾਂਹ' (ਕ੍ਰਿਸ਼ਨਾਵਤਾਰ ਪ੍ਰਸੰਗ ਵਿਚੋਂ) ਦਾ ਪਾਠ ਵੀ ਹਰ ਸੰਗ੍ਰਾਂਦ ਵਾਲੇ ਦਿਨ ਕੀਤਾ ਜਾਂਦਾ ਹੈ ਅਤੇ ਸਿੱਖਾਂ ਦੇ ਚਾਰ ਤਖਤਾਂ ਵਿਚੋਂ ਤਖਤ ਜਨਮ-ਸਥਾਨ ਹਰਿਮੰਦਰ, ਪਟਨਾ ਅਤੇ ਤਖਤ ਹਜ਼ੂਰ ਸਾਹਿਬ, ਨਾਂਦੇੜ ਵਿਚ ਹੁਣ ਵੀ ਇਸ ਗ੍ਰੰਥ ਦਾ ਪੁਰਾਤਨ ਮਰਯਾਦਾ ਅਨੁਸਾਰ 'ਆਦਿ ਗ੍ਰੰਥ' ਦੇ ਨਾਲ ਦਰਬਾਰ ਲਗਾਇਆ ਜਾਂਦਾ ਹੈ। ਨਿਹੰਗ ਸਿੰਘਾਂ ਵਿਚ ਇਸ ਗ੍ਰੰਥ ਦੀ ਵਿਸ਼ੇਸ਼ ਮਾਨਤਾ ਹੈ।

ਵਿਵਾਦ ਇਸ

Digitized by Panjab Digital Library | www.panjabdigilib.org

ਦੇ ਸੰਕਲਨ-ਕਾਲ ਤੋਂ ਹੀ ਚਲ ਪਿਆ ਸੀ ਅਤੇ ਅਜ ਤਕ ਇਹ ਵਿਵਾਦ ਲਗਾਤਾਰ ਜਾਰੀ ਹੈ। ਕੁਝ ਵਿਦਵਾਨਾਂ ਨੇ ਇਸ ਸੰਪੂਰਣ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਰਚਿਤ ਮੰਨਿਆ ਹੈ ਅਤੇ ਕੁਝ ਵਿਦਵਾਨਾਂ ਅਨੁਸਾਰ ਇਸ ਵਿਚ ਬਹੁਤ ਥੋੜਾ ਅੰਸ਼ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਿਆ ਹੈ ਅਤੇ ਬਾਕੀ ਹਿੱਸਾ ਦਰਬਾਰੀ ਕਵੀਆਂ ਦੀ ਰਚਨਾ ਮਾਤ੍ਰ ਹੈ। ਪੜ੍ਹੇ ਲਿਖੇ ਲੋਕ ਇਸ ਗ੍ਰੰਥ ਦੇ ਵਿਸ਼ੇ-ਵਸਤੂ ਪ੍ਰਤਿ ਉਪਰਾਮ ਹਨ, ਕਿਉਂਕਿ ਇਸ ਨਾਲ ਉਨ੍ਹਾਂ ਦੀ 'ਆਦਿ ਗ੍ਰੰਥ' ਸੰਬੰਧੀ ਭਗਤੀ-ਭਾਵਨਾ ਨੂੰ ਠੇਸ ਲਗਦੀ ਹੈ। ਇਸ ਗ੍ਰੰਥ ਸੰਬੰਧੀ ਵਿਵਾਦ ਦਾ ਮੂਲ ਕਾਰਣ ਇਸ ਦਾ ਸੰਦਿਗਧ ਕਰਤ੍ਰਿਤਵ ਹੈ, ਕਿਉਂਕਿ ਇਸ ਵਿਚ ਕਈ ਅਜਿਹੀਆਂ ਪੌਰਾਣਿਕ ਰਚਨਾਵਾਂ ਸੰਕਲਿਤ ਹਨ ਜੋ ਸਿੱਖ ਸਿੱਧਾਂਤਾਂ ਦੇ ਉਲਟ ਹਨ ਅਤੇ ਜਿਨ੍ਹਾਂ ਦੇ ਕਰਤ੍ਰਿਤਵ ਦਾ ਸੰਬੰਧ ਦਸਮ ਗੁਰੂ ਨਾਲ ਨਹੀਂ ਜੁੜਦਾ। ਇਸ ਸੰਬੰਧੀ ਠੀਕ ਵਸਤੂ-ਸਥਿਤੀ ਦਾ ਗਿਆਨ ਕਰਾਉਣ ਲਈ ਇਹ ਖੋਜ-ਪ੍ਰਬੰਧ ਇਕ ਵਿਗਿਆਨਿਕ ਉਪਰਾਲਾ ਹੈ।

5. ਇਸ ਖੋਜ-ਪ੍ਰਬੰਧ ਨੂੰ ਅੱਠ ਪ੍ਰਕਾਸ਼ਾਂ ਵਿਚ ਵੰਡਿਆ ਹੈ। ਸਭ ਤੋਂ ਪਹਿਲੇ ਪ੍ਰਕਾਸ਼—'ਕਰਤ੍ਰਿਤਵ ਦਾ ਇਤਿਹਾਸ'—ਵਿਚ ਇਸ ਗ੍ਰੰਥ ਦੇ ਸੰਕਲਨ-ਕਾਲ ਤੋਂ ਲੈ ਕੇ ਹੁਣ ਤਕ ਦਾ ਇਤਿਹਾਸ ਦਿੱਤਾ ਹੈ ਅਤੇ ਦਸਿਆ ਹੈ ਕਿ ਕੇਹੜੇ ਕੇਹੜੇ ਪ੍ਰਤਿਨਿਧ ਵਿਦਵਾਨਾਂ ਨੇ ਇਸ ਗ੍ਰੰਥ ਦੇ ਕਰਤ੍ਰਿਤਵ ਬਾਰੇ ਆਪਣਾ ਕੀ ਕੀ ਮਤ ਪੇਸ਼ ਕੀਤਾ ਅਤੇ ਉਹ ਕਿਸ ਕਿਸ ਧੜੇ ਦੇ ਸਮਰਥਕ ਹਨ। ਕਰਤ੍ਰਿਤਵ ਸੰਬੰਧੀ ਪੂਰਵ ਪੱਖ ਦੇ ਤਰਕ ਅਤੇ ਉਨ੍ਹਾਂ ਦੀ ਪਰੀਖਿਆ ਦੂਜੇ ਪ੍ਰਕਾਸ਼ ਦਾ ਵਿਸ਼ਾ ਹੈ। ਇਸ ਪੱਖ ਦੇ ਸਾਰੇ ਵਿਦਵਾਨ ਸੰਪੂਰਣ 'ਦਸਮ ਗ੍ਰੰਥ' ਨੂੰ ਗੁਰੂ ਰਚਿਤ ਮੰਨਦੇ ਹਨ। ਤੀਜੇ ਪ੍ਰਕਾਸ਼ ਵਿਚ ਕਰਤ੍ਰਿਤਵ ਸੰਬੰਧੀ ਉੱਤਰ ਪੱਖ ਦੇ ਵਿਦਵਾਨਾਂ, ਜਿਨ੍ਹਾਂ ਅਨੁਸਾਰ ਇਸ ਗ੍ਰੰਥ ਦੀਆਂ ਬਹੁਤ ਸਾਰੀਆਂ ਬਾਣੀਆਂ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਹਨ, ਦੇ ਮਤ ਦੀ ਪਰਖ ਕੀਤੀ ਹੈ।

ਚੌਥੇ ਪ੍ਰਕਾਸ਼ ਵਿਚ ਪੁਰਾਤਨ ਅਤੇ ਇਤਿਹਾਸਿਕ ਬੀੜਾਂ ਦੇ ਤੁਲਨਾਤਮਕ ਅਧਿਐਨ ਨੂੰ ਪੇਸ਼ ਕੀਤਾ ਹੈ, ਕਿਉਂਕਿ ਇਸ ਅਧਿਐਨ ਦੁਆਰਾ ਕਰਤ੍ਰਿਤਵ ਸੰਬੰਧੀ ਬਣਾਏ ਗਏ ਕਈ ਆਧਾਰ ਭ੍ਰਾਂਤੀ-ਪੂਰਣ ਸਿੱਧ ਹੁੰਦੇ ਹਨ। ਪੰਜਵੇਂ ਪ੍ਰਕਾਸ਼ ਵਿਚ ਦਸਮ ਗੁਰੂ ਦੇ ਸ੍ਵ-ਹਸਤ-ਲਿਖਿਤ ਮੰਨੇ ਜਾਣ ਵਾਲੇ ਉਨ੍ਹਾਂ ਪੱਤਰਾਂ ਜਿਨ੍ਹਾਂ ਵਿਚ ਦਸਮ ਗ੍ਰੰਥ ਦੀਆਂ ਰਚਨਾਵਾਂ ਅੰਕਿਤ ਹਨ, ਦੀ ਪ੍ਰਮਾਣਿਕਤਾ ਦੀ ਵਿਗਿਆਨਿਕ ਪਰੀਖਿਆ ਕੀਤੀ ਹੈ।

ਛੇਵੇਂ ਪ੍ਰਕਾਸ਼ ਵਿਚ ਦਸਮ ਗ੍ਰੰਥ ਦੀਆਂ ਪੌਰਾਣਿਕ ਰਚਨਾਵਾਂ ਵਿਚੋਂ ਪ੍ਰਮਾਣ ਪੇਸ਼ ਕੀਤੇ ਹਨ, ਜੋ ਕਰਤ੍ਰਿਤਵ ਸੰਬੰਧੀ ਨਿਰਣੇ ਵਿਚ ਬਹੁਤ ਸਹਾਇਕ ਸਿੱਧ ਹੋਏ ਹਨ ਅਤੇ ਜਿਨ੍ਹਾਂ ਨੂੰ ਪੂਰਬ-ਵਰਤੀ ਵਿਦਵਾਨਾਂ ਨੇ ਅੱਖੋਂ ਓਹਲੇ ਕੀਤਾ ਹੈ। ਇਸੇ ਤਰ੍ਹਾਂ ਸੱਤਵੇਂ ਪ੍ਰਕਾਸ਼ ਵਿਚ ਉਹ ਬਾਹਰਲੇ ਪ੍ਰਮਾਣ ਪ੍ਰਸਤੁਤ ਕੀਤੇ ਹਨ ਜਿਨ੍ਹਾਂ ਦੀ ਖੋਜ ਅਜੇ ਤਕ ਨਹੀਂ ਕੀਤੀ ਗਈ ਸੀ ਅਤੇ ਜੋ ਇਸ ਵਿਵਾਦ ਤੇ ਕਾਫ਼ੀ ਚਾਨਣਾ ਪਾਂਦੇ ਹਨ।

ਅੱਠਵੇਂ ਪ੍ਰਕਾਸ਼ ਵਿਚ ਇਸ ਗ੍ਰੰਥ ਦੀਆਂ ਪੌਰਾਣਿਕ ਰਚਨਾਵਾਂ ਦੀ ਇਸ਼ਟ-ਸਾਧਨਾ ਨੂੰ ਪਰਖਿਆ ਹੈ ਕਿ ਉਹ 'ਆਦਿ ਗ੍ਰੰਥ' ਅਤੇ ਸਿੱਖ ਸਿੱਧਾਂਤਿਕ ਪਰੰਪਰਾਵਾਂ ਨਾਲ ਕਿਉਂ ਮੇਲ ਨਹੀਂ ਖਾਂਦੀ। 'ਅੰਤਿਕਾ' ਵਿਚ ਇਸ ਖੋਜ-ਪ੍ਰਬੰਧ ਦਾ ਸਾਰਾਂਸ਼ ਦਿੱਤਾ ਹੈ।

Digitized by Panjab Digital Library | www.panjabdigilib.org

# ਕਰਤ੍ਰਿਤਵ ਦਾ ਇਤਿਹਾਸ

1. 'ਦਸਮ ਗ੍ਰੰਥ' ਇਕ ਅਪ੍ਰਮਾਣਿਕ ਸੰਗ੍ਰਹਿ-ਗ੍ਰੰਥ ਹੈ, ਕਿਉਂਕਿ ਇਸ ਦਾ ਕਰਤ੍ਰਿਤਵ (Authorship) ਅਤੇ ਸਰੂਪ ਅਜੇ ਤਕ ਅਨਿਸਚਿਤ ਹੈ। ਸਿੱਖ ਵਿਦਵਾਨਾਂ ਵਿਚ ਇਸ ਗ੍ਰੰਥ ਸੰਬੰਧੀ ਵਿਵਾਦ ਇਸ ਦੇ ਸੰਕਲਨ ਕਾਲ ਤੋਂ ਹੀ ਚਲ ਪਿਆ ਸੀ ਅਤੇ ਹੁਣ ਤਕ ਵੀ ਜਾਰੀ ਹੈ। ਕੁਝ ਵਿਦਵਾਨ ਇਸ ਸਾਰੇ ਗ੍ਰੰਥ ਨੂੰ ਗੁਰੂ ਗੋਬਿੰਦ ਜੀ ਦਾ ਲਿਖਿਆ ਮੰਨਦੇ ਹਨ ਅਤੇ ਕੁਝ ਵਿਦਵਾਨਾਂ ਅਨੁਸਾਰ ਇਸ ਦਾ ਬਹੁਤ ਘਟ ਅੰਸ਼ ਗੁਰੂ ਜੀ ਦਾ ਆਪਣਾ ਲਿਖਿਆ ਹੋਇਆ ਹੈ, ਉਨ੍ਹਾਂ ਅਨੁਸਾਰ ਇਸ ਦਾ ਬਹੁਤਾ ਅੰਸ਼ ਦਰਬਾਰੀ ਕਵੀਆਂ ਦੀ ਰਚਨਾ ਹੈ। ਪੜ੍ਹਿਆ ਲਿਖਿਆ ਵਰਗ ਇਸ ਗ੍ਰੰਥ ਦੇ ਵਿਸ਼ੇ-ਵਸਤੂ ਪ੍ਰਤਿ ਉਪਰਾਮ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ 'ਆਦਿ ਗ੍ਰੰਥ' ਸੰਬੰਧੀ ਭਾਵਨਾ ਨੂੰ ਠੇਸ ਲਗਦੀ ਹੈ।

2. ਸਿੱਖ ਇਤਿਹਾਸ ਅਤੇ ਪਰੰਪਰਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਵਿਚ ਬਹੁਤ ਸਾਰੇ ਕਵੀ ਰਖੇ ਹੋਏ ਸਨ, ਜਿਨ੍ਹਾਂ ਦੀ ਗਿਣਤੀ 52 ਕਹੀ ਜਾਂਦੀ ਹੈ, ਜਿਵੇਂ—

ਬਾਵਨ ਕਵਿ ਹਜ਼ੂਰ ਗੁਰ ਰਹਿਤ ਸਦਾ ਹੀ ਪਾਸ।
ਆਵੈਂ ਜਾਹਿ ਅਨੇਕ ਹੀ ਕਹਿ ਜਸ ਲੇ ਧਨ ਰਾਸ।
(ਗੁਰ ਪ੍ਰਤਾਪ ਸੂਰਜ ; ਰਿਤੁ 5, ਅੰਸ 52)

ਹਾਰੇ ਹੋਏ ਅਤੇ ਨਿਰਾਦਰੇ ਲੋਕਾਂ ਦੀਆਂ ਅਲਸਾਈਆਂ ਸ਼ਕਤੀਆਂ ਨੂੰ ਉਭਾਰਨ ਅਤੇ ਰਾਸ਼ਟਰੀ ਭਾਵਨਾ ਨੂੰ ਜਗਾਉਣ ਲਈ ਸਾਹਿਤ ਅਤੇ ਪੂਰਵਜਾਂ ਦੀਆਂ ਕਥਾ-ਕਹਾਣੀਆਂ ਕਿਤਨੀਆਂ ਲਾਭਦਾਇਕ ਸਿੱਧ ਹੋ ਸਕਦੀਆਂ ਸਨ, ਇਸ ਤੋਂ ਗੁਰੂ ਜੀ ਚੰਗੀ ਤਰ੍ਹਾਂ ਜਾਣੂ ਸਨ (ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ)। ਆਪਣੇ ਦਰਬਾਰੀ ਕਵੀਆਂ ਤੋਂ ਗੁਰੂ ਜੀ ਨੇ ਰਾਮਾਇਣ, ਮਹਾਭਾਰਤ ਅਤੇ ਪੌਰਾਣਿਕ ਕਥਾਵਾਂ ਨੂੰ ਭਾਖਾ ਵਿਚ ਲਿਖਵਾਇਆ, ਤਾਂ ਜੁ ਪੰਜਾਬ ਵਾਸੀ, ਭੂਤਕਾਲ ਦੇ ਭਾਰਤੀ ਆਗੂਆਂ ਅਤੇ ਵੀਰਾਂ ਦੇ ਜੀਵਨ-ਚਰਿਤ੍ਰਾਂ ਤੋਂ ਜਾਣੂ ਹੋ ਸਕਣ ਅਤੇ ਇਹ ਵੀ ਜਾਣ ਲੈਣ ਕਿ ਸਦਾ ਸਤਿ ਦੀ ਅਸਤਿ ਉੱਤੇ ਜਿਤ ਹੋਈ ਹੈ। ਇਨ੍ਹਾਂ ਕਥਾਵਾਂ ਦੇ ਯੁੱਧ ਸੰਬੰਧੀ ਪ੍ਰਸੰਗਾਂ ਨੂੰ ਵਿਸ਼ੇਸ਼ ਰੂਪ ਵਿਚ ਚਿਤ੍ਰਿਤ ਕਰਵਾਇਆ। ਯੁੱਧ-ਭੂਮੀ ਨੂੰ ਜਾਣ ਵੇਲੇ ਯੁੱਧਵੀਰ ਸਿੱਖਾਂ ਦੇ ਮਨ ਵਿਚ ਯੁੱਧ ਦੀ ਅਗ ਭੜਕਾਣ ਲਈ ਅਤੇ ਉਨ੍ਹਾਂ ਦੇ ਦਿੱਲਾਂ ਵਿਚ ਵੀਰ ਭਾਵਨਾ ਦਾ ਸੰਚਾਰ ਕਰਨ ਲਈ ਕਵੀਆਂ ਦੀ ਵੀਰ-ਰਸੀ

Digitized by Panjab Digital Library | www.panjabdigilib.org

ਬਾਣੀ ਨਾਲ ਆਕਾਸ਼ ਮੰਡਲ ਗੂੰਜ ਉਠਿਆ। ਸਾਧਾਰਣ ਤੋਂ ਸਾਧਾਰਣ ਵਿਅਕਤੀ ਉੱਤੇ ਇਸ ਬਾਣੀ ਦਾ ਕੀ ਪ੍ਰਭਾਵ ਪਿਆ, ਇਸ ਦਾ ਕੁਝ ਪਰਿਚਯ 'ਭੰਗਾਣੀ ਯੁੱਧ' ਤੋਂ ਮਿਲ ਜਾਂਦਾ ਹੈ। ਇਸ ਪ੍ਰਕਾਰ ਦੇ ਸਾਹਿਤ ਦੇ ਨਾਲੋ ਨਾਲ ਫੁਟਕਲ ਉਤਾਰੇ ਵੀ ਹੁੰਦੇ ਰਹਿੰਦੇ ਸਨ ਜਿਨ੍ਹਾਂ ਨੂੰ ਪਠਨ-ਪਾਠਨ ਲਈ ਸਿੱਖ ਸ਼ਰਧਾਲੂ ਪੰਜਾਬ ਦੇ ਮੈਦਾਨੀ ਇਲਾਕੇ ਵਿਚ ਨਾਲ ਲੈ ਆਉਂਦੇ ਸਨ ਅਤੇ ਸ਼ਰਧਾ ਵਜੋਂ ਉਨ੍ਹਾਂ ਨੂੰ ਆਪਣੇ ਪਾਸ ਸੰਭਾਲ ਰਖਦੇ ਸਨ।

3. ਗੁਰੂ ਜੀ ਦੀ ਸਰਪ੍ਰਸਤੀ ਹੇਠ ਤਿਆਰ ਹੋਇਆ ਇਸ ਪ੍ਰਕਾਰ ਦਾ ਸਾਰਾ ਮੂਲ ਸਾਹਿਤ ਆਨੰਦਪੁਰ ਤਿਆਗਣ ਵੇਲੇ (ਸੰਮਤ 1761 ਬਿ.) ਸਰਸਾ ਨਦੀ ਵਿਚ ਰੁੜ੍ਹ ਗਿਆ ਮੰਨਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ (ਸੰਮਤ 1765 ਬਿ.) ਤੋਂ ਬਾਦ ਉਕਤ ਰਚਨਾਵਾਂ ਨੂੰ ਸੰਭਾਲਣ ਦੀ ਤੀਬਰ ਰੁਚੀ ਸਿੱਖਾਂ ਦੇ ਮਨ ਵਿਚ ਪੈਦਾ ਹੋਈ। ਫਲਸਰੂਪ, ਪੰਜਾਬ ਦੇ ਸ਼ਰਧਾਲੂ ਸਿੱਖਾਂ ਪਾਸ ਉਨ੍ਹਾਂ ਕ੍ਰਿਤੀਆਂ ਵਿਚੋਂ ਜਿਨ੍ਹਾਂ ਦੇ ਉਤਾਰੇ ਸੁਰਖਿਅਤ ਸਨ, ਇਕੱਠਾ ਕਰਵਾ ਕੇ ਇਕੋ ਹੀ ਗ੍ਰੰਥ ਵਿਚ ਸੰਕਲਿਤ ਕਰਵਾ ਦਿੱਤਾ ਜਾਣਾ ਉਚਿਤ ਸਮਝਿਆ ਗਿਆ। ਅਜਿਹਾ ਪਹਿਲਾ ਸੰਕਲਨ ਭਾਈ ਮਨੀ ਸਿੰਘ ਦੁਆਰਾ ਕੀਤਾ ਗਿਆ ਜੋ ਦਸਮ ਗੁਰੂ ਜੀ ਦੇ ਸਮਕਾਲੀ ਅਤੇ ਅੰਤਰੰਗ ਸਨ। ਉਸ ਬੀੜ ਦੀ ਸੰਕਲਨ-ਤਿਥੀ ਬਾਰੇ ਇਤਿਹਾਸਕਾਰਾਂ ਵਿਚ ਏਕਤਾ ਨਹੀਂ ਹੈ। ਫਿਰ ਵੀ ਭਾਈ ਮਨੀ ਸਿੰਘ ਦੇ ਦੇਹਾਂਤ (ਸੰਨ 1738 ਈ. ਅਥਵਾ ਸੰਮਤ 1795 ਬਿ.) ਤੋਂ ਪਹਿਲਾਂ ਇਸ ਕਾਰਜ ਦਾ ਸਿਰੇ ਚੜ੍ਹ ਚੁਕਾ ਹੋਣਾ ਨਿਸਚਿਤ ਹੈ। ਭਾਈ ਮਨੀ ਸਿੰਘ ਤੋਂ ਪਿੱਛੋਂ ਭਾਈ ਦੀਪ ਸਿੰਘ, ਭਾਈ ਸੁੱਖਾ ਸਿੰਘ, ਆਦਿ ਸਿੱਖ ਵਿਦਵਾਨਾਂ ਅਤੇ ਧਾਰਮਿਕ ਆਗੂਆਂ ਨੇ ਹੋਰ ਪ੍ਰਾਪਤ ਹੋਈ ਸਾਮਗ੍ਰੀ ਨੂੰ ਰਲਾ ਕੇ ਆਪਣੀ ਆਪਣੀ ਰੁਚੀ ਅਨੁਸਾਰ ਇਸ ਗ੍ਰੰਥ ਦੇ ਵੱਖ ਵੱਖ ਸੰਸਕਰਣ ਤਿਆਰ ਕੀਤੇ। ਉਸ ਵੇਲੇ ਤਕ ਇਸ ਗ੍ਰੰਥ ਨੂੰ 'ਬਚਿਤ੍ਰ ਨਾਟਕ' ਨਾਂ ਦਿੱਤਾ ਜਾਂਦਾ ਸੀ, ਪਰ ਬਾਦ ਵਿਚ ਇਸ ਨੂੰ 'ਦਸਵੇਂ ਪਾਤਸ਼ਾਹ ਦਾ ਗ੍ਰੰਥ' ਆਖਿਆ ਜਾਣ ਲਗ ਪਿਆ ਅਤੇ ਹੁਣ ਇਹੋ ਹੀ 'ਦਸਮ ਗ੍ਰੰਥ' ਦੇ ਨਾਂ ਨਾਲ ਪ੍ਰਸਿੱਧ ਹੈ।

4. ਭਾਈ ਮਤਾਬ ਸਿੰਘ ਮੀਰਾਂਕੋਟੀਏ ਵਾਲੀ ਘਟਨਾ[1] ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਗ੍ਰੰਥ ਦੇ ਸੰਕਲਨ ਤੋਂ ਤੁਰੰਤ ਬਾਦ ਇਸ ਵਿਚ ਸੰਗ੍ਰਹਿਤ ਬਾਣੀਆਂ ਬਾਰੇ ਸਿੱਖਾਂ ਦੇ ਮਨ ਵਿਚ ਸੰਦੇਹ ਉੱਤਪੰਨ ਹੋ ਗਿਆ ਅਤੇ ਇਸ ਗ੍ਰੰਥ ਦੇ ਸਰੂਪ ਨੂੰ ਇੰਨ ਬਿੰਨ ਨਾ ਰਖਣ ਲਈ ਵਿਵਾਦ ਚਲ ਪਿਆ। ਪਰ ਭਾਈ ਮਤਾਬ ਸਿੰਘ ਦੇ ਦਖਲ ਦੇਣ ਨਾਲ ਇਹ ਵਿਵਾਦ ਕੁਝ ਸਮੇਂ ਲਈ ਠੱਪ ਦਿੱਤਾ ਗਿਆ। ਸਿੱਖਾਂ ਦਾ ਆਤਮ-ਰਖਿਆ ਲਈ ਕੀਤੇ ਸੰਘਰਸ਼ਾਂ ਵਿਚ ਬਹੁਤ ਰੁਝੇ ਰਹਿਣ ਕਾਰਣ ਨਾ ਤਾਂ ਇਸ ਵਿਵਾਦ ਉਪਰ ਕੋਈ ਆਪਣੀ ਫੈਸਲਾ ਹੋ ਸਕਿਆ ਅਤੇ ਨਾ ਹੀ ਹੋਰਨਾਂ ਧਾਰਮਿਕ ਗ੍ਰੰਥਾਂ ਦੀ ਪੁਣ-ਛਾਣ ਵੀ ਹੋ ਸਕੀ, ਕਿਉਂਕਿ ਸਿੱਖ ਰਾਜ ਦੇ ਸਮੇਂ ਵੀ ਸਿੱਖ ਸਮਾਜ ਵਿਚ ਇਸ ਗ੍ਰੰਥ ਦੀਆਂ ਸਾਰੀਆਂ ਰਚਨਾਵਾਂ ਨੂੰ ਗੁਰੂ ਜੀ ਦੀਆਂ ਕ੍ਰਿਤੀਆਂ ਨਹੀਂ ਮੰਨਿਆ ਜਾਂਦਾ ਸੀ। ਜੇ ਕਰ ਇਸ ਨਾ ਹੁੰਦਾ ਤਾਂ

1. ਮਹਾਨ ਕੋਸ਼, ਪੰਨਾ 1844

Digitized by Panjab Digital Library | www.panjabdigilib.org

ਵਿਲਸਨ (ਸੰਨ 1848 ਈ.) ਅਤੇ ਕੰਨਿੰਘਮ (ਸੰਨ 1849 ਈ.) ਆਪਣੇ ਇਤਿਹਾਸਾਂ ਵਿਚ ਇਸ ਗ੍ਰੰਥ ਦਾ ਜ਼ਿਕਰ ਕਰਦਿਆਂ ਇਸ ਦੀਆ ਕੁਝਕੁ ਰਚਨਾਵਾ ਨੂੰ ਹੀ ਗੁਰੂ-ਕ੍ਰਿਤੀਆਂ ਮੰਨਣ ਦਾ ਸਪੱਸ਼ਟ ਸੰਕੇਤ ਕਦੇ ਵੀ ਨਾ ਕਰਦੇ। ਬਾਦ ਦੇ ਇਤਿਹਾਸਾਂ ਵਿਚ ਵੀ ਕੁਝ ਅਜਿਹੇ ਸੰਕੇਤ ਮਿਲ ਜਾਂਦੇ ਹਨ।

5. ਪੰਜਾਬ ਉੱਤੇ ਅੰਗ੍ਰੇਜ਼ਾਂ ਦੇ ਕਬਜੇ ਤੋਂ ਬਾਦ ਇਕ ਪਾਸੇ ਈਸਾਈ ਮਤ ਦਾ ਪ੍ਰਚਾਰ ਵਧਿਆ ਅਤੇ ਦੂਜੇ ਪਾਸੇ ਆਰੀਆ ਸਮਾਜ ਦਾ। ਇਨ੍ਹਾ ਦੋਹਾ ਦੇ ਪ੍ਰਭਾਵ ਕਰਕੇ ਸਿੱਖ ਆਪਣੇ ਧਰਮ ਤੋਂ ਪਤਿਤ ਹੋਣ ਲਗੇ। ਪ੍ਰਤਿਕਰਮ ਵਜੋਂ ਸੰਨ 1872 ਈ. (ਸੰਮਤ 1929 ਬਿ.) ਵਿਚ ਅੰਮ੍ਰਿਤਸਰ (ਬੁੰਗਾ ਮਜੀਠੀਆਂ) ਵਿਚ 'ਸ੍ਰੀ ਗੁਰੂ ਸਿੰਘ ਸਭਾ' ਦੀ ਸਥਾਪਨਾ ਹੋਈ।[1] ਇਸ ਸਭਾ ਦਾ ਮਨੋਰਥ ਸਿੱਖਾਂ ਵਿਚ ਵਧੀਆਂ ਹੋਈਆਂ ਕੁਰੀਤੀਆਂ ਨੂੰ ਦੂਰ ਕਰਕੇ ਉਨ੍ਹਾਂ ਵਿਚ ਅਸਲੀ ਮਰਯਾਦਾ ਨੂੰ ਕਾਇਮ ਕਰਨਾ ਸੀ। ਵਿਰੋਧੀ ਮਤ ਵਾਲਿਆਂ ਦੇ ਪ੍ਰਚਾਰ ਦੀ ਪ੍ਰਚੰਡਤਾ ਨੂੰ ਵੇਖ ਕੇ ਭਾਈ ਗੁਰਮੁਖ ਸਿੰਘ ਨੇ ਸੰਨ 1879 ਈ. (ਸੰਮਤ 1936 ਬਿ.) ਵਿਚ ਗੁਰੂ ਰਾਮ ਦਾਸ ਦੇ ਜਨਮ-ਸਥਾਨ, ਲਾਹੌਰ ਵਿਚ ਇਕ ਹੋਰ 'ਸਿੰਘ ਸਭਾ' ਬਣਾਈ।[2] ਇਸ ਸਭਾ ਦਾ ਮਨੋਰਥ ਵੀ ਅੰਮ੍ਰਿਤਸਰ ਵਾਲੀ ਸਿੰਘ-ਸਭਾ ਵਾਂਗ ਹੀ ਸੀ, ਪਰ ਇਸ ਸਭਾ ਦੇ ਪ੍ਰਬੰਧਕਾਂ ਨੇ ਪ੍ਰਚਾਰ ਲਈ ਕੁਝ ਖਾਸ ਨਿਯਮ ਵੀ ਬਣਾਏ। ਉਨ੍ਹਾਂ ਵਿਚੋਂ ਇਕ ਨਿਯਮ ਇਹ ਵੀ ਸੀ—

> "...... ਉਨ੍ਹਾਂ ਤਾਰੀਖਾਂ, ਮਜਹਬੀ ਪੋਥੀਆ ਨੂੰ ਜੈਸੇ ਜਨਮਸਾਖੀ ਅਤੇ ਗੁਰ ਪ੍ਰਣਾਲੀ ਆਦਿ, ਜਿਨ੍ਹਾਂ ਵਿਚ ਕਿਸੀ ਦਾ ਕੁਝ ਸੰਸਾ ਹੈ .. ... ਅਸਲੋਂ ਕਢਾਇ ਕੇ ਅੱਗਾ-ਪਿਛਾਂ ਦੇਖ ਕੇ ਸੁਧ ਕਰਨਾ।"[3]

ਵਿਚਾਰਾਂ ਸੰਬੰਧੀ ਅਜਿਹੀ ਤੰਗਨਜ਼ਰੀ ਅਤੇ ਮਰਯਾਦਾਵਾਦ ਦੇ ਘੇਰੇ ਵਿਚ ਦਸਮ ਗ੍ਰੰਥ ਵੀ ਘਿਰ ਗਿਆ ਅਤੇ ਉਸ ਦੇ ਵਿਸ਼ੇ-ਵਸਤੂ ਪ੍ਰਤਿ ਸਿੱਖ ਸਮਾਜ ਵਿਚ ਹੋਰ ਉਪਰਾਮਤਾ ਵਧੀ, ਕਿਉਂਕਿ ਉਸ ਵੇਲੇ ਦੀ ਸਥਿਤੀ ਅਨੁਸਾਰ ਇਸ ਗ੍ਰੰਥ ਦੀਆਂ ਪੌਰਾਣਿਕ ਰਚਨਾਵਾ, ਦੇਵੀ-ਸਤੋਤ੍ਰਾਂ ਅਤੇ ਤ੍ਰਿਆ-ਚਰਿਤ੍ਰਾਂ ਨਾਲ ਸਿੱਖ ਸਿੱਧਾਂਤਾਂ ਉਤੇ ਸੱਟ ਵਜਣ ਦੀ ਸੰਭਾਵਨਾ ਸੀ। ਲਾਹੌਰ ਸਿੰਘ-ਸਭਾ ਦੀਆ ਅਜਿਹੀਆ ਪ੍ਰਵਿਰਤੀਆਂ ਨਾਲ ਸਿੱਖਾਂ ਦੀ ਪੁਜਾਰੀ ਜਾ ਗ੍ਰੰਥੀ ਸ਼੍ਰੇਣੀ ਨੂੰ ਕਾਫੀ ਧੱਕਾ ਲਗਿਆ। ਫਲਸਰੂਪ, ਸਿੱਖ ਵਿਦਵਾਨ ਅਤੇ ਗਿਆਨੀ ਦੋ ਧੜਿਆਂ ਵਿਚ ਵੰਡ ਗਏ। ਇਨ੍ਹਾਂ ਵਿਚੋਂ ਇਕ ਧੜਾ ਪਰੰਪਰਾਵਾਦੀ ਅਤੇ ਸਨਾਤਨੀ ਸਿੱਖਾਂ ਦਾ ਸੀ, ਜੋ ਪੌਰਾਣਿਕ ਰਚਨਾਵਾ ਪ੍ਰਤਿ ਪੂਰੀ ਸਰਧਾ ਰਖਦੇ ਸਨ। ਦੂਜਾ ਧੜਾ ਸੁਧਾਰਵਾਦੀ ਸਿੱਖ ਵਿਦਵਾਨਾ ਦਾ ਸੀ, ਜੋ ਪੌਰਾਣਿਕ ਰਚਨਾਵਾ ਪ੍ਰਤਿ ਉਪਰਾਮ ਸਨ ਅਤੇ ਉਨ੍ਹਾਂ

---

1. ਮਹਾਨ ਕੋਸ਼, ਪੰਨਾ 579
2. ਮਹਾਨ ਕੋਸ਼, ਪੰਨਾ 579
3. ਪੰਜਾਬ ਦੀਆਂ ਲਹਿਰਾਂ (ਅਸ਼ੋਕ), ਪੰਨਾ 180

Digitized by Panjab Digital Library | www.panjabdigilib.org

ਵਿਚ ਸੋਧ ਕਰਨੀ ਵੀ ਅਨੁਚਿਤ ਨਹੀਂ ਸਮਝਦੇ ਸਨ। ਸਿੱਖਾਂ ਦੀ ਇਸ ਪਰਸਪਰ ਧੜੇਬੰਦੀ ਨੇ ਇਤਨਾ ਤੀਬਰ ਰੂਪ ਧਾਰਣ ਕਰ ਲਿਆ ਸੀ ਕਿ ਪਰੰਪਰਾਵਾਦੀ ਸਨਾਤਨੀ ਧੜੇ ਦੁਆਰਾ ਅਧਿਕ੍ਰਿਤ ਅਕਾਲ-ਤਖਤ ਉੱਤੇ ਲਾਹੌਰ ਸਿੰਘ-ਸਭਾ ਦੇ ਪ੍ਰਬੰਧਕਾਂ ਨੂੰ ਅਰਦਾਸ ਦੀ ਵੀ ਆਗਿਆ ਨਹੀਂ ਸੀ ਦਿੱਤੀ ਜਾਂਦੀ।

6. ਇਹ ਸਿੰਘ-ਸਭਾਵਾਂ ਅੰਤ ਵਿਚ 'ਖਾਲਸਾ ਦੀਵਾਨ' ਲਾਹੌਰ (ਸੰਨ 1888 ਈ.) ਅਤੇ 'ਚੀਫ ਖਾਲਸਾ ਦੀਵਾਨ' ਅੰਮ੍ਰਿਤਸਰ (ਸੰਨ 1901 ਈ.) ਦੇ ਰੂਪ ਵਿਚ ਵੰਡ ਗਈਆਂ। ਇਸ ਤੋਂ ਛੁਟ, ਬਾਬੂ ਤੇਜਾ ਸਿੰਘ ਨੇ ਸੰਨ 1906 ਈ. ਵਿਚ ਆਪਣੀ ਇਕ ਵਖਰੀ ਸੰਸਥਾ 'ਪੰਚ ਖਾਲਸਾ ਦੀਵਾਨ' ਭਸੌੜ (ਰਿਆਸਤ ਪਟਿਆਲਾ) ਵਿਚ ਸਥਾਪਿਤ ਕੀਤੀ। ਦਸਮ ਗ੍ਰੰਥ ਦੀਆਂ ਪੌਰਾਣਿਕ ਰਚਨਾਵਾਂ ਆਦਿ ਬਾਰੇ ਇਨ੍ਹਾਂ ਸੁਧਾਰਵਾਦੀ ਸਭਾਵਾਂ ਜਾਂ ਦੀਵਾਨਾਂ ਦੀਆਂ ਕੀ ਪ੍ਰਵਿਰਤੀਆਂ ਸਨ, ਇਹ ਪਿਛੇ ਦਸਿਆ ਜਾ ਚੁਕਾ ਹੈ। ਅਸਲ ਵਿਚ, ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਵਿਵਾਦ ਦਾ ਦੂਜਾ ਦੌਰ ਇਨ੍ਹਾਂ ਸਭਾਵਾਂ ਦੀ ਸਥਾਪਨਾ ਨਾਲ ਆਰੰਭ ਹੁੰਦਾ ਹੈ। ਉਸ ਵੇਲੇ ਦੇ ਸਮਾਚਾਰ ਪੱਤਰਾਂ ਅਤੇ ਪੱਤਰਕਾਵਾਂ ਅੰਦਰ ਉੱਤਰ-ਪ੍ਰਤਿ-ਉੱਤਰ ਰੂਪ ਵਿਚ ਦੋਹਾਂ ਧੜਿਆਂ ਦੇ ਉਘੇ ਵਿਦਵਾਨਾਂ ਦੇ ਲੇਖ ਛਪਦੇ ਰਹਿੰਦੇ ਸਨ। ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਦਸਮ ਗੁਰੂ ਜੀ ਦੀ ਰਚਨਾ ਨਾ ਮੰਨਣ ਵਾਲਿਆਂ ਵਿਚੋਂ ਭਾਈ ਗੁਰਮੁਖ ਸਿੰਘ ਤੇ ਬਾਬੂ ਤੇਜਾ ਸਿੰਘ ਦੇ ਨਾਂ ਖ਼ਾਸ ਤੌਰ ਤੇ ਵਰਣਨ ਯੋਗ ਹਨ।

7. ਸੰਕਲਨ-ਕਾਲ ਤੋਂ ਹੀ ਦਸਮ ਗ੍ਰੰਥ ਦੀਆਂ ਅਨੇਕ ਹੱਥ-ਲਿਖਿਤ ਬੀੜਾਂ ਤਿਆਰ ਹੋਣ ਲਗ ਪਈਆਂ ਸਨ, ਪਰ ਇਸ ਗ੍ਰੰਥ ਦੀਆਂ ਰਚਨਾਵਾਂ ਵਿਚ ਵਰਤੀ ਬ੍ਰਜ ਭਾਸ਼ਾ ਅਤੇ ਹਿੰਦਵੀ ਤੋਂ ਅਨਜਾਣ ਉਤਾਰਾ ਕਰਨ ਵਾਲਿਆਂ ਨੇ ਬਹੁਤ ਸਾਰੇ ਪਾਠਾਂਤਰ ਤੇ ਅਸ਼ੁਧੀਆਂ ਭਰ ਦਿੱਤੀਆਂ। ਅਜਿਹੀ ਸਥਿਤੀ ਨੂੰ ਮੁਖ ਰਖਦੇ ਹੋਇਆਂ 'ਗੁਰਮਤ ਗ੍ਰੰਥ ਪ੍ਰਚਾਰਕ ਸਭਾ' ਅੰਮ੍ਰਿਤਸਰ ਨੇ ਦਸਮ-ਗ੍ਰੰਥ ਦੀਆਂ 32 ਬੀੜਾਂ ਇਕੱਠੀਆਂ ਕਰਕੇ ਪਾਠਾਂ ਦੀ ਸੋਧ ਦਾ ਉਪਰਾਲਾ ਕੀਤਾ ਅਤੇ ਸਨ 1897 ਈ. (ਸੰ. 1954 ਬਿ.) ਵਿਚ ਆਪਣੀ 'ਰਿਪੋਰਟ' ਪ੍ਰਕਾਸ਼ਿਤ ਕੀਤੀ। ਇਹ ਕੰਮ ਨਿਰਸੰਦੇਹ ਪ੍ਰਸੰਸਾਯੋਗ ਸੀ ਪਰ ਉਨ੍ਹਾਂ 32 ਬੀੜਾਂ ਵਿਚੋਂ ਕੋਈ ਬੀੜ ਵੀ ਅਤਿ ਪ੍ਰਾਚੀਨ ਜਾਂ ਇਤਿਹਾਸਿਕ ਨਹੀਂ ਸੀ। ਇਸ ਲਈ ਇਸ ਸੋਧ ਨੂੰ ਪ੍ਰਮਾਣਿਕ ਕਹਿਣ ਤੋਂ ਸੰਕੋਚ ਕਰਨਾ ਪੈਂਦਾ ਹੈ। ਇਸ ਰਿਪੋਰਟ ਦੀ ਭੂਮਿਕਾ ਵਿਚ ਗਿਆਨੀ ਸਰਦੂਲ ਸਿੰਘ ਨੇ (ਜੋ ਪੁਜਾਰੀ ਅਤੇ ਸਨਾਤਨੀ ਧੜੇ ਦੇ ਸਨ) ਸਾਰੇ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਮੰਨਿਆ ਹੈ, ਪਰ ਉਨ੍ਹਾਂ ਦੀ ਇਸ ਮਾਨਤਾ ਦਾ ਆਧਾਰ ਪ੍ਰਚਲਿਤ ਪਰੰਪਰਾ ਹੀ ਸੀ, ਕਿਉਂਕਿ ਪੁਸ਼ਟੀ ਲਈ ਉਨ੍ਹਾਂ ਨੇ ਕੋਈ ਮਹੱਤਵਪੂਰਣ ਤਥ ਜਾਂ ਪ੍ਰਮਾਣ ਪੇਸ਼ ਕਰਨ ਦਾ ਯਤਨ ਨਹੀਂ ਕੀਤਾ।

8. ਸੰਨ 1902 ਈ. (ਸੰ. 1959 ਬਿ.) ਵਿਚ ਭਾਈ ਬਿਸ਼ਨ ਸਿੰਘ (ਸੰਤਪੁਰ ਵਾਲਾ) ਸਪੁਤਰ ਭਾਈ ਗੁਰਦਿਆਲ ਸਿੰਘ ਆਨੰਦਪੁਰੀ ਨੇ 'ਦਸਮ ਗ੍ਰੰਥ ਸਾਹਿਬ ਕਿਸ ਨੇ ਬਨਾਯਾ' ਨਾਂ ਦੀ ਇਕ ਛੋਟੀ ਜਿਹੀ ਪੋਥੀ ਲਿਖੀ। ਇਸ ਵਿਚ ਉਨ੍ਹਾਂ ਨੇ ਸ਼ੈਲੀ ਸੰਬੰਧੀ ਅਨੇਕ ਪ੍ਰਕਾਰ ਦੇ ਪ੍ਰਮਾਣਾਂ ਦੇ ਆਧਾਰ ਤੇ [illegible] ਗੁਰੂ ਜੀ ਦੀ ਰਚਨਾ

Digitized by Panjab Digital Library | www.panjabdigilib.org

ਸਿੱਧ ਕਰਨ ਦਾ ਯਤਨ ਕੀਤਾ। ਦਸਮ ਗ੍ਰੰਥ ਦੇ ਕਰਤ੍ਰਿਤਵ (Authorship) ਸੰਬੰਧੀ ਨਿਰਣੇ ਲਈ ਇਹ ਸਭ ਤੋਂ ਪਹਿਲਾ ਵਿਵਸਥਿਤ ਅਤੇ ਸੁਲਝਿਆ ਹੋਇਆ ਯਤਨ ਸੀ। ਅਨੁਮਾਨ ਹੈ ਕਿ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਸਿੱਧ ਕਰਨ ਲਈ ਸ਼ੈਲੀ ਨੂੰ ਆਧਾਰ ਬਣਾਉਣ ਵਾਲੇ ਪਰਵਰਤੀ ਵਿਦਵਾਨਾਂ ਨੇ ਇਸੇ ਨੂੰ ਹੀ ਆਪਣੇ ਵਿਚਾਰਾਂ ਦਾ ਆਦਰਸ਼ ਬਣਾਇਆ। ਰਾਮ, ਸਿਆਮ, ਕਾਲ ਆਦਿ ਕਵੀ-ਛਾਪਾਂ ਨੂੰ 'ਗੋਬਿੰਦ' ਸ਼ਬਦ ਦਾ ਪ੍ਰਯਾਯ ਸਿੱਧ ਕਰਨ ਵਾਲੀ ਦਲੀਲ ਨੂੰ ਵੀ ਸ਼ਾਇਦ ਸਭ ਤੋਂ ਪਹਿਲਾਂ ਇਸੇ ਪੋਥੀ ਵਿਚ ਪੇਸ਼ ਕੀਤਾ ਗਿਆ। ਲੇਖਕ ਅਨੁਸਾਰ—

> "ਯਾ ਗ੍ਰੰਥ ਸਾਹਿਬ ਜੀ ਮੇ ਯਦਯਪਿ ਬਹੁਧਾ ਸ਼ਯਾਮ ਔਰ ਕਿਤੇ ਕਿਤੇ ਗੋਬਿੰਦ ਔ ਰਾਮ ਔ ਕਾਲ ਔ ਰਾਯ ਔ ਕੀਟ ਔ ਸ੍ਰੀਪਤਿ ਤਥਾ ਭੂਪਤਿ ਸ੍ਰੀ ਮਹਾਰਾਜ ਕੀ ਛਾਪ ਹੈ। ਪਰੰਤੂ ਕਾਵ੍ਯ ਕੀ ਰੀਤਿ ਸੇ ਯਿਹ ਸਮਸਤ ਨਾਮ ਸ੍ਰੀ ਕਲਗੀਧਰ ਜੀ ਕੇ ਹੀ ਸਿਧ ਹੋਤੇ ਹੈ ਯਥਾ ਤਾਰਾ ਸਿੰਘ ਕਵੀ ਨੇ ਕਾਵ੍ਯ ਕੀ ਰੀਤਿ ਕੇ ਅਨੁਸਾਰ ਅਪਨਾ ਨਾਮ ਉਡਗ ਮ੍ਰਿਗੇਸ਼ ਔ ਕਿਤੇ ਨਛਤ੍ਰ ਹਰੀ ਰਖਿਆ ਹੈ। ਇਸੀ ਤਰਾਂ ਤਾਰਾ ਕੇ ਔ ਸਿੰਘ ਕੇ ਪ੍ਰਯਾਯ ਯਾਵਤ ਨਾਮ ਪਰ ਭੀ ਅਪਨਾ ਨਾਮ ਰਖ ਸਕਤਾ ਹੈ। ਤਥਾਪਿ ਕਾਨ੍ਹ ਸਿੰਘ ਕਵੀ ਨੇ ਅਪਨਾ ਨਾਮ ਬ੍ਰਿਜੇਸ ਹਰੀ ਯਾ ਹਰਿ ਬ੍ਰਿਜੇਸ ਰਖਿਆ ਹੈ ਜੋ ਇਸੇ ਪ੍ਰਕਾਰ ਹੀ ਗੋਬਿੰਦ ਔ ਸਿਆਮ ਔ ਰਾਮ ਔ ਕਾਲਾਦਿ ਯਿਹ ਸ਼ਬਦ ਭੀ ਪ੍ਰਯਾਯੀ ਹੋਨੇ ਤੈ ਗੁਰੂ ਜੀ ਕੇ ਹੀ ਨਾਮ ਹੈ।"[1]

9. ਸੰਨ 1918 ਈ. (ਸੰਮਤ 1975 ਬਿ.) ਵਿਚ 'ਪੰਚ ਖ਼ਾਲਸਾ ਦੀਵਾਨ' ਭਸੌੜ ਵਲੋਂ 'ਦਸਮ ਗ੍ਰੰਥ ਨਿਰਣਯ' ਨਾਂ ਦੀ ਪੁਸਤਕ ਦਾ ਪਹਿਲਾ ਸੰਸਕਰਣ ਪ੍ਰਕਾਸ਼ਿਤ ਹੋਇਆ ਅਤੇ ਇਸ ਦਾ ਦੂਜਾ ਸੰਸਕਰਣ ਦਸ ਵਰ੍ਹੇ ਬਾਦ ਨਿਕਲਿਆ। ਦਸਮ ਗ੍ਰੰਥ ਦੇ ਅਧਿਐਨ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਪ੍ਰਕਾਸਿਤ ਪੁਸਤਕ ਸੀ। ਇਸ ਵਿਚ ਇਸ ਦੇ ਲੇਖਕ ਡਾ. ਰਣ ਸਿੰਘ ਨੇ 'ਪੰਚ ਖ਼ਾਲਸਾ ਦੀਵਾਨ' ਦੀਆਂ ਪ੍ਰਵਿਰਤੀਆਂ ਅਨੁਸਾਰ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਕੁਝ ਰਲਿਆਂ (Interpolations) ਨੂੰ ਛਡ ਕੇ ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ (ਅਪਨੀ ਕਥਾ), ਗਿਆਨ ਪ੍ਰਬੋਧ, ਸ਼ਬਦ ਹਜ਼ਾਰੇ, ਸਵੈਯੇ, ਖਾਲਸਾ ਮਹਿਮਾ, ਬੇਨਤੀ ਚੌਪਈ, (ਚਰਿਤ੍ਰ ਅੰਕ 405 ਦੇ ਛੰਦ 377 ਤੋਂ 401 ਤਕ) ਅਤੇ ਜ਼ਫ਼ਰਨਾਮਾ (ਹਕਾਇਤਾਂ ਤੋਂ ਬਿਨਾ) ਨੂੰ ਹੀ ਕੇਵਲ ਗੁਰੂ ਜੀ ਦੁਆਰਾ ਰਚਿਆ ਹੋਇਆ ਮੰਨਿਆ। ਬਾਕੀਆ ਬਾਰੇ ਉਨ੍ਹਾਂ ਦੀ ਰਾਏ ਹੈ ਕਿ ਉਹ ਹੋਰਨਾਂ ਕਵੀਆਂ ਦੀਆਂ ਰਚਨਾਵਾਂ ਹਨ, ਜਿਨ੍ਹਾਂ ਨੂੰ ਲਿਖ ਕੇ ਕਵੀ ਲੋਕ ਗੁਰੂ ਜੀ ਪਾਸ ਲੈ ਆਉਂਦੇ ਸਨ ਅਤੇ ਗੁਰੂ ਜੀ ਕਿਤੇ ਕਿਤੇ ਆਦਿ, ਮੱਧ ਜਾਂ ਅੰਤ ਵਿਚ ਉਨ੍ਹਾਂ ਰਚਨਾਵਾਂ ਉੱਤੇ ਆਪਣੀ ਟਿੱਪਣੀ ਦੇ ਦਿੰਦੇ ਸਨ। ਇਸ ਲੇਖਕ ਨੇ ਕਰਤ੍ਰਿਤਵ (Authorship) ਦਾ ਨਿਰਣਾ ਕਰਦਿਆਂ ਕਿਸੇ ਵਿਗਿਆਨਿਕ ਪ੍ਰਣਾਲੀ

1. ਦਸਮ ਗ੍ਰੰਥ ਕਿਸ ਨੇ ਬਨਾਯਾ (ਬਿਸ਼ਨ ਸਿੰਘ), ਪੰਨਾ 5

Digitized by Panjab Digital Library | www.panjabdigilib.org

ਨੂੰ ਨਹੀਂ ਅਪਣਾਇਆ, ਕੇਵਲ ਆਪਣੀਆਂ ਵਿਅਕਤੀਗਤ ਭਾਵਨਾਵਾਂ ਅਤੇ ਵਿਚਾਰਾਂ ਦੇ ਆਧਾਰ ਤੇ ਨਿਰਣਾ ਦਿੱਤਾ ਹੈ। ਇਸ ਲਈ ਕਰਤ੍ਰਿਤਵ ਸੰਬੰਧੀ ਝਗੜਿਆਂ ਦਾ ਪੂਰੀ ਤਰ੍ਹਾਂ ਨਿਤਾਰਾ ਨਾ ਹੋ ਸਕਿਆ। ਇਸ ਪੁਸਤਕ ਦਾ ਦਸਮ ਗ੍ਰੰਥ ਦੇ ਇਤਿਹਾਸ ਵਿਚ ਕੋਈ ਖ਼ਾਸ ਮਹੱਤਵ ਨਹੀਂ ਹੈ। ਹਾਂ, ਦਸਮ ਗ੍ਰੰਥ ਸੰਬੰਧੀ ਭਸੌੜੀਏ ਮਤ ਦੀ ਪ੍ਰਤਿਨਿਧਤਾ ਇਸ ਪੁਸਤਕ ਵਿਚ ਅਵੱਸ਼ ਹੋਈ ਹੈ।

ਗਿਆਨੀ ਲਾਲ ਸਿੰਘ (ਸੰਗਰੂਰ ਵਾਲਾ) ਕ੍ਰਿਤ 'ਕੋਸ਼ ਸ੍ਰੀ ਦਸਮ ਗ੍ਰੰਥ ਸਾਹਿਬ' (ਸੰਨ 1949 ਈ.) ਅਤੇ ਮਾਸਟਰ ਨਿਰੰਜਨ ਸਿੰਘ (ਬਸੰਤੀ ਕੋਠੀ, ਲੁਧਿਆਣਾ) ਦੁਆਰਾ 'ਖ਼ਾਲਸਾ ਪਾਰਲੀਮੈਂਟ ਗਜ਼ਟ' ਮਾਸਿਕ ਪੱਤਰ ਦੇ ਸੰਨ 1954 ਈ. ਦੇ ਕੁਝਕੁ ਅੰਕਾਂ ਵਿਚ ਪ੍ਰਕਾਸ਼ਿਤ ਲੜੀਵਾਰ ਨਿਬੰਧ 'ਪੰਥ ਖਾਲਸਾ ਮਿਸ਼ਨ' ਭਸੌੜੀਏ ਮਤ ਦੀ ਪੁਸ਼ਟੀ ਕਰਦੇ ਹਨ। ਇਨ੍ਹਾਂ ਦੋਹਾਂ ਲੇਖਕਾਂ ਨੇ ਵੀ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਕੇਵਲ ਸੰਦੇਹ ਹੀ ਉਠਾਏ ਹਨ, ਕੋਈ ਠੋਸ ਜਾ ਬੌਧਿਕ ਸੁਝਾਵ ਪੇਸ਼ ਨਹੀਂ ਕੀਤਾ। ਇਸ ਲਈ ਇਨ੍ਹਾਂ ਦੇ ਯਤਨ ਸਾਧਾਰਣ ਦਰਜੇ ਦੇ ਹਨ। ਇਸ ਮਤ ਦੇ ਇਕ ਹੋਰ ਸਮਰਥਕ ਸ੍ਰੀ ਗੁਰਮੁਖ ਸਿੰਘ 'ਪ੍ਰਦੇਸੀ' ਨੇ ਵੀ ਸੰਨ 1956 ਈ. ਵਿਚ 'ਦਸਮ ਗੁਰਬਾਣੀ ਪ੍ਰਕਾਸ਼' ਨਾਂ ਦੀ ਇਕ ਛੋਟੀ ਜਿਹੀ ਪੁਸਤਕ ਪ੍ਰਕਾਸ਼ਿਤ ਕਰਵਾਈ ਹੈ, ਜਿਸ ਵਿਚ ਉਨ੍ਹਾਂ ਨੇ 'ਬੇਨਤੀ-ਚੌਪਈ' ਨੂੰ ਵੀ ਦਸਮ ਗੁਰੂ ਜੀ ਦੀ ਰਚਨਾ ਨਹੀਂ ਮੰਨਿਆ। ਲੇਖਕ ਨੇ ਉਸ ਨੂੰ ਕੁਲ ਮਿਲਾ ਕੇ ਇਕ 'ਜੰਗੀ ਪ੍ਰੋਟ' ਦਾ ਨਾਂ ਦਿੱਤਾ ਹੈ।[1]

10. ਭਾਈ ਸ਼ੇਰ ਸਿੰਘ (ਕਸ਼ਮੀਰ ਵਾਲੇ) ਦੁਆਰਾ ਲਿਖਿਤ 'ਦਸ਼ਮੇਸ਼ ਦਰਪਣ' ਨਾ ਦੀ ਪੁਸਤਕ ਵੀ ਪ੍ਰਾਪਤ ਹੋਈ ਹੈ। ਇਸ ਉਪਰ ਪ੍ਰਕਾਸ਼ਿਤ ਹੋਣ ਦਾ ਸੰਨ ਨਹੀਂ ਦਿੱਤਾ ਹੋਇਆ, ਪਰ ਅਧਿਕਾਰੀ ਸੂਤਰਾ ਤੋਂ ਪਤਾ ਚਲਿਆ ਹੈ ਕਿ ਇਸ ਦੀ ਰਚਨਾ ਸੰਨ 1935 ਈ. ਦੇ ਨੇੜੇ ਤੇੜੇ ਹੋਈ ਸੀ। ਲੇਖਕ ਨੇ ਇਸ ਪੁਸਤਕ ਵਿਚ ਸਾਰੇ ਦਸਮ ਗ੍ਰੰਥ ਨੂੰ ਗੁਰੂ-ਰਚਿਤ ਸਿੱਧ ਕਰਨ ਦਾ ਯਤਨ ਕੀਤਾ ਹੈ ਅਤੇ ਪੁਸ਼ਟੀ ਲਈ 'ਕ੍ਰਿਸ਼ਨਾਵਤਾਰ' ਦੇ 'ਜੁੱਧ-ਪ੍ਰਬੰਧ' ਦੀ ਕਲਪਨਾ, ਵੱਖ ਵੱਖ ਪੌਰਾਣਿਕ ਰਚਨਾਵਾਂ ਵਿਚ ਗੁਰੂ ਜੀ ਦੇ ਵਿਅਕਤਿਤਵ-ਸੂਚਕ ਛੰਦ, ਉੱਤਮ ਪੁਰਖ ਵਿਚ ਲਿਖੀਆਂ ਕਥਾਵਾ, ਬਚਿਤ੍ਰ ਨਾਟਕ (ਅਪਨੀ ਕਥਾ) ਅਤੇ ਸ਼ੈਲੀ ਸੰਬੰਧੀ ਪ੍ਰਮਾਣਾਂ ਨੂੰ ਆਧਾਰ ਬਣਾਇਆ ਹੈ। ਪਰ ਲੇਖਕ ਦਾ ਦ੍ਰਿਸ਼ਟੀਕੋਣ ਸ਼ਰਧਾਲੂ ਹੋਣ ਕਰਕੇ ਕਿਸੇ ਵਿਗਿਆਨਿਕ ਢੰਗ ਨੂੰ ਨਹੀਂ ਅਪਣਾਇਆ ਗਿਆ। ਇਸ ਪੁਸਤਕ ਤੋਂ ਛੁਟ, ਕੁਝਕੁ ਮਾਸਿਕ ਪੱਤਰਾਂ ਵਿਚ ਵੀ ਉਨ੍ਹਾਂ ਨੇ ਇਸ ਵਿਸ਼ੇ ਸੰਬੰਧੀ ਆਪਣੇ ਕੁਝ ਲੇਖ ਪ੍ਰਕਾਸ਼ਿਤ ਕਰਵਾਏ ਹਨ, ਪਰ ਉਨ੍ਹਾਂ ਦਾ ਕੋਈ ਖਾਸ ਮਹੱਤਵ ਨਹੀਂ ਹੈ।

11. 'ਅੰਮ੍ਰਿਤ' ਮਾਸਿਕ ਪੱਤਰਕਾ ਦੇ ਸੰਨ 1937 ਈ. ਦੇ ਕੁਝਕੁ ਅੰਕਾਂ ਵਿਚ ਡਾ. ਜਸਵੰਤ ਸਿੰਘ (ਲਖਨਊ ਵਾਲੇ) ਨੇ 'ਸ੍ਰੀ ਦਸਮ ਗ੍ਰੰਥ ਪੁਰ ਖੋਜ ਪੂਰਨ ਵਿਚਾਰ' ਸਿਰਲੇਖ ਵਾਲੇ ਲੜੀਵਾਰ ਨਿਬੰਧ ਨੂੰ ਪ੍ਰਕਾਸ਼ਿਤ ਕਰਵਾਇਆ ਜੋ ਅਸਲ ਵਿਚ ਦਸਮ ਗ੍ਰੰਥ

1. ਦਸਮ ਗੁਰਬਾਣੀ ਪ੍ਰਕਾਸ਼ (ਗੁਰਮੁਖ ਸਿੰਘ), ਪੰਨਾ 68

Digitized by Panjab Digital Library | www.panjabdigilib.org

ਦੇ ਕਰਤ੍ਰਿਤਵ ਸੰਬੰਧੀ ਚਲ ਰਹੇ ਵਿਵਾਦ ਦਾ ਪ੍ਰਤਿ-ਉੱਤਰ ਹੀ ਸੀ। ਡਾ. ਜਸਵੰਤ ਸਿੰਘ ਸੰਪੂਰਣ ਦਸਮ-ਗ੍ਰੰਥ ਨੂੰ ਗੁਰੂ-ਕ੍ਰਿਤ ਮੰਨਣ ਵਾਲੇ ਧੜੇ ਦੇ ਸਨ। ਉਨ੍ਹਾਂ ਨੇ ਆਪਣੇ ਮਤ ਦੀ ਪੁਸ਼ਟੀ ਲਈ ਅੰਦਰਲੀਆਂ ਗਵਾਹੀਆਂ ਤੇ ਆਧਾਰਿਤ ਕਈ ਪ੍ਰਮਾਣ ਪੇਸ਼ ਕੀਤੇ ਅਤੇ ਦਸਮ ਗੁਰੂ ਜੀ ਦੇ ਕੁਝ ਇਕ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਵਿਚੋਂ ਟੂਕਾਂ ਦੇ ਕੇ ਦਸਮ ਗ੍ਰੰਥ ਦੀਆਂ ਕ੍ਰਿਤੀਆਂ ਨਾਲ ਸ਼ੈਲੀ ਦੀ ਭਿੰਨਤਾ ਪ੍ਰਮਾਣਿਤ ਕਰਦਿਆਂ ਸਾਰੇ ਦਸਮ ਗ੍ਰੰਥ ਨੂੰ ਗੁਰੂ-ਰਚਿਤ ਸਿੱਧ ਕੀਤਾ। ਕੁਝ ਬਾਹਰਲੀਆਂ ਗਵਾਹੀਆਂ ਵੀ ਦਿੱਤੀਆਂ, ਜਿਨ੍ਹਾਂ ਵਿਚੋਂ ਗੁਰਦੁਆਰਾ ਸਿਰੋਪਾ ਸਾਹਿਬ (ਨਾਭਾ ਸ਼ਹਿਰ ਦੇ ਕਿਲੇ ਵਿਚ) ਅੰਦਰ ਸੁਰਖਿਅਤ ਦਸਮ ਗੁਰੂ ਦੀ ਸ੍ਵ-ਹੱਥ-ਲਿਖਿਤ 'ਚਰਿਤ੍ਰੋਪਾਖਿਆਨ' ਦੀ ਇਕ ਪੋਥੀ ਅਤੇ ਗੁਰੂ ਜੀ ਦੇ ਦੋ ਨਿਜੀ ਸ਼ਸਤ੍ਰ—ਜਿਨ੍ਹਾਂ ਉਪਰ ਦਸਮ ਗ੍ਰੰਥ ਦੀਆਂ ਵਿਵਾਦਪੂਰਣ ਰਚਨਾਵਾਂ ਦੀਆਂ ਕੁਝਕੁ ਟੂਕਾਂ ਅੰਕਿਤ ਹਨ—ਖ਼ਾਸ ਵਰਣਨ ਯੋਗ ਹਨ। ਲੇਖਕ ਨੇ ਬੜੀ ਮਿਹਨਤ ਨਾਲ ਸਾਮਗ੍ਰੀ ਇਕੱਠੀ ਕਰਕੇ ਆਪਣੇ ਮਤ ਨੂੰ ਪੱਕਾ ਕਰਨ ਦਾ ਯਤਨ ਕੀਤਾ ਹੈ ਪਰ ਵਿਗਿਆਨਿਕ ਦ੍ਰਿਸ਼ਟੀਕੋਣ ਦੀ ਘਾਟ ਕਰਕੇ ਇਹ ਖੋਜ ਦਸਮ ਗ੍ਰੰਥ ਸੰਬੰਧੀ ਵਿਵਾਦ-ਲੜੀ ਦੀ ਇਕ ਕੜੀ ਜਿਹੀ ਬਣ ਕੇ ਰਹਿ ਗਈ ਹੈ। ਲੇਖਕ ਨੇ ਬਾਹਰਲੀਆਂ ਗਵਾਹੀਆਂ ਨੂੰ ਵੀ ਬਿਨਾ ਪਰਖੇ ਮੰਨ ਲਿਆ ਹੈ, ਉਨ੍ਹਾਂ ਦੀ ਪ੍ਰਮਾਣਿਕਤਾ ਨੂੰ ਨਿਸ਼ਚਿਤ ਕਰਨ ਦਾ ਯਤਨ ਨਹੀਂ ਕੀਤਾ।

12. ਦਸਮ ਗ੍ਰੰਥ ਦੇ ਇਸ ਵਿਵਾਦ-ਅੰਦੋਲਨ ਵਿਚ ਸ. ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਵੀ, ਆਪਣੇ ਕਈ ਨਿਬੰਧ ਪੱਤਰਕਾਵਾਂ ਵਿਚ ਪ੍ਰਕਾਸ਼ਿਤ ਕਰਵਾ ਕੇ ਕਾਫ਼ੀ ਹਿੱਸਾ ਪਾਇਆ ਹੈ, ਪਰ ਉਨ੍ਹਾਂ ਵਿਚੋਂ ਵਿਸ਼ੇਸ਼ ਉੱਲੇਖ ਯੋਗ ਕੇਵਲ ਤਿੰਨ ਹਨ—(1) ਜੁਲਾਈ, 1941 ਈ. ਦੇ 'ਪੰਜ ਦਰਿਆ' ਮਾਸਿਕ ਪੱਤਰ ਵਿਚ ਪ੍ਰਕਾਸ਼ਿਤ ਇਕ ਲੇਖ ਅੰਦਰ ਅਸ਼ੋਕ ਜੀ ਨੇ ਜਾਪੁ, ਅਕਾਲ ਉਸਤਤਿ (ਦੇਵੀ-ਸਤੋਤ੍ਰ ਤੋਂ ਬਿਨਾ), ਸਵੈਯੇ (ਬੱਤੀ), ਖ਼ਾਲਸਾ-ਮਹਿਮਾ ਅਤੇ ਜ਼ਫ਼ਰਨਾਮਾ (ਹਕਾਇਤਾ ਤੋਂ ਬਿਨਾ) ਨਾਂ ਦੀਆਂ ਰਚਨਾਵਾਂ ਨੂੰ ਗੁਰੂ ਜੀ ਦੁਆਰਾ ਰਚਿਆ ਮੰਨਿਆ ਅਤੇ ਬਾਕੀਆਂ ਨੂੰ ਰਾਮ, ਸ਼ਿਆਮ, ਕਾਲ ਆਦਿ ਕਵੀਆਂ ਦੁਆਰਾ ਲਿਖਿਆ ਦਸਿਆ ਹੈ। (2) ਉਨ੍ਹਾਂ ਨੇ ਅਪ੍ਰੈਲ, 1942 ਈ. ਨੂੰ 'ਪੰਜ ਦਰਿਆ' ਮਾਸਿਕ ਪੱਤਰ ਵਿਚ ਪ੍ਰਕਾਸ਼ਿਤ ਇਕ ਲੇਖ ਅੰਦਰ 'ਚਰਿਤ੍ਰੋਪਾਖਿਆਨ' ਵਿਚੋਂ ਰਾਮ, ਸ਼ਿਆਮ, ਕਾਲ ਆਦਿ ਕਵੀਆਂ ਦਾ ਕੇਹੜਾ ਕੇਹੜਾ ਹਿੱਸਾ ਲਿਖਿਆ ਹੋਇਆ ਹੈ, ਇਸ ਦਾ ਨਿਰਣਾ ਵੀ ਕੀਤਾ ਹੈ। ਇਹ ਨਿਰਣਾ ਲਗਭਗ ਅਨੁਮਾਨ ਤੇ ਆਧਾਰਿਤ ਹੈ। (3) ਅਕਤੂਬਰ, 1942 ਈ. ਦੇ 'ਪ੍ਰੀਤਮ' ਮਾਸਿਕ ਪੱਤਰ ਵਿਚ ਇਸੇ ਲੇਖਕ ਦਾ 'ਦਸਮ ਗ੍ਰੰਥ ਵਿਚ ਤਾਂਤ੍ਰਿਕ ਮਤ' ਨਾ ਦਾ ਇਕ ਲੇਖ ਪ੍ਰਕਾਸ਼ਿਤ ਹੋਇਆ ਹੈ। ਇਸ ਵਿਚ ਲੇਖਕ ਨੇ ਤਾਂਤ੍ਰਿਕ ਮਤ ਦੀਆਂ ਚਾਰ ਪ੍ਰਮੁਖ ਪ੍ਰਵਿਰਤੀਆਂ—ਭਗਵਤੀ ਪੂਜਾ, ਸਸਤ੍ਰ ਪੂਜਾ, ਸ਼ਰਾਬ ਭੰਗ ਦੀ ਮਹਿਮਾ, ਗੰਦੇ ਅਤੇ ਨੰਗੇ ਸ਼ਬਦਾਂ ਅਤੇ ਵਾਕਾਂ ਦੀ ਵਰਤੋਂ—ਦੇ ਆਧਾਰ ਤੇ ਦਸਮ ਗ੍ਰੰਥ ਦੀਆਂ ਰਾਮ, ਸਿਆਮ, ਕਾਲ ਆਦਿ ਕਵੀਆਂ ਨਾਲ ਸੰਬੰਧਿਤ ਰਚਨਾਵਾਂ ਨੂੰ ਤਾਂਤ੍ਰਿਕ ਸਿੱਧਾਂਤਾਂ ਤੋਂ ਪ੍ਰਭਾਵਿਤ ਦਸਿਆ ਹੈ। ਅਸ਼ੋਕ ਜੀ ਦੇ ਇਹ ਮੰਤਵ ਸੁਤੰਤਰ

Digitized by Panjab Digital Library | www.panjabdigilib.org

ਵਿਚਾਰਾਂ ਨੂੰ ਪੇਸ਼ ਕਰਦੇ ਹਨ; ਕਿਤੇ ਕਿਤੇ ਲੇਖਕ ਦੀਆਂ ਸੁਧਾਰਵਾਦੀ ਰੁਚੀਆਂ ਦੇ ਵੀ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ। ਅਸ਼ੋਕ ਜੀ ਦਾ ਇਹ ਦ੍ਰਿਸ਼ਟੀਕੋਣ ਬਿਲਕੁਲ ਸੰਤੁਲਿਤ, ਦਲੀਲ-ਭਰਿਆ ਅਤੇ ਆਲੋਚਨਾਤਮਕ ਹੈ। ਇਨ੍ਹਾਂ ਹੋ ਲੇਖਾਂ ਦਾ ਮਹੱਤਵ ਨਿਰਸੰਦੇਹ ਅਧਿਕ ਹੈ।

13. ਸੰਨ 1955 ਈ. ਦੇ 'ਸਿੱਖ ਰਿਵੀਊ' ਅੰਗ੍ਰੇਜ਼ੀ ਮਾਸਿਕ ਪਤ੍ਰ ਦੇ ਕ੍ਰਮਵਾਰ ਅੰਕਾਂ (ਅਪ੍ਰੈਲ, ਮਈ, ਜੂਨ, ਜੁਲਾਈ) ਵਿਚ ਡਾ. ਤ੍ਰਿਲੋਚਨ ਸਿੰਘ ਨੇ 'ਦਸਮ ਗ੍ਰੰਥ ਦਾ ਸੰਕਲਨ ਅਤੇ ਇਤਿਹਾਸ' (The History & Compilation of the Dasam Granth) ਨਾਂ ਦਾ ਆਪਣਾ ਲੜੀਵਾਰ ਨਿਬੰਧ ਪ੍ਰਕਾਸ਼ਿਤ ਕਰਵਾਇਆ। ਇਸ ਵਿਚ ਦਸਮ ਗ੍ਰੰਥ ਦੀਆਂ ਸਾਰੀਆਂ ਬਾਣੀਆਂ ਨੂੰ ਗੁਰੂ ਜੀ ਦੁਆਰਾ ਰਚਿਆ ਮੰਨਿਆ ਗਿਆ ਹੈ। ਲੇਖਕ ਨੇ ਰਾਮ, ਸ਼ਿਆਮ ਆਦਿ ਕਵੀ-ਛਾਪਾਂ ਨੂੰ 'ਗੋਬਿੰਦ' ਸ਼ਬਦ ਦਾ ਪ੍ਰਯਾਯ ਸਿੱਧ ਕਰਦੇ ਹੋਇਆਂ ਆਪਣੇ ਮਤ ਦੀ ਪੁਸ਼ਟੀ 'ਆਦਿ ਗ੍ਰੰਥ' ਵਿਚ ਆਏ ਕਈ ਇਹੋ ਜਿਹੇ ਪ੍ਰਯਾਯਵਾਚੀ ਸ਼ਬਦਾਂ ਦੇ ਆਧਾਰ ਤੇ ਕੀਤੀ ਹੈ। ਇਸ ਤੋਂ ਛੁਟ, ਉਨ੍ਹਾਂ ਨੇ ਬਾਣੀਆਂ ਦੀ ਭਾਗ-ਵੰਡ ਕਰਦੇ ਹੋਇਆਂ ਉਨ੍ਹਾਂ ਦਾ ਸੰਖਿਪਤ ਪਰਿਚਯ ਵੀ ਦਿੱਤਾ ਹੈ ਅਤੇ ਭਾਈ ਮਨੀ ਸਿੰਘ ਦੀ ਚਿੱਠੀ ਨੂੰ ਪ੍ਰਮਾਣਿਕ ਮੰਨ ਕੇ ਕਈ ਕਾਲਪਨਿਕ ਸਿੱਟੇ ਵੀ ਕੱਢੇ ਹਨ। ਲੇਖਕ ਨੇ ਮੋਤੀ ਬਾਗ਼ (ਪਟਿਆਲਾ) ਦੇ ਗੁਰਦੁਆਰੇ ਵਿਚ ਸੁਰਖਿਅਤ ਦਸਮ ਗ੍ਰੰਥ ਦੀ ਪ੍ਰਾਚੀਨ ਬੀੜ ਦਾ ਹਵਾਲਾ ਦੇ ਕੇ ਕਈ ਭੁਲੇਖੇ ਵੀ ਪੈਦਾ ਕਰ ਦਿੱਤੇ ਹਨ। ਉਸ ਬੀੜ ਵਿਚ ਸੁਰਖਿਅਤ ਸੱਤ ਖ਼ਾਸ ਪੱਤਰਾਂ ਦੀ ਗਿਣਤੀ ਵਧਾ ਕੇ ਅੱਠਾਈ ਦਿੱਤੀ ਹੈ ਅਤੇ ਚੰਡੀ ਚਰਿਤ੍ਰਾਂ ਵਿਚੋਂ ਚੰਡੀ ਚਰਿਤ੍ਰ (ਉਕਤਿ ਬਿਲਾਸ) ਦੀ ਕਥਾ ਦਾ ਸ੍ਰੋਤ ਪਦਮ ਪੁਰਾਣ ਦਸਿਆ ਹੈ, ਜੋ ਬਿਲਕੁਲ ਨਿਰਮੂਲ ਹੈ। ਕਿਉਂਕਿ ਉਨ੍ਹਾਂ ਦੇ ਇਸ ਕਥਨ ਦਾ ਖੰਡਨ ਨਾ ਕੇਵਲ ਸੰਬੰਧਿਤ ਰਚਨਾ ਦੇ ਅਧਿਆਇ-ਅੰਤ ਉੱਤੇ ਦਿੱਤੀਆਂ ਪੁਸ਼ਪਿਕਾਵਾਂ ਤੋਂ ਹੀ ਹੋ ਜਾਂਦਾ ਹੈ, ਸਗੋਂ ਪਦਮ ਪੁਰਾਣ ਵਿਚ ਅਜਿਹੇ ਵਿਸਤਾਰ-ਪੂਰਣ ਚੰਡੀ-ਪ੍ਰਸੰਗ ਦਾ ਅਭਾਵ ਵੀ ਇਸ ਕਥਨ ਨੂੰ ਨਿਰਾਧਾਰ ਸਿੱਧ ਕਰ ਦਿੰਦਾ ਹੈ। ਇਸ ਵਿਸ਼ੇ ਉੱਤੇ ਲੇਖਕ ਦਾ ਅਧਿਐਨ ਕੋਈ ਗੰਭੀਰ ਪ੍ਰਤੀਤ ਨਹੀਂ ਹੁੰਦਾ ਅਤੇ ਨਾ ਹੀ ਉਨ੍ਹਾਂ ਦੇ ਲੇਖ ਵਿਚ ਦਸਮ ਗ੍ਰੰਥ ਦੇ ਕਰਤ੍ਰਿਤਵ ਜਾਂ ਕਵਿਤਾ ਸੰਬੰਧੀ ਕੋਈ ਖ਼ਾਸ ਜਾਣਕਾਰੀ ਵੀ ਮਿਲਦੀ ਹੈ। ਅਗਸਤ, 1947 ਈ. ਦੇ 'ਜੀਉਂਦੀ ਜਨਤਾ' ਨਾਂ ਦੇ ਮਾਸਿਕ ਪੱਤਰ ਵਿਚ ਪ੍ਰਕਾਸ਼ਿਤ ਉਨ੍ਹਾਂ ਦਾ ਇਕ ਲੇਖ 'ਮੋਤੀ ਬਾਗ਼ ਪਟਿਆਲਾ ਵਾਲਾ ਦਸਮ ਗ੍ਰੰਥ' ਵੀ ਪ੍ਰਾਪਤ ਹੋਇਆ ਹੈ, ਜਿਸ ਵਿਚ ਉਨ੍ਹਾਂ ਨੇ ਉਸ ਗ੍ਰੰਥ ਦਾ ਇਤਿਹਾਸ ਦਸਦੇ ਹੋਇਆਂ, ਉਸ ਦਾ ਸੰਬੰਧ ਬਾਬਾ ਬਿਨੋਦ ਸਿੰਘ ਨਾਲ ਜੋੜਿਆ ਹੈ। ਇਸ ਦਾ ਆਧਾਰ ਕੇਵਲ ਅਨੁਮਾਨ ਹੈ।

14. ਸੰਨ 1955 ਈ. ਵਿਚ 'ਸਿੱਖ ਹਿਸਟ੍ਰੀ ਸੋਸਾਇਟੀ' ਅੰਮ੍ਰਿਤਸਰ ਦੇ ਖੋਜੀ ਭਾਈ ਰਣਧੀਰ ਸਿੰਘ ਦੀ ਲਿਖੀ 'ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ' ਨਾਂ ਦੀ ਖੋਜ ਭਰਪੂਰ ਪੁਸਤਕ ਖ਼ਾਸ ਉੱਲੇਖ ਯੋਗ ਹੈ। ਲੇਖਕ ਅਨੁਸਾਰ—

---

1· ਹਰ ਅਧਿਆਇ ਦੇ ਅੰਤ ਤੇ ਦਿੱਤੀ ਹੋਈ 'ਇਤਿ' ਸੂਚਕ ਵਾਰਤਕ ਦੀ ਤੁਕ।

Digitized by Panjab Digital Library | www.panjabdigilib.org

"ਇਹ ਲੇਖ, ਪਹਿਲੋਂ 'ਦਸਮ ਗ੍ਰੰਥ ਸ਼ਬਦਾਰਥ' ਦੀ 'ਭੂਮਕਾ' ਵਜੋਂ ਸਨ 1935-36 ਵਿਚ ਲਿਖਿਆ ਗਿਆ ਸੀ। ਫਿਰ ਹੋਰ ਲੱਭੇ ਇਤਿਹਾਸਿਕ ਮਸਾਲੇ ਦੇ ਆਧਾਰ ਪੁਰ, ਕੁਝਕੁ ਵਾਧੇ ਨਾਲ 18 ਐਪ੍ਰਿਲ, 1948 ਨੂੰ 'ਸਿੱਖ ਹਿਸਟਰੀ ਸੋਸਾਇਟੀ' ਵਲੋਂ 'ਕਮਰਾ-ਲੈਕਚਰ' ਦੇ ਤੌਰ ਪੁਰ ਪੜ੍ਹਿਆ ਗਿਆ ਸੀ। ਸਰੋਤਿਆ ਤੇ ਪਾਠਕਾ ਨੇ ਬੜਾ ਪਸੰਦ ਕੀਤਾ ਸੀ, ਤੇ ਬੜੀਆਂ ਮੰਗਾਂ ਆ ਰਹੀਆਂ ਸਨ। ਇਸ ਲਈ ਹੁਣ ਤਕ ਹੋਰ ਪ੍ਰਾਪਤ ਹੋਈਆਂ ਅਹਮ ਤ੍ਵਾਰੀਖੀ ਲਿਖਤਾਂ ਦੇ ਬਲ-ਬੁੱਤੇ ਉਤੇ ਮੁਕੰਮਲ ਕਰ ਕੇ, ਵਿਚਾਰਵਾਨ ਸੱਜਨਾ ਦੀ ਵਿਚਾਰ ਗੋਚਰੇ ਕੀਤਾ ਜਾ ਰਿਹਾ ਹੈ।"[1]

ਇਸ ਕਥਨ ਤੋਂ ਸਪਸ਼ਟ ਹੈ ਕਿ ਲੇਖਕ ਨੇ ਬਹੁਤ ਕਰੜੀ ਮਿਹਨਤ ਨਾਲ ਪਿਛਲੇ 20 ਵਰ੍ਹਿਆਂ (1935-1955 ਈ.) ਵਿਚ ਇਕੱਠੀ ਕੀਤੀ ਸਾਮਗ੍ਰੀ ਨੂੰ ਇਸ ਵਿਚ ਪ੍ਰਕਾਸ਼ਿਤ ਕਰਵਾਇਆ। ਵਾਸਤਵ ਵਿਚ, ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਨਿਰਣੇ ਵਿਚ ਇਹ ਪਹਿਲਾ ਠੋਸ ਯਤਨ ਹੈ, ਪਰ ਇਸ ਪੁਸਤਕ ਦੇ ਲੇਖਕ ਦਾ ਦ੍ਰਿਸ਼ਟੀਕੋਣ ਪੂਰਬ-ਮਿਥੀ ਧਾਰਣਾ ਅਨੁਸਾਰ ਸੰਪੂਰਣ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਿੱਧ ਕਰਨਾ ਰਿਹਾ ਹੈ। ਅਤੇ ਕਿਤੇ ਵੀ ਆਪਣੇ ਵਿਰੋਧੀ ਪੱਖ ਵਾਲੇ ਵਿਦਵਾਨਾਂ ਦੀਆਂ ਦਲੀਲਾਂ ਅਤੇ ਵਿਰੋਧੀ ਸਿੱਟੇ ਕੱਢਣ ਵਾਲੇ ਅੰਦਰਲੇ ਤੇ ਬਾਹਰਲੇ ਪ੍ਰਮਾਣਾਂ ਦਾ ਉਲੇਖ ਜਾਂ ਖੰਡਨ ਨਹੀਂ ਕੀਤਾ ਗਿਆ ਹੈ।

ਲੇਖਕ ਨੇ ਇਸ ਪੁਸਤਕ ਨੂੰ (1) ਦਸਮੇਸ਼ ਜੀ ਦੀ ਸ਼ਾਨਦਾਰ ਸਾਹਿਤ ਸੇਵਾ, (2) ਗ੍ਰੰਥ ਰਚਨਾ ਦਾ ਮਨੋਰਥ, (3) ਰਚਨਾ ਦਾ ਵੇਰਵਾ, (4) ਰਚਨ-ਕਾਲ, (5) ਕਥਾ-ਪ੍ਰਸੰਗਾਂ ਦੀ ਤਰਤੀਬ, (6) ਪੁਨਰ-ਜਨਮ, (7) ਗ੍ਰੰਥ ਰਚਣਹਾਰ ਨਾਲ ਜਾਣ ਪਛਾਣ, (8) 'ਰਾਮ' ਤੇ 'ਕਾਲ'-'ਗੁਰੂ ਗੋਬਿੰਦ', (9) ਗ੍ਰੰਥ-ਕਰਤਾ ਦੀ ਹੋਰ ਪਛਾਣ,—ਇਨ੍ਹਾਂ ਨੌਂ ਸਿਰਲੇਖਾਂ ਅਧੀਨ ਵੰਡਿਆ ਹੈ। ਇਸ ਸੋਧਕ ਨੇ ਸ਼ੈਲੀ ਵਾਲੇ ਪ੍ਰਮਾਣਾਂ ਤੋਂ ਛੁਟ, ਆਪਣੇ ਪੱਖ ਦੀ ਪੁਸ਼ਟੀ ਲਈ ਤਥਾ-ਕਥਿਤ ਭਾਈ ਮਨੀ ਸਿੰਘ ਵਾਲੀ ਚਿੱਠੀ ਅਤੇ ਦਸਮ ਗੁਰੂ ਲਿਖਿਤ (?) ਬਾਣੀ-ਵੇਰਵਾ ਦੇ ਪੰਨੇ ਦੇ ਫੋਟੋ-ਸਟੇਟ ਵੀ ਛਾਪੇ ਹਨ, ਪਰ ਇਨ੍ਹਾਂ ਦੀ ਪ੍ਰਮਾਣਿਕਤਾ ਨੂੰ ਕਿਤੇ ਵੀ ਸਿੱਧ ਨਹੀਂ ਕੀਤਾ ਗਿਆ। ਕੁਲ ਮਿਲਾ ਕੇ ਇਸ ਪੁਸਤਕ ਵਿਚ ਦਸਮ ਗ੍ਰੰਥ ਦੇ ਕਰਤ੍ਰਿਤਵ ਬਾਰੇ ਇਕ ਪੱਖੀ, ਸ਼ਰਧਾਲੂ ਅਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਵਿਚਾਰ ਕੀਤਾ ਗਿਆ ਹੈ, ਜਿਸ ਕਰ ਕੇ ਕਰਤ੍ਰਿਤਵ ਸੰਬੰਧੀ ਅਨੇਕ ਸ਼ੰਕਿਆਂ ਦਾ ਨਿਤਾਰਾ ਵਿਗਿਆਨਿਕ ਢੰਗ ਨਾਲ ਨਹੀਂ ਹੋ ਸਕਿਆ। ਫਿਰ ਵੀ, ਜਿਸ ਮਿਹਨਤ ਨਾਲ ਲੇਖਕ ਨੇ ਇਹ ਕੰਮ ਕੀਤਾ ਹੈ, ਉਹ ਸ਼ਲਾਘਾ ਯੋਗ ਹੈ।

15. ਸੰਨ 1958 ਈ. ਵਿਚ ਪੰਜਾਬ ਯੂਨੀਵਰਸਿਟੀ ਵਲੋਂ ਡਾ. ਧਰਮ ਪਾਲ ਅਸ਼ਟਾ ਨੂੰ 'ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ' (The Poetry of the Dasam Granth) ਵਿਸ਼ੇ ਉੱਤੇ ਅੰਗ੍ਰੇਜ਼ੀ ਭਾਸ਼ਾ ਵਿਚ ਪ੍ਰਕਾਸ਼ਿਤ ਖੋਜ-ਪ੍ਰਬੰਧ (Thesis) ਲਈ

1. ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ) ਪੰਨਾ 102

Digitized by Panjab Digital Library / www.panjabdigilib.org

ਪੀ-ਐਚ. ਡੀ. ਦੀ ਡਿਗਰੀ ਦਿੱਤੀ ਗਈ। ਦਸਮ ਗ੍ਰੰਥ ਦੇ ਅਧਿਐਨ ਵਿਚ ਇਸ ਕਿਸਮ ਦਾ ਇਹ ਪਹਿਲਾ ਯਤਨ ਸੀ। ਇਸ ਖੋਜ-ਪ੍ਰਬੰਧ ਵਿਚ—ਦਸਮ ਗ੍ਰੰਥ ਦਾ ਕਰਤ੍ਰਿਤਵ, ਕਵਿਤਾ ਦੀ ਪਿਛੋਕੜ, ਦਸਮ ਗ੍ਰੰਥ ਦੀਆਂ ਰਚਨਾਵਾਂ ਦਾ ਸੰਖਿਪਤ ਆਲੋਚਨਾਤਮਕ ਅਧਿਐਨ, ਵਿਚਾਰ ਮਹੱਤਾ, ਕਲਾ ਮਹੱਤਾ, ਸਿੰਘਾਵਲੋਕਨ—ਨਾਂ ਦੇ ਛੇ ਅਧਿਆਇ ਹਨ। ਪਹਿਲਾ ਖੋਜ-ਪ੍ਰਬੰਧ ਹੋਣ ਕਰਕੇ ਖੋਜ-ਕਰਤਾ ਦੀ ਖੋਜ ਪਰਿਚਯਾਤਮਕ ਅਤੇ ਸਾਧਾਰਨ ਜਿਹੀ ਰਹੀ ਹੈ ; ਫਿਰ ਵੀ 'ਦਸਮ ਗ੍ਰੰਥ ਦਾ ਕਰਤ੍ਰਿਤਵ' ਵਾਲਾ ਅਧਿਆਇ ਖ਼ਾਸ ਉੱਲੇਖ ਯੋਗ ਹੈ, ਜਿਸ ਵਿਚ ਡਾ. ਅਸ਼ਟਾ ਨੇ ਸੱਤ ਬਾਹਰਲੇ, ਛੇ ਅੰਦਰਲੇ ਅਤੇ ਦਸ ਸ਼ੈਲੀ ਸੰਬੰਧੀ ਪ੍ਰਮਾਣਾਂ ਦੇ ਆਧਾਰ ਤੇ ਸੰਪੂਰਣ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਿੱਧ ਕਰਨ ਦਾ ਯਤਨ ਕੀਤਾ ਹੈ। ਇਸ ਵਿਚ ਆਸ਼ਟਾ ਜੀ ਦੀ ਖੋਜ ਪ੍ਰਣਾਲੀ ਦਾ ਨਿਸ਼ਾਨਾ ਸਾਰੇ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਸਿੱਧ ਕਰਨਾ ਰਿਹਾ ਹੈ। ਇਸੇ ਵਿਚਾਰਧਾਰਾ ਦੇ ਸਮਰਥਨ ਵਿਚ ਜਿਤਨੇ ਪ੍ਰਮਾਣ ਉਨ੍ਹਾਂ ਨੂੰ ਮਿਲੇ ਹਨ, ਉਨ੍ਹਾਂ ਨੂੰ ਤਿੰਨ ਸਿਰਲੇਖਾਂ—ਬਾਹਰਲੀਆਂ ਗਵਾਹੀਆਂ, ਅੰਦਰਲੀਆਂ ਗਵਾਹੀਆਂ ਅਤੇ ਸ਼ੈਲੀ ਸੰਬੰਧੀ ਪ੍ਰਮਾਣ—ਦੇ ਅਧੀਨ ਇਕੱਠਾ ਕਰ ਦਿੱਤਾ ਹੈ। ਇਸ ਸੰਬੰਧ ਵਿਚ ਲੇਖਕ ਦੁਆਰਾ ਕੋਈ ਮੌਲਿਕ ਖੋਜ ਕੀਤੀ ਪ੍ਰਤੀਤ ਨਹੀਂ ਹੁੰਦੀ। ਅਸਲ ਵਿਚ, ਇਹ ਸਾਰਾ ਅਧਿਆਇ ਕੁਝ ਮਾਮੂਲੀ ਵਾਧੇ ਘਾਟੇ ਅਤੇ ਗੌਣ ਸੰਬੰਧੀ ਹੇਰ ਫੇਰ ਨਾਲ ਸੰਨ 1955 ਈ. ਵਿਚ ਪ੍ਰਕਾਸ਼ਿਤ 'ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ' ਨਾਂ ਦੀ ਪੁਸਤਕ ਵਿਚ ਦਿੱਤੇ ਗਏ ਕਰਤ੍ਰਿਤਵ ਸੰਬੰਧੀ ਪ੍ਰਮਾਣਾਂ ਦਾ ਪੁਨਰ-ਸੰਸਥਾਪਨ (rehash) ਮਾਤ੍ਰ ਹੈ। ਡਾ. ਅਸ਼ਟਾ ਨੇ ਵਿਪੱਖ ਵਾਲੇ ਅੰਦਰਲੇ ਤੇ ਬਾਹਰਲੇ ਸਾਰੇ ਪ੍ਰਮਾਣਾਂ ਦੀ ਬਿਲਕੁਲ ਉਪੇਖਿਆ ਕੀਤੀ ਹੈ ਅਤੇ ਪ੍ਰਾਚੀਨ ਬੀੜਾਂ ਦਾ ਤੁਲਨਾਤਮਕ ਅਧਿਐਨ ਕਰਨ ਦਾ ਯਤਨ ਵੀ ਨਹੀਂ ਕੀਤਾ। ਸਿਟੇ ਵਜੋਂ, ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਕੋਈ ਵਿਸ਼ੇਸ਼ ਰਹੱਸ ਨਹੀਂ ਖੁਲ੍ਹ ਸਕਿਆ ਅਤੇ ਬਹੁਤ ਸਾਰੀਆਂ ਸ਼ੰਕਾਵਾਂ ਉਵੇਂ ਹੀ ਬਣੀਆ ਰਹੀਆਂ ਹਨ। ਇਸ ਲੇਖਕ ਦਾ ਦ੍ਰਿਸ਼ਟੀਕੋਣ ਵਿਗਿਆਨਿਕ ਪ੍ਰਤੀਤ ਨਹੀਂ ਹੁੰਦਾ ਅਤੇ ਨਾ ਹੀ ਉਨ੍ਹਾਂ ਦੇ ਮੰਤਵਾ ਉਤੇ ਕਿਸੇ ਖ਼ਾਸ ਆਲੋਚਨਾਤਮਕ ਪ੍ਰਤਿਭਾ ਅਤੇ ਸੂਝ ਦੀ ਕੋਈ ਛਾਪ ਦਿਖਾਈ ਦਿੰਦੀ ਹੈ। ਫਲਸਰੂਪ, ਇਹ ਸਾਰੀ ਖੋਜ ਇਕਾਂਗੀ ਹੈ ਅਤੇ ਵਿਚਾਰਾਧੀਨ ਵਿਸ਼ੇ ਤੇ ਕੋਈ ਸੰਤੋਸਜਨਕ ਨਿਰਣਾ ਦੇਣ ਵਿਚ ਪੂਰੀ ਤਰ੍ਹਾਂ ਅਸਮਰਥ ਹੈ। ਇੰਜ ਲਗਦਾ ਹੈ ਕਿ ਇਹ ਸਾਰੀ ਖੋਜ ਪੂਰਬ ਪ੍ਰਤਿਪਾਦਿਤ ਪ੍ਰਮਾਣਾਂ ਅਤੇ ਵਿਚਾਰਾਂ ਦਾ ਕੇਵਲ ਸੰਗ੍ਰਹਿ ਹੈ।

16. ਸੰਨ 1959 ਈ. ਵਿਚ 'ਗੁਰਮਤ ਪ੍ਰਕਾਸ਼' ਮਾਸਿਕ ਪੱਤਰ ਦੇ ਅਪ੍ਰੈਲ ਅੰਕ ਵਿਚ ਸ. ਕਪੂਰ ਸਿੰਘ (ਭੂਤ-ਪੂਰਬ ਆਈ.ਸੀ.ਐਸ.) ਨੇ 'ਕਿੱਸਾ ਰੂਪ ਕੌਰ ਦਾ' ਨਾਮਕ ਇਕ ਲੇਖ ਪ੍ਰਕਾਸ਼ਿਤ ਕਰਵਾਇਆ ਹੈ। ਇਹ ਲੇਖ ਅਸਲ ਵਿਚ ਇਸੇ ਪੱਤਰਕਾ ਦੇ ਫ਼ਰਵਰੀ, ਸੰਨ 1959 ਦੇ ਅੰਕ ਵਿਚ ਪ੍ਰਕਾਸ਼ਿਤ 'ਚਾਨਣ ਮੁਨਾਰਾ' ਨਾਂ ਦੇ ਲੇਖ ਦੀ ਰੂਪ ਕੌਰ ਦੇ ਚਰਿਤ੍ਰ ਨਾਲ ਸੰਬੰਧਿਤ ਇਕ ਟੂਕ ਦੇ ਖੰਡਨ ਲਈ ਲਿਖਿਆ ਗਿਆ ਸੀ। ਲੇਖਕ ਨੇ 'ਚਰਿਤ੍ਰੋਪਾਖਿਆਨ' ਨੂੰ ਗੁਰ-ਕ੍ਰਿਤ ਮੰਨਿਆ ਹੈ, ਪਰ ਪੁਸ਼ਟੀ ਲਈ ਕੋਈ ਪ੍ਰਮਾਣ

Digitized by Panjab Digital Library | www.panjabdigilib.org

ਪੇਸ਼ ਨਹੀਂ ਕੀਤਾ। ਹਾਂ, ਇਸ ਨੇ ਰੂਪ ਕੌਰ ਦੀ ਕਥਾ ਨੂੰ, ਜੋ ਚਰਿਤ੍ਰ ਅੰਕ 21, 22 ਅਤੇ 23 ਦੇ ਪ੍ਰਸੰਗ ਵਿਚ ਆਉਂਦੀ ਹੈ ਅਤੇ ਜਿਸ ਦਾ ਸੰਬੰਧ ਗੁਰੂ ਜੀ ਦੇ ਨਿਜੀ ਜੀਵਨ ਦੀ ਕਿਸੇ ਘਟਨਾ ਨਾਲ ਜੁੜਦਾ ਪ੍ਰਤੀਤ ਹੁੰਦਾ ਹੈ, ਕਲਪਿਤ ਮੰਨਿਆ ਹੈ। ਇਹ ਲੇਖ ਵਿਸ਼ੇ ਦੇ ਵਿਸ਼ਲੇਸ਼ਣ ਦੀ ਇਕ ਚੰਗੀ ਮਿਸਾਲ ਪੇਸ਼ ਕਰਦਾ ਹੈ।

17. ਸੰਨ 1959 ਈ. ਵਿਚ ਹੀ ਦਿੱਲੀ ਯੂਨੀਵਰਸਿਟੀ ਦੀ ਪੀ-ਐਚ. ਡੀ. ਦੀ ਡਿਗਰੀ ਲਈ ਸ੍ਵੀਕ੍ਰਿਤ 'ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵ੍ਯ ਕਾ ਆਲੋਚਨਾਤਮਕ ਅਧਿਐਨ' ਨਾਮਕ ਖੋਜ-ਪ੍ਰਬੰਧ (thesis) ਆਧੁਨਿਕ ਢੰਗ ਤੇ ਹੋਏ ਦਸਮ ਗ੍ਰੰਥ ਦੇ ਅਧਿਐਨ ਦੇ ਇਤਿਹਾਸ ਵਿਚ ਖਾਸ ਮਹੱਤਵ ਰਖਦਾ ਹੈ। ਵਿਸ਼ੇ ਦਾ ਖੇਤਰ ਸੀਮਿਤ ਹੋਣ ਦੇ ਬਾਵਜੂਦ ਇਸ ਪ੍ਰਬੰਧ ਦੇ ਲੇਖਕ ਡਾ. ਹਰਭਜਨ ਸਿੰਘ ਨੇ ਬੜੀ ਯੋਗਤਾ ਨਾਲ ਦਸਮ ਗ੍ਰੰਥ ਦੀ ਕਵਿਤਾ ਦੀ ਪਰਖ ਕੀਤੀ ਹੈ। ਵਿਦਵਾਨ ਲੇਖਕ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਮੰਨ ਕੇ ਚਲਿਆ ਹੈ ਅਤੇ ਕਰਤ੍ਰਿਤਵ ਦੇ ਸੰਬੰਧ ਵਿਚ ਕੋਈ ਖਾਸ ਤਰਕ ਪੇਸ਼ ਨਹੀਂ ਕੀਤਾ। ਹਾਂ, 'ਚਰਿਤ੍ਰੋਪਾਖਿਆਨ' ਦਾ ਵਿਸ਼ਲੇਸਣ ਕਰਨ ਵੇਲੇ (ਪੰਨਾ 541 ਤੋਂ 547 ਤਕ) ਉਨ੍ਹਾਂ ਨੇ ਇਸ ਰਚਨਾ ਦੇ ਕਰਤ੍ਰਿਤਵ ਦਾ ਸੰਬੰਧ ਦਸਮ ਗੁਰੂ ਨਾਲ ਜੋੜਦਿਆ ਪੰਜ ਪ੍ਰਮਾਣ ਅਵੱਸ਼ ਦਿੱਤੇ ਹਨ, ਜੋ ਲਗਭਗ ਉਹੀ ਹਨ ਜਿਨ੍ਹਾਂ ਦਾ ਜ਼ਿਕਰ ਪੂਰਬ ਪ੍ਰਕਾਸ਼ਿਤ ਪੁਸਤਕਾ ਜਾਂ ਲੇਖਾਂ ਵਿਚ ਹੋ ਚੁਕਾ ਹੈ। ਫਿਰ ਵੀ, ਇਹ ਨਹੀਂ ਕਿਹਾ ਜਾ ਸਕਦਾ ਕਿ ਡਾ. ਹਰਭਜਨ ਸਿੰਘ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਮੰਨ ਕੇ ਸੰਤੁਸ਼ਟ ਹਨ। ਇਸ ਕਥਨ ਦੀ ਪੁਸ਼ਟੀ ਲੇਖਕ ਵਲੋਂ 'ਪ੍ਰੀਤ ਲੜੀ' ਮਾਸਿਕ ਪੱਤਰ ਦੇ ਅਪ੍ਰੈਲ, 1960 ਵਾਲੇ ਅੰਕ ਵਿਚ ਪ੍ਰਕਾਸ਼ਿਤ 'ਦਸਮ ਗ੍ਰੰਥ ਦਾ ਭਗਤੀ ਕਾਵ੍ਯ' ਨਾਂ ਦੇ ਇਕ ਲੇਖ ਤੋਂ ਹੋ ਜਾਂਦੀ ਹੈ। ਹਾਂ, ਦਸਮ ਗ੍ਰੰਥ ਦੇ ਅਧਿਐਨ ਦੇ ਖੇਤਰ ਵਿਚ ਇਨ੍ਹਾਂ ਦੀ ਖੋਜ ਦਾ ਮਹੱਤਵ ਇਹ ਹੈ ਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਦਸਮ ਗ੍ਰੰਥ ਵਿਚ ਸੰਗ੍ਰਹਿਤ ਕ੍ਰਿਤੀਆਂ ਦਾ ਵਿਸ਼ਲੇਸ਼ਣ ਕੀਤਾ ਹੈ, ਭਾਵੇਂ ਕੁਝ ਸੀਮਾਵਾਂ ਕਰਕੇ ਸਾਰੇ ਪੱਖਾਂ ਉਤੇ ਵਿਚਾਰ ਨਹੀਂ ਹੋ ਸਕਿਆ ਹੈ। ਦਸਮ ਗ੍ਰੰਥ ਦੀ ਭਗਤੀ-ਭਾਵਨਾ, ਯੁੱਧ-ਵਰਣਨ ਅਤੇ 'ਚਰਿਤ੍ਰੋਪਾਖਿਆਨ' ਦਾ ਵਿਵੇਚਨ ਖ਼ਾਸ ਤੱਲੀਨਤਾ ਤੇ ਗੰਭੀਰਤਾ ਨਾਲ ਕੀਤਾ ਗਿਆ ਹੈ ਅਤੇ ਪੰਜਾਬ ਵਿਚ ਪੌਰਾਣਿਕ ਪ੍ਰਬੰਧਾਂ ਦੀ ਪਰੰਪਰਾ ਦਾ ਸੰਖਿਪਤ ਪਰਿਚਯ ਦਿੰਦੇ ਹੋਇਆਂ ਲੇਖਕ ਨੇ ਦਸਮ ਗ੍ਰੰਥ ਦੀ ਪੌਰਾਣਿਕਤਾ ਤੇ ਵੀ (ਪੰਨਾ 270 ਤੋਂ 276 ਤਕ) ਪ੍ਰਕਾਸ਼ ਪਾਇਆ ਹੈ, ਪਰ ਇਹ ਯਤਨ ਸੰਕੇਤ ਮਾਤ੍ਰ ਹੈ। ਪ੍ਰਸਤੁਤ ਖੋਜ-ਪ੍ਰਬੰਧ ਤੋਂ ਛੁਟ ਵੀ ਇਸ ਵਿਸ਼ੇ ਨਾਲ ਸੰਬੰਧਿਤ ਕਈ ਨਿਬੰਧ ਡਾ. ਸਾਹਿਬ ਨੇ ਪ੍ਰਕਾਸ਼ਿਤ ਕਰਵਾਏ ਹਨ, ਜਿਨ੍ਹਾਂ ਵਿਚ ਖੋਜ-ਪ੍ਰਬੰਧ ਵਾਲੀ ਭਾਵ-ਧਾਰਾ ਨੂੰ ਹੀ ਪ੍ਰਤਿਪਾਦਿਤ ਕੀਤਾ ਗਿਆ ਹੈ।

18. ਸਨ 1960 ਈ. ਵਿਚ 'ਪੰਜਾਬੀ ਦੁਨੀਆ' ਮਾਸਿਕ ਪੱਤਰ ਦੇ ਫ਼ਰਵਰੀ ਅਤੇ ਜੁਲਾਈ ਵਾਲੇ ਅੰਕਾਂ ਵਿਚ ਗਿਆਨੀ ਹਰਨਾਮ ਸਿੰਘ 'ਬਲੱਭ' ਨੇ ਕ੍ਰਮਵਾਰ 'ਕ੍ਰਿਸ਼ਨਾਵਤਾਰ' ਅਤੇ 'ਚਰਿਤ੍ਰੋਪਾਖਿਆਨ' ਨਾਂ ਦੇ ਦੋ ਲੇਖ ਪ੍ਰਕਾਸ਼ਿਤ ਕਰਵਾਏ ਹਨ।

Digitized by Panjab Digital Library | www.panjabdigilib.org

ਉਨ੍ਹਾਂ ਵਿਚ ਲੇਖਕ ਨੇ ਉਪਰੋਕਤ ਦੋਹਾਂ ਮਹੱਤਵਪੂਰਣ ਰਚਨਾਵਾਂ ਦੇ ਕਰਤ੍ਰਿਤਵ ਦਾ ਨਿਰਣਾ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਦੇ ਆਧਾਰ ਤੇ ਕਰਦੇ ਹੋਇਆਂ ਮੰਨਿਆ ਹੈ ਕਿ ਇਹ ਦੋਵੇਂ ਘਟ ਤੋਂ ਘਟ ਦਸਮ ਗੁਰੂ ਦੁਆਰਾ ਲਿਖੀਆਂ ਨਹੀਂ ਹੋ ਸਕਦੀਆਂ । ਗਿਆਨੀ ਜੀ ਨੇ ਰਾਮ, ਸ਼ਿਆਮ ਅਤੇ ਕਾਲ ਨੂੰ ਵੀ ਗੁਰੂ ਜੀ ਤੋਂ ਵੱਖ ਵਿਅਕਤੀ ਮੰਨਿਆ ਹੈ । ਅਜਿਹੇ ਸਿੱਟੇ ਕੱਢਣ ਵੇਲੇ ਕਈ ਇਕ ਥਾਵਾਂ ਤੇ ਗਿਆਨੀ ਜੀ ਉਲਝ ਜ਼ਰੂਰ ਗਏ ਹਨ ਪਰ ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਤਨਾ ਗਿਆਨ ਅਵੱਸ਼ ਹੁੰਦਾ ਹੈ ਕਿ ਚਰਿਤ੍ਰੋਪਾਖਿਆਨ ਅਤੇ ਕ੍ਰਿਸ਼ਨਾਵਤਾਰ ਦੇ ਕਰਤ੍ਰਿਤਵ ਦਾ ਸੰਬੰਧ ਗੁਰੂ ਜੀ ਨਾਲ ਨਹੀਂ ਜੁੜਦਾ । ਗਿਆਨੀ ਜੀ ਨੇ ਸੁਤੰਤਰਤਾ-ਪੂਰਵਕ ਇਹ ਵੀ ਮੰਨਿਆ ਹੈ ਕਿ ਇਨ੍ਹਾਂ ਰਚਨਾਵਾਂ ਦੇ ਕਵੀ ਤਾਂਤ੍ਰਿਕ ਮਤ ਵਾਲੇ ਹਨ । ਲੇਖਕ ਦੇ ਸ਼ਬਦਾਂ ਵਿਚ "ਇਹ ਕਪਾਲਕੀ ਸੈਵ ਜਾਂ ਕ੍ਰਿਸ਼ਨ ਭਗਤ ਕਵੀ ਜਾਪਦਾ ਹੈ । ਕਪਾਲਕੀ ਇਸ ਲਈ ਕਿ 'ਕ੍ਰਿਸਨਾਵਤਾਰ' ਅਤੇ 'ਤ੍ਰਿਆ ਚਰਿਤ੍ਰ' ਵਿਚ ਇਸ ਨੇ ਭੰਗ, ਸ਼ਰਾਬ, ਪੋਸਤ, ਅਫੀਮ ਅਤੇ ਨੌਜਵਾਨ ਇਸਤ੍ਰੀਆਂ ਦਾ ਜਿਕਰ ਆਮ ਅਤੇ ਐਸੀ ਨੰਗੀ ਬੋਲੀ ਵਿਚ ਕੀਤਾ ਹੈ, ਜੋ ਉਸ ਮਤ ਦੇ ਗ੍ਰੰਥਾਂ ਵਿਚ ਆਮ ਵੇਖਿਆ ਜਾਂਦਾ ਹੈ । ਕਿਤੇ ਕਿਤੇ ਤਾਂ ਵਾਰਿਸ-ਸ਼ਾਹੀ ਬੋਲੀ ਵਿਚ ਉਸ ਦੀਆਂ ਰਾਇਕਾਂ ਅਤੇ ਸਾਇਫ਼ਾਂ ਨੂੰ ਵੀ ਸ਼ਰਮਸਾਰ ਕਰ ਗਿਆ ਹੈ ।"[1] ਸੰਪੂਰਣ ਦਸਮ ਗ੍ਰੰਥ ਨੂੰ ਗੁਰੂ-ਕ੍ਰਿਤ ਨਾ ਸਿੱਧ ਕਰਨ ਵਾਲੀ ਸਾਮਗ੍ਰੀ ਵਿਚ ਇਹ ਦੋਵੇਂ ਲੇਖ ਵਿਸ਼ੇਸ਼ ਮਹੱਤਵ ਰਖਦੇ ਹਨ । ਇਸ ਲੇਖਕ ਨੇ ਹੋਰ ਵੀ ਕਈ ਲੇਖ ਪ੍ਰਕਾਸ਼ਿਤ ਕਰਵਾ ਕੇ ਦਸਮ ਗ੍ਰੰਥ ਦੀ ਇਸ ਅਧਿਐਨ ਪਰੰਪਰਾ ਨੂੰ ਅਗੇ ਤੋਰਿਆ ਹੈ, ਪਰ ਉਨ੍ਹਾਂ ਲੇਖਾਂ ਨਾਲ ਕਰਤ੍ਰਿਤਵ ਦੇ ਪ੍ਰਸ਼ਨ ਦਾ ਉਚਿਤ ਨਿਤਾਰਾ ਨਹੀਂ ਹੁੰਦਾ । ਗਿਆਨੀ ਜੀ ਦੀ ਇਕ ਪੁਸਤਕ 'ਸ੍ਰੀ ਦਸ਼ਮੇਸ਼ ਕਾਵਯ ਪ੍ਰਦੀਪ' ਵੀ ਪ੍ਰਕਾਸ਼ਿਤ ਹੋਈ ਹੈ । ਇਸ ਵਿਚ ਦਸਮ ਗ੍ਰੰਥ ਦੀਆਂ ਕੁਝਕੁ ਰਚਨਾਵਾਂ ਅਤੇ ਖ਼ਾਸ ਖ਼ਾਸ ਕਾਵਿ-ਪ੍ਰਸੰਗਾਂ ਨੂੰ ਇਕੱਠਾ ਕੀਤਾ ਗਿਆ ਹੈ ਅਤੇ ਭੂਮਿਕਾ ਵਿਚ ਸਿੱਖ ਗੁਰੂਆਂ, ਖ਼ਾਸ ਕਰ ਕੇ ਦਸਮ ਗੁਰੂ ਦੇ ਜੀਵਨ ਸੰਬੰਧੀ ਹੀ ਜਾਣਕਾਰੀ ਕਰਵਾਈ ਗਈ ਹੈ, ਪਰ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਇਤਿਹਾਸ ਵਿਚ ਇਸ ਪੁਸਤਕ ਦਾ ਕੋਈ ਖ਼ਾਸ ਮਹੱਤਵ ਨਹੀਂ ਹੈ ।

19. ਸੰਨ 1961 ਈ. ਵਿਚ ਡਾ. (ਕੁਮਾਰੀ) ਪ੍ਰਸਿੰਨੀ ਸਹਿਗਲ ਨੂੰ ਲਖਨਊ ਯੂਨੀਵਰਸਿਟੀ ਵਲੋਂ "ਗੁਰੂ ਗੋਬਿੰਦ ਸਿੰਘ : ਜੀਵਨੀ ਅਤੇ ਸਾਹਿਤ" ਨਾਮਕ ਵਿਸ਼ੇ ਤੇ ਖੋਜ ਕਰਨ ਤੇ ਪੀ-ਐਚ. ਡੀ. ਦੀ ਡਿਗਰੀ ਪ੍ਰਦਾਨ ਕੀਤੀ ਗਈ । ਇਹ ਖੋਜ-ਪ੍ਰਬੰਧ ਹੁਣ (ਸੰਨ 1965 ਈ.) ਛਪ ਚੁਕਾ ਹੈ । ਲੇਖਿਕਾ ਨੇ ਇਸ ਨੂੰ ਛੇ ਅਧਿਆਵਾਂ - ਯੁਗ-ਪਰਿਸਥਿਤੀਆਂ, ਜੀਵਨ-ਵ੍ਰਿਤ, ਰਚਨਾਏਂ ਔਰ ਉਨ ਕਾ ਵਰਣਯ ਵਿਸ਼ਯ, ਕਾਵਿ ਕਲਾ, ਦਾਰਸ਼ਨਿਕ ਏਵੰ ਧਾਰਮਿਕ ਭਾਵਨਾ—ਵਿਚ ਵੰਡਿਆ ਹੈ । ਇਸ ਵਿਚ ਕੋਈ ਸੰਦੇਹ ਨਹੀਂ ਕਿ ਕੁਮਾਰੀ ਸਹਿਗਲ ਦੀ ਕਈ ਵਰ੍ਹਿਆਂ ਦੀ ਸਾਧਨਾ ਇਸ ਪ੍ਰਬੰਧ ਵਿਚ ਸਾਕਾਰ ਹੋਈ ਹੈ, ਪਰ ਸਿੱਖ ਧਰਮ, ਇਤਿਹਾਸ ਅਤੇ ਪਰੰਪਰਾਵਾਂ ਤੋਂ ਅਪਰਿਚਤ ਹੋਣ ਕਰ ਕੇ ਇਨ੍ਹਾਂ ਨੇ

---

੧. 'ਕ੍ਰਿਸ਼ਨਾਵਤਾਰ'; ਪੰਜਾਬੀ ਦੁਨੀਆ, ਫਰਵਰੀ 1960; ਪੰਨਾ 24, 25

Digitized by Panjab Digital Library | www.panjabdigilib.org

ਕਈ ਥਾਵਾਂ ਉੱਤੇ ਅਸ਼ੋਭਨੀਕ ਭੁਲਾਂ ਕੀਤੀਆਂ ਹਨ। ਉਦਾਹਰਣ ਵਜੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਾਨਕ ਜੀ ਦੀ ਰਚਨਾ ਦਸਿਆ ਹੈ (ਵੇਖੋ ਪ੍ਰਾਕੱਥਨ ਅਤੇ ਪੰਨਾ 2); ਗੁਰੂ ਨਾਨਕ ਜੀ ਦਾ ਜਨਮ ਬਾਬਰ ਦੇ ਰਾਜ-ਕਾਲ ਵਿਚ ਮੰਨਿਆ ਹੈ (ਵੇਖੋ ਪੰਨਾ 2) ਜਦ ਕਿ ਗੁਰੂ ਨਾਨਕ ਜੀ ਬਾਬਰ ਦੇ ਜੰਮਣ ਵੇਲੇ 14 ਵਰ੍ਹਿਆਂ ਦੇ ਸਨ; ਦੀਵਾਨ ਚੰਦੂ ਸ਼ਾਹ ਪਹਾੜੀ ਰਾਜਾ ਲਿਖਿਆ ਹੈ (ਵੇਖੋ ਪੰਨਾ 3); ਗੁਰੂ ਅਰਜਨ ਜੀ ਦੇ ਸਪੁੱਤਰ ਦਾ ਨਾਂ ਗੁਰੂ ਹਰਗੋਬਿੰਦ ਦੀ ਥਾਂ ਤੇ 'ਹਰਿ ਰਾਯ' ਦਸਿਆ ਹੈ (ਵੇਖੋ ਪੰਨਾ 3—ਲੇਖਿਕਾ ਨੇ 'ਸ਼ੁੱਧੀ-ਪਤਰ' ਵਿਚ ਇਹ ਭੁਲ ਸੋਧ ਦਿੱਤੀ ਹੈ) ਆਦਿ। ਇਸ ਸੰਬੰਧੀ ਉਦਾਹਰਣਾਂ ਦਾ ਕੋਈ ਅੰਤ ਨਹੀਂ। ਨਾਲੇ ਕੁਮਾਰੀ ਜੀ ਨੇ ਦਸਮ ਗੁਰੂ ਨੂੰ ਦੇਵੀ ਦਾ ਉਪਾਸਕ ਮੰਨਿਆ ਹੈ (ਪੰਨਾ 335)।

ਲੇਖਿਕਾ ਨੇ ਦਸਮ ਗ੍ਰੰਥ ਦੇ ਕਰਤ੍ਰਿਤਵ ਬਾਰੇ ਡਾ. ਧਰਮ ਪਾਲ ਅਸ਼ਟਾ ਅਤੇ ਭਾਈ ਰਣਧੀਰ ਸਿੰਘ ਦੀ ਖੋਜ ਨੂੰ ਹੀ ਪ੍ਰਮਾਣਿਕ ਮੰਨ ਕੇ ਆਧਾਰ ਬਣਾਇਆ ਹੈ, ਆਪਣੇ ਵਲੋਂ ਕੋਈ ਉਪਰਾਲਾ ਨਹੀਂ ਕੀਤਾ। ਤੀਜੇ ਅਧਿਆਇ ਵਿਚ ਦਸਮ ਗ੍ਰੰਥ ਦੀ ਬਾਣੀ ਸੰਬੰਧੀ ਜਿਨ੍ਹਾਂ ਹੱਥ-ਲਿਖਤਾਂ ਦਾ ਵਿਵਰਣ ਦਿੱਤਾ ਹੈ, ਉਨ੍ਹਾਂ ਵਿਚ ਇਤਿਹਾਸ-ਪ੍ਰਮਾਣਿਤ ਅਤੇ ਪ੍ਰਾਚੀਨ ਪੋਥੀਆਂ ਨਾਂ-ਮਾਤ੍ਰ ਹਨ। ਇਸ ਲਈ ਇਸ ਸਾਰੇ ਵਿਵਰਣ ਦਾ ਬਹੁਤ ਮਹੱਤਵ ਨਹੀਂ ਹੈ। ਇਨ੍ਹਾਂ ਸਾਰੀਆਂ ਕਮੀਆਂ ਦੇ ਬਾਵਜੂਦ ਦਸਮ ਗ੍ਰੰਥ ਦੇ ਅਧਿਐਨ ਵਿਚ ਨਾਰੀ ਸੰਸਾਰ ਵਲੋਂ ਲੇਖਿਕਾ ਦੀ ਅਵੱਸ਼ ਹੀ ਇਹ ਸਲਾਘਾ ਪੂਰਣ ਦੇਨ ਹੈ।

ਇਸੇ ਪ੍ਰਕਰਣ ਵਿਚ ਡਾ. ਮਹੀਪ ਸਿੰਘ ਦਾ ਨਾਂ ਨਹੀਂ ਭੁਲਣਾ ਚਾਹੀਦਾ। ਉਨ੍ਹਾਂ ਨੇ ਕੁਮਾਰੀ ਪ੍ਰਸਿੰਨੀ ਸਹਿਗਲ ਵਾਂਗ ਦਸਮ ਗੁਰੂ ਦੇ ਸਾਹਿਤ ਬਾਰੇ ਖੋਜ-ਪ੍ਰਬੰਧ ਲਿਖਿਆ ਹੈ ਜਿਸ ਤੇ ਆਗਰਾ ਯੂਨੀਵਰਸਿਟੀ ਨੇ 1963 ਈ. ਵਿਚ ਪੀ-ਐਚ. ਡੀ. ਦੀ ਡਿਗਰੀ ਪ੍ਰਦਾਨ ਕੀਤੀ ਹੈ। ਇਹ ਖੋਜ-ਪ੍ਰਬੰਧ ਅਜੇ ਪ੍ਰਕਾਸ਼ਿਤ ਨਹੀਂ ਹੋਇਆ, ਪਰ ਲੇਖਕ ਨੇ ਕਰਤ੍ਰਿਤਵ ਬਾਰੇ ਕੋਈ ਖ਼ਾਸ ਗਲ ਆਪਣੇ ਪ੍ਰਬੰਧ ਵਿਚ ਨਹੀਂ ਕਹੀ।

20. ਸਰਦਾਰ ਕਰਤਾਰ ਸਿੰਘ 'ਹਿਤਕਾਰੀ', ਸਰਦਾਰ ਅਮਰ ਸਿੰਘ 'ਸ਼ੇਰੇ-ਪੰਜਾਬ' ਆਦਿ ਕਈ ਹੋਰ ਵਿਦਵਾਨਾਂ ਨੇ ਵੀ ਦਸਮ ਗ੍ਰੰਥ ਦੇ ਕਰਤ੍ਰਿਤਵ ਨਾਲ ਸੰਬੰਧਿਤ ਕਈ ਲੇਖ ਪ੍ਰਕਾਸ਼ਿਤ ਕਰਵਾਏ ਹਨ। ਪਰ ਪੰਜਾਬ ਦੀ ਵੰਡ ਕਰਕੇ ਪ੍ਰਾਚੀਨ ਪੱਤਰ-ਪੱਤਰਕਾਵਾਂ ਦੀਆਂ ਫ਼ਾਈਲਾਂ ਕਾਲ-ਗ੍ਰਸਤ ਹੋ ਗਈਆਂ ਹਨ ਅਤੇ ਯਤਨ ਕਰਨ ਤੇ ਵੀ ਇਨ੍ਹਾਂ ਅਤੇ ਹੋਰ ਕਈ ਵਿਦਵਾਨਾਂ ਦੇ ਦਸਮ-ਗ੍ਰੰਥ ਸੰਬੰਧੀ ਵਿਚਾਰਾਂ ਦਾ ਅਧਿਐਨ ਨਹੀਂ ਹੋ ਸਕਿਆ। ਇਨ੍ਹਾਂ ਤੋਂ ਛੁਟ, ਸ. ਤੇਜਾ ਸਿੰਘ 'ਨਿਰਮਲਾ' ਨੇ ਵੀ ਲਗਭਗ ੩੦ ਵਰ੍ਹੇ ਪਹਿਲਾ 'ਦਸਮੇਸ਼ ਉੱਦੇਸ਼' ਨਾਂ ਦੀ ਇਕ ਪੁਸਤਕ ਪ੍ਰਕਾਸ਼ਿਤ ਕਰਵਾਈ ਸੀ, ਪਰ ਉਹ ਵੀ ਹੁਣ ਦੁਰਲਭ ਹੈ।

21. ਡਾ. ਮੋਹਨ ਸਿੰਘ 'ਦੀਵਾਨਾ' ਨੇ ਕੁਝ ਲੇਖ ਦਸਮ ਗ੍ਰੰਥ ਦੀ ਕਵਿਤਾ ਦੇ ਸੰਬੰਧ ਵਿਚ ਲਿਖੇ ਹਨ ਅਤੇ ਪੰਜਾਬੀ ਬੋਲੀ ਦੇ ਇਤਿਹਾਸ ਵਾਲੀ ਪੁਸਤਕ ਵਿਚ ਰਾਮ, ਸ਼ਿਆਮ ਆਦਿ ਨੂੰ ਗੁਰੂ ਜੀ ਤੋਂ ਵੱਖ ਕਵੀ ਮੰਨਿਆ ਹੈ। ਡਾ. ਸਾਹਿਬ ਦਾ ਹਿੰਦੁਸਤਾਨ ਸਟੈਂਡਰਡ, ਕਲਕੱਤਾ (17-10-1950) ਵਿਚ ਪ੍ਰਕਾਸ਼ਿਤ 'ਗੁਰੂ

Digitized by Panjab Digital Library | www.panjabdigilib.org

ਗੋਬਿੰਦ ਸਿੰਘ ਦੀ ਕਵਿਤਾ ਵਿਚ ਦੇਵੀ' ਨਾਂ ਦਾ ਲੇਖ, ਡਾ. ਭਾਈ ਵੀਰ ਸਿੰਘ ਰਚਿਤ 'ਦੇਵੀ ਪੂਜਨ ਪੜਤਾਲ' (ਸੰਨ 1951 ਈ.), ਗਿਆਨੀ ਦਿੱਤ ਸਿੰਘ ਕ੍ਰਿਤ 'ਦੁਰਗਾ ਪ੍ਰਬੋਧ', ਭਾਈ ਕਾਨ੍ਹ ਸਿੰਘ ਰਚਿਤ 'ਹਮ ਹਿੰਦੂ ਨਹੀਂ' ਵੀ ਦਸਮ ਗ੍ਰੰਥ ਦੇ ਅਧਿਐਨ ਵਿਚ ਦੇਵੀ-ਪੂਜਾ ਸੰਬੰਧੀ ਨਿਰਣੇ ਬਾਰੇ ਕੁਝ ਨਾ ਕੁਝ ਪ੍ਰਕਾਸ਼ ਜ਼ਰੂਰ ਪਾਉਂਦੇ ਹਨ। ਭਾਈ ਕਾਨ੍ਹ ਸਿੰਘ ਰਚਿਤ 'ਗੁਰੁ ਸਬਦ ਅਲੰਕਾਰ' (ਸੰਨ 1924 ਈ.), 'ਗੁਰੁ ਛੰਦ ਦਿਵਾਕਰ' (ਸੰਨ 1924 ਈ.), ਗੁਰ ਸ਼ਬਦ ਰਤਨਾਕਰ-ਮਹਾਨ ਕੋਸ਼ (ਸੰਨ 1930 ਈ.) ਆਦਿ ਪੁਸਤਕਾਂ ਅਤੇ ਗ੍ਰੰਥ ਵੀ, ਦਸਮ ਗ੍ਰੰਥ ਨਾਲ ਸੰਬੰਧਿਤ ਕੁਝ ਸਾਮਗ੍ਰੀ ਜ਼ਰੂਰ ਜੁਟਾਂਦੇ ਹਨ। ਸਿੱਖ ਇਤਿਹਾਸਾ ਅਤੇ ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਵੀ ਕਿਤੇ ਕਿਤੇ ਇਸ ਸੰਬੰਧ ਵਿਚ ਕੁਝ ਸਾਮਗ੍ਰੀ ਮਿਲ ਜਾਂਦੀ ਹੈ। ਇਸ ਤੋਂ ਛੁਟ, ਪਿਛਲੇ 50 ਸਾਲਾਂ ਵਿਚ ਦਸਮ ਗ੍ਰੰਥ ਉੱਤੇ ਅਨੇਕ ਨਿਕੇ-ਵੱਡੇ ਲੇਖ ਲਿਖੇ ਗਏ ਹਨ, ਪਰ ਮਹੱਤਵਪੂਰਣ ਤੱਥਾਂ ਅਤੇ ਮੌਲਿਕਤਾ ਦੀ ਘਾਟ ਕਰਕੇ ਉਨ੍ਹਾਂ ਨੂੰ ਛੱਡ ਦਿੱਤਾ ਹੈ।

22. ਸਾਰਾਂਸ਼ ਇਹ ਕਿ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਅਜ ਤਕ ਹੋਈ ਖੋਜ ਨਾ ਤਾਂ ਨਿਰਪੱਖ ਹੈ ਅਤੇ ਨਾ ਹੀ ਉਹ ਇਸ ਸਮਸਿਆ ਦਾ ਹਲ ਸੁਚੱਜੇ ਢੰਗ ਨਾਲ ਕਰ ਸਕੀ ਹੈ, ਕਿਉਂਕਿ ਲਗਭਗ ਸਾਰੇ ਵਿਦਵਾਨਾਂ ਨੇ ਪੂਰਬ-ਮਿਥੇ ਨਿਸ਼ਾਨਿਆਂ ਅਨੁਸਾਰ ਕਰਤ੍ਰਿਤਵ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਫਲਸਰੂਪ, ਇਹ ਸਮਸਿਆ ਸੁਲਝੀ ਘਟ ਹੈ ਅਤੇ ਉਲਝੀ ਅਧਿਕ ਹੈ। ਪਰ ਚੂੰਕਿ ਪਿਛਲੇ ਕਈ ਸਾਲਾਂ ਤੋਂ ਦਸਮ ਗ੍ਰੰਥ ਦੀ ਕਵਿਤਾ ਦੀ ਪਰਖ ਯੂਨੀਵਰਸਿਟੀ ਪੱਧਰ ਉੱਤੇ ਹੋਣੀ ਸ਼ੁਰੂ ਹੋ ਗਈ ਹੈ, ਇਸ ਲਈ ਇਸ ਸੰਬੰਧ ਵਿਚ ਕੋਈ ਆਧਾਰ-ਭੂਤ ਤੱਥ ਸਾਹਮਣੇ ਲਿਆਣਾ ਸਾਮਿਅਕ ਮੰਗ ਹੈ, ਜਿਸ ਨੂੰ ਪੂਰਾ ਕਰਨ ਦਾ ਉਪਰਾਲਾ ਪ੍ਰਸਤੁਤ ਖੋਜ-ਪ੍ਰਬੰਧ ਦੇ ਰੂਪ ਵਿਚ ਸਾਕਾਰ ਹੋਇਆ ਹੈ।

23. ਦਸਮ ਗ੍ਰੰਥ ਦੇ ਕਰਤ੍ਰਿਤਵ ਦੇ ਵਿਵਾਦ ਸੰਬੰਧੀ ਉਪਲਬਧ ਸਾਹਿਤ ਦੇ ਵੱਡੇ ਆਕਾਰ ਨੂੰ ਵੇਖਦੇ ਹੋਇਆਂ ਉਸ ਸਾਰੇ ਦੀ ਪਰੀਖਿਆ ਕਰਨਾ ਅਸੰਭਵ ਹੀ ਨਹੀਂ, ਅਨਾਵੱਸਕ ਵੀ ਹੈ। ਫਲਸਰੂਪ, ਅਸੀਂ ਦੂਜੇ ਅਤੇ ਤੀਜੇ ਪ੍ਰਕਾਸ਼ ਵਿਚ ਕਰਤ੍ਰਿਤਵ ਸੰਬੰਧੀ ਕੇਵਲ ਅਜਿਹੀ ਸਾਮਗ੍ਰੀ ਦੀ ਜਾਂਚ ਕਰਾਂਗੇ, ਜੋ ਅਧਿਕਾਰੀ ਵਿਦਵਾਨਾਂ ਦੇ ਵਿਵਸਥਿਤ ਯਤਨਾਂ ਦਾ ਫਲ ਹੈ ਅਤੇ ਜਿਸ ਵਿਚ ਲਗਭਗ ਸਾਰੇ ਤਰਕ ਆ ਗਏ ਹਨ। ਮੋਟੇ ਤੌਰ ਤੇ ਇਹ ਸਾਰੀ ਸਾਮਗ੍ਰੀ ਦੋ ਪਰਸਪਰ ਵਿਰੋਧੀ ਵਿਚਾਰ-ਧਾਰਾਵਾਂ ਵਿਚ ਵੰਡੀ ਹੋਈ ਹੈ—

(1) **'ਪੂਰਬ ਪੱਖ'**—ਇਹ ਧੜਾ ਸੰਪੂਰਣ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਣ ਵਾਲਾ ਹੈ ਅਤੇ ਇਸ ਪੱਖ ਦੇ ਪ੍ਰਮੁਖ ਵਿਦਵਾਨ ਹਨ—ਡਾ. ਤ੍ਰਿਲੋਚਨ ਸਿੰਘ, ਡਾ. ਧਰਮ ਪਾਲ ਆਸ਼ਟਾ, ਭਾਈ ਰਣਧੀਰ ਸਿੰਘ, ਡਾ. ਹਰਭਜਨ ਸਿੰਘ ਆਦਿ।

(2) **'ਉੱਤਰ ਪੱਖ'**—ਇਸ ਧੜੇ ਦੇ ਵਿਦਵਾਨ ਸੰਪੂਰਣ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਨਹੀਂ ਮੰਨਦੇ, ਉਸ ਵਿਚ ਦਰਜ ਕੁਝਕੁ ਭਗਤੀ-ਪਰਕ ਬਾਣੀਆਂ ਅਤੇ ਜ਼ਫਰਨਾਮੇ ਆਦਿ ਨੂੰ ਛੱਡ ਕੇ ਬਾਕੀ ਦੀਆਂ ਰਚਨਾਵਾਂ ਅਤੇ ਖ਼ਾਸ ਕਰ ਪੌਰਾਣਿਕ ਕ੍ਰਿਤੀਆਂ

Digitized by Panjab Digital Library | www.panjabdigilib.org

ਨੂੰ ਉਹ ਗੁਰੂ ਜੀ ਦੇ ਦਰਬਾਰੀ ਕਵੀਆਂ ਦੁਆਰਾ ਲਿਖੀਆਂ ਮੰਨਦੇ ਹਨ। ਇਸ ਪਖ ਦੇ 'ਪ੍ਰਮੁਖ' ਸਮਰਥਕ ਹਨ—ਭਸੌੜੀਏ ਵਿਦਵਾਨ, ਸ. ਸਮਸ਼ੇਰ ਸਿੰਘ ਅਸ਼ੋਕ, ਗਿਆਨੀ ਹਰਨਾਮ ਸਿੰਘ 'ਬਲੱਭ' ਆਦਿ।

Digitized by Panjab Digital Library | www.panjabdigilib.org

# ਪੂਰਬ-ਪੱਖ

1. ਸੰਪੂਰਣ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਸਿੱਧ ਕਰਨ ਲਈ ਇਸ ਪੱਖ ਦੇ ਵਿਦਵਾਨਾਂ ਨੇ ਕੁਲ ਮਿਲਾ ਕੇ ਹੇਠ ਲਿਖੇ ਤਰਕ ਪੇਸ਼ ਕੀਤੇ ਹਨ—

(1) ਛਿੱਬਰ ਕ੍ਰਿਤ ਬੰਸਾਵਲੀਨਾਮੇ ਤੇ ਆਧਾਰਿਤ ਤਰਕ ;
(2) 'ਸ਼ੋਧਕ ਕਮੇਟੀ' ਦੀ ਰਿਪੋਰਟ ਤੇ ਆਧਾਰਿਤ ਤਰਕ ;
(3) 'ਅਕਾਲ ਤਖ਼ਤ' ਉੱਤੇ ਦਸਮ ਗ੍ਰੰਥ ਦਾ ਇਕ ਅਖੰਡ ਪਾਠ—ਤਰਕ ;
(4) ਭਾਈ ਮਨੀ ਸਿੰਘ ਦੀ ਚਿੱਠੀ ਤੇ ਆਧਾਰਿਤ ਤਰਕ ;
(5) ਬਾਣੀਆਂ ਦੀਆਂ ਆਰੰਭਿਕ ਕਰਤ੍ਰਿਤਵ ਸੂਚਕ ਉਕਤੀਆਂ—ਤਰਕ ;
(6) ਕਵੀ-ਛਾਪਾਂ ਤੇ ਆਧਾਰਿਤ ਤਰਕ ;
(7) 'ਕ੍ਰਿਸ਼ਨਾਵਤਾਰ' ਅਤੇ 'ਰਾਮਾਵਤਾਰ' ਦੇ ਕੁਝ ਛੰਦਾਂ ਦੀ ਭਾਵਨਾ ਤੇ ਆਧਾਰਿਤ ਤਰਕ ;
(8) ਬਾਣੀ ਵੇਰਵਾ ਵਾਲੇ 'ਖ਼ਾਸ ਪੱਤਰ' ਤੇ ਆਧਾਰਿਤ ਤਰਕ ;
(9) 'ਰਾਮਾਵਤਾਰ' ਦੀ ਇਕ ਅੰਦਰਲੀ ਗਵਾਹੀ ਤੇ ਆਧਾਰਿਤ ਤਰਕ ;
(10) ਸ਼ੈਲੀ ਸੰਬੰਧੀ ਸਮਾਨਤਾ ਦੇ ਤਰਕ ; ਅਤੇ
(11) ਫੁਟਕਲ ।

## ਤਰਕਾਂ ਦੀ ਪਰੀਖਿਆ

### (1) ਛਿੱਬਰ ਕ੍ਰਿਤ ਬੰਸਾਵਲੀਨਾਮਾ ਤੇ ਆਧਾਰਿਤ ਤਰਕ :

2. ਸ੍ਰੀ ਕੇਸਰ ਸਿੰਘ ਛਿੱਬਰ ਕ੍ਰਿਤ 'ਬੰਸਾਵਲੀਨਾਮਾ ਪਾਤਸ਼ਾਹੀਆਂ ਦਸਾਂ ਕਾ' ਦੇ ਆਧਾਰ ਤੇ ਕੱਢੇ ਗਏ ਸਿੱਟੇ ਇਹ ਹਨ—

(ੳ) ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗ੍ਰੰਥ ਨੂੰ ਸੰ. 1755 ਬਿ. ਵਿਚ ਸੰਪੂਰਣ ਕੀਤਾ :

ਛੋਟਾ ਗ੍ਰੰਥ ਜੀ ਜਨਮੇ ਸਾਹਿਬ ਦਸਵੇਂ ਪਾਤਿਸਾਹ ਕੇ ਧਾਮ ।
ਸਮਤ ਸਤਾਰਾਂ ਸੈ ਪਚਵੰਜਾ ਬਹੁਤ ਖਿਡਾਵੇ ਲਿਖਾਰੇ ਨਾਮ ॥[1]

---

1. (ੳ) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 4
(ਅ) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 14, 100

Digitized by Panjab Digital Library | www.panjabdigilib.org

(ਅ) ਦਸਮ ਗ੍ਰੰਥ ਗੁਰੂ ਜੀ ਦੀ ਆਪਣੀ ਰਚਨਾ ਹੈ—

ਸਾਹਿਬਾਂ ਨੂੰ ਸੀ ਪਿਆਰਾ ਅਪਣੀ ਹਥੀਂ ਲਿਖਿਯਾ ਤੇ ਖਿਡਾਯਾ ॥[1]

(ੲ) ਇਸ ਗ੍ਰੰਥ ਦਾ ਸਾਇਦ ਕੁਝ ਹਿੱਸਾ ਗੁਰੂ ਜੀ ਨੇ ਆਪਣੇ ਦਰਬਾਰੀ ਕਵੀਆਂ ਨੂੰ ਲਿਖਵਾਇਆ :

ਅਤੇ ਆਪ ਰਸਨਾ ਥੀ ਉਚਰ ਬਨਾਯਾ ॥[2]

(ਸ) ਕੁਝ ਦਰਬਾਰੀਆਂ ਦੇ ਨਿਵੇਦਨ ਕਰਨ ਤੇ ਕਿ ਦਸਮ ਗ੍ਰੰਥ ਨੂੰ ਆਦਿ ਗ੍ਰੰਥ ਦੇ ਨਾਲ ਇਕੱਠਾ ਕਰ ਦਿੱਤਾ ਜਾਵੇ, ਗੁਰੂ ਜੀ ਨੇ ਨਾ ਕਹ ਦਿੱਤੀ ਤੇ ਕਿਹਾ—

ਸਿਖਾਂ ਕੀਤੀ ਅਰਦਾਸ ਜੀ ਨਾਲ ਚਾਹੀਦੇ ਮਿਲਾਯਾ ।
ਬਚਨ ਕੀਤਾ ਗ੍ਰੰਥ ਹੈ ਉਹ ਇਹ ਅਸਾਡੀ ਹੈ ਖੇਡ ।
ਨਾਲ ਨਾ ਮਿਲਾਇਆ ਆਹਾ ਪਿਆਰਾ ਕਉਨ ਜਾਨੈ ਭੇਦ ॥[3]

(ਹ) ਭਾਈ ਮਨੀ ਸਿੰਘ ਨੇ ਸੰ. 1782 ਬਿ. ਵਿਚ ਅੰਮ੍ਰਿਤਸਰ ਵਿਚ ਇਸ ਗ੍ਰੰਥ ਦੀਆਂ ਬਾਣੀਆਂ ਨੂੰ ਬਹੁਤ ਮਿਹਨਤ ਨਾਲ ਅਤੇ ਧਨ ਖ਼ਰਚ ਕੇ ਇਕੱਠਾ ਕਰਵਾਇਆ ਅਤੇ ਸੰਕਲਿਤ ਕੀਤਾ । ਉਨ੍ਹਾਂ ਨੂੰ ਗੁਰੂ ਜੀ ਦੇ ਸ੍ਵ-ਹੱਥ-ਲਿਖਿਤ ਪੱਤਰੇ ਵੀ ਮਿਲੇ, ਜਿਨ੍ਹਾਂ ਦਾ ਉੱਤਾਰਾ ਕਰਵਾ ਲਿਆ ਗਿਆ—

ਖਾਸ ਦਸਖਤੀ ਪਤ੍ਰੇ ਲਿਖੇ ਹਥਿ ਆਏ ।
ਉਨ੍ਹਾਂ ਪਤ੍ਰਾਂ ਦੇ ਨਾਲ ਸਭ ਬਾਣੀ ਲਈ ਲਿਖਾਏ ॥[4]

## ਪਰੀਖਿਆ

3. (ੳ) ਛਿੱਬਰ ਦੁਆਰਾ ਦਿੱਤੇ ਤੱਥ, ਸੰਮਤ ਅਤੇ ਹੋਰ ਇਤਿਹਾਸਿਕ ਵਿਵਰਣ ਪੂਰੇ ਤੌਰ ਤੇ ਹਰ ਥਾਂ ਸਹੀ ਨਹੀਂ ਮੰਨੇ ਜਾ ਸਕਦੇ,[5] ਕਿਉਂਕਿ ਉਸ ਦੇ ਬੰਸਾਵਲੀਨਾਮੇ

---

1. (ੳ) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਅਸ਼ਟਾ), ਪੰਨਾ 4
   (ਅ) ਦਸਵੇਂ ਪਾਤਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 14, 100
2. ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਅਸ਼ਟਾ), ਪੰਨਾ 4
3. (ੳ) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਅਸ਼ਟਾ), ਪੰਨਾ 4
   (ਅ) ਦਸਵੇਂ ਪਾਤਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 14, 15, 100, 101
4. (ੳ) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਅਸ਼ਟਾ), ਪੰਨਾ 6
   (ਅ) ਦਸਵੇਂ ਪਾਤਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 40, 41
5. ਕਈ ਇਕ ਥਾਵਾਂ ਉੱਤੇ ਤਾਂ ਛਿੱਬਰ ਨੇ ਸਿੱਖਾਂ ਲਈ ਵਰਜਿਤ ਪਦਾਰਥਾਂ ਦੇ ਸੇਵਨ ਅਤੇ ਨਖੇਧੀਆਂ ਰੀਤਾਂ ਦੀ ਪਾਲਨਾ ਵਾਸਤੇ ਗੁਰੂ ਜੀ ਵਲੋਂ ਵਚਨ ਕਹਵਾਏ ਹਨ, ਜਿਵੇਂ—

   ਜਲ ਸੁਖਾ ਸਰਬਤਿ ਪੀਹੈ ਅਨਾਜੁ ਮੁਖ ਨ ਲਾਈਐ ॥ ੩੯੧ ॥
   ਜਗਿਤ੍ਰਿਪਵੀਤੁ ਤ੍ਰੈ ਉਰਿ ਧਾਰੈ ॥.. ... ...

   (ਬੰਸਾਵਲੀਨਾਮਾ—ਚਰਣ ਦਸਵਾਂ, ਪਤਰਾ 182)

   ਅਰਥ : ਜਗਿਤ੍ਰਿਪਵੀਤੁ—ਜੰਞੂ

Digitized by Panjab Digital Library | www.panjabdigilib.org

ਵਿਚ ਦਿੱਤੇ ਗਏ ਸੰਮਤ ਇਕਦਮ ਨਿਰਾਧਾਰ ਅਤੇ ਉਸ ਦੇ ਆਪਣੇ ਕਥਨ ਅਨੁਸਾਰ 'ਅਟੇ ਸਟੇ' ਤੇ ਨਿਰਭਰ ਹਨ ਅਤੇ ਨਾ ਹੀ ਸਿੱਖ ਇਤਿਹਾਸ ਦੀਆਂ ਪਰੰਪਰਾਵਾਂ ਨਾਲ ਮੇਲ ਖਾਂਦੇ ਹਨ। ਗਿਆਨੀ ਮਹਾਂ ਸਿੰਘ ਨੇ ਆਪਣੀ ਪੁਸਤਕ 'ਪਰਮ ਪਵਿੱਤ੍ਰ ਆਦਿ ਬੀੜ ਦਾ ਸੰਕਲਨਾ ਕਾਲ' ਵਿਚ ਛਿੱਬਰ ਦੇ ਦਿੱਤੇ ਹੋਏ ਸੰਮਤਾਂ ਦੀ ਵਿਗਿਆਨਿਕ ਜਾਂਚ-ਪੜਤਾਲ ਕੀਤੀ ਹੈ ਅਤੇ ਅਨੇਕ ਪ੍ਰਮਾਣ ਦੇ ਕੇ ਉਸ ਦੀਆਂ ਮਾਨਤਾਵਾਂ ਨੂੰ ਭੁਲੇਖਾ ਪਾਉਣ ਵਾਲੀਆਂ ਸਿੱਧ ਕੀਤਾ ਹੈ।[1] ਛਿੱਬਰ ਨੇ ਆਦਿ ਗ੍ਰੰਥ ਦਾ ਜਨਮ ਸੰਮਤ (1658 ਬਿ.)[2] ਵੀ ਗਲਤ ਦਿੱਤਾ ਹੈ, ਕਿਉਂਕਿ ਸਿੱਖ ਇਤਿਹਾਸ ਅਤੇ ਕਰਤਾਰਪੁਰ ਵਾਲੀ ਆਦਿ ਗ੍ਰੰਥ ਦੀ ਪਹਿਲੀ ਹੱਥ-ਲਿਖਿਤ ਬੀੜ ਦੇ ਅੰਦਰਲੇ ਪ੍ਰਮਾਣਾਂ ਦੇ ਆਧਾਰ ਤੇ 'ਆਦਿ ਗ੍ਰੰਥ' ਦਾ ਸੰਕਲਨ-ਕਾਲ ਸੰਮਤ 1661 ਬਿ. ਸਿੱਧ ਹੁੰਦਾ ਹੈ। ਇਸੇ ਤਰ੍ਹਾਂ 'ਦਸਮ ਗ੍ਰੰਥ' ਦੀ ਸਮਾਪਤੀ ਦਾ ਛਿੱਬਰ ਦੁਆਰਾ ਦਿੱਤਾ ਸੰਮਤ (1755 ਬਿ.) ਵੀ ਠੀਕ ਨਹੀਂ ਜਚਦਾ। ਸ਼ਾਇਦ ਛਿੱਬਰ ਨੇ ਇਹ ਸੰਮਤ 'ਰਾਮਾਵਤਾਰ' ਪ੍ਰਸੰਗ ਦੀ ਸਮਾਪਤੀ ਦਾ ਦੇ ਦਿੱਤਾ ਹੈ,[3] ਕਿਉਂਕਿ ਇਸ ਸੰਮਤ ਤੋਂ ਬਾਦ ਦੀਆਂ ਵੀ ਕਈ ਰਚਨਾਵਾਂ ਦਸਮ ਗ੍ਰੰਥ ਵਿਚ ਸੰਕਲਿਤ ਹਨ। ਪ੍ਰਮਾਣ ਵਜੋਂ ਸੰਮਤ 1763 ਬਿ.[4] ਦੀ ਇਕ ਰਚਨਾ (ਜ਼ਫ਼ਰਨਾਮਾ) ਨੂੰ ਪੇਸ਼ ਕੀਤਾ ਜਾ ਸਕਦਾ ਹੈ। ਇਹ ਇਕ ਇਤਿਹਾਸਿਕ ਪੱਤਰ ਹੈ ਅਤੇ ਇਸ ਦੀ ਪ੍ਰਮਾਣਿਕਤਾ ਬਿਲਕੁਲ ਨਿਸਚਿਤ ਹੈ। ਚੂੰਕਿ ਇਹ ਰਚਨਾ ਵਰਤਮਾਨ 'ਦਸਮ ਗ੍ਰੰਥ' ਵਿਚ ਸੰਕਲਿਤ ਹੈ, ਇਸ ਲਈ ਇਹ ਕਹਿਣਾ ਕਿ ਦਸਮ ਗ੍ਰੰਥ ਅੰਤਿਮ ਅਤੇ ਸੰਪੂਰਣ ਰੂਪ ਵਿਚ ਸੰ. 1755 ਬਿ. ਵਿਚ ਸੰਕਲਿਤ ਹੋ ਚੁਕਾ ਸੀ, ਭੁਲੇਖਾ ਪਾਉਣ ਵਾਲੀ ਗਲ ਹੈ। ਨਾਲ ਹੀ, ਇਸ ਸੰਮਤ ਦੀ ਪੁਸ਼ਟੀ ਕਿਸੇ ਹੋਰ ਪ੍ਰਮਾਣਿਕ ਅਤੇ ਇਤਿਹਾਸਿਕ ਤੱਥ ਤੋਂ ਵੀ ਨਹੀਂ ਹੁੰਦੀ। ਹਾਂ, ਕੇਵਲ 'ਅਵਤਾਰ ਲੀਲਾ ਗ੍ਰੰਥ' (ਬਚਿਤ੍ਰ ਨਾਟਕ) ਦੀ ਸਮਾਪਤੀ ਦਾ

---

1. ਪਰਮ ਪਵਿਤ੍ਰ ਆਦਿ ਬੀੜ ਦਾ ਸੰਕਲਨਾ ਕਾਲ (ਮਹਾਂ ਸਿੰਘ), ਪੰਨਾ 5—15 ; ਸੰਮਤਾਂ ਦੀ ਤੁਲਨਾਤਮਕ ਤਾਲਿਕਾ (comparative statement) ਪਰਿਸ਼ਿਸ਼ਟ ? (Appendix 1) ਵਿਚ ਦਿੱਤੀ ਹੈ।

2. ਸੰਵਤੁ ਸੋਲਾ ਸੈ ਅਠਵੰਜਾ ਸੋ ਗਏ।
ਤਬ ਆਦਿ ਗ੍ਰੰਥ ਜੀ ਜਨਮ ਲਏ ॥... ... ... ੨੯੬ ॥
(ਬੰਸਾਵਲੀਨਾਮਾ—ਚਰਣ ਚੌਦਵਾਂ, ਪੱਤਰਾ 298)

3. ਸੰਮਤ ਸੱਤ੍ਰਹ ਸਹੰਸ ਪਚਾਵਨ।
ਹਾੜ ਵਦੀ ਪ੍ਰਿਥਮ ਸੁਖਦਾਵਨ।
ਤਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ।
ਭੂਲ ਪਰੀ ਲਹੁ ਲੇਹੁ ਸੁਧਾਰਾ ॥ ੮੬੦ ॥ (ਦਸਮ ਗ੍ਰੰਥ, ਪੰਨਾ 254)

4. ਮਹਾਨ ਕੋਸ਼, ਪੰਨਾ 1514

Digitized by Panjab Digital Library | www.panjabdigilib.org

ਸੰਮਤ ਇਹ ਭਾਵੇਂ ਹੋ ਸਕਦਾ ਹੈ।[1]

ਛਿੱਬਰ ਦੀ ਇਕ ਉਪਰੋਕਤ ਪੰਕਤੀ ਵਿਚ 'ਛੋਟਾ ਗ੍ਰੰਥ ਜੀ ਜਨਮੇ' ਸ਼ਬਦ ਆਏ ਹਨ ਅਤੇ ਪੂਰਬ ਪੱਖ ਦੇ ਵਿਦਵਾਨਾਂ ਦੁਆਰਾ ਇਸ 'ਛੋਟੇ ਗ੍ਰੰਥ' ਦਾ ਅਰਥ 'ਦਸਮ ਗ੍ਰੰਥ' ਲਿਆ ਗਿਆ ਹੈ। ਪਰ 'ਛੋਟੇ ਗ੍ਰੰਥ' ਸ਼ਬਦ ਦਾ ਅਰਥ ਵਰਤਮਾਨ 'ਦਸਮ ਗ੍ਰੰਥ' ਲੈਣਾ ਕੇਵਲ ਕਲਪਨਾ ਹੈ, ਕਿਉਂਕਿ ਛਿੱਬਰ ਅਨੁਸਾਰ ਜਿਸ ਗ੍ਰੰਥ ਨੂੰ ਭਾਈ ਮਨੀ ਸਿੰਘ ਨੇ 'ਇਕੱਠਾ' ਕਰਵਾਇਆ ਸੀ ਉਹ 'ਅਵਤਾਰ ਲੀਲਾ' ਦਾ ਸੀ[2] ਅਤੇ ਅਵਤਾਰ ਲੀਲਾ ਵਾਲਾ ਗ੍ਰੰਥ ਹੀ 'ਛੋਟਾ ਗ੍ਰੰਥ' ਸੀ।[3] ਪਰ ਵਰਤਮਾਨ 'ਦਸਮ ਗ੍ਰੰਥ' ਨੂੰ ਅਸੀਂ ਕੇਵਲ

---

1. ਇਸ ਸੰਬੰਧ ਵਿਚ ਇਕ ਬਾਦ ਦਾ ਪ੍ਰਮਾਣ ਵੀ ਵਿਚਾਰ ਯੋਗ ਹੈ ਕਿ ਦਸਮ ਗੁਰੂ ਦੇ ਸਮੇਂ ਇਸ ਗ੍ਰੰਥ ਦਾ ਵਰਤਮਾਨ ਰੂਪ ਸੰਕਲਿਤ ਨਹੀਂ ਸੀ, ਸਗੋਂ ਬਾਣੀਆਂ ਪੋਥੀਆਂ ਵਿਚ 'ਇਕਾਂਕੀ' (ਵੱਖ ਵੱਖ) ਰਹੀਆਂ ਸਨ, ਜਿਵੇਂ—

ਸੋ ਅਬ ਗ੍ਰੰਥ ਦਸਮ ਗੁਰੁ ਕੇਰਾ।
ਕਹਿਲਾਵਤ ਮਧ ਪੰਥ ਅਛੇਰਾ।
ਗੁਰ ਕੇ ਸਮੇ ਬੀੜ ਨਹਿ ਤਾਂਕੀ।
ਭਈ ਬਾਣੀਆਂ ਰਹੀ ਇਕਾਂਕੀ।
ਅਨਕੈ ਠੌਰ ਪੋਥੀਆ ਮਾਹਿ।
ਬਾਣੀ ਰਹੀ ਦਸਮ ਗੁਰ ਵਾਹਿ॥

(ਪੰਥ ਪ੍ਰਕਾਸ਼—ਕ੍ਰਿਤ ਗਿਆਨ ਸਿੰਘ ਗਿਆਨੀ—ਸੰ. 1931 ਬਿ., ਪੰਨਾ 305)

2. ਇਹ ਗ੍ਰੰਥ ਅਵਤਾਰ ਲੀਲਾ ਦਾ ਜੋ ਹੈਸੀ।
ਸੋ ਭਾਈ ਮਨੀ ਸਿੰਘ ਮੁਸੱਦੀ ਜਾਤਿ ਕੰਬੋ ਉਹੋਗ ਇਕਠਾ ਕਰਵਾਇਆ॥... ... ... ੩੮੧॥

(ਬੰਸਾਵਲੀਨਾਮਾ, ਪੱਤਰਾ 180)

3. ਛਿੱਬਰ ਦੇ ਕਥਨ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਦੋ ਗ੍ਰੰਥਾਂ ਦਾ ਸੰਕਲਨ ਕਰਵਾਇਆ ਸੀ—ਇਕ ਦਾ ਨਾਂ 'ਵੱਡਾ ਗ੍ਰੰਥ' ਅਤੇ ਦੂਜੇ ਦਾ ਨਾਂ 'ਛੋਟਾ ਗ੍ਰੰਥ' ਸੀ। ਯਾਦ ਰਹੇ ਕਿ ਇਨ੍ਹਾਂ ਦੋਹਾਂ ਗ੍ਰੰਥਾਂ ਦਾ 'ਆਦਿ ਗ੍ਰੰਥ' ਨਾਲ ਕੋਈ ਸੰਬੰਧ ਨਹੀਂ ਹੈ, ਕਿਉਂਕਿ ਛਿੱਬਰ ਨੇ ਉਸ ਦਾ ਵੱਖ ਜ਼ਿਕਰ ਕੀਤਾ ਹੈ।

ਵੱਡਾ ਗ੍ਰੰਥ

ਸੋ ਬਡਾ ਗ੍ਰੰਥ ਜੀ ਦਾ ਬਣਿਆ।
ਇਕਾਨਵੇ ਸਤਰਾਂ ਤਿਸ ਦੀਆਂ ਮੈਂ ਭੀ ਗਣਿਆ॥ ੩੧੭॥
ਸੰਮਤੁ ਸਤਾਰਾ ਸੈ ਅਠਵੰਜੇ ਸੋ ਗ੍ਰੰਥ ਜੀ ਨਦੀ ਪਵਾਇਆ।
ਕੋਈ ਕੋਈ ਪਤਰਾ ਤਿਸ ਗ੍ਰੰਥ ਜੀ ਦਾ ਸਿਖਾ ਨੂੰ ਹਥਿ ਆਇਆ॥... ... ... ੩੧੮॥

(ਬੰਸਾਵਲੀਨਾਮਾ, ਪੱਤਰਾ 180)

ਛੋਟਾ ਗ੍ਰੰਥ

ਅਤੇ ਦੂਜਾ ਗ੍ਰੰਥ ਜੀ ਹੋਰੁ ਸਾਹਿਬ ਉਚਾਰ ਕੀਤਾ।
ਉਸ ਵਿਚਿ ਬਾਣੀ ਹੋਰੁ ਇਸ ਵਿਚਿ ਹੋਰੁ ਵਖੋ ਵਖਰੀ ਕਰਿ ਲੀਤਾ॥ ੩੧੮॥

(ਬਾਕੀ ਸਫ਼ਾ 31 ਤੇ)

Digitized by Panjab Digital Library | www.panjabdigilib.org

'ਅਵਤਾਰ ਲੀਲਾ' ਦਾ ਗ੍ਰੰਥ ਨਹੀਂ ਕਹਿ ਸਕਦੇ, ਕਿਉਂਕਿ ਇਸ ਵਿਚ ਬਹੁਤ ਸਾਰੀਆਂ ਅਜਿਹੀਆਂ ਰਚਨਾਵਾਂ ਵੀ ਦਰਜ ਹਨ, ਜਿਨ੍ਹਾਂ ਦਾ ਮੇਲ 'ਅਵਤਾਰ ਲੀਲਾ' ਨਾਲ ਇਕਦਮ ਨਹੀਂ ਹੈ। 'ਅਵਤਾਰ ਲੀਲਾ' ਵਿਚ ਕੇਵਲ 'ਅਪਨੀ ਕਥਾ', ਚੰਡੀ ਚਰਿਤ੍ਰ ਦੋਵੇਂ, ਚੌਬੀਸ ਅਵਤਾਰ, ਬ੍ਰਹਮਾਵਤਾਰ ਅਤੇ ਰੁਦ੍ਰਾਵਤਾਰ ਨੂੰ ਲਿਆ ਜਾ ਸਕਦਾ ਹੈ ਅਤੇ ਇਹ ਸਾਰੀਆਂ ਰਚਨਾਵਾਂ 'ਬਚਿਤ੍ਰ ਨਾਟਕ' ਦਾ ਹੀ ਅੰਗ ਹਨ। ਇਹ ਤੱਥ ਇਨ੍ਹਾਂ ਰਚਨਾਵਾਂ ਦੇ ਅਧਿਆਇ-ਅੰਤ ਉੱਤੇ ਦਿੱਤੀਆਂ ਪੁਸ਼ਪਿਕਾਵਾਂ ਤੋਂ ਭਲੀ-ਭਾਂਤ ਸਪੱਸ਼ਟ ਹੈ।[1] ਹੋਰਨਾਂ ਰਚਨਾਵਾਂ ਦਾ

---

(ਸਫ਼ਾ 30 ਦਾ ਬਾਕੀ)

ਇਸ ਵਿਚਿ ਅਵਤਾਰ ਲੀਲਾ ਲਿਖੀ ਸੀ ਸਪੂਰਨੁ।
ਉਸ ਵਿਚਿ ਹੋਰ ਅਚਰਜ ਲਿਖ ਕੀਤਾ ਸੀ ਪੂਰਨੁ ॥ ੩੭੯ ॥

(ਬੰਸਾਵਲੀਨਾਮਾਂ, ਪੱਤਰਾ 180)

ਸਿੱਟੇ ਵਜੋਂ ਛਿਬਰ ਦੀ ਆਪਣੀ ਮਾਨਤਾ ਅਨੁਸਾਰ 'ਛੋਟਾ ਗ੍ਰੰਥ' ਅਵਤਾਰ-ਲੀਲਾ ਪ੍ਰਸੰਗ ਦਾ ਸੀ। ਵਰਤਮਾਨ 'ਦਸਮ ਗ੍ਰੰਥ' ਵਿਚ 'ਅਵਤਾਰ ਲੀਲਾ' ਪ੍ਰਸੰਗ ਤੋਂ ਛੁਟ, ਹੋਰ ਵਾਧੂ ਬਾਣੀਆਂ ਸਹਿਤ ਵੱਡੇ ਗ੍ਰੰਥ ਦਾ ਅੰਗ ਹੋਣ।

1. ਪੁਸ਼ਪਿਕਾਵਾਂ ਦਾ ਵਿਵਰਣ ਇਸ ਪ੍ਰਕਾਰ ਹੈ—

ਚੰਡੀ ਚਰਿਤ੍ਰ (ਉਕਿਤ ਬਿਲਾਸ)

ਇਤਿ ਸ੍ਰੀ ਬਚਿਤ੍ਰ ਨਾਟਕੇ ਸ੍ਰੀ ਚੰਡੀ ਚਰਿਤ੍ਰੇ ਚੰਡ ਮੁੰਡ ਬਧਹਿ ਚਤੁਰਥ ਧਯਾਇ ॥ ੪ ॥

(ਦਸਮ ਗ੍ਰੰਥ, ਪੰਨਾ 85)

ਚੰਡੀ ਚਰਿਤ੍ਰ (2)

ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਮਹਿਖਾਸੁਰ ਬਧਹ
ਪ੍ਰਥਮ ਧਿਆਇ ਸੰਪੂਰਣ ਮਸਤੁ ਸੁਭ ਮਸਤੁ ॥ ੧ ॥ (ਦਸਮ ਗ੍ਰੰਥ, ਪੰਨਾ 102)

ਚੌਬੀਸਾਵਤਾਰ

ਇਤਿ ਸ੍ਰੀ ਦਸਮ ਸਕੰਧ ਪੁਰਾਣੇ ਬਚਿਤ੍ਰ ਨਾਟਕ ਪੂਤਨਾ ਬਧ ਧਿਆਇ ਸਮਾਪਤੰ ॥

(ਦਸਮ ਗ੍ਰੰਥ, ਪੰਨਾ 264)

ਬ੍ਰਹਮਾਵਤਾਰ

ਇਤਿ ਸ੍ਰੀ ਬਚਿਤ੍ਰ ਨਾਟਕੇ ਗ੍ਰੰਥੇ ਦੁਤੀਯੇ ਅਵਤਾਰੇ ਬ੍ਰਹਮਾ ਕਸਪ ਸਮਾਪਤੰ ॥

(ਦਸਮ ਗ੍ਰੰਥ, ਪੰਨਾ 614)

ਰੁਦ੍ਰ ਅਵਤਾਰ

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਦੱਤ ਮਹਾਤਮ ਰੁਦ੍ਰਵਤਾਰ ਪ੍ਰਬੰਧ ਸਮਾਪਤੰ ਸੁਭੰ ਭਵੇਤ ਦੁਤ੍ਰ
ਛਤ੍ਰੀਬੀਸ ॥ ੨੪ ॥ (ਦਸਮ ਗ੍ਰੰਥ, ਪੰਨਾ 669)

ਇਨ੍ਹਾਂ ਪੁਸ਼ਪਿਕਾਵਾਂ ਦੇ ਪਾਠ ਵੱਖ ਵੱਖ ਬੀੜਾਂ ਵਿਚ ਭਾਵੇਂ ਕੁਝ ਅੰਤਰ ਰਖਦੇ ਹੋਣ, ਪਰ ਮੂਲ ਤੱਥ ਦੀ ਪੁਸ਼ਟੀ ਸਭ ਥਾਂ ਤੇ ਹੁੰਦੀ ਹੈ।

Digitized by Panjab Digital Library | www.panjabdigilib.org

ਇਨ੍ਹਾਂ ਬਾਣੀਆਂ ਜਾਂ 'ਬਚਿਤ੍ਰ ਨਾਟਕ' ਨਾਲ ਕੋਈ ਸੰਬੰਧ ਨਹੀਂ, ਕਿਉਂਕਿ ਉਨ੍ਹਾਂ ਦੀਆਂ ਪੁਸ਼ਪਿਕਾਵਾਂ ਉਨ੍ਹਾਂ ਨੂੰ 'ਬਚਿਤ੍ਰ ਨਾਟਕ' ਗ੍ਰੰਥ ਦਾ ਅੰਗ ਸਿੱਧ ਨਹੀਂ ਕਰਦੀਆਂ,[1] ਅਤੇ ਨਾ ਹੀ ਅਵਤਾਰਾਂ ਦੀਆਂ ਲੀਲਾਵਾਂ ਦਾ ਵਰਣਨ ਕਰਨਾ ਉਨ੍ਹਾਂ ਦਾ ਵਿਸ਼ਾ ਹੈ। ਇਸ ਲਈ 1698 ਈ. ਸੰਮਤ 1755 ਬਿ. ਸੰਪੂਰਣ 'ਦਸਮ ਗ੍ਰੰਥ' ਦੀ ਸਮਾਪਤੀ ਦਾ ਸੰਮਤ ਨਹੀਂ ਹੈ ; ਵਧ ਤੋਂ ਵਧ ਇਹ 'ਅਵਤਾਰ ਲੀਲਾ' ਗ੍ਰੰਥ (ਬਚਿਤ੍ਰ ਨਾਟਕ) ਦਾ ਸੰਮਤ ਮੰਨਿਆ ਜਾ ਸਕਦਾ ਹੈ।

(ਅ) ਛਿੱਬਰ ਦੀ ਇਸ ਟੂਕ ਤੋਂ ਇਹ ਸਿੱਟਾ ਕਦੇ ਵੀ ਨਹੀਂ ਕਢਿਆ ਜਾ ਸਕਦਾ ਕਿ ਸੰਪੂਰਣ ਦਸਮ ਗ੍ਰੰਥ ਗੁਰੂ ਜੀ ਦੀ ਆਪਣੀ ਕ੍ਰਿਤੀ ਹੈ। ਕਿਉਂਕਿ ਇਕ ਤਾਂ ਛਿੱਬਰ ਨੇ ਪਹਿਲਾਂ ਆਪ ਮੰਨਿਆ ਹੈ ਕਿ 'ਛੋਟੇ ਗ੍ਰੰਥ' ਦਾ ਜਨਮ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਹੋਇਆ ਸੀ ਅਤੇ ਉਸ ਨੂੰ ਲਿਖਣ ਵਾਲੇ (ਖਿਡਾਣ ਵਾਲੇ) ਕਈ ਸਨ,[2] ਪਰ ਅਗੇ ਚਲ ਕੇ ਇਹ ਕਹਿਣਾ ਕਿ ਇਹ ਗੁਰੂ ਜੀ ਨੂੰ ਬਹੁਤ ਪਿਆਰਾ ਸੀ, ਇਸ ਲਈ ਆਪਣੇ ਹਥੀਂ ਲਿਖਿਆ (ਖਿਡਾਇਆ), ਛਿੱਬਰ ਦੇ ਆਪਣੇ ਹੀ ਕਥਨ ਦਾ ਖੰਡਨ ਕਰਦਾ ਹੈ।

ਦੂਜੇ, ਕਿਸੇ ਗ੍ਰੰਥ ਦਾ ਕਿਸੇ ਗੁਰੂ ਦੇ ਘਰ ਜਨਮ ਲੈਣ ਦਾ ਅਰਥ ਇਹ ਨਹੀਂ ਹੋ ਸਕਦਾ ਕਿ ਉਸ ਵਿਚ ਸੰਕਲਿਤ ਸਾਰੀ ਬਾਣੀ ਉਸੇ ਹੀ ਗੁਰੂ ਦੀ ਆਪਣੀ ਰਚਨਾ ਹੈ। ਛਿੱਬਰ ਨੇ ਆਪ ਇਕ ਹੋਰ ਥਾਂ ਉੱਤੇ 'ਆਦਿ ਗ੍ਰੰਥ' ਦੇ ਸੰਬੰਧ ਵਿਚ ਲਿਖਿਆ ਹੈ :

ਗੁਰੂ ਅਰਜੁਨ ਜੀ ਕੇ ਧਾਮ ਗ੍ਰੰਥ ਸਾਹਿਬ ਜਨਮੁ ਹੈ ਧਾਰਾ।
ਦਾਯਾ ਸੀ ਭਾਈ ਗੁਰੁਦਾਸ ਲਿਖਾਰਾ ਖਿਡਾਵਣ ਹਾਰਾ ॥ ੨੬੬ ॥
(ਬੰਸਾਵਲੀਨਾਮਾ, ਪੱਤਰਾ 298)

ਇਥੇ ਛਿੱਬਰ ਮੰਨਦਾ ਹੈ ਕਿ ਗ੍ਰੰਥ ਸਾਹਿਬ (ਆਦਿ ਗ੍ਰੰਥ) ਦਾ ਜਨਮ ਗੁਰੂ ਅਰਜਨ ਜੀ ਦੇ ਘਰ ਹੋਇਆ ਸੀ ਅਤੇ ਉਸ ਨੂੰ ਲਿਖਣ ਵਾਲੇ ਭਾਈ ਗੁਰਦਾਸ ਜੀ ਸਨ। ਪਰ ਆਦਿ ਗ੍ਰੰਥ ਦੀ ਸਾਰੀ ਬਾਣੀ ਗੁਰੂ ਅਰਜਨ ਜੀ ਦੀ ਕੇਵਲ ਆਪਣੀ ਨਹੀਂ ਸੀ, ਉਨ੍ਹਾਂ ਨੇ ਤਾਂ ਪੂਰਬ-ਵਰਤੀ ਸਿੱਖ ਗੁਰੂਆਂ ਅਤੇ ਭਗਤਾਂ ਦੀ ਬਾਣੀਆਂ ਨੂੰ ਰਲਿਆਂ (interpolations) ਤੋਂ ਬਚਾਉਣ ਲਈ ਆਪਣੀ ਬਾਣੀ ਸਹਿਤ ਆਦਿ ਗ੍ਰੰਥ ਦਾ ਸੰਕਲਨ ਕੀਤਾ ਸੀ। ਠੀਕ ਇਸੇ

1. ਗਿਆਨ ਪ੍ਰਬੋਧ
ਸ੍ਰੀ ਗਿਆਨ ਪ੍ਰਬੋਧ ਪੋਥੀ ਦੁਤੀਆ ਜਗ ਸਮਾਪਤੰ ॥ ੨ ॥ (ਦਸਮ ਗ੍ਰੰਥ, ਪੰਨਾ 140)
ਸ਼ਸਤ੍ਰ ਨਾਮ ਮਾਲਾ ਪੁਰਾਣ
ਇਤਿ ਸ੍ਰੀ ਨਾਮ ਮਾਲਾ ਪੁਰਾਣੇ ਚਕ੍ਰ ਨਾਮ ਦੁਤੀਯ ਧਿਆਇ ਸਮਾਪਤ ਮਸਤੁ ਸੁਭ ਮਸਤੁ ॥ ੨ ॥
(ਦਸਮ ਗ੍ਰੰਥ, ਪੰਨਾ 721)
ਚਰਿਤ੍ਰੋਪਾਖਿਆਨ
ਇਤਿ ਸ੍ਰੀ ਚਰਿਤ੍ਰਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰਿ ਸੌ ਪਾਂਚ ਚਰਿਤ੍ਰ ਸਮਾਪਤ ਮਸਤੁ ਸੁਭ ਸਮਤ ॥ ੪੦੫ ॥ ੭੫੫੫ ॥ ਅਫਜੂੰ ॥ (ਦਸਮ ਗ੍ਰੰਥ, ਪੰਨਾ 1388)

2. ਵੇਖੋ ਇਸ ਤਰਕ ਦਾ 'ਉ' ਭਾਗ

Digitized by Panjab Digital Library | www.panjabdigilib.org

ਤਰ੍ਹਾਂ ਦਸਮ ਗੁਰੂ ਦੇ ਘਰ ਜਨਮ ਲੈਣ ਵਾਲਾ ਗ੍ਰੰਥ ਵੀ ਕੇਵਲ ਦਸਮ ਗੁਰੂ ਦੀ ਬਾਣੀ ਦਾ ਸੰਕਲਨ ਨਹੀਂ ਹੋ ਸਕਦਾ, ਸਗੋਂ ਇਸ ਵਿਚ ਵੀ ਅਨੇਕ ਕਵੀਆਂ ਦੀਆਂ ਰਚਨਾਵਾਂ ਦਰਜ ਹੋ ਸਕਦੀਆਂ ਹਨ, ਕਿਉਂਕਿ ਸਿੱਖ ਧਰਮ ਦੀਆਂ ਪਰੰਪਰਾਵਾਂ ਹਰ ਪ੍ਰਕਾਰ ਦੇ ਉੱਤਮ ਤੱਤਵਾਂ ਨੂੰ ਆਤਮਸਾਤ ਕਰ ਕੇ ਚਲੀਆਂ ਹਨ ਅਤੇ ਉਨ੍ਹਾਂ ਵਿਚ ਸੰਕੋਚ ਦੀ ਪ੍ਰਤੱਖ ਅਣਹੋਂਦ ਹੈ। ਇਹੀ ਕਾਰਣ ਹੈ ਕਿ 'ਦਸਮ ਗ੍ਰੰਥ' ਵਿਚ ਦਸਮ ਗੁਰੂ ਤੋਂ ਛੁਟ, ਕਈਆਂ ਕਵੀਆਂ ਦੀਆਂ ਰਚਨਾਵਾਂ ਵੀ ਸੰਕਲਿਤ ਹੋਈਆਂ ਹਨ। ਛਿੱਬਰ ਨੇ ਆਪ ਵੀ ਇਹ ਮੰਨਿਆ ਹੈ ਕਿ 'ਛੋਟੇ ਗ੍ਰੰਥ' ਨੂੰ ਲਿਖਣ (ਖਿੜਾਣ) ਵਾਲੇ ਬਹੁਤ ਸਨ। ਸਿੱਟਾ ਇਹ ਕਿ ਦਸਮ ਗ੍ਰੰਥ ਦੇ ਕਰਤ੍ਰਿਤਵ ਨੂੰ ਜਿਤਨਾ ਦਸਮ ਗੁਰੂ ਦੇ ਨਾਂ ਨਾਲ ਜੋੜਿਆਂ ਜਾ ਸਕਦਾ ਹੈ, ਉਤਨਾ ਹੀ ਹੋਰਨਾਂ ਕਵੀਆਂ ਦੇ ਨਾਂ ਨਾਲ ਵੀ। ਇਸ ਲਈ ਛਿੱਬਰ ਦੀ ਇਸ ਟੂਕ ਤੋਂ ਵੀ ਇਹੀ ਧੁਨੀ ਨਿਕਲਦੀ ਹੈ ਕਿ 'ਦਸਮ ਗ੍ਰੰਥ' ਵਿਚਲੀ ਬਾਣੀ ਕੇਵਲ ਗੁਰੂ ਗੋਬਿੰਦ ਸਿੰਘ ਦੀ ਹੀ ਨਹੀਂ, ਹੋਰਨਾਂ ਦਰਬਾਰੀ ਕਵੀਆਂ ਦੀ ਵੀ ਹੈ।

(ੲ) ਛਿੱਬਰ ਦੀ ਤੀਜੀ ਟੂਕ ਦਾ ਅਰਥ ਇਹ ਲਿਆ ਗਿਆ ਹੈ ਕਿ ਗੁਰੂ ਜੀ ਨੇ ਦਰਬਾਰੀ ਕਵੀਆਂ ਨੂੰ ਇਸ ਗ੍ਰੰਥ ਦਾ ਕੁਝ ਹਿੱਸਾ ਲਿਖਵਾਇਆ ਸੀ, ਪਰ ਇਹ ਅਰਥ ਬਿਲਕੁਲ ਅਢੁੱਕਵਾਂ ਪ੍ਰਤੀਤ ਹੁੰਦਾ ਹੈ। ਮੂਲ ਪੰਕਤੀ ਦਾ ਅਰਥ—ਅਤੇ (ਦਸਮ ਗੁਰੂ ਨੇ) ਆਪਣੇ ਮੁਖ ਤੋਂ ਉਚਾਰਣ ਕਰ ਕੇ ਬਣਾਇਆ—ਕੇਵਲ ਇਤਨਾ ਹੀ ਹੈ। ਇਸ ਤੋਂ ਕੋਈ ਵਖ ਅਰਥ ਕਰਨਾ ਉਚਿਤ ਨਹੀਂ ਹੈ।

(ਸ) ਇਸ ਟੂਕ ਤੋਂ ਇੰਜ ਲਗਦਾ ਹੈ ਕਿ ਗੁਰੂ ਜੀ ਨੇ ਆਪ ਵੀ ਸਿੱਖ ਸਿਧਾਂਤਾਂ ਲਈ ਇਸ ਗ੍ਰੰਥ ਨੂੰ ਕੋਈ ਖ਼ਾਸ ਮਹੱਤਵ ਨਹੀਂ ਸੀ ਦਿੱਤਾ, ਕੇਵਲ ਆਪਣੀ ਖੇਡ ਹੀ ਸਮਝਿਆ। ਇਨ੍ਹਾਂ ਪੰਕਤੀਆਂ ਤੋਂ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਇਸ ਗ੍ਰੰਥ ਦੀ ਬਾਣੀ 'ਆਦਿ ਗ੍ਰੰਥ' ਦੀ ਬਾਣੀ ਵਾਂਗ 'ਧੁਰ ਕੀ ਬਾਣੀ' ਨਹੀਂ ਹੈ। ਇਹੋ ਕਾਰਣ ਹੈ ਕਿ ਆਪਣੇ ਪਿਤਾ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਨੂੰ ਦਸਮ ਗੁਰੂ ਨੇ 'ਆਦਿ ਗ੍ਰੰਥ' ਵਿਚ 'ਧੁਰ ਕੀ ਬਾਣੀ' ਦੇ ਰੂਪ ਵਿਚ ਸੰਕਲਿਤ ਕਰ ਦਿੱਤਾ, ਪਰ 'ਦਸਮ ਗ੍ਰੰਥ' ਦੀ ਬਾਣੀ ਨੂੰ 'ਆਦਿ ਗ੍ਰੰਥ' ਵਿਚ ਬਿਲਕੁਲ ਕੋਈ ਥਾਂ ਨਾ ਦਿੱਤੀ। ਸਿੱਖ ਧਰਮ ਦੀਆਂ ਪਰੰਪਰਾਵਾਂ, ਦੰਦ-ਕਥਾਵਾਂ ਅਤੇ ਇਤਿਹਾਸਿਕ ਗਵਾਹੀਆਂ ਇਸ ਮਤ ਦੀ ਪੁਸ਼ਟੀ ਕਰਦੀਆਂ ਹਨ।[1]

---

1. ਛਿੱਬਰ ਦੀ ਉਪਰੋਕਤ ਕਥਨ ਦੀ ਪਰਖ ਗਿਆਨੀ ਗਿਆਨ ਸਿੰਘ ਦੀ ਇਸ ਗਵਾਹੀ ਦੇ ਪ੍ਰਕਾਸ਼ ਵਿਚ ਵੀ ਕੀਤੀ ਜਾ ਸਕਦੀ ਹੈ—

ਪੜਤੇ ਰਹੇ ਪੋਥੀਆਂ ਪਤਰੇ।
ਧਾਰ ਬੀਰ ਰਸ ਸਤ੍ਰੁਨ ਹਰਤੇ। (ਪੰਥ ਪ੍ਰਕਾਸ਼, ਪੰਨਾ 305)

ਇਸ ਪ੍ਰਸੰਗ ਵਿਚ ਗਿਆਨੀ ਜੀ ਨੇ ਇਹ ਸਵੀਕਾਰ ਕੀਤਾ ਹੈ ਕਿ ਜਦ ਦਸਮ ਗੁਰੂ ਜੀ ਨੇ 'ਦਸਮ ਗ੍ਰੰਥ' ਦੀ ਬਾਣੀ ਨੂੰ 'ਆਦਿ ਗ੍ਰੰਥ' ਵਿਚ ਸੰਕਲਿਤ ਕਰਨ ਤੋਂ ਨਾ ਕਰ ਦਿੱਤੀ ਤਾਂ ਉਨ੍ਹਾਂ ਦੇ ਸਿੱਖ

(ਬਾਕੀ ਦੇਖੋ ਸਫ਼ਾ 34)

Digitized by Panjab Digital Library | www.panjabdigilib.org

(ਹ) ਭਾਈ ਮਨੀ ਸਿੰਘ ਅਤੇ ਉਨ੍ਹਾਂ ਦਾ 'ਦਸਮ ਗ੍ਰੰਥ' ਦੀ ਬਾਣੀ ਨੂੰ ਸੰਕਲਿਤ ਕਰਨ ਦਾ ਯਤਨ ਬਿਲਕੁਲ ਇਤਿਹਾਸ ਅਨੁਸਾਰ ਹੈ। ਜਿਥੋਂ ਤਕ 'ਖ਼ਾਸ ਦਸਖ਼ਤੀ ਪੱਤਰਾਂ' ਦਾ ਸੰਬੰਧ ਹੈ, ਇਸ ਬਾਰੇ ਅਗੇ ਵਿਸਤਾਰ ਸਹਿਤ ਵਿਚਾਰ ਕੀਤਾ ਹੈ।[1] ਇਥੇ ਕੇਵਲ ਇਤਨਾ ਕਹਿਣਾ ਹੀ ਕਾਫ਼ੀ ਹੋਵੇਗਾ ਕਿ ਖ਼ਾਸ ਦਸਖ਼ਤੀ ਪੱਤਰਾਂ ਦਾ ਗੁਰੂ ਜੀ ਨਾਲ ਕੋਈ ਸੰਬੰਧ ਨਹੀਂ ਹੈ।

ਸਾਰਾਂਸ਼ ਇਹ ਕਿ—

(i) ਛਿੱਬਰ ਦੀਆਂ ਤਾਰੀਖ਼ਾਂ ਜਾਂ ਸੰਮਤ ਇਤਿਹਾਸ ਅਨੁਸਾਰ ਨਹੀਂ ਹਨ ;

(ii) ਵਰਤਮਾਨ ਸੰਪੂਰਣ ਦਸਮ ਗ੍ਰੰਥ ਦੀ ਸਮਾਪਤੀ ਸੰ. 1755 ਬਿ. ਵਿਚ ਨਹੀਂ ਹੋਈ ਸੀ, ਇਸ ਤੋਂ ਬਾਦ ਵੀ ਕੁਝ ਰਚਨਾਵਾਂ ਲਿਖੀਆਂ ਗਈਆਂ ਸਨ ;

(iii) 'ਛੋਟੇ ਗ੍ਰੰਥ' ਦਾ ਅਰਥ ਵਰਤਮਾਨ 'ਦਸਮ ਗ੍ਰੰਥ' ਨਹੀਂ, ਸਗੋਂ 'ਅਵਤਾਰ ਲੀਲਾ' ਦਾ ਗ੍ਰੰਥ ਹੈ ;

(iv) ਛਿੱਬਰ ਦੇ ਕਥਨ ਆਪ ਹੀ ਆਪਣੀਆਂ ਮਾਨਤਾਵਾਂ ਦਾ ਖੰਡਨ ਕਰਦੇ ਹਨ ;

(v) 'ਦਸਮ ਗ੍ਰੰਥ' ਦੇ ਕਰਤ੍ਰਿਤਵ ਦਾ ਜਿਤਨਾ ਸੰਬੰਧ ਗੁਰੂ ਜੀ ਨਾਲ ਹੈ, ਉਤਨਾ ਹੀ ਉਨ੍ਹਾਂ ਦੇ ਦਰਬਾਰੀ ਕਵੀਆਂ ਨਾਲ ;

✓ (vi) ਦਸਮ ਗੁਰੂ ਨੂੰ 'ਦਸਮ ਗ੍ਰੰਥ' ਦੀ ਬਾਣੀ 'ਧੁਰ ਕੀ ਬਾਣੀ' ਅਤੇ ਸਿੱਖ ਸਿਧਾਂਤਾਂ ਦੇ ਰੂਪ ਵਿਚ ਸ੍ਵੀਕ੍ਰਿਤ ਨਹੀਂ ਸੀ ;

✓ (vii) ਦਸਮ ਗੁਰੂ ਦੁਆਰਾ 'ਦਸਮ ਗ੍ਰੰਥ' ਦਾ ਕੁਝ ਹਿੱਸਾ ਦਰਬਾਰੀ ਕਵੀਆਂ ਨੂੰ ਲਿਖਵਾਇਆ ਜਾਣਾ ਸਿੱਧ ਨਹੀਂ ਹੁੰਦਾ ; ਅਤੇ

(viii) 'ਖ਼ਾਸ ਦਸਖ਼ਤੀ ਪੱਤਰਾਂ' ਦਾ ਦਸਮ ਗੁਰੂ ਨਾਲ ਕੋਈ ਸੰਬੰਧ ਨਹੀਂ ਹੈ।

## (2) ਸ਼ੋਧਕ ਕਮੇਟੀ ਦੀ 'ਰਿਪੋਰਟ' ਤੇ ਆਧਾਰਿਤ ਤਰਕ

4. 'ਦਸਮ ਗ੍ਰੰਥ' ਸੰਬੰਧੀ ਸ਼ੋਧਕ ਕਮੇਟੀ ਦੀ 'ਰਿਪੋਰਟ' (ਸਨ 1897 ਈ. ਵਿਚ ਪ੍ਰਕਾਸ਼ਿਤ) ਤੇ ਆਧਾਰਿਤ ਸਿੱਟੇ—

(ੳ) 'ਦਸਮ ਗ੍ਰੰਥ' ਨੂੰ ਆਨੰਦਪੁਰ ਵਿਚ ਸੰਪੂਰਣ ਕੀਤਾ ਗਿਆ—

"ਬਚਿਤ੍ਰ ਨਾਟਕ, ਚੰਡੀ ਚਰਿਤ੍ਰ—ਵੱਡਾ, ਛੋਟਾ, ਵਾਰ, ਗਿਆਨ ਪ੍ਰਬੋਧ

---

(ਸਫ਼ਾ 33 ਦਾ ਬਾਕੀ)

'ਦਸਮ ਗ੍ਰੰਥ' ਦੀ ਬਾਣੀ ਨੂੰ ਭਿੰਨ ਭਿੰਨ ਪੋਥੀਆਂ ( ਸਮੁਚੇ ਗ੍ਰੰਥ ਦੇ ਰੂਪ ਵਿਚ ਨਹੀਂ ) ਦੇ ਰੂਪ ਵਿਚ ਪੜ੍ਹਦੇ ਰਹੇ। ਇਸ ਕਥਨ ਦੀ ਪੁਸ਼ਟੀ ਵਿਚ 'ਦਸਮ ਗ੍ਰੰਥ' ਦੀ ਇਕ ਰਚਨਾ 'ਗਿਆਨ ਪ੍ਰਬੋਧ' ਦੀ ਪੁਸ਼ਪਿਕਾ (ਪਿਛੇ ਦਿੱਤੀ ਜਾ ਚੁਕੀ ਹੈ) ਪੇਸ਼ ਕੀਤੀ ਜਾ ਸਕਦੀ ਹੈ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਉਸ ਸਮੇਂ ਤਕ 'ਗਿਆਨ ਪ੍ਰਬੋਧ' ਪੋਥੀ ਦੇ ਰੂਪ ਵਿਚ ਪ੍ਰਚਲਿਤ ਰਿਹਾ ਸੀ, ਕਿਸੇ ਇਕ ਸੰਕਲਿਤ ਜਾਂ ਸੰਪੂਰਣ ਗ੍ਰੰਥ ਦੇ ਰੂਪ ਵਿਚ ਨਹੀਂ।

1. ਵੇਖੋ ਪ੍ਰਕਾਸ਼ 5 (ਖ਼ਾਸ ਦਸਖ਼ਤੀ ਪੱਤਰ)

Digitized by Panjab Digital Library | www.panjabdigilib.org

ਆਦ ਸਬ ਬਾਣੀਆਂ ਦੀ ਉਚਾਰ ਅਨੰਦਪੁਰ ਮੇਂ ਹੋਯਾ।"[1]

(ਅ) ਇਸ 'ਰਿਪੋਰਟ' ਤੋਂ ਦਸਮ ਗ੍ਰੰਥ ਦੀ ਪਵਿਤ੍ਰਤਾ ਅਤੇ ਉਸ ਦਾ ਗੁਰੂ ਜੀ ਦੁਆਰਾ ਰਚੇ ਹੋਣ ਦਾ ਸੰਕੇਤ ਮਿਲਦਾ ਹੈ—

"ਜੇ ਇਹ ਬਾਣੀ ਸ੍ਰੀ ਮੁਖਵਾਕ ਨਾ ਹੁੰਦੀ ਤਾਂ ੧੦ ਸਵੈਯੇ ਸ੍ਰਾਵਗ ਸਿੱਧ ਸਮੂਹ ਆਦ ਸਵੇਯੇ ਅਰ ਚੌਪਈ, ਹਮਰੀ ਕਰੋ ਹਾਥ ਦੇ ਰੱਛਾ ਆਦ ਬਾਣੀ ਦਾ ਪਾਠ ਅੰਮ੍ਰਿਤ ਛਕਾਉਣ ਸਮੈ ਅਰ ਰਾਮਾਵਤਾਰ ਦਾ ਪਾਠ ਦਸਹਿਰੇ ਦੇ ਦਿਨ ਅਰ ਚੰਡੀ ਚਰਿਤ੍ਰਾਂ ਦੇ ਪਾਠ ਨਵਰਾਤਿਆਂ ਮੈ ਤਖਤਾਂ ਪਰ ਅਰ ਕ੍ਰਿਸਨਾਵਤਾਰ ਦੇ ਸਵਯੇ ਹੋਲੇ ਮਹਲੇ ਵਿਖੇ ਹਰੀਮੰਦਿਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨਾ ਹੁੰਦਾ। ਇਸ ਤੇ ਪ੍ਰਗਟ ਹੁੰਦਾ ਹੈ ਕਿ ਇਹ ਸ੍ਰੀ ਮੁਖਵਾਕ ਹੈ।"[2]

## ਪਰੀਖਿਆ

5. ਸੋਧਕ ਕਮੇਟੀ ਦਾ ਉਦੇਸ਼ 'ਦਸਮ ਗ੍ਰੰਥ' ਦੇ ਕਰਤ੍ਰਿਤਵ ਦਾ ਨਿਰਣਾ ਕਰਨਾ ਨਹੀਂ, ਸਗੋਂ ਇਸ ਗ੍ਰੰਥ ਦਾ ਪਾਠ ਸ਼ੁੱਧ ਕਰਨਾ ਸੀ।[3] ਇਸੇ ਆਸ਼ੇ ਤੋਂ 'ਕਮੇਟੀ' ਨੇ ਇਕ ਵਿਸਤਾਰ ਪੂਰਣ ਪਾਠਾਂਤਰ-ਤਾਲਿਕਾ ਵੀ ਤਿਆਰ ਕੀਤੀ ਹੈ। ਇਸ 'ਕਮੇਟੀ' ਦੇ ਮੈਂਬਰਾਂ ਦੀ ਸਿੱਖ ਸਮਾਜ ਵਿਚ ਨਾ ਤਾਂ ਕੋਈ ਮਾਨਤਾ ਸੀ ਅਤੇ ਨਾ ਹੀ ਉਹ ਪ੍ਰਮਾਣਿਕ ਵਿਦਵਾਨ ਸਨ। ਉਨ੍ਹਾਂ ਦੇ ਨਿਜੀ ਪੇਸ਼ੇ ਵੀ ਕਿਸੇ ਸਾਹਿਤਕ ਸੋਧ-ਕਾਰਜ ਲਈ ਢੁਕਵੇਂ ਪ੍ਰਤੀਤ ਨਹੀਂ ਹੁੰਦੇ।[4] ਇਨ੍ਹਾਂ ਵਿਚੋਂ ਬਹੁਤ ਸਾਰੇ ਪਰੰਪਰਾਵਾਦੀ ਜਾਂ ਪੁਜਾਰੀ ਸ਼੍ਰੇਣੀ ਦੇ ਸਨ। ਇਸ ਰਿਪੋਰਟ ਦੇ ਸ਼ੁਰੂ ਵਿਚ ਗਿਆਨੀ ਸਰਦੂਲ ਸਿੰਘ ਦੁਆਰਾ ਰਚਿਤ ਇਕ ਭੂਮਿਕਾ ਵੀ ਹੈ, ਜੋ ਨਾ ਤਾਂ ਸੋਧਕ ਕਮੇਟੀ ਦੇ 'ਦਸਮ ਗ੍ਰੰਥ' ਸੰਬੰਧੀ ਦ੍ਰਿਸ਼ਟੀਕੋਣ ਦੀ ਪ੍ਰਤਿਨਿਧਤਾ ਕਰਦੀ ਹੈ ਅਤੇ ਨਾ ਹੀ ਉਸ ਵਿਚ ਕਿਸੇ ਵਿਗਿਆਨਿਕ ਖੋਜ ਦੇ ਆਧਾਰ ਤੇ ਨਿਰਣੇ ਦਿੱਤੇ ਗਏ ਹਨ। ਇਸ ਲਈ ਸੋਧਕ ਕਮੇਟੀ ਦਾ ਇਹ ਕਾਰਜ ਕਿਵੇਂ ਮਹੱਤਵਪੂਰਣ ਹੋ ਸਕਦਾ ਹੈ। ਤਾਂ ਵੀ ਰਿਪੋਰਟ ਤੇ ਆਧਾਰਿਤ ਸਿੱਟਿਆਂ ਦੀ ਪਰੀਖਿਆ ਕਰ ਲੈਣੀ ਅਨੁਚਿਤ ਨਹੀਂ ਹੋਵੇਗੀ—

(ੳ) ਦਸਮ ਗ੍ਰੰਥ ਦੇ ਆਨੰਦਪੁਰ ਵਿਚ ਸੰਪੂਰਣ ਹੋਣ ਤੋਂ ਇਹ ਭਾਵ ਨਹੀਂ ਲਿਆ ਜਾ ਸਕਦਾ ਕਿ ਉਸ ਦੇ ਰਚਨਹਾਰ ਗੁਰੂ ਗੋਬਿੰਦ ਸਿੰਘ ਜੀ ਆਪ ਸਨ। ਗੁਰੂ ਜੀ ਦੇ ਦਰਬਾਰੀ ਕਵੀ ਵੀ ਉਨ੍ਹਾਂ ਪਾਸ ਆਨੰਦਪੁਰ ਵਿਚ ਹੀ ਰਿਹਾ ਕਰਦੇ ਸਨ।

---

1. ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 4
2. ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 4,5
3. ਰਿਪੋਰਟ ਸ਼ੋਧਕ ਕਮੇਟੀ—ਭੂਮਿਕਾ (ਸਰਦੂਲ ਸਿੰਘ)
4. ਰਿਪੋਰਟ ਸ਼ੋਧਕ ਕਮੇਟੀ—ਭੂਮਿਕਾ (ਸਰਦੂਲ ਸਿੰਘ), 'ਮੈਂਬਰਾਂ ਦੀ ਵਾਕਫ਼ੀ'

Digitized by Panjab Digital Library | www.panjabdigilib.org

(ਅ) ਦਸਮ ਗ੍ਰੰਥ ਦੀਆਂ ਕੁਝ ਬਾਣੀਆਂ ਦਾ ਵਿਸ਼ੇਸ਼ ਦਿਵਸਾਂ ਅਤੇ ਪੁਰਬਾਂ ਉਪਰ ਸਿੱਖ ਗੁਰੂ-ਧਾਮਾਂ ਉੱਤੇ ਪੜ੍ਹਿਆ ਜਾਣਾ ਇਸ ਗਲ ਦਾ ਪ੍ਰਮਾਣ ਨਹੀਂ ਕਿ ਸੰਬੰਧਿਤ ਸਾਰੀਆਂ ਬਾਣੀਆ ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਹਨ। ਅਸਲ ਵਿਚ, ਇਨ੍ਹਾਂ ਬਾਣੀਆਂ ਦੀ ਰਚਨਾ ਦਾ ਮਨੋਰਥ ਸਿੱਖ ਸਮਾਜ ਵਿਚ ਵੀਰਤਾ ਦਾ ਸੰਚਾਰ ਕਰਨਾ ਸੀ। ਇਸ ਲਈ ਇਹ ਬਾਣੀਆਂ ਗੁਰੂ ਜੀ ਦੇ ਦਰਬਾਰ ਵਿਚ ਵੀ ਪੜ੍ਹੀਆਂ ਜਾਂਦੀਆਂ ਰਹੀਆਂ ਅਤੇ ਬਾਦ ਵਿਚ ਵੀ ਇਨ੍ਹਾਂ ਦਾ ਪ੍ਰਚਾਰ ਉਸੇ ਉੱਦੇਸ਼ ਤੋਂ ਹੁੰਦਾ ਰਿਹਾ।

ਰਹੀ ਗੱਲ ਅੰਮ੍ਰਿਤ-ਪਾਨ ਕਰਨ ਵੇਲੇ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਦੀ; ਅਸਾਡਾ ਨਿਵੇਦਨ ਹੈ ਕਿ ਅਜ ਕਲ੍ਹ ਜਿਨ੍ਹਾਂ ਪੰਜ ਬਾਣੀਆਂ ਦਾ ਪਾਠ ਅੰਮ੍ਰਿਤ-ਪਾਨ ਦੇ ਸਮੇਂ ਹੁੰਦਾ ਹੈ[1] ਇਨ੍ਹਾਂ ਦਾ ਇਨ ਬਿਨ ਉੱਲੇਖ 'ਸਿਘ ਸਭਾ ਲਹਿਰ' ਤੋਂ ਪਹਿਲਾਂ ਕਿਸੇ ਵੀ ਪ੍ਰਮਾਣਿਕ ਇਤਿਹਾਸ ਤੋਂ ਪ੍ਰਾਪਤ ਨਹੀਂ ਹੁੰਦਾ। ਇਸ ਸੰਬੰਧ ਵਿਚ ਅਨੇਕ ਪ੍ਰਮਾਣਾਂ ਵਿਚੋਂ ਅਸੀਂ ਕੇਵਲ ਦੋ ਉਦਾਹਰਣ ਪੇਸ਼ ਕਰਾਂਗੇ। ਇਹ ਪ੍ਰਮਾਣ 'ਸਿੰਘ ਸਭਾ ਲਹਿਰ' ਤੋਂ 50 ਵਰ੍ਹੇ ਪਹਿਲਾਂ ਦੀਆ ਪ੍ਰਵਿਰਤੀਆਂ ਦੇ ਸੂਚਕ ਹਨ—

(i) "ਜੋ ਸੈਸਟਿ ਸਿਖ ਹੋਇ ਤਿਸ ਨੇ ਪ੍ਰਥਮ **ਜਪ** ਜੀ ਸੰਪੂਰਨ ਪੜਨਾ ਅਰੁ **ਜਾਪ** ਜੀ ਕਾ ਆਦਿ ਅੰਤ ਕਾ ਏਕ ਏਕ ਛੰਦ ਪੜਨਾ। ਅਰੁ ਰਹਰਾਸ ਕੀ **ਚੋਪਈ ਅਰ ਆਨੰਦ** ਜੀ ਪੰਜ ਪਉੜੀਆਂ ਅੰਤ ਕੀ ਪਉੜੀ ਸਹਿਤ ਪੜਨਾ। ਅਰੁ ਕਰਦ ਅੰਮ੍ਰਿਤ ਕੇ ਬੀਚ ਫੇਰਤੇ ਰਹਣੀ। ਤਬ ਉਸ ਨੇ ਸਿਖ ਕੋ ਦੇਣਾ। ਆਗੇ ਉਨ੍ਹ ਚਹੁ ਸਿਖਹੁਨ ਪਾਂਚ ਪਾਂਚ ਅਥਵਾ ਦਸ ਸ੍ਵੈਯੇ ਅਕਾਲ ਉਸਤਤਿ ਕੇ ਪੜ੍ਹਨੇ।"[2]

(ii) ਪਾਹੁਲ ਖੰਡੇ ਤਿਆਰ ਕਰਵਾਈ।

---

1. ਅਜ ਕਲ੍ਹ ਅੰਮ੍ਰਿਤ-ਪਾਨ ਦੇ ਸਮੇਂ ਪੰਜ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ, ਜਿਵੇਂ— ਜਪੁ, ਜਾਪੁ, ਸਵੈਯੇ, ਚੌਪਈ ਅਤੇ ਅਨੰਦ। (ਇਨ੍ਹਾਂ ਵਿਚੋਂ ਕ੍ਰਮਵਾਰ ਦੂਜੀ, ਤੀਜੀ ਅਤੇ ਚੌਥੀ ਬਾਣੀਆਂ ਦਾ ਸੰਬੰਧ 'ਦਸਮ ਗ੍ਰੰਥ' ਨਾਲ ਹੈ।) ਕਈ ਇਕ ਥਾਵਾਂ ਤੇ 'ਅਨੰਦ' ਪੂਰਾ (40 ਛੰਦਾਂ ਦਾ) ਪੜ੍ਹਿਆ ਜਾਂਦਾ ਹੈ ਅਤੇ ਕਈ ਇਕ ਥਾਵਾਂ ਤੇ ਸੰਖਿਪਤ (ਛੇ ਛੰਦਾਂ ਦਾ—ਪ੍ਰਥਮ ਪੰਜ ਅਤੇ ਅਖੀਰਲਾ ਛੰਦ)। ਕਿਤੇ ਕਿਤੇ 'ਚੌਪਈ' ਦੇ 25 ਛੰਦ ਪੜ੍ਹੇ ਜਾਂਦੇ ਹਨ ਅਤੇ ਕਿਤੇ ਕਿਤੇ ਜ਼ਿਆਦਾ। ਸਵੈਯੇ ਵੀ ਕਿਤੇ ੧੦ ਪੜ੍ਹਦੇ ਹਨ ਕਿਤੇ ੩੩। ਹਜ਼ੂਰ ਸਾਹਿਬ (ਦੱਖਣ) ਵਿਚ ਪੰਜ ਤੋਂ ਕੁਝ ਵਧੀਕ ਬਾਣੀਆਂ ਵੀ ਪੜ੍ਹਦੇ ਹਨ। ਜਿਵੇਂ—ਜਪੁ, ਜਾਪੁ, ਸਵੈਯੇ 10, ਸਵੈਯੇ 33, ਚੌਪਈ, ਅਨੰਦ, ਖਾਲਸਾ ਮਹਿਮਾ, ਸ਼ਸਤ੍ਰ ਨਾਮ ਮਾਲਾ ਦਾ ਪਹਿਲਾ ਅਧਿਆਇ। ਉਥੇ ਇਸਤ੍ਰੀਆਂ ਅਤੇ ਪੁਰਸ਼ਾਂ ਦੇ ਅੰਮ੍ਰਿਤਪਾਨ ਦੀ ਵਿਧੀ ਵਿਚ ਵੀ ਅੰਤਰ ਹੈ। ਅੰਮ੍ਰਿਤ ਦੀਆ ਬਾਣੀਆਂ ਸੰਬੰਧੀ 'ਪ੍ਰੇਮ ਸੁਮਾਰਗ' ਦੇ ਸੰਪਾਦਕ ਨੇ ਭੂਮਿਕਾ ਵਿਚ ਕਾਫ਼ੀ ਪ੍ਰਕਾਸ਼ ਪਾਇਆ ਹੈ। ਸਾਰਾਂਸ਼ ਇਹ ਕਿ ਅੰਮ੍ਰਿਤ-ਪਾਨ ਦੀਆਂ ਬਾਣੀਆਂ ਵਿਚ ਹੁਣ ਵੀ ਸਰਬਤ੍ਰ ਸਮਾਨਤਾ ਨਹੀਂ ਹੈ।

2. ਦਸਮੇਸ਼ ਦੇ ਪ੍ਰਸੰਗ (ਪ੍ਰਸੰਗ ਅੰਮ੍ਰਿਤ ਛਕਨ ਛਕਾਵਣ ਦਾ), ਪੱਤਰਾ 36-37

Digitized by Panjab Digital Library | www.panjabdigilib.org

ਜਲ ਮਧ ਆਨ ਮਿਠਾਈ ਪਾਈ ।
ਤਿਹ ਮਧ ਰਾਖੀ ਕਰਦ ਗਡਾਇ ।
ਸਤਿਗੁਰ ਰਾਖੀ ਕਰਦ ਧਾਰੋਦਾਇ ॥੬॥

ਦੋਹਰਾ : ਸ੍ਰੀ ਸਤਿਗੁਰ ਸਤਿਨਾਮ ਕਹਿਉ ਕਰਤਾ ਪੁਰਖ ਉਚਾਰ ।
ਅਕਾਲ ਅਕਾਲਹ ਜਾਪ ਕਰ ਤੇਰੀ ਕ੍ਰਿਪਾ ਨਿਜ ਧਾਰ ॥੭॥

ਚੌਪਈ : ਪ੍ਰਿਥਮ ਭਗੌਤੀ ਵਾਰ ਜੁ ਪੌੜੀ ।
ਪੜ ਪ੍ਰਿਥਮੈ ਆਪ ਸਤਿਗੁਰ ਜੋੜੀ ।
ਨੌਂ ਪਤਸਹੀਅਨ ਲਯੋ ਧਿਆਇ ।
ਅਬ ਦਸਮਨ ਪਰ ਹੋਈ ਸਹਾਈ ॥੮॥
ਬਹੁੜ ਸਵਯੇ ਬਤੀ ਉਚਾਰੇ ।
ਸ੍ਰੀ ਸਤਿਗੁਰੂ ਸ੍ਰੀ ਮੁਖੋਂ ਸਵਾਰੇ ।
ਤੇਜ ਤੇਜ ਜੋ ਚੰਡੀ ਵਾਣੀ ।
ਸੋਊ ਪਾਹੁਲ ਕੇ ਮਧੇ ਠਾਣੀ ॥੯॥ [1]

ਇਨ੍ਹਾਂ ਮਿਸਾਲਾ ਵਿਚੋਂ ਪਹਿਲੀ ਦਾ ਸੰਮਤ ਗਿਆਤ ਨਹੀਂ, ਪਰ ਜਿਸ ਹੱਥ-ਲਿਖਿਤ ਪੋਥੀ (ਐਮ/386, ਪੰਜਾਬ ਆਰਕਾਈਵਜ, ਪਟਿਆਲਾ) ਤੋਂ ਇਹ ਪੰਕਤੀਆਂ ਲਈਆਂ ਗਈਆਂ ਹਨ, ਉਹ ਲਗਭਗ 120 ਵਰ੍ਹੇ ਪੁਰਾਣੀ ਪ੍ਰਤੀਤ ਹੁੰਦੀ ਹੈ ਅਤੇ ਦੂਜੀ ਮਿਸਾਲ ਸੰਮਤ 1898 ਬਿ. ਵਿਚ ਲਿਖੇ ਗਏ 'ਪ੍ਰਾਚੀਨ ਪੰਥ ਪ੍ਰਕਾਸ਼' ਦੀ ਹੈ । ਇਹ ਦੋਵੇਂ ਸਮਕਾਲੀ ਰਚਨਾਵਾਂ ਹਨ, ਪਰ ਇਨ੍ਹਾਂ ਦੋਹਾਂ ਵਿਚ ਅੰਮ੍ਰਿਤ-ਪਾਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਦੇ ਸੰਬੰਧ ਵਿਚ ਏਕਤਾ ਨਹੀਂ ਹੈ । ਫਲਸਰੂਪ, ਸਿੰਘ ਸਭਾ ਲਹਿਰ ਤੋਂ ਪਹਿਲਾਂ ਦਸਮ ਗ੍ਰੰਥ ਦੀਆਂ ਅੰਮ੍ਰਿਤ-ਪਾਨ ਸੰਬੰਧੀ ਬਾਣੀਆਂ ਦੀ ਕੋਈ ਨਿਸ਼ਚਿਤ ਪਰੰਪਰਾ ਨਹੀਂ ਸੀ । ਜੱਥੇ ਜੱਥੇ ਅਤੇ ਡੇਰੇ ਡੇਰੇ ਅਨੁਸਾਰ ਇਹ ਬਦਲਦੀਆਂ ਸਨ । ਇਸ ਲਈ 'ਦਸਮ ਗ੍ਰੰਥ' ਦੇ ਕਰਤ੍ਰਿਤਵ ਦਾ ਨਿਰਣਾ ਕਰਨ ਵੇਲੇ ਇਨ੍ਹਾ ਨੂੰ ਆਧਾਰ ਬਣਾਉਣਾ ਠੀਕ ਨਹੀਂ ਅਤੇ ਜੇ ਇਹ ਤਿੰਨੇਂ ਬਾਣੀਆਂ ਪੜ੍ਹੀਆਂ ਵੀ ਜਾਂਦੀਆਂ ਰਹੀਆਂ ਹੋਣ, ਤਾਂ ਵੀ ਸੰਪੂਰਣ ਦਸਮ ਗ੍ਰੰਥ ਦੇ ਕਰਤ੍ਰਿਤਵ ਦਾ ਨਿਰਣਾ ਇਸ ਗੱਲ ਦੁਆਰਾ ਸੰਭਵ ਨਹੀਂ ਹੋ ਸਕਦਾ ।

ਸਾਰਾਂਸ਼ ਇਹ ਕਿ 'ਸੋਧਕ ਕਮੇਟੀ' ਦੀ ਰਿਪੋਰਟ ਤੇ ਆਧਾਰਿਤ ਪ੍ਰਮਾਣ ਮਹੱਤਵ-ਪੂਰਣ ਨਹੀਂ ਹਨ । ਪਰ ਕੁਝ ਵਿਦਵਾਨ ਇਨ੍ਹਾ ਤੋਂ ਬਹੁਤ ਪ੍ਰਭਾਵਿਤ ਹੋਏ ਹਨ । ਡਾ. ਧਰਮਪਾਲ ਆਸ਼ਟਾ ਨੇ ਪ੍ਰਸਿੱਧ 'ਸਿੱਖ ਇਤਿਹਾਸ' (ਪਹਿਲਾ ਸੰਸਕਰਣ ਸਨ 1849 ਈ.) ਦੇ ਲੇਖਕ ਜੋਸਫ ਕੰਨਿਘਮ ਉੱਤੇ ਇਹ ਦੋਸ਼ ਮੜ੍ਹੇ ਹਨ ਕਿ ਉਨ੍ਹਾਂ ਨੇ 'ਦਸਮ ਗ੍ਰੰਥ'

1. ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ), ਪੰਨਾ 43

Digitized by Panjab Digital Library | www.panjabdigilib.org

ਸੰਬੰਧੀ ਆਪਣੀਆਂ ਮਾਨਤਾਵਾਂ ਨੂੰ ਪੇਸ਼ ਕਰਦਿਆਂ ਸੋਧਕ ਕਮੇਟੀ ਦੇ ਤਥਾ-ਕਥਿਤ ਸਿਟਿਆਂ ਤੋਂ ਲਾਭ ਨਹੀਂ ਉਠਾਇਆ।[1] ਪਤਾ ਨਹੀਂ ਡਾ. ਸਾਹਿਬ ਨੂੰ ਇਹ ਗੱਲ ਕਿਉਂ ਨਾ ਸੁਝੀ ਕਿ ਜੋਸਫ ਕੰਨਿਘਮ ਆਪਣਾ ਇਤਿਹਾਸ ਸੋਧਕ ਕਮੇਟੀ ਦੀ ਰਿਪੋਰਟ ਤੋਂ ਲਗਭਗ 50 ਵਰ੍ਹੇ ਪਹਿਲਾਂ ਲਿਖ ਚੁਕਾ ਸੀ। ਇੰਜ ਲਗਦਾ ਹੈ ਕਿ ਡਾ. ਅਸ਼ਟਾ ਨੂੰ ਜੋਸਫ ਕੰਨਿਘਮ ਦੇ ਇਤਿਹਾਸ ਦਾ ਸਨ 1918 ਈ. ਵਾਲਾ ਸੰਸਕਰਣ ਹੀ ਵੇਖਣ ਨੂੰ ਮਿਲਿਆ ਹੈ, ਸਨ 1849 ਈ. ਵਾਲਾ ਪਹਿਲਾ ਸੰਸਕਰਣ ਨਹੀਂ ਅਤੇ ਆਵੱਸ਼ਕ ਸਾਵਧਾਨੀ ਦੇ ਅਭਾਵ ਕਰਕੇ ਉਨ੍ਹਾਂ ਤੋਂ ਪ੍ਰਸਤੁਤ ਉਕਾਈ ਹੋ ਗਈ ਹੈ।

## (3) ਅਕਾਲ ਤਖਤ ਉੱਤੇ ਦਸਮ ਗ੍ਰੰਥ ਦਾ ਅਖੰਡ ਪਾਠ

6. ਡਾ. ਧਰਮ ਪਾਲ ਅਸ਼ਟਾ ਨੇ 'ਦਸਮ ਗ੍ਰੰਥ' ਨੂੰ ਗੁਰੂ ਕ੍ਰਿਤ ਸਿੱਧ ਕਰਦਿਆਂ ਇਕ ਤਰਕ ਇਹ ਵੀ ਦਿੱਤਾ ਹੈ ਕਿ "ਦਸੰਬਰ 1944 ਈ. ਵਿਚ ਗੁਰੂ ਗੋਬਿੰਦ ਸਿੰਘ ਦੇ ਜਨਮ-ਦਿਵਸ ਦੇ ਅਵਸਰ ਉੱਤੇ ਜਥੇਦਾਰ ਮੋਹਨ ਸਿੰਘ ਨੇ ਅਕਾਲ ਤਖਤ ਉੱਤੇ 'ਦਸਮ ਗ੍ਰੰਥ' ਦਾ ਅਖੰਡ ਪਾਠ ਕਰਵਾਇਆ ਸੀ।"[2]

### ਪਰੀਖਿਆ

7. ਨਿਰਸੰਦੇਹ ਅਜਿਹਾ ਕੋਈ ਅਖੰਡ-ਪਾਠ ਕਰਵਾਇਆ ਗਿਆ ਸੀ, ਪਰ ਅਧਿਕਾਰੀ ਸਾਧਨਾਂ ਤੋਂ ਪਤਾ ਚਲਿਆ ਹੈ ਕਿ 'ਅਕਾਲ ਤਖਤ' ਦੀ ਮਰਯਾਦਾ ਅਨੁਸਾਰ 'ਦਸਮ ਗ੍ਰੰਥ' ਦਾ ਪਾਠ ਅਕਾਲ ਤਖ਼ਤ ਉੱਤੇ ਨਹੀਂ ਹੋ ਸਕਦਾ। ਉੱਥੇ ਤਾਂ ਕੇਵਲ 'ਆਦਿ ਗ੍ਰੰਥ' ਦਾ ਹੀ ਪਾਠ ਹੁੰਦਾ ਹੈ। ਅਸਲ ਵਿਚ, ਸਨ 1944 ਈ. ਵਾਲਾ 'ਦਸਮ ਗ੍ਰੰਥ' ਦਾ ਅਖੰਡ-ਪਾਠ 'ਅਕਾਲ ਤਖਤ' ਦੇ ਹੇਠਾਂ ਦੀਵਾਨ-ਸਥਾਨ ਉੱਤੇ ਹੋਇਆ ਸੀ। ਇਸ ਦੀਵਾਨ-ਸਥਾਨ ਉੱਤੇ ਹੋਰ ਵੀ ਕਈਆਂ ਸਿੱਖ-ਇਤਿਹਾਸ ਗ੍ਰੰਥਾਂ ਦੇ ਪਾਠ ਅਤੇ ਕਥਾਵਾਂ ਹੁੰਦੀਆਂ ਰਹਿੰਦੀਆਂ ਹਨ। ਪਰ ਇਸ ਅਖੰਡ-ਪਾਠ ਤੋਂ ਇਹ ਸਿੱਧ ਨਹੀਂ ਕੀਤਾ ਜਾ ਸਕਦਾ ਕਿ 'ਦਸਮ ਗ੍ਰੰਥ' ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚਨਾ ਹੈ। ਅਸਲ ਵਿਚ, ਵਿਦਵਾਨ ਲੇਖਕ ਨੂੰ ਅਕਾਲ ਤਖਤ ਦੀ ਮਰਯਾਦਾ ਦੇ ਸੰਬੰਧ ਵਿਚ ਅਤੇ ਉਪਰੋਕਤ ਅਖੰਡ-ਪਾਠ ਵਾਲੀ ਘਟਨਾ ਦੇ ਬਾਰੇ ਸਹੀ ਸਹੀ ਜਾਣਕਾਰੀ ਨਹੀਂ ਮਿਲ ਸਕੀ, ਇਸ ਵਾਸਤੇ ਉਨ੍ਹਾਂ ਨੇ ਇਹ ਟਪਲਾ ਖਾਧਾ ਹੈ। ਉਂਜ ਕਿਸੇ ਗ੍ਰੰਥ ਦਾ 'ਅਕਾਲ ਤਖਤ' ਪਾਸ ਪੜ੍ਹਿਆ ਜਾਣਾ ਉਸ ਨੂੰ ਗੁਰੂ ਰਚਿਤ ਸਿੱਧ ਕਰਨ ਲਈ ਕੋਈ ਦਲੀਲ ਨਹੀਂ ਹੈ।

## (4) ਭਾਈ ਮਨੀ ਸਿੰਘ ਦੀ ਚਿੱਠੀ ਤੇ ਆਧਾਰਿਤ ਤਰਕ

8. ਭਾਈ ਮਨੀ ਸਿੰਘ ਦੀ ਤਥਾ-ਕਥਿਤ ਚਿੱਠੀ ( ਵੇਖੋ ਚਿਤਰ 1 ) ਨੂੰ

---

1. ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਅਸ਼ਟਾ) ਪੰਨਾ 5
2. ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਅਸ਼ਟਾ), ਪੰਨਾ 5

Digitized by Panjab Digital Library | www.panjabdigilib.org

ਆਧਾਰ ਬਣਾ ਕੇ ਇਹ ਤਰਕ ਪੇਸ਼ ਕੀਤਾ ਜਾਂਦਾ ਹੈ ਕਿ 'ਚਰਿਤ੍ਰੋਪਾਖਿਆਨ', 'ਸਸਤ੍ਰ ਨਾਮ ਮਾਲਾ' ਅਤੇ 'ਕ੍ਰਿਸ਼ਨਾਵਤਾਰ' ਗੁਰੂ ਜੀ ਦੀਆਂ ਰਚਨਾਵਾਂ ਹਨ।[1] ਕਿਉਂਕਿ ਇਸ ਚਿੱਠੀ ਦੀਆਂ ਹੇਠ ਲਿਖੀਆਂ ਪੰਕਤੀਆਂ ਇਨ੍ਹਾਂ ਰਚਨਾਵਾਂ ਦਾ ਕਰਤ੍ਰਿਤਵ ਗੁਰੂ ਜੀ ਦਾ ਸਿੱਧ ਕਰਦੀਆਂ ਹਨ—

"..... ਪੋਥੀਆਂ ਜੋ ਫ਼ਤਾ ਸਿੰਘ ਹਾਥਿ ਭੇਜੀ ਥੀ॥ ਉਨਾਂ ਵਿਚਿ ਸਾਹਿਬਾਂ ਦੇ ੩੦੩ ਚਰਿਤਰ ਉਪਖਿਆਨ ਦੀ ਪੋਥੀ ਜੋ ਹੈ ਸੀਹਾ ਸਿੰਘ ਨੂੰ ਮਹਲ ਵਿਚਿ ਦੇਨਾ ਜੀ॥ ਨਾਮ ਮਾਲਾ ਦੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀ॥ ਕ੍ਰਿਸਨਾਵਤਾਰ ਪੂਰਬਾਰਧ ਤੋ ਮਿਲਾ॥ ਉਤ੍ਰਾਰਧ ਨਾਹੀ॥ ਜੋ ਮਿਲੀ ਅਸੀਂ ਭੇਜ ਦੇਵਾਂਗੇ॥......"

## ਪਰੀਖਿਆ

9. ਇਸ ਚਿੱਠੀ ਵਿਚ ਲਿਖੀਆਂ ਗੱਲਾ ਤਦੇ ਕੁਝ ਅਰਥ ਰਖਦੀਆਂ ਹਨ, ਜੇ ਇਹ ਚਿੱਠੀ ਪ੍ਰਮਾਣਿਕ ਸਿੱਧ ਹੋ ਜਾਵੇ। ਇਸ ਲਈ ਇਸ ਦੀ ਪ੍ਰਮਾਣਿਕਤਾ ਉੱਤੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ :

(i) ਚਿੱਠੀ ਦਾ ਇਤਿਹਾਸ : ਇਸ ਚਿੱਠੀ ਦਾ ਭੇਦ ਭਰਿਆ ਇਤਿਹਾਸ ਗਿਆਨੀ ਹਰਨਾਮ ਸਿੰਘ 'ਬੱਲਭ' (ਨਿਵਾਸੀ ਗੁਰਦੁਆਰਾ ਰਕਾਬ ਗੰਜ, ਸੈਂਟਰਲ ਸੈਕਟੇਰੀਏਟ ਨਵੀਂ ਦਿਲੀ—1) ਨਾਲ ਸੰਬੰਧਿਤ ਹੈ। ਉਨ੍ਹਾਂ ਦੇ ਆਪਣੇ ਲਿਖੇ ਅਨੁਸਾਰ ਇਸ ਚਿੱਠੀ ਦਾ ਸੰਕੇਤ ਉਨ੍ਹਾਂ ਨੂੰ ਪ੍ਰਸਿੱਧ ਇਤਿਹਾਸਕਾਰ ਸ. ਕਰਮ ਸਿੰਘ 'ਹਿਸਟੋਰੀਅਨ' ਦੇ ਜ਼ਿਲਾ ਨੈਨੀਤਾਲ ਤੋਂ 14 ਅਪ੍ਰੈਲ, 1929 ਨੂੰ ਲਿਖੇ ਇਕ ਪੱਤਰ ਤੋਂ ਮਿਲਿਆ। ਇਸ ਦੀ ਪੜਤਾਲ ਕਰਦੇ ਹੋਇਆਂ ਗਿਆਨੀ ਜੀ ਨੂੰ ਇਹ ਚਿੱਠੀ ਸਨ 1929 ਈ. ਵਿਚ ਦਿੱਲੀ ਦੇ "ਪ੍ਰਾਚੀਨ ਕਿਸੇ ਸਿਖ ਘਰਾਣੇ" ਤੋਂ ਪ੍ਰਾਪਤ ਹੋਈ। ਇਸ ਇਤਿਹਾਸਕ ਚਿੱਠੀ ਨੂੰ ਸਭ ਤੋਂ ਪਹਿਲਾਂ ਡਾ. ਟ੍ਰੰਪ ਦੇ 'ਆਦਿ ਗ੍ਰੰਥ' ਦੇ ਅਨੁਵਾਦ ਦੇ ਪਹਿਲੇ ਭਾਗ (ਸਨ 1949 ਈ. ?) ਦੀ ਭੂਮਿਕਾ ਵਿਚ ਗਿਆਨੀ ਹਰਨਾਮ ਸਿੰਘ ਨੇ ਇਤਿਹਾਸਿਕ ਚਿੱਠੀਆਂ ਦੀ ਪਰੰਪਰਾ ਵਿਚ ਪ੍ਰਕਾਸ਼ਿਤ ਕਰਵਾਇਆ।[2]

---

1. (1) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 8
   (2) ਸਿੱਖ ਰਿਵੀਊ (ਤ੍ਰਿਲੋਚਨ ਸਿੰਘ), (ਅਪ੍ਰੈਲ, 1935), ਪੰਨਾ 56-57
   (3) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 38-40
   (4) ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵਯ ਕਾ ਆਲੋਚਨਾਤਮਕ ਅਧਿਐਨ (ਹਰਭਜਨ ਸਿੰਘ), ਪੰਨਾ 541

   ਇਨ੍ਹਾਂ ਸਾਰੀਆਂ ਪੁਸਤਕਾਂ ਵਿਚ ਉਪਰੋਕਤ ਚਿੱਠੀ ਦੀ ਪ੍ਰਮਾਣਿਕਤਾ ਉੱਤੇ ਵਿਚਾਰ ਕੀਤੇ ਬਿਨਾਂ ਇਸ ਵਿਚ ਉੱਲਿਖਿਤ ਰਚਨਾਵਾਂ ਨੂੰ ਪ੍ਰਸੰਗ ਅਨੁਸਾਰ ਗੁਰੂ ਜੀ ਦੀਆਂ ਕ੍ਰਿਤੀਆਂ ਮੰਨ ਲਿਆ ਗਿਆ ਹੈ।
2. ਗਿਆਨੀ ਜੀ ਦੇ ਇਕ ਨਿਜੀ ਪੱਤਰ (ਦਿਨਾਂਕ 8-10-60) ਦੇ ਆਧਾਰ ਤੇ।

Digitized by Panjab Digital Library | www.panjabdigilib.org

(ii) ਕਾਗਜ਼, ਲਿਪੀ ਆਦਿ : ਗਿਆਨੀ ਜੀ ਨਾਲ ਕਾਫ਼ੀ ਗੱਲ-ਬਾਤ ਅਤੇ ਪੱਤਰ-ਵਿਵਹਾਰ ਹੋਣ ਦੇ ਬਾਵਜੂਦ ਅਤੇ ਬਾਰ ਬਾਰ ਕਹਿਣ ਤੇ ਵੀ ਇਹ ਚਿੱਠੀ ਸਾਨੂੰ ਵੇਖਣ ਲਈ ਨਹੀਂ ਮਿਲ ਸਕੀ। ਇਸ ਲਈ ਇਸ ਦੇ ਕਾਗਜ਼ ਅਤੇ ਸਿਆਹੀ ਆਦਿ ਦੀ ਵਿਗਿਆਨਿਕ ਅਤੇ ਆਵੱਸ਼ਕ ਪੜਤਾਲ ਇਸ ਪ੍ਰਬੰਧ ਵਿਚ ਨਹੀਂ ਦਿੱਤੀ ਜਾ ਸਕੀ, ਜਿਸ ਦਾ ਸਾਨੂੰ ਖੇਦ ਹੈ।[1]

(iii) ਉਸ ਸਮੇਂ ਦੀਆਂ ਚਿੱਠੀਆਂ ਦੇ ਲਿਖਣ ਦਾ ਢੰਗ ਸੰਜੋਗਾਤਮਕ ਹੁੰਦਾ ਸੀ, ਵਿਜੋਗਾਤਮਕ ਨਹੀਂ ; ਅਰਥਾਤ ਸ਼ਬਦ ਇਕ ਦੂਜੇ ਦੇ ਨਾਲ ਜੋੜ ਕੇ ਲਿਖੇ ਜਾਂਦੇ ਸਨ, ਵਿਚਾਲੇ ਅਜ-ਕਲ੍ਹ ਵਾਂਗ ਖਾਲੀ ਥਾਂ ਨਹੀਂ ਸੀ ਛੱਡੀ ਜਾਂਦੀ। ਗੁਰੂ ਗੋਬਿੰਦ ਸਿੰਘ, ਬੰਦਾ ਬਹਾਦੁਰ (ਵੇਖੋ ਚਿਤਰ 3, 10) ਆਦਿ ਦੇ ਹੁਕਮ-ਨਾਮਿਆਂ ਅਤੇ ਉਸ ਵੇਲੇ ਦੇ ਹੋਰ ਹੱਥ-ਲਿਖਿਤ ਗ੍ਰੰਥਾਂ ਵਿਚ ਲਿਖਣ ਦੀ ਇਸੇ ਵਿਧੀ ਨੂੰ ਅਪਣਾਇਆ ਗਿਆ ਸੀ। ਪਰ ਉਸ ਦੇ ਉਲਟ ਇਸ ਚਿੱਠੀ ਵਿਚ ਵਿਜੋਗਾਤਮਕ ਲਿਖਣ-ਵਿਧੀ ਨੂੰ ਅਪਣਾਇਆ ਗਿਆ ਹੈ। ਇਹ ਵਿਧੀ ਇਸ ਚਿੱਠੀ ਦੀ ਨਵੀਨਤਾ ਦੀ ਸੂਚਕ ਹੈ। ਇਸ ਤੋਂ ਛੁਟ, ਇਸ ਚਿੱਠੀ ਦੀਆਂ ਪੰਕਤੀਆਂ ਵਿਚ ਉਹ ਸੁਘੜਤਾ ਅਤੇ ਸੁੰਦਰਤਾ ਵੀ ਨਹੀਂ ਹੈ, ਜੋ ਭਾਈ ਮਨੀ ਸਿੰਘ ਵਰਗੇ ਅਭਿਆਸਸੀਲ ਲਿਖਾਰੀ ਦੀਆਂ ਪੰਕਤੀਆਂ ਵਿਚ ਹੋਣੀ ਚਾਹੀਦੀ ਹੈ। ਪੰਕਤੀਆਂ ਵਿਚਾਲੇ ਪਰਸਪਰ ਵਿਥ ਸੰਬੰਧੀ ਇਕਸਾਰਤਾ ਦਾ ਅਭਾਵ ਅਤੇ ਹਾਸ਼ੀਏ ਦੀ ਬੇਨੇਮੀ ਵਿਵਸਥਾ ਵੀ ਇਸੇ ਪਾਸੇ ਸੰਕੇਤ ਕਰਦੀ ਪ੍ਰਤੀਤ ਹੁੰਦੀ ਹੈ।

ਇਸ ਸੰਬੰਧ ਵਿਚ ਸਨ 1867 ਈ. ਵਿਚ ਪ੍ਰਕਾਸ਼ਿਤ ਹੋਣ ਵਾਲੇ ਇਕ ਸਮਾਚਾਰ ਪੱਤਰ 'ਅਖ਼ਬਾਰ ਸ੍ਰੀ ਦਰਬਾਰ ਸਾਹਿਬ' (ਗੁਰਮੁਖੀ ਲਿਪੀ) ਦਾ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ[2]। ਇਸ ਪੱਤਰ ਵਿਚ ਛਪੇ ਸ਼ਬਦਾਂ ਦੇ ਸੰਜੋਗਾਤਮਕ ਰੂਪ ਤੋਂ ਇਹ ਚੰਗੀ ਤਰ੍ਹਾਂ ਸਿੱਧ ਹੋ ਜਾਂਦਾ ਹੈ ਕਿ ਉਸ ਵੇਲੇ ਤਕ ਸੰਜੋਗਾਤਮਕ ਲਿਖਣ-ਵਿਧੀ ਦੀ ਪਰੰਪਰਾ ਅਰੁਕ ਰੂਪ ਵਿਚ ਚਲ ਰਹੀ ਸੀ। ਅਜਿਹੀ ਹਾਲਤ ਵਿਚ ਇਸ ਚਿੱਠੀ ਨੂੰ ਭਾਈ ਮਨੀ

---

1. ਇਸ ਦੇ ਪ੍ਰਸਤੁਤ ਬਲਾਕ-ਚਿਤਰ ਸੰਬੰਧੀ ਇਕ ਅਭਿਆਸਸ਼ੀਲ ਫੋਟੋ-ਗ੍ਰਾਫਰ (ਸ. ਮਨੋਹਰ ਸਿੰਘ, ਮਾਰਕੋਜ਼) ਦੀ ਰਾਇ ਇੰਜ ਹੈ—

"ਪੁਰਾਣੀਆਂ ਲਿਖਤਾਂ ਦੇ ਬਲਾਕ ਆਮ ਕਰਕੇ ਹਾਫਟੋਨ ਬਣਦੇ ਹਨ ਅਤੇ ਨਵੀਆਂ ਲਿਖਤਾਂ ਦੇ ਲਾਈਨ-ਬਲਾਕ ਬਣਦੇ ਹਨ, ਕਿਉਂਕਿ ਨਵੀਆਂ ਲਿਖਤਾਂ ਨੂੰ ਸਾਫ ਚਿਟੇ ਕਾਗਜ਼ ਉਪਰ ਕਾਲੀ ਸਿਆਹੀ ਵਰਤ ਕੇ ਉਸ ਦਾ ਭਾਵ (impression) ਅਸੀਂ ਸਾਫ ਲੈ ਸਕਦੇ ਹਾਂ ਪਰ ਪੁਰਾਣੀਆਂ ਲਿਖਤਾਂ ਦੇ ਕਾਗਜ਼ ਦਾ ਮਟ-ਮੈਲਾ ਹੋ ਚੁਕਿਆ ਰੰਗ, ਉਸ ਉਪਰ ਪਈਆਂ ਭਾਨਾਂ ਤੇ ਤ੍ਰੇੜਾਂ, ਸਮੇਂ ਨਾਲ ਸਿਆਹੀ ਦਾ ਫਿਕਾ ਪੈ ਚੁਕਾ ਰੰਗ ਅਸੀਂ ਕੇਵਲ ਹਾਫ਼ਟੋਨ ਬਲਾਕਾਂ ਰਾਹੀਂ ਹੀ ਦਰਸ਼ਕ ਤਕ ਪਹੁੰਚਾ ਕੇ ਲਿਖਤ ਦੀ ਪੁਰਾਤਨਤਾ ਸਿੱਧ ਕਰ ਸਕਦੇ ਹਾਂ ਪਰ ਬਲੱਗ ਜੀ ਨੇ ਲਾਈਨ ਬਲਾਕ ਵਰਤ ਕੇ ਦਰਸ਼ਕਾਂ ਤੋਂ ਇਹ ਅੰਦਾਜ਼ਾ ਲਗਾ ਸਕਣ ਦਾ ਹਕ ਵੀ ਖੋਹ ਲਿਆ ਹੈ ਅਤੇ ਚਿੱਠੀ ਦੀ ਪੁਰਾਤਨਤਾ ਸ਼ਕੀ ਬਣਾ ਦਿੱਤੀ ਹੈ।" (ਨਿਜੀ ਪੱਤਰ, ਦਿਨਾਂਕ 31-7-61)

2. ਇਸ ਪੱਤਰ ਦੇ ਮੁਖ ਪੰਨੇ ਦਾ ਨਮੂਨਾ ਹੇਠਾਂ ਦਿੱਤਾ ਹੈ— (ਬਾਕੀ ਸਫ਼ਾ 41 ਤੇ)

Digitized by Panjab Digital Library | www.panjabdigilib.org

ਸਿੰਘ ਦੁਆਰਾ ਲਿਖਿਤ ਸਿੱਧ ਕਰਨ ਵਾਸਤੇ ਸਾਰੀਆਂ ਪ੍ਰਾਚੀਨ ਲਿਖਣ-ਵਿਧੀਆਂ ਦਾ ਪ੍ਰਤੱਖ ਵਿਰੋਧ ਕਰਨਾ ਹੋਵੇਗਾ ਅਤੇ ਭਾਈ ਮਨੀ ਸਿੰਘ ਨੂੰ ਵੀ ਇਕ ਅਣਅਭਿਆਸੀ ਲਿਖਾਰੀ ਮੰਨ ਲੈਣਾ ਹੋਵੇਗਾ। ਨਾਲੇ, ਇਹ ਚਿੱਠੀ ਨਿਬ ਦੁਆਰਾ ਲਿਖੀ ਪ੍ਰਤੀਤ ਹੁੰਦੀ ਹੈ। ਭਾਈ ਮਨੀ ਸਿੰਘ ਦੁਆਰਾ ਨਿਬ ਦੀ ਵਰਤੋਂ ਪ੍ਰਮਾਣਿਤ ਕਰਨਾ ਸਹਿਲ ਨਹੀਂ ਹੈ।

(iv) ਇਸ ਚਿੱਠੀ ਵਿਚ ਵਰਤੀ ਬਿੰਦੀ ਦੇ ਸੰਬੰਧ ਵਿਚ ਪ੍ਰੋ. ਪ੍ਰੀਤਮ ਸਿੰਘ ਨੇ ਦਸਿਆ ਹੈ ਕਿ ਅਨੇਕ ਥਾਵਾਂ ਤੇ, ਜਿਥੇ ਹੁਣ ਬਿੰਦੀ ਦੀ ਵਰਤੋਂ ਹੁੰਦੀ ਹੈ, ਭਾਈ ਮਨੀ ਸਿੰਘ ਦੇ ਸਮੇਂ ਇਸ ਦੀ ਬਹੁਤ ਘਟ ਵਰਤੋਂ ਹੁੰਦੀ ਸੀ, ਪਰ ਇਸ ਚਿੱਠੀ ਵਿਚ ਬਿੰਦੀ ਦੀ ਵਰਤੋਂ ਅਧਿਕਤਾ ਨਾਲ ਕੀਤੀ ਗਈ ਹੈ।[1] ਇਸ ਚਿੱਠੀ ਦੀਆਂ ਅੰਤਲੀਆਂ ਛੇ ਪੰਕਤੀਆਂ ਪ੍ਰਮਾਣ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਇਸ ਚਿੱਠੀ ਵਿਚ ਪੂਰਣ-ਵਿਸ੍ਰਾਮ ਚਿੰਨ੍ਹਾਂ ਦਾ ਵੀ ਬਹੁਤ ਵਾਰ ਪ੍ਰਯੋਗ ਹੋਇਆ ਹੈ। ਉਸ ਵੇਲੇ ਦੀਆਂ ਚਿੱਠੀਆਂ ਵਿਚ, ਜਿਵੇਂ ਦਸਮ ਗੁਰੂ ਅਤੇ ਬਾਬਾ ਬੰਦਾ ਬਹਾਦਰ ਦੇ ਹੁਕਮਨਾਮਿਆਂ ( ਵੇਖੋ ਚਿਤਰ 3, 10 ) ਤੋਂ ਪ੍ਰਗਟ ਹੁੰਦਾ ਹੈ, ਪੂਰਣ-ਵਿਸ੍ਰਾਮ

(ਸਫ਼ਾ 40 ਦਾ ਬਾਕੀ)

ਅਖਬਾਰਸ੍ਰੀਦਰਬਾਰਸਾਹਿਬ
ਸ੍ਰੀਅੰਮ੍ਰਿਤਸਰਜੀ

| | | |
|---|---|---|
| ਨੰਬਰ ੧ | ਪਹਿਲੀਮਾਰਚਸੰਨ ੧੮੬੭ ਈਸਵੀ ੨੦ ਫਾਗਨਸੰਮਤ ੧੯੨੩ ਸੁਕਰਵਾਰ | ਜਿਲਦ ੧ |

ਪ੍ਰਸਿਧਪਤ੍ਰ

ਯਹਸਮਾਚਾਰਪੱਤਰਅਦਭੁਤਚਰਿਤੋਂਸੇਭਰਾਹੁ
ਆਹਰਅੰਗਰੇਜੀਮਹੀਨੇਕੀਪਹਿਲੀਅਰਪੰਦ੍ਰਹਿ
ਤਾਰੀਖਕੋਸ੍ਰੀਅੰਮ੍ਰਿਤਸਰਮੇਂਜੋਕੋਹਨੂਰਯੰਤ੍ਰਾਲੇ
ਕੀਸ਼ਾਖਾਹੈਛਪਕਰਪ੍ਰਸਿਧਹੋਤਾਹੈਯਹਸਾਖਾ
ਵਹਾਂਥੋੜੇਹੀਦਿਨੋਂਸੇਜਮੀਹੈਔਰਵਹਾਂਕੇਹਾਕਿ
ਮੋਂਔਰਰਈਸੋਂਕੀਨਿਜਕ੍ਰਿਪਾਔਰਪੂਰੀ
ਸਹਾਇਤਾਸੇਐਸੀਅਛੀਫਲੀਫੂਲੀਹੈਜਿਉਸਮੇਂ

ਸਭਸੇਪਹਿਲੇਯਹਅਦਭੁਤਸੁਖਦਾਯਕਦੋ
ਫਲਲਗੇਏਕਯਹਸਮਾਚਾਰਪਤ੍ਰਜਿਸਮੇਂਦੇ
ਸਕੀਅਨੇਕਸਚੀਔਰਉਮਦਾਖਬਰੇਂਛਪਤੀਹੈਂ
ਦੂਸਰਾਪ੍ਰਸਿਧਪਤ੍ਰਜਿਸਸੇਅਨੇਕਪ੍ਰਕਾਰਕੇਇਸ
ਤਿਹਾਰਸੌਦਾਗਰੀਔਰਸਰਕਾਰੀਔਰਆਮਖਾ
ਸਕੇਪ੍ਰਸਿਧਕੀਏਜਾਤੇਹੈਂਔਰਵਹਕਿਲਾਕੀਮਤ
ਮਤੁਹਾਜਸੀਓਂਔਰਅਦਾਲਤੋਂਔਹਦੀ

ਪੰਜਾਬੀ ਪੱਤਰ ਕਲਾ (ਪੰਜਾਬੀ ਮਹਿਕਮਾ) ਦੇ ਪੰਨਾ 229 ਉੱਤੇ ਦਿੱਤੇ ਬਲਾਕ ਦਾ ਉਤਾਰਾ।

1. ਇਕ ਨਿਜੀ ਪੱਤਰ, ਦਿਨਾਂਕ 22—6—1961

Digitized by Panjab Digital Library | www.panjabdigilib.org

ਚਿੰਨ੍ਹਾਂ ਦਾ ਪ੍ਰਯੋਗ ਬਹੁਤ ਘਟ ਜਾਂ ਲਗਭਗ ਨਹੀਂ ਹੁੰਦਾ ਸੀ। ਇਸ ਚਿੰਨ੍ਹ ਦੀ ਅਧਿਕ ਵਰਤੋਂ ਦੀ ਪ੍ਰਵਿਰਤੀ ਬਾਦ ਦੀ ਹੈ। ਇਨ੍ਹਾਂ ਤੱਥਾਂ ਦੁਆਰਾ ਵੀ ਇਸ ਚਿੱਠੀ ਦੀ ਪ੍ਰਮਾਣਿਕਤਾ ਅਤੇ ਪ੍ਰਾਚੀਨਤਾ ਉਤੇ ਸਟ ਵਜਦੀ ਹੈ।

(v) ਇਸ ਚਿੱਠੀ ਵਿਚ ਵਰਤੇ ਅੱਖਰਾਂ ਅਤੇ ਮਾਤ੍ਰਾਵਾਂ ਦੇ ਸਰੂਪ ਬਹੁਤ ਨਵੇਂ ਹਨ। ਸ. ਸ਼ਮਸ਼ੇਰ ਸਿੰਘ 'ਅਸ਼ੋਕ' ਨੇ, ਜਿਨ੍ਹਾਂ ਨੇ ਭਾਸ਼ਾ ਵਿਭਾਗ ਪਟਿਆਲਾ ਲਈ ਪੰਜਾਬੀ ਹੱਥ-ਲਿਖਤਾਂ ਦੀ ਇਕ ਵੱਡੇ ਆਕਾਰ ਦੀ ਸੂਚੀ ਤਿਆਰ ਕੀਤੀ ਹੈ, ਇਕ ਮੁਲਾਕਾਤ ਵਿਚ ਅਸਾਡੇ ਇਸ ਮਤ ਦਾ ਸਮਰਥਨ ਕੀਤਾ ਹੈ। ਪ੍ਰੋ. ਪ੍ਰੀਤਮ ਸਿੰਘ ਵੀ ਇਸ ਕਥਨ ਨਾਲ ਸਹਿਮਤ ਹਨ[1]।

ਅੱਖਰਾਂ ਅਤੇ ਮਾਤ੍ਰਾਵਾਂ ਦੇ ਵਿਸ਼ਲੇਸ਼ਣ ਦਾ ਸਾਰਿਆਂ ਤੋਂ ਜ਼ਿਆਦਾ ਪ੍ਰਚਲਿਤ ਅਤੇ ਸਰਬ-ਪ੍ਰਵਾਨ ਤਰੀਕਾ ਵਖ ਵਖ ਨਮੂਨਿਆਂ ਵਿਚੋਂ ਅਜਿਹੇ ਅੱਖਰਾਂ, ਮਾਤ੍ਰਾਵਾਂ ਆਦਿ ਨੂੰ ਕਟ ਕਟ ਕੇ ਇਕੱਠੇ ਆਹਮਣੇ-ਸਾਹਮਣੇ ਚਿਪਕਾਉਣ ਦਾ ਹੈ, ਜਿਸ ਨਾਲ 'ਤੁਲਨਾਤਮਕ ਮਾਨਚਿਤਰ' ਤਿਆਰ ਹੋ ਜਾਂਦਾ ਹੈ। ਅਜਿਹੇ ਮਾਨਚਿਤਰ ਦੇ ਨਿਰਮਾਣ ਨਾਲ ਅੱਖਰਾਂ ਅਤੇ ਮਾਤ੍ਰਾਵਾਂ ਦੀ ਬਨਾਵਟ ਦਾ ਅੰਤਰ ਆਸਾਨੀ ਨਾਲ ਸਪੱਸ਼ਟ ਹੋ ਜਾਂਦਾ ਹੈ। ਇਸ ਲਈ ਹੇਠਾਂ ਅਜਿਹਾ ਇਕ ਮਾਨਚਿਤਰ ਪੇਸ਼ ਕੀਤਾ ਹੈ, ਜਿਸ ਵਿਚ ਅਸੀਂ ਹੇਠ ਲਿਖੀ ਹੱਥ-ਲਿਖਤ ਸਾਮਗ੍ਰੀ ਤੋਂ ਅੱਖਰ ਤੇ ਮਾਤ੍ਰਾਵਾਂ ਲਈਆਂ ਹਨ ਅਤੇ ਉਨ੍ਹਾਂ ਦੇ ਸਰੂਪ ਦੀ ਪ੍ਰਾਚੀਨਤਾ ਦਾ ਨਿਰਣਾ ਵਰਤਮਾਨ ਗੁਰਮੁਖੀ ਲਿਪੀ ਦੇ ਪ੍ਰਕਰਣ ਵਿਚ ਰਖ ਕੇ ਕੀਤਾ ਹੈ।

(1) ਵਰਤਮਾਨ ਪ੍ਰਚਲਿਤ ਗੁਰਮੁਖੀ ਲਿਪੀ;
(2) ਭਾਈ ਮਨੀ ਸਿੰਘ ਦੀ ਤਥਾ-ਕਥਿਤ ਚਿੱਠੀ (ਸਨ 1775 ਬਿ.);[2].
(3) ਭਾਈ ਮਨੀ ਸਿੰਘ ਦੀ ਆਦਿ-ਦਸਮ-ਗ੍ਰੰਥ ਦੀ ਬੀੜ ਦਾ ਪਹਿਲਾ ਪੰਨਾ (ਇਹ ਬੀੜ 225 ਵਰ੍ਹਿਆਂ ਤੋਂ ਅਧਿਕ ਪ੍ਰਾਚੀਨ ਪ੍ਰਤੀਤ ਹੁੰਦੀ ਹੈ);[3]
(4) ਬੰਦਾ ਬਹਾਦੁਰ ਦਾ ਇਕ ਹੁਕਮਨਾਮਾ (ਸਨ 1710 ਈ./ਸੰ. 1767 ਬਿ.)[4]

ਇਹ ਤਿੰਨੋਂ ਹੱਥ-ਲਿਖਤਾਂ (ਉਪਰੋਕਤ ਕ੍ਰਮਾਂਕ 2, 3 ਅਤੇ 4) ਲਗਭਗ ਸਮਕਾਲੀ ਹਨ ਅਤੇ ਇਨ੍ਹਾਂ ਦੇ ਫੋਟੋ-ਸਟੇਟ ਤੇ 'ਤੁਲਨਾਤਮਕ ਮਾਨਚਿਤਰ' ਅਗੇ (ਚਿਤਰ 1,2,3ਅਤੇ 4)

1. ਇਕ ਨਿਜੀ ਪੱਤਰ, ਦਿਨਾਂਕ 22—6—1961

2. ਇਹ ਬਲਾਕ-ਚਿਤਰ ਗਿਆਨੀ ਹਰਨਾਮ ਸਿੰਘ 'ਬਲੱਭ' ਦੀ ਸਜਨਤਾ ਦੁਆਰਾ ਪ੍ਰਾਪਤ ਹੋਇਆ ਹੈ।

3. ਵਿਸਤਾਰ ਲਈ ਵੇਖੋ ਪ੍ਰਕਾਸ਼ 4, ਪੈਰਾ 2।

4. ਇਹ ਹੁਕਮਨਾਮਾ ਬਾਬਾ ਬੰਦਾ ਬਹਾਦੁਰ ਵਲੋਂ ਜੌਨਪੁਰ ਦੀ ਸੰਗਤ ਦੇ ਨਾਂ ਜਾਰੀ ਹੋਇਆ ਸੀ। ਇਸ ਦਾ ਬਲਾਕ-ਚਿਤਰ 'ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ' (ਭਾਈ ਵੀਰ ਸਿੰਘ ਦੁਆਰਾ ਸੰਪਾਦਿਤ) ਪੰਨਾ 3176 ਉੱਤੇ ਪ੍ਰਕਾਸ਼ਿਤ ਹੋ ਚੁਕਾ ਹੈ।

Digitized by Panjab Digital Library | www.panjabdigilib.org

ਦਿੱਤੇ ਹਨ । 'ਤੁਲਨਾਤਮਕ ਮਾਨਚਿਤਰ' ( ਚਿਤਰ 4 ) ਨੂੰ ਗੰਭੀਰਤਾ ਨਾਲ ਵੇਖਣ ਤੋਂ ਬਾਦ ਬਿਨਾਂ ਕਿਸੇ ਤਰਕ-ਵਿਤਰਕ ਜਾਂ ਭੁਲੇਖੇ ਦੇ ਇਹ ਕਿਹਾ ਜਾ ਸਕਦਾ ਹੈ—

(ੳ) ਇਸ ਚਿੱਠੀ ਵਿਚ ਵਰਤੇ ਅਖਰ ਪੁਰਾਤਨ ਅੱਖਰਾਂ ਤੋਂ ਭਿੰਨ ਅਤੇ ਨਵੇਂ ਅੱਖਰਾਂ ਦੇ ਜ਼ਿਆਦਾ ਨੇੜੇ ਹਨ, ਅਤੇ

(ਅ) ਇਸ ਚਿੱਠੀ ਵਿਚਲੀਆਂ ਮਾਤ੍ਰਾਵਾਂ ਦੀ ਵਰਤੋਂ ਅਤੇ ਸਰੂਪ, ਹੋਵੇਂ ਦੀ ਵਰਤਮਾਨ ਲਿਪੀ ਦੇ ਜ਼ਿਆਦਾ ਨੇੜੇ ਹਨ।

ਸਿੱਟਾ ਇਹ ਕਿ ਲਿਪੀ ਦੇ ਦ੍ਰਿਸ਼ਟੀਕੋਣ ਤੋਂ ਵੀ ਇਹ ਚਿੱਠੀ ਇਤਨੀ ਪੁਰਾਣੀ ਸਿੱਧ ਨਹੀਂ ਹੁੰਦੀ ਕਿ ਇਸ ਨੂੰ ਭਾਈ ਮਨੀ ਸਿੰਘ ਦੀ ਹੱਥ-ਲਿਖਿਤ ਮੰਨ ਲਿਆ ਜਾਵੇ ।

(vi) ਇਸ ਚਿੱਠੀ ਵਿਚ '303 ਚਰਿਤਰ ਉਪਖਿਆਨ ਦੀ ਪੋਥੀ' ਦਾ ਜ਼ਿਕਰ ਆਇਆ ਹੈ। ਸਪੱਸ਼ਟ ਤੌਰ ਤੇ ਇਹ ਪੋਥੀ 'ਦਸਮ ਗ੍ਰੰਥ' ਦੇ 404 ਚਰਿਤ੍ਰੋਪਾਖਿਆਨ ਵਾਲੀ ਰਚਨਾ ਨਾਲ ਸੰਬੰਧਿਤ ਹੈ। ਪਰ ਚਿੱਠੀ ਵਿਚ ਦਿੱਤੀ ਗਈ 303 ਚਰਿਤ੍ਰ-ਸੰਖਿਆ ਦਾ ਮੇਲ ਦਸਮ ਗ੍ਰੰਥ ਦੀ 404 ਚਰਿਤ੍ਰ-ਸੰਖਿਆ ਨਾਲ ਨਹੀਂ ਹੁੰਦਾ। ਖੋਜ ਕਰਨ ਤੇ ਪਤਾ ਲਗਿਆ ਹੈ ਕਿ ਚਰਿਤ੍ਰਾਂ ਦੀ ਮੂਲ ਸੰਖਿਆ 404 ਸੀ। ਦਸਮ ਗ੍ਰੰਥ ਦੀਆਂ ਪ੍ਰਾਚੀਨ ਬੀੜਾਂ ਵਿਚ ਅਤੇ ਤਥਾ-ਕਥਿਤ ਭਾਈ ਮਨੀ ਸਿੰਘ ਦੀ ਬੀੜ ਵਿਚ ਵੀ ਚਰਿਤ੍ਰ-ਸੰਖਿਆ 404 ਹੀ ਹੈ। 303 ਚਰਿਤ੍ਰਾਂ ਦਾ ਉੱਲੇਖ ਸਭ ਤੋਂ ਪਹਿਲਾਂ ਇਸੇ ਚਿੱਠੀ ਵਿਚ ਹੋਇਆ ਹੈ। ਅਸਲ ਵਿਚ, ਚਰਿਤ੍ਰਾਂ ਦੀ 404 ਸੰਖਿਆ ਹੀ ਇਤਿਹਾਸਿਕ ਰੂਪ ਵਿਚ ਸਰਬ ਪ੍ਰਵਾਨ ਹੈ। ਇਤਨੀ ਅਸੰਗਤ ਅਤੇ ਆਧਾਰਹੀਨ ਗੱਲ ਕੇਵਲ ਕਿਸੇ ਅਪ੍ਰਮਾਣਿਕ ਚਿੱਠੀ ਵਿਚ ਹੀ ਕਹੀ ਜਾ ਸਕਦੀ ਹੈ। ਸ੍ਰੀ ਸਰੂਪਦਾਸ ਭੱਲਾ ਦੇ 'ਮਹਿਮਾ-ਪ੍ਰਕਾਸ਼' ਵਿਚ ਵੀ ਚਰਿਤ੍ਰ ਸੰਖਿਆ 404 ਦਿੱਤੀ ਹੋਈ ਹੈ।[1] ਸਿੱਟੇ ਵਜੋਂ ਇਹ ਸਿੱਧ ਹੈ ਕਿ 303 ਚਰਿਤ੍ਰਾਂ ਦੀ ਕਲਪਨਾ ਬਿਲਕੁਲ ਅਸੰਗਤ ਅਤੇ ਅਪ੍ਰਮਾਣਿਕ ਹੈ।

(vii) ਇਸ ਚਿੱਠੀ ਵਿਚ 'ਕ੍ਰਿਸ਼ਨਾਵਤਾਰ' ਦੀ ਵੰਡ ਪੂਰਬਾਰਧ ਅਤੇ ਉਤਰਾਰਧ ਰੂਪ ਵਿਚ ਉੱਲਿਖਿਤ ਹੈ। ਪ੍ਰਾਚੀਨਤਮ ਉਪਲਬਧ ਹੱਥ-ਲਿਖਿਤ ਦਸਮ ਗ੍ਰੰਥਾਂ ਵਿਚ 'ਕ੍ਰਿਸ਼ਨਾਵਤਾਰ' ਦੇ ਅਜਿਹੇ ਖੰਡ ਜਾਂ ਭਾਗ ਨਹੀਂ ਕੀਤੇ ਗਏ, ਸਗੋਂ ਸਾਰੀ ਰਚਨਾ ਇਕ ਇਕਾਈ ਦੇ ਰੂਪ ਵਿਚ ਦਰਜ ਹੈ। ਹਾਂ, ਦਸਮ ਗ੍ਰੰਥ ਦੀਆਂ ਪਟਨੇ ਅਤੇ ਸੰਗਰੂਰ ਵਾਲੀਆਂ ਪ੍ਰਾਚੀਨ ਹੱਥ-ਲਿਖਿਤ ਬੀੜਾਂ ਵਿਚ 'ਕ੍ਰਿਸ਼ਨਾਵਤਾਰ' ਦੇ ਚਾਰ ਖੰਡ ਦਿੱਤੇ

---

1. ਚੌਬੀਸ ਅਵਤਾਰ ਕੋ ਭਾਖਾ ਕੀਨਾ ।
ਚਾਰ ਸੌ ਚਾਰ ਚਿਲਿਤ੍ਰ ਨਵੀਨਾ ।
(ਪੱਤਰਾ 411, ਰਚਨਾ ਕਾਲ--1833 ਬਿ.)
ਹੋਰ ਵਿਸਤਾਰ ਲਈ ਵੇਖੋ, ਪ੍ਰਕਾਸ਼ 6, ਪੈਰਾ 28—29

Digitized by Panjab Digital Library | www.panjabdigilib.org

ਹੋਏ ਹਨ, ਜਿਵੇਂ [illegible], ਰਾਸ-ਮੰਡਲ, [illegible] ਅਤੇ ਜੋਗ ਪ੍ਰਸੰਗ।[1] ਪਰ ਇਹ ਵੰਡ ਇਸ ਚਿੱਠੀ ਦੇ 'ਪੂਰਬਾਰਧ' ਅਤੇ 'ਉਤਰਾਰਧ' ਵਾਲੀ ਵੰਡ ਤੋਂ ਬਿਲਕੁਲ ਵੱਖਰੀ ਹੈ। ਇਸ ਤੋਂ ਲਗਦਾ ਹੈ ਕਿ ਇਸ ਚਿੱਠੀ ਦਾ ਲੇਖਕ 'ਕ੍ਰਿਸ਼ਨਾਵਤਾਰ' ਦੇ ਪ੍ਰਮਾਣਿਕ ਪਾਠ-ਕ੍ਰਮ ਅਤੇ ਇਸ ਪ੍ਰਸੰਗ ਦੇ ਇਤਿਹਾਸਿਕ-ਵਿਧਾਨ ਤੋਂ ਬਿਲਕੁਲ ਅਨਜਾਣ ਹੈ। ਭਾਈ ਮਨੀ ਸਿੰਘ ਵਰਗੇ ਸੁਧੀ ਵਿਦਵਾਨ ਤੋਂ ਇਤਨੀ ਭੱਦੀ ਭੁਲ ਨਹੀਂ ਹੋ ਸਕਦੀ, ਕਿਉਂਕਿ ਭਾਈ ਮਨੀ ਸਿੰਘ ਦਸਮ ਗੁਰੂ ਦੇ ਨਿਕਟ-ਵਰਤੀ ਵਿਅਕਤੀਆਂ ਵਿਚੋਂ ਸਨ ਅਤੇ ਸਿੱਖ ਧਰਮ ਦੇ ਗ੍ਰੰਥਾਂ ਦੀਆਂ ਪਰੰਪਰਾਵਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਗਿਆਤ ਸਨ।

ਗਿਆਨੀ ਹਰਨਾਮ ਸਿੰਘ 'ਬਲਭ' ਨੇ ਆਪਣੇ ਇਕ ਲੇਖ[2] 'ਇਤਿਹਾਸਿਕ ਅਤੇ ਪ੍ਰਸਿੱਧ ਹਸਤੀਆਂ ਦੀਆਂ ਚਿੱਠੀਆਂ ਦੇ ਚਿਤਰ-ਦਰਸ਼ਨ' ਵਿਚ ਇਸ ਚਿੱਠੀ ਵਿਚ ਆਏ 'ਪੂਰਬਾਰਧ' ਅਤੇ 'ਉਤਰਾਰਧ' ਸ਼ਬਦਾਂ ਦੀ ਵਿਆਖਿਆ ਇੰਜ ਕੀਤੀ ਹੈ—

"9. ਪੂਰਬਾਰਧ—**ਦਸਮ ਗ੍ਰੰਥ** ਦੇ ਪਹਿਲੇ 1900 ਛੰਦਾਂ ਦਾ ਭਾਗ।

10. ਉਤਰਾਰਧ—1900 ਤੋਂ ਅਗਲਾ ਸਾਰਾ ਭਾਗ ਸਮਾਪਤੀ ਤਕ।"

('ਦਸਮ ਗ੍ਰੰਥ' ਸ਼ਬਦ ਦੀ ਥਾਂ 'ਕ੍ਰਿਸ਼ਨਾਵਤਾਰ' ਚਾਹੀਦਾ ਸੀ)

ਇਹ ਵਿਆਖਿਆ 'ਬਲੱਭ' ਹੋਰਾਂ ਦੁਆਰਾ ਪੂਰਬ ਮਿੱਥੇ ਵਿਚਾਰਾਂ ਦੇ ਅਨੁਰੂਪ ਹੈ, ਕਿਉਂਕਿ ਛੰਦ ਅੰਕ 1900 ਤੋਂ ਬਾਦ ਨਾ ਤਾਂ ਕੋਈ ਅਜਿਹੀ 'ਇਤੀ' ਸੂਚਕ ਪੁਸ਼ਪਿਕਾ ਮਿਲਦੀ ਹੈ ਜੋ ਇਥੇ 'ਪੂਰਬਾਰਧ' ਦੀ ਸਮਾਪਤੀ ਪ੍ਰਮਾਣਿਤ ਕਰ ਸਕੇ ਅਤੇ ਨਾ ਹੀ ਕੋਈ 'ਅਥ' ਸੂਚਕ ਬਚਨਿਕਾ ਦਿੱਤੀ ਹੈ ਜੋ ਇਥੋਂ 'ਉਤਰਾਰਧ' ਦਾ ਆਰੰਭ ਸਿੱਧ ਕਰ ਸਕੇ, ਜਦਕਿ 'ਇਤੀ' ਅਤੇ 'ਅਥ' ਲਿਖਣ ਦੀ ਪ੍ਰਣਾਲੀ ਸਾਰੇ 'ਦਸਮ ਗ੍ਰੰਥ' ਵਿਚ ਅਤੇ ਖ਼ਾਸਕਰ 'ਕ੍ਰਿਸਨਾਵਤਾਰ' ਵਿਚ, ਸਰਬ ਪ੍ਰਵਾਨ ਹੈ। ਇਸ ਤੋਂ ਛੁਟ, ਲਗਭਗ 2500 ਛੰਦਾਂ ਦੀ ਇਸ ਰਚਨਾ ਦਾ ਅੱਧ ਛੰਦ ਅੰਕ 1900 ਉੱਤੇ ਹੋਣਾ ਵੀ ਨਿਆਇਸ਼ੀਲ ਨਹੀਂ ਹੈ। ਫਲਸਰੂਪ, ਗਿਆਨੀ ਜੀ ਦੀ ਇਹ ਵਿਆਖਿਆ ਨਿਰਾਧਾਰ ਹੈ ਅਤੇ ਅਪ੍ਰਮਾਣਿਕ ਚਿੱਠੀ ਨੂੰ ਪ੍ਰਮਾਣਿਕ ਅਤੇ ਤੱਥ-ਅਨੁਸਾਰੀ ਸਿੱਧ ਕਰਨ ਦੀ ਅਧਿਕਾਰਹੀਨ ਚੇਸ਼ਟਾ ਮਾਤ੍ਰ ਹੈ।

(viii) ਪੰਜਾਬ ਦੀਆਂ ਪ੍ਰਾਚੀਨਤਮ ਹੱਥ-ਲਿਖਿਤ ਪੋਥੀਆਂ ਅਤੇ ਬੀੜਾਂ ਦੇ ਸ਼ਬਦ-ਜੋੜਾਂ ਦਾ ਅਧਿਐਨ ਅਸਾਨੂੰ ਇਸ ਨਿਰਣੇ ਤੇ ਪਹੁੰਚਾਂਦਾ ਹੈ ਕਿ ਇਨ੍ਹਾਂ ਵਿਚ ਸੰਯੁਕਤ ਅਤੇ ਦੁੱਤ ਅੱਖਰਾਂ ਦੀ ਵਰਤੋਂ ਸੰਸਕ੍ਰਿਤ ਦੀ ਵਰਤਨੀ ਵਾਂਗ ਹੋਈ ਹੈ। ਇਤਿਹਾਸਿਕ ਦ੍ਰਿਸ਼ਟੀ ਤੋਂ ਸੰਯੁਕਤ ਅੱਖਰਾਂ ਦੀ ਥਾਂ ਤੇ ਸਰਲੀਕਰਣ ਦੀ ਪ੍ਰਕ੍ਰਿਆ ਦੁਆਰਾ ਅਸੰਯੁਕਤ ਅੱਖਰਾਂ ਦੀ ਵਰਤੋਂ ਬਹੁਤ ਪਿਛੋਂ ਹੋਣੀ ਸ਼ੁਰੂ ਹੋਈ ਹੈ। ਇਹ

---

1. ਹੋਰ ਵਿਸਤ੍ਰਾਰ ਲਈ ਵੇਖੋ, ਪ੍ਰਕਾਸ਼ 4, ਪੈਰਾ 9 (5)
2. 'ਪ੍ਰੀਤਮ' ਚਿੱਠੀ ਅੰਕ (ਜਨਵਰੀ 1957)—ਪੰਨਾ 15

Digitized by Panjab Digital Library | www.panjabdigilib.org

ਜੀ 'ਤ', 'ਨ' ਅਤੇ 'ਵ' [illegible] ਦੀ ਪੰਜਾਬੀ [illegible] ਅਤੇ ਗੁਰਮੁਖੀ ਲਿਪੀ ਵਿਚ ਪ੍ਰਚਲਤ ਹਨ । [illegible] 'ਕ੍ਰਿਸ਼ਨ' ਅਤੇ [illegible] ਸ਼ਬਦਾਂ ਵਿਚ ਵਰਤੇ ਅੱਖਰਾਂ ਦੇ ਅੰਤਿਮ ਰੂਪ [illegible] ਨਹੀਂ ਜਾਪਦੇ। [illegible] ਦਿੰਦੇ ਹਨ ਕਿ ਇਨ੍ਹਾਂ ਦੀ ਇਹ ਸਹਲ ਅਤੇ ਅਸੰਯੁਕਤ ਰੂਪ ਵਿਚ ਹੋਂਦ ਵਰਤੋਂ ਪੰਜਾਬੀ ਅਤੇ ਗੁਰਮੁਖੀ ਲਿਪੀ ਦੇ ਸੰਯੁਕਤ ਅੱਖਰਾਂ ਵਾਲੀ ਪਰੰਪਰਾ ਤੋਂ ਬਿਲਕੁਲ ਉਲਟ ਅਤੇ ਆਧੁਨਿਕ ਪ੍ਰਵਿਰਤੀ ਅਨੁਸਾਰ ਹੈ। ਇਨ੍ਹਾਂ ਸ਼ਬਦਾਂ ਦੇ ਪ੍ਰਾਚੀਨ ਰੂਪ 'ਕ੍ਰਿਸਨ' ਅਤੇ 'ਚਰਿਤ੍ਰ' ਹਨ[1] । ਇਸ ਲਈ ਇਹ ਤੱਥ ਇਸ ਚਿੱਠੀ ਦੀ ਪ੍ਰਮਾਣਿਕਤਾ ਵਿਰੁਧ ਇਕ ਹੋਰ ਮਹੱਤਵਪੂਰਣ ਪ੍ਰਮਾਣ ਹੈ।

ਇਸ ਵਿਸ਼ਲੇਸ਼ਣ ਤੋਂ ਬਾਦ ਸਹਲਤਾ ਪੂਰਵਕ ਇਹ ਕਿਹਾ ਜਾ ਸਕਦਾ ਹੈ ਕਿ ਇਹ ਚਿੱਠੀ ਇਕਦਮ ਜਾਅਲੀ ਹੈ ਅਤੇ ਇਸ ਦੇ ਆਧਾਰ ਤੇ 'ਦਸਮ ਗ੍ਰੰਥ' ਦੇ ਕਰਤ੍ਰਿਤਵ ਬਾਰੇ ਕੋਈ ਨਿਰਣਾ ਦੇਣਾ ਅਨੁਚਿਤ ਅਤੇ ਅਸੰਗਤ ਹੈ।

## (5) ਬਾਣੀਆਂ ਦੀਆਂ ਆਰੰਭਿਕ ਕਰਤ੍ਰਿਤਵ ਸੂਚਕ ਉਕਤੀਆਂ

10. (ੳ) ਪਰੰਪਰਾ ਅਨੁਸਾਰ ਦਸਮ ਗੁਰੂ ਜੀ ਦੀਆਂ ਰਚਨਾਵਾਂ ਉੱਤੇ "ਸ੍ਰੀ ਮੁਖਵਾਕ ਪਾਤਿਸ਼ਾਹੀ ੧੦" ਜਾਂ "ਪਾਤਿਸ਼ਾਹੀ ੧੦"—ਇਸ ਪ੍ਰਕਾਰ ਦੀ 'ਛਾਪ' ਲਗੀ ਹੁੰਦੀ ਹੈ ਅਤੇ ਕਰਤ੍ਰਿਤਵ ਦੇ ਝਗੜੇ ਸੰਬੰਧੀ ਇਹ ਅੰਤਿਮ ਨਿਰਣਾ ਦਿੰਦੀ ਹੈ। ਇਸ ਲਈ ਅਜਿਹੀਆਂ ਉਕਤੀਆ ਤੋਂ ਸ਼ੁਰੂ ਹੋਣ ਵਾਲੀਆਂ ਰਚਨਾਵਾਂ ਨੂੰ ਗੁਰੂ ਜੀ ਦੀ ਕ੍ਰਿਤੀ ਮੰਨ ਲੈਣ ਲਈ ਸ਼ਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ[2] ।

(ਅ) ਉਪਰੋਕਤ ਤਰਕ ਦੇ ਭੁਲੇਖੇ ਵਿਚ ਕਈ ਵਾਰ ਇਹ ਯੁਕਤੀ ਵੀ ਦਿੱਤੀ ਜਾਂਦੀ ਹੈ ਕਿ "ਸ੍ਰੀ ਮੁਖਵਾਕ ਪਾਤਿਸ਼ਾਹੀ ੧੦"—ਇਸ ਛਾਪ ਵਾਲੀ ਬਾਣੀ ਦਸਮ ਗੁਰੂ ਨੇ ਆਪਣੇ ਦਰਬਾਰੀ ਕਵੀਆਂ ਨੂੰ ਆਪਣੇ ਸ੍ਰੀ ਮੁਖ ਤੋਂ ਲਿਖਵਾਈ ਸੀ[3] ।

(ੲ) 'ਬਚਿਤ੍ਰ ਨਾਟਕ' ਵਿਚ ਜਿਸ ਥਾਂ ਤੇ ਦਸਮ ਗੁਰੂ ਜੀ ਨੇ ਆਪਣੀ ਜੀਵਨ-ਕਥਾ ਆਰੰਭ ਕੀਤੀ ਹੈ ਉੱਥੇ ਉਨ੍ਹਾ ਦੀ ਦਿਤੀ ਇਹ ਉਕਤੀ "ਅਥ ਕਵਿ ਜਨਮ ਕਥਨੰ" ਬਹੁਤ ਮਹੱਤਵਪੂਰਣ ਹੈ। ਕਵੀ ਜੀ ਇਥੇ ਆਪ ਦਸਮ ਗੁਰੂ ਹਨ। ਇਸ ਵਾਸਤੇ 'ਬਚਿਤ੍ਰ ਨਾਟਕ' ਉਨ੍ਹਾਂ ਦੀ ਆਪਣੀ ਰਚਨਾ ਹੈ[4]।

## ਪਰੀਖਿਆ

11. (1) "ਸ੍ਰੀ ਮੁਖ ਵਾਕ ਪਾਤਿਸਾਹੀ ੧੦" ਜਾਂ "ਪਾਤਿਸਾਹੀ ੧੦" ਆਦਿ

---

1. ਸ਼ਬਦ-ਜੋੜਾਂ ਦੇ ਪੂਰੇ ਇਤਿਹਾਸਿਕ ਵਿਵਰਣ ਲਈ ਵੇਖੋ ਪਰਿਸ਼ਿਸ਼ਟ ਅੰਕ 2
2. (1) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 9
   (2) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 53—76
3. ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 9
4. ਸਿੱਖ ਰਿਵੀਊ (ਤ੍ਰਿਲੋਚਨ ਸਿੰਘ), ਅਪ੍ਰੈਲ 1955, ਪੰਨਾ 53

Digitized by Panjab Digital Library | www.panjabdigilib.org

ਉਕਤੀਆਂ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਨਿਰਣੇ ਵਿਚ ਅਕਟ ਅਤੇ ਦ੍ਰਿੜ੍ਹ ਪ੍ਰਮਾਣ ਨਹੀਂ ਹੋ ਸਕਦੀਆਂ, ਕਿਉਂਕਿ ਇਹ ਉਕਤੀਆਂ ਸੰਪਾਦਕਾਂ, ਸੰਗ੍ਰਹਿ-ਕਰਤਿਆਂ, ਲਿਖਾਰੀਆਂ ਅਤੇ ਉਤਾਰਾਕਾਰਾਂ ਦੁਆਰਾ ਆਪਣੀ ਮਨ-ਮਰਜ਼ੀ ਅਨੁਸਾਰ ਦਿੱਤੀਆਂ ਹੋਈਆਂ ਹਨ ਅਤੇ ਪ੍ਰਾਚੀਨ ਹੱਥ-ਲਿਖਿਤ ਬੀੜਾਂ ਵਿਚ ਇਸ ਪ੍ਰਕਾਰ ਦੀਆਂ ਉਕਤੀਆਂ ਪਰਸਪਰ ਬਹੁਤ ਭਿੰਨਤਾ ਰਖਦੀਆਂ ਹਨ। ਇਨ੍ਹਾਂ ਉਕਤੀਆਂ ਦੀ ਵਿਸਤਾਰ ਪੂਰਣ 'ਤੁਲਨਾਤਮਕ ਤਾਲਿਕਾ' ਪਰਿਸ਼ਿਸ਼ਟ 5 ਤੇ ਦਿੱਤੀ ਹੈ। ਇਸ ਤੋਂ ਛੁਟ, ਅਜ ਤਕ ਮਿਲੇ ਹੱਥ-ਲਿਖਿਤ ਅਤੇ ਪ੍ਰਕਾਸ਼ਿਤ ਦਸਮ ਗ੍ਰੰਥਾਂ ਵਿਚ ਸੰਕਲਿਤ ਬਾਣੀਆਂ ਤੋਂ ਇਲਾਵਾ ਸੰਗਰੂਰ ਅਤੇ ਪਟਨੇ ਵਾਲੀਆਂ ਪ੍ਰਾਚੀਨ ਹੱਥ-ਲਿਖਿਤ ਬੀੜਾਂ ਵਿਚ ਕੁਝ ਵਾਧੂ ਬਾਣੀਆਂ ਵੀ "ਪਾਤਿਸਾਹੀ ੧੦" ਦੇ ਨਾਂ ਤੇ ਦਰਜ ਹਨ। ਇਹੀ ਨਹੀਂ, ਕੁਝ ਅਜਿਹੇ ਗ੍ਰੰਥ ਵੀ ਮਿਲੇ ਹਨ ਜਿਨ੍ਹਾਂ ਦੇ ਸ਼ੁਰੂ ਵਿਚ ਦਸਮ ਗ੍ਰੰਥ ਦੀ ਪਰੰਪਰਾ ਵਾਂਗ "ਸ੍ਰੀ ਮੁਖਵਾਕ ਪਾਤਿਸਾਹੀ ੧੦" ਜਾਂ "ਪਾਤਿਸ਼ਾਹੀ ੧੦" ਆਦਿ ਉਕਤੀਆਂ ਲਿਖੀਆਂ ਹਨ। ਇਨ੍ਹਾਂ ਗ੍ਰੰਥਾਂ ਦਾ ਵਿਵਰਣ ਪਰਿਸ਼ਿਸ਼ਟ 6 ਵਿਚ ਦਿੱਤਾ ਹੈ[1]। ਇਹ ਸਾਰੇ ਗ੍ਰੰਥ ਜੇ ਗੁਰੂ ਜੀ ਦੀ ਰਚਨਾ ਹਨ, ਤਾਂ ਇਨ੍ਹਾਂ ਨੂੰ ਦਸਮ ਗ੍ਰੰਥ ਵਿਚ ਕਿਉਂ ਸ਼ਾਮਿਲ ਨਹੀਂ ਕੀਤਾ ਗਿਆ ਅਤੇ ਜੇ ਇਹ ਗੁਰੂ ਜੀ ਦੀ ਰਚਨਾ ਨਹੀਂ ਤਾਂ ਫਿਰ ਕਦ, ਕਿਉਂ ਤੇ ਕਿਸ ਨੇ ਇਨ੍ਹਾਂ ਦੇ ਸ਼ੁਰੂ ਵਿਚ ਅਜਿਹੀਆਂ ਉਕਤੀਆਂ ਲਿਖ ਦਿੱਤੀਆਂ ਹਨ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਇਤਿਹਾਸ ਤੋਂ ਨਹੀਂ ਮਿਲਦਾ। ਅਸਲ ਵਿਚ, ਇਤਨੇ ਵਿਸ਼ਾਲ ਸਾਹਿਤ ਨੂੰ ਗੁਰੂ-ਰਚਿਤ ਮੰਨਣਾ ਇਤਿਹਾਸ ਅਤੇ ਪਰੰਪਰਾਵਾਂ ਦੀ ਉਪੇਖਿਆ ਕਰਨੀ ਹੈ। ਸੋ ਅਜਿਹੀ ਅਵਸਥਾ ਵਿਚ ਇਨ੍ਹਾਂ ਉਕਤੀਆਂ ਦੇ ਆਧਾਰ ਤੇ ਦਸਮ ਗ੍ਰੰਥ ਦੀਆਂ ਸਾਰੀਆਂ ਹੀ ਬਾਣੀਆਂ ਨੂੰ ਦਸਮ ਗੁਰੂ ਦੀ ਰਚਨਾ ਮੰਨ ਲੈਣਾ ਠੀਕ ਨਹੀਂ ਜਚਦਾ।

ਇਸ ਸੰਬੰਧ ਵਿਚ ਡਾ. ਧਰਮ ਪਾਲ ਅਸ਼ਟਾ ਦੇ ਇਕ ਹੋਰ ਤਰਕ ਦੀ ਪਰਖ ਕਰ ਲੈਣੀ ਵੀ ਉਚਿਤ ਹੋਵੇਗੀ—

"ਸ੍ਰੀ ਮੁਖਵਾਕ ਪਾਤਿਸ਼ਾਹੀ ੧੦" ਛਾਪ ਵਾਲੀਆਂ ਚਾਰ ਰਚਨਾਵਾਂ (ਜਾਪੁ, ਬਚਿਤ੍ਰ ਨਾਟਕ, ਸਵੈਯੇ ਅਤੇ ਸ਼ਬਦ ਹਜ਼ਾਰੇ) ਭਾਈ ਮਨੀ ਸਿੰਘ ਵਾਲੀ ਬੀੜ ਦੇ ਆਧਾਰ ਤੇ ਦਸਮ ਗੁਰੂ ਜੀ ਦੀਆਂ ਪ੍ਰਮਾਣਿਕ ਕ੍ਰਿਤੀਆਂ ਹਨ[2]।"

ਪਰ ਇਸ ਤਰਕ ਵਿਚ ਵੀ ਕੋਈ ਖਾਸ ਬਲ ਨਹੀਂ ਦਿਸਦਾ। ਕਿਉਂਕਿ ਇਕ ਤਾਂ ਇਨ੍ਹਾਂ ਚੌਹਾਂ ਵਿਚੋਂ 'ਸਵੈਯੇ' ਅਤੇ 'ਸ਼ਬਦ ਹਜ਼ਾਰੇ' ਨਾਮਕ ਦੋ ਰਚਨਾਵਾਂ ਦਾ ਉਪਰੋਕਤ ਭਾਈ ਮਨੀ ਸਿੰਘ ਵਾਲੀ ਬੀੜ ਵਿਚ ਸੰਕਲਨ ਹੀ ਨਹੀਂ ਹੋਇਆ। ਡਾ. ਅਸ਼ਟਾ ਨੇ ਇਹ ਆਧਾਰ-ਹੀਨ ਗੱਲ ਕਿਉਂ ਲਿਖ ਦਿੱਤੀ, ਇਸ ਦਾ ਜਵਾਬ ਉਹ ਆਪ

1. ਹੋਰ ਵਿਸਤਾਰ ਲਈ ਵੇਖੋ ਪ੍ਰਕਰਣ 4, ਪੈਰਾ 10
2. ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਅਸ਼ਟਾ), ਪੰਨਾ 9

Digitized by Panjab Digital Library | www.panjabdigilib.org

ਹੀ ਦੇਣਗੇ। ਦੂਜੇ, ਉਪਤ ਪੜਚੋਲ ਤੋਂ "ਪਾਤਿਸਾਹੀ ੧੦" ਛਾਪ ਵਾਲੀਆਂ ਰਚਨਾਵਾਂ ਦੇ ਕਰਤ੍ਰਿਤਵ ਦਾ ਯਥਾਰਥ ਰੂਪ ਵੀ ਸਪੱਸ਼ਟ ਹੋ ਜਾਂਦਾ ਹੈ। ਸਿੱਟੇ ਵਜੋਂ, ਡਾ. ਅਸ਼ਟਾ ਦਾ ਇਹ ਕਥਨ ਵੀ ਭਰਮ ਪੂਰਣ ਹੈ।

(ਅ) ਦੂਜਾ ਤਰਕ ਵੀ ਬਹੁਤ ਕਮਜ਼ੋਰ ਹੈ, ਕਿਉਂਕਿ ਜੇ ਇਹ ਮੰਨ ਲਿਆ ਜਾਵੇ ਕਿ ਇਹ ਬਾਣੀਆਂ ਗੁਰੂ ਜੀ ਨੇ ਕਵੀਆਂ ਨੂੰ ਲਿਖਵਾਈਆਂ ਸਨ, ਤਾਂ ਇਥੇ ਇਕ ਹੋਰ ਵੱਡੀ ਮੁਸ਼ਕਲ ਇਹ ਖੜੀ ਹੋ ਜਾਂਦੀ ਹੈ ਕਿ ਦਸਮ ਗੁਰੂ ਨੂੰ, ਇਸ ਤਰਕ ਦੇ ਪ੍ਰਕਾਸ਼ ਵਿਚ, ਖ਼ਾਸ-ਦਸਖ਼ਤੀ ਪੱਤਰਾਂ ਦੇ ਲੇਖਕ-ਪਦ ਤੋਂ ਵੰਚਿਤ ਹੋਣਾ ਪਵੇਗਾ। ਕਾਰਣ ਇਹ ਕਿ ਜੇ ਗੁਰੂ ਜੀ ਨਿਕੀਆਂ ਨਿਕੀਆਂ ਬਾਣੀਆਂ ਕਵੀਆਂ ਨੂੰ ਲਿਖਵਾ ਸਕਦੇ ਸਨ ਤਾਂ ਫਿਰ ਉਨ੍ਹਾਂ ਨੂੰ ਖ਼ਾਸ-ਦਸਖ਼ਤੀ ਪੱਤਰਾਂ ਵਾਲਾ ਇਤਨਾ ਵੱਡਾ ਗ੍ਰੰਥ ਆਪ ਲਿਖਣ ਦੀ ਕੀ ਲੋੜ ਪਈ ਸੀ ਅਤੇ ਖ਼ਾਸ-ਦਸਖ਼ਤੀ ਪੱਤਰਾਂ ਦੇ ਲੇਖਕ-ਪਦ ਤੋਂ ਦਸਮ ਗੁਰੂ ਦਾ ਵੰਚਿਤ ਹੋਣਾ ਸ਼ਾਇਦ ਪੂਰਬ-ਪੱਖ ਦੇ ਵਿਦਵਾਨਾਂ ਨੂੰ ਪ੍ਰਵਾਨ ਨਹੀਂ ਹੋਵੇਗਾ।[1]

(ੲ) "ਅਥ ਕਵਿ ਜਨਮ ਕਥਨੰ" ਉਕਤੀ ਵੀ ਸੰਪਾਦਕਾਂ ਆਦਿ ਦੀ ਦੇਨ ਹੈ। ਪਟਨੇ ਅਤੇ ਮਨੀ ਸਿੰਘ ਵਾਲੀਆਂ ਦਸਮ ਗ੍ਰੰਥ ਦੀਆਂ ਪ੍ਰਾਚੀਨ ਬੀੜਾਂ ਵਿਚ ਇਹ ਉਕਤੀ ਕੇਵਲ "ਕਵਿ ਜਨਮ"[2] ਜਾਂ "ਕਵਿ ਜਨਮ ਬਰਨਨ"[3] ਰੂਪ ਵਿਚ ਦਿੱਤੀ ਹੈ। ਅਤੇ ਇਸੇ ਤਰ੍ਹਾਂ ਹੀ "ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ"[4] ਵਾਲੀ ਇਕ ਹੋਰ ਉਕਤੀ ਦੀ ਥਾਂ ਤੇ ਕੇਵਲ "ਅਕਾਲ ਪੁਰਖ ਬਾਚ"[5] ਲਿਖਿਆ ਹੈ[6]। ਉਕਤੀਆਂ ਸੰਬੰਧੀ ਅਜਿਹੇ ਪਾਠਾਂਤਰ ਇਹ ਸਿੱਧ ਕਰਦੇ ਹਨ ਕਿ ਇਹ ਉਕਤੀਆਂ ਵਖ ਵਖ ਸੰਪਾਦਕਾਂ ਆਦਿ ਦੁਆਰਾ ਆਪਣੀ ਮਨ-ਮਰਜ਼ੀ ਅਨੁਸਾਰ ਦਿੱਤੀਆਂ ਹਨ। ਇਸ ਵਾਸਤੇ ਇਨ੍ਹਾਂ ਦੇ ਆਧਾਰ ਤੇ ਕਰਤ੍ਰਿਤਵ ਸੰਬੰਧੀ ਨਿਰਣਾ ਦੇਣਾ ਕੇਵਲ ਭਰਮਾਂ ਨੂੰ ਪੱਕਾ ਕਰਨਾ ਹੈ।

## (6) ਕਵੀ-ਛਾਪਾਂ ਤੇ ਆਧਾਰਿਤ ਤਰਕ

12. ਦਸਮ ਗ੍ਰੰਥ ਦੀਆਂ ਬਾਣੀਆਂ ਵਿਚ ਰਾਮ, ਸਿਆਮ, ਕਾਲ ਆਦਿ

---

1 ਖ਼ਾਸ ਦਸਖ਼ਤੀ ਪੱਤਰ ਗੁਰੂ ਜੀ ਦੇ ਸ੍ਵ-ਹੱਥ-ਲਿਖਿਤ ਨਹੀਂ ਹਨ। ਵਿਸਤਾਰ ਲਈ ਵੇਖੋ (ਪ੍ਰਕਾਸ਼ 5)

2. ਪਟਨੇ ਵਾਲੀ ਬੀੜ, ਪੱਤਰਾ 48
3. ਮਨੀ ਸਿੰਘ ਵਾਲੀ ਬੀੜ, ਪੱਤਰਾ 547
4. ਦਸਮ ਗ੍ਰੰਥ (ਪ੍ਰਕਾਸ਼ਿਤ), ਪੰਨਾ 55
5. ਪਟਨੇ ਵਾਲੀ ਬੀੜ, ਪੱਤਰਾ 46
ਮਨੀ ਸਿੰਘ ਵਾਲੀ ਬੀੜ, ਪੱਤਰਾ 546
6. 'ਪਰੇਮ ਸੁਮਾਰਗ' ਗ੍ਰੰਥ ਦੇ ਸ਼ੁਰੂ ਵਿਚ ਵੀ ਇਹ ਪੂਰੀ ਉਕਤੀ (ਅਕਾਲ ਪੁਰਖ ਬਾਚ ਇਸ ਕੀਟ ਪ੍ਰਤੀ) ਲਿਖੀ ਹੈ। ਇਸ ਪ੍ਰਸੰਗ ਦਾ ਸੰਬੰਧ ਭਾਵੇਂ ਦਸਮ ਗੁਰੂ ਨਾਲ ਹੈ ਪਰ ਇਹ ਗ੍ਰੰਥ ਨਿਰਵਿਵਾਦ ਰੂਪ ਵਿਚ ਦਸਮ ਗੁਰੂ ਦੀ ਰਚਨਾ ਨਹੀਂ ਹੈ।

Digitized by Panjab Digital Library | www.panjabdigilib.org

ਕੁਝ ਕਵੀ-ਛਾਪਾਂ ਵਰਤੀਆਂ ਮਿਲਦੀਆਂ ਹਨ[1]। ਇਨ੍ਹਾਂ ਕਵੀ-ਛਾਪਾਂ ਦੇ ਅਧਾਰ ਤੇ ਪੂਰਬ-ਪੱਖ ਦੇ ਵਿਦਵਾਨ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਰਚਨਾ ਮੰਨਦੇ ਹੋਇਆਂ ਕਈ ਪ੍ਰਕਾਰ ਦੇ ਤਰਕ ਪੇਸ਼ ਕਰਦੇ ਹਨ ਜਿਨ੍ਹਾਂ ਨੂੰ ਸੁਵਿਧਾ ਲਈ ਹੇਠ ਲਿਖੇ ਪੰਜ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ—

(ੳ) 'ਰਾਮ' ਅਤੇ 'ਸਿਆਮ' ਸ਼ਬਦ 'ਗੋਵਿੰਦ' ਨਾਂ ਦੇ ਹੀ ਪ੍ਰਯਾਯ ਹਨ।[2]

(ਅ) ਗੁਰੂ ਜੀ ਦੀ ਮਾਤਾ ਜੀ ਨੇ ਉਨ੍ਹਾਂ ਦਾ ਬਚਪਨ ਦਾ ਨਾਂ 'ਸਿਆਮ' ਰਖਿਆ ਹੋਇਆ ਸੀ, ਕਿਉਂਕਿ 'ਗੋਬਿੰਦ' ਨਾਂ ਉਨ੍ਹਾਂ ਦੇ ਸਹੁਰੇ ਦਾ ਵੀ ਹੋਣ ਕਰਕੇ ਉਹ ਲੱਜਾ ਅਤੇ ਸੰਕੋਚ ਵਸ ਨਹੀਂ ਬੁਲਾਂਦੇ ਸਨ।[3]

(ੲ) 'ਕ੍ਰਿਸਨਾਵਤਾਰ' ਦੇ ਹੇਠ ਲਿਖੇ ਛੰਦ 'ਸਿਆਮ' ਕਵੀ ਦੀ ਰਚਨਾ ਹਨ, ਪਰ ਇਨ੍ਹਾਂ ਦੀ ਭਾਵਨਾ ਗੁਰੂ ਗੋਬਿੰਦ ਸਿੰਘ ਤੋਂ ਛੁਟ ਕਿਸੇ ਹੋਰ ਦੀ ਨਹੀਂ ਹੋ ਸਕਦੀ। ਇਸ ਲਈ 'ਸ਼ਿਆਮ' ਹੀ ਗੁਰੂ ਗੋਬਿੰਦ ਸਿੰਘ ਹਨ।[4]

ਸਵੈਯਾ : ਸਸਤ੍ਰਨ ਸਿਉ ਅਤਿ ਹੀ ਰਨ ਭੀਤਰ
ਜੂਝ ਮਰੋਂ ਕਹਿ ਸਾਚ ਪਤੀਜੈ।
ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰ
ਸਿਆਮ ਇਹੈ ਬਰੁ ਦੀਜੈ ॥੧੯੦੦॥ (ਦਸਮ ਗ੍ਰੰਥ, ਪੰਨਾ 495)

---

1. ਰਾਮ : ਕਥਾ ਸਤ੍ਰਵੀ ਰਾਮ ਕਵਿ
ਉਚਰੀ ਹਿਤ ਚਿਤ ਲਾਇ ॥ ੧ ॥
(ਦਸਮ-ਗ੍ਰੰਥ, ਪੰਨਾ 835)

ਕਾਲ : ਸੁਕਵਿ ਕਾਲ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥ ੨੮ ॥
(ਦਸਮ ਗ੍ਰੰਥ, ਪੰਨਾ 1087)

ਸ਼ਿਆਮ : ਕਬ ਸਿਆਮ ਕਬਿਤਨ ਮਧ ਕਥਯੋ ॥ ੧ ॥
(ਦਸਮ ਗ੍ਰੰਥ, ਪੰਨਾ 160)

2. (1) ਦਸਮੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 65,72,73,94
(2) ਸਿੱਖ ਰਿਵੀਊ (ਤ੍ਰਿਲੋਚਨ ਸਿੰਘ), ਅਪ੍ਰੈਲ 1955, ਪੰਨਾ 54
(3) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 13 (ਬੀ)
(4) ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵਯ ਕਾ
ਆਲੋਚਨਾਤਮਕ ਅਧਿਐਨ (ਹਰਭਜਨ ਸਿੰਘ), ਪੰਨਾ 547

3. (1) ਗੋਬਿੰਦ ਰਾਮਾਇਣ (ਪ੍ਰਾਕੱਥਨ—ਓਮ ਪ੍ਰਕਾਸ਼ ਆਨੰਦ), ਪੰਨਾ 18
(2) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 14 (ਸੀ)

4. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 54, 55
(2) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 14 (ਡੀ)

Digitized by Panjab Digital Library | www.panjabdigilib.org

ਸਵੈਯਾ : ਜਉ ਕਿਛੁ ਇਛ ਕਰੋ ਧਨ ਕੀ
ਤਉ ਚਲਯੋ ਧਨੁ ਦੇਸਨ ਦੇਸ ਤੇ ਆਵੈ ।
ਅਉ ਸਬ ਰਿਧਨ ਸਿਧਨ ਪੈ
ਹਮਰੋ ਨਹੀ ਨੈਕ ਹੀਯਾ ਲਲਚਾਵੈ ।
ਅਉਰ ਸੁਨੋ ਕਛੁ ਜੋਗ ਬਿਖੈ
ਕਹਿ ਕਉਨ ਇਤੋ ਤਪਕੈ ਤਨੁ ਤਾਵੈ ।
ਜੂਝ ਮਰੋ ਰਨ ਮੈ ਤਜਿ ਭੈ
ਤੁਮ ਤੇ ਪ੍ਰਭ ਸਿਆਮ ਇਹੈ ਬਰੁ ਪਾਵੈ ॥੧੯੦੧॥

(ਦਸਮ ਗ੍ਰੰਥ, ਪੰਨਾ 495)

(ਸ) 'ਰਾਮਾਵਤਾਰ' ਦੇ ਅਗਲੇ ਛੰਦ ਦੇ ਆਧਾਰ ਤੇ ਇਸ ਸੰਪੂਰਣ ਰਚਨਾ ਨੂੰ ਗੁਰੂ-ਕ੍ਰਿਤ ਮੰਨਣ ਵਿਚ ਕੋਈ ਵੀ ਭਰਮ ਨਹੀਂ ਰਹਿ ਜਾਂਦਾ, ਕਿਉਂਕਿ ਇਸ ਵਿਚ ਗੁਰੂ ਜੀ ਨੇ ਆਪਣਾ-ਆਪਣਾ ਨਾਂ ਦੇ ਕੇ ਕਰਤ੍ਰਿਤਵ ਨੂੰ ਸਪੱਸ਼ਟ ਕਰ ਦਿੱਤਾ ਹੈ—

ਦੋਹਰਾ : ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ ।
ਬਾਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥੮੬੪॥[1]

(ਦਸਮ ਗ੍ਰੰਥ, ਪੰਨਾ 254)

(ਹ) 'ਕਾਲ' ਵੀ ਗੁਰੂ ਜੀ ਦੀ ਕਵੀ-ਛਾਪ ਸੀ, ਕਿਉਂਕਿ 'ਚਰਿਤ੍ਰੋਪਾਖਿਆਨ' ਵਿਚ ਇਸ ਦੀ ਵਰਤੋਂ 'ਰਾਮ' ਅਤੇ 'ਸਿਆਮ' ਕਵੀ-ਛਾਪਾਂ ਦੇ ਸਮਾਨ ਤਿੰਨ ਥਾਵਾਂ ਉਤੇ ਹੋਈ ਹੈ।[2] ਇਹ ਛਾਪ ਕਿਸੇ ਸਾਧਾਰਣ ਕਵੀ ਦੀ ਨਹੀਂ ਹੋ ਸਕਦੀ, ਕਿਉਂਕਿ ਇਹੋ ਜਿਹਾ ਭਿਆਨਕ ਨਾਂ ਕੋਈ ਮਾਂ ਵੀ ਆਪਣੇ ਬੱਚੇ ਲਈ ਰਖਣ ਲਈ ਤਿਆਰ ਨਹੀਂ।[3]

## ਪਰੀਖਿਆ

13. ਅਸਲ ਵਿਚ, ਇਹ ਸਾਰਾ ਤਰਕ ਇਕ ਪ੍ਰਕਾਰ ਦੀ ਪੂਰਵ ਨਿਸ਼ਚਿਤ ਧਾਰਣਾ ਨਾਲ ਗ੍ਰਸਤ ਹੈ। ਇਹ ਵਿਦਵਾਨ ਪਹਿਲਾਂ ਤੋਂ ਹੀ ਮੰਨ ਲੈਂਦੇ ਹਨ ਕਿ ਦਸਮ ਗ੍ਰੰਥ ਗੁਰੂ ਜੀ ਦੀ ਕ੍ਰਿਤੀ ਹੈ। ਫਲਸਰੂਪ, ਆਪਣੇ ਮੰਤਵ ਦੀ ਪੁਸ਼ਟੀ ਵਿਚ ਵਿਅਰਥ ਦੀ ਖਿਚ-ਤਾਣ ਅਤੇ ਸਭ ਤੋਂ ਵਧ, ਅਰਥ ਦਾ ਅਨਰਥ ਕਰ ਦਿੰਦੇ ਹਨ। ਅਸਲ ਸਥਿਤੀ ਨੂੰ ਸਪੱਸ਼ਟ ਕਰਨ ਲਈ ਸਾਡਾ ਨਿਵੇਦਨ ਹੈ ਕਿ—

(ੳ) ਦਸਮ ਗ੍ਰੰਥ ਦੇ 'ਕ੍ਰਿਸ਼ਨਾਵਤਾਰ' ਪ੍ਰਸੰਗ ਵਿਚ 'ਰਾਮ' ਅਤੇ 'ਸਿਆਮ'

1. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 62
(2) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 10 (ੲ)
2. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 62
(2) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 15 (ਬੀ)
3. ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 73

Digitized by Panjab Digital Library / www.panjabdigilib.org

ਦੋਵੇਂ ਕਵੀ-ਛਾਪਾਂ ਅਨੇਕ ਵਾਰ ਪ੍ਰਯੁਕਤ ਹੋਈਆਂ ਹਨ। ਇਕ ਹੀ ਪ੍ਰਸੰਗ ਵਿਚ ਇਕ ਜਾਂ ਦੋ ਛੰਦਾਂ ਦੇ ਅੰਤਰ ਤੇ ਕਵੀ-ਛਾਪਾਂ ਦਾ ਬਦਲਣਾ ਭਾਰਤੀ ਸਾਹਿਤ ਦੀ ਕੋਈ ਪ੍ਰਮਾਣਿਕ ਪਰੰਪਰਾ ਨਹੀਂ ਹੈ। ਇਸ ਸੰਬੰਧ ਵਿਚ ਪ੍ਰਾਚੀਨ ਬੀੜਾਂ ਦਾ ਤੁਲਨਾਤਮਕ ਅਧਿਐਨ ਕੁਝ ਨਿਰਣਾਇਕ ਤੱਥਾਂ ਤੇ ਪਹੁੰਚਣ ਲਈ ਬਹੁਤ ਸਹਾਇਕ ਹੈ। ਵਿਭਿੰਨ ਪ੍ਰਾਚੀਨ ਬੀੜਾਂ ਵਿਚ 'ਰਾਮ' ਅਤੇ 'ਸਿਆਮ' ਕਵੀ-ਛਾਪਾਂ ਦੀ ਵਰਤੋਂ ਵਿਚ ਇਕਰੂਪਤਾ ਨਹੀਂ ਹੈ। ਇਕ ਬੀੜ ਦੇ ਕਿਸੇ ਇਕ ਛੰਦ ਵਿਚ ਜੇ 'ਰਾਮ' ਕਵੀ-ਛਾਪ ਹੈ, ਤਾਂ ਦੂਜੀ ਬੀੜ ਦੇ ਉਸੇ ਛੰਦ ਵਿਚ 'ਸਿਆਮ' ਕਵੀ-ਛਾਪ ਦਿੱਤੀ ਹੈ। ਸ਼ੋਧਕ-ਕਮੇਟੀ ਦੀ 'ਰਿਪੋਰਟ' ਵਿਚ ਵੀ ਕਿਹਾ ਗਿਆ ਹੈ ਕਿ "ਪੁਰਾਤਨ ਹੱਥ-ਲਿਖਿਤ ਬੀੜਾਂ ਵਿਚ ਤਾਂ ਕਵੀ-ਛਾਪ ਅਸਲ ਵਿਚ ਹੈ ਹੀ ਸਿਆਮ।"[1] ਇਸ ਤੋਂ ਛੁਟ, 'ਕ੍ਰਿਸ਼ਨਾਵਤਾਰ' ਦੀ ਇਕ ਬਹੁਤ ਪ੍ਰਾਚੀਨ ਪੋਥੀ ਮਿਲੀ ਹੈ ਜਿਸ ਦਾ ਪਾਠ ਪੱਤਰ ਅੰਕ 287 ਤੋਂ ਆਰੰਭ ਹੁੰਦਾ ਹੈ।[2] ਸ਼ਾਇਦ ਇਹ ਪੋਥੀ ਕਿਸੇ ਵੱਡੀ ਪੋਥੀ ਦਾ ਅੰਗ ਹੋਵੇ। ਲਿਪੀ ਦੇ ਸਰੂਪ, ਕਾਗ਼ਜ਼, ਸਿਆਹੀ, ਹਾਸ਼ੀਏ ਆਦਿ ਦੇ ਦ੍ਰਿਸ਼ਟੀਕੋਣ ਤੋਂ ਇਹ ਪੋਥੀ 200 ਵਰ੍ਹਿਆਂ ਤੋਂ ਕਿਤੇ ਵਧ ਪੁਰਾਣੀ ਪ੍ਰਤੀਤ ਹੁੰਦੀ ਹੈ। ਇਸ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ 'ਕ੍ਰਿਸ਼ਨਾਵਤਾਰ' ਵਿਚ ਵਰਤੀ ਕਵੀ-ਛਾਪ ਕੇਵਲ 'ਸਿਆਮ' ਹੀ ਹੈ, 'ਰਾਮ' ਬਿਲਕੁਲ ਨਹੀਂ। ਹੇਠ ਲਿਖੀ 'ਤੁਲਨਾਤਮਕ ਤਾਲਿਕਾ' ਇਸ ਕਥਨ ਦੀ ਪੁਸ਼ਟੀ ਕਰਦੀ ਹੈ—

1. ਰਿਪੋਰਟ ਸ਼ੋਧਕ ਕਮੇਟੀ (ਭੂਮਿਕਾ-ਸਰਦੂਲ ਸਿੰਘ), ਪੈਰਾ 15
2. ਸਿੱਖ ਰੈਫਰੈਂਸ ਲਾਇਬ੍ਰੇਰੀ, ਹੱਥ-ਲਿਖਿਤ ਅੰਕ 4443

Digitized by Panjab Digital Library | www.panjabdigilib.org

| ਪ੍ਰਕਾਸ਼ਿਤ ਬੀੜ ਪੰਨਾ-ਅੰਕ | ਪ੍ਰਕਾਸ਼ਿਤ ਬੀੜ ਛੰਦ ਅੰਕ | ਪ੍ਰਕਾਸ਼ਿਤ ਬੀੜ ਵਿਚ ਵਰਤੀ ਕਵੀ-ਛਾਪ | ਹੱਥ-ਲਿਖਿਤ ਪੋਥੀ ਪੱਤਰਾ ਅੰਕ | ਹੱਥਲਿਖਿਤ ਪੋਥੀ ਦੀ ਪੰਕਤੀ | ਹੱਥ-ਲਿਖਿਤ ਪੋਥੀ ਵਿਚ ਵਰਤੀ ਕਵੀ-ਛਾਪ |
|---|---|---|---|---|---|
| 404 | 1116 | ਰਾਮ | 520/ਅ[1] | 5 | ਸਿਆਮ |
| 404 | 1119 | ਰਾਮ | 521/ੳ | 6 | ਸਿਆਮ |
| 408 | 1148 | ਰਾਮ | 527/ਅ | 4 | ਸਿਆਮ |
| 410 | 1159 | ਰਾਮ | 529/ਅ | 12 | ਸਿਆਮ |
| 412 | 1177 | ਰਾਮ | 553/ਅ | 2 | ਸਿਆਮ |
| 412 | 1180 | ਰਾਮ | 534/ੳ | 9 | ਸਿਆਮ |
| 417 | 1222 | ਰਾਮ | 541/ਅ | 9 | ਸਿਆਮ |
| 419 | 1234 | ਰਾਮ | 544/ੳ | 2 | ਸਿਆਮ |
| 429 | 1300 | ਰਾਮ | 555/ੳ | 12 | ਸਿਆਮ |
| 432 | 1357 | ਰਾਮ | 564/ਅ | 2 | ਸਿਆਮ |
| 441 | 1430 | ਰਾਮ | 577/ਅ | 3 | ਸਿਆਮ |
| 443 | 1449 | ਰਾਮ | 580/ਅ | 10 | ਸਿਆਮ |
| 444 | 1455 | ਰਾਮ | 581/ਅ | 12 | ਸਿਆਮ |
| 447 | 1488 | ਰਾਮ | 588/ਅ | 11 | ਸਿਆਮ |
| 451 | 1530 | ਰਾਮ | 593/ਅ | 5 | ਸਿਆਮ |
| 454 | 1650 | ਰਾਮ | 598/ਅ | 5 | ਸਿਆਮ |

1. ਅੰਕ ਵਾਲੇ ਪੱਤਰੇ ਦੇ ਪਾਸੇ ਨੂੰ 'ੳ' ਅਤੇ ਉਸ ਦੀ ਪਿਠ ਵਾਲੇ ਪਾਸੇ ਨੂੰ 'ਅ' ਚਿੰਨ੍ਹ ਦਿੱਤਾ ਹੈ।

Digitized by Panjab Digital Library | www.panjabdigilib.org

ਇਸ ਤੁਲਨਾਤਮਕ ਅਧਿਐਨ ਤੋਂ ਸਪੱਸ਼ਟ ਹੈ ਕਿ 'ਕ੍ਰਿਸਨਾਵਤਾਰ' ਦੇ ਕਵੀ ਦੀ ਛਾਪ 'ਸਿਆਮ' ਹੈ, 'ਰਾਮ' ਨਹੀਂ। ਅਸਲ ਵਿਚ, ਉੱਤਾਰਾ-ਕਾਰਾਂ ਦੁਆਰਾ ਵਿਗਾੜੀਆ ਬੀੜਾਂ ਦੇ ਆਧਾਰ ਤੇ ਆਧੁਨਿਕ ਕਾਲ ਵਿਚ ਪ੍ਰਕਾਸ਼ਿਤ ਦਸਮ ਗ੍ਰੰਥਾਂ ਤੋਂ ਇਸ ਭਰਮ ਦਾ ਵਿਸਤਾਰ ਹੋਇਆ ਹੈ। ਇਹ ਅਚੇਤ ਲਿਪੀਕਾਰਾਂ ਦੀ ਹੀ ਕ੍ਰਿਪਾ ਦਾ ਫਲ ਹੈ।

ਇਸ ਦੇ ਨਾਲ ਹੀ ਇਕ ਹੋਰ ਪ੍ਰਸੰਗ ਉੱਤੇ ਵੀ ਵਿਚਾਰ ਕਰ ਲੈਣਾ ਉਚਿਤ ਹੈ। 'ਚਰਿਤ੍ਰੋਪਾਖਿਆਨ ਵਿਚ 'ਰਾਮ' ਕਵੀ-ਛਾਪ ਕਿਤੇ ਕਿਤੇ ਵਰਤੀ ਗਈ ਹੈ ਅਤੇ ਚਰਿਤ੍ਰ ਅੰਕ 109 ਵਿਚ 'ਰਾਮ' ਅਤੇ 'ਸਿਆਮ' ਦੋਵੇਂ ਕਵੀ-ਛਾਪਾਂ ਵਰਤੀਆਂ ਮਿਲਦੀਆਂ ਹਨ। ਉੱਥੇ ਵੀ ਲਿਪੀਕਾਰਾਂ ਦੀ ਭੁਲ ਪ੍ਰਤੀਤ ਹੁੰਦੀ ਹੈ। ਹੋ ਸਕਦਾ ਹੈ ਕਿ 'ਰਾਮ' ਕਵੀ-ਛਾਪ ਵਾਲਾ ਕਵੀ ਵੀ ਦਸਮ ਗੁਰੂ ਦੇ ਦਰਬਾਰ ਵਿਚ ਰਿਹਾ ਹੋਵੇ (ਇਤਿਹਾਸ ਤੋਂ ਅਜਿਹਾ ਸੰਕੇਤ ਮਿਲਦਾ ਹੈ)[1] ਅਤੇ ਉਸ ਨੇ ਵੀ ਕੁਝ ਚਰਿਤ੍ਰ ਲਿਖੇ ਹੋਣ, ਜਿਸ ਕਰਕੇ 'ਚਰਿਤ੍ਰੋਪਾਖਿਆਨ' ਦੇ ਉੱਤਾਰਾ-ਕਾਰਾਂ ਨੇ 'ਸਿਆਮ' ਕਵੀ-ਛਾਪ ਦੇ ਨਾਲ ਨਾਲ 'ਰਾਮ' ਕਵੀ-ਛਾਪ ਦਾ ਵੀ ਅਚੇਤ ਰੂਪ ਵਿਚ ਮਿਲਗੋਭਾ ਕਰ ਦਿੱਤਾ ਹੋਵੇ। ਇਹ ਵੀ ਸੰਭਵ ਹੈ ਕਿ 'ਰਾਮ' ਅਤੇ 'ਸਿਆਮ' ਕਵੀ-ਛਾਪਾਂ ਦੀ ਪਰਸਪਰ ਅਦਲਾ-ਬਦਲੀ ਉੱਤੇ 'ਹਨੂਮਾਨ ਨਾਟਕ' ਦੀ ਕਵੀ-ਛਾਪ ਸ਼ੈਲੀ ਦਾ ਪ੍ਰਭਾਵ ਹੋਵੇ, ਕਿਉਂਕਿ ਇਸ ਵਿਚ ਹਿਰਦੇ ਰਾਮ ਕਵੀ ਨੇ 'ਰਾਮ' ਕਵੀ-ਛਾਪ ਵਰਤੀ ਹੈ ਅਤੇ ਪਰੰਪਰਾ ਅਨੁਸਾਰ 'ਹਨੂਮਾਨ ਨਾਟਕ' ਦਸਮ ਗੁਰੂ ਦਾ ਅਤਿਅੰਤ ਪਿਆਰਾ ਗ੍ਰੰਥ ਸੀ।[2] ਉਂਜ ਵੀ 'ਹਨੂਮਾਨ ਨਾਟਕ' ਦੀ ਸ਼ੈਲੀ ਦਾ ਪ੍ਰਭਾਵ ਦਸਮ ਗ੍ਰੰਥ ਦੀਆਂ ਰਚਨਾਵਾਂ ਉੱਤੇ ਪਿਆ ਹੈ।[3] ਇਸ ਤੋਂ ਛੁਟ, 'ਰਾਮ' ਕਵੀ-ਛਾਪ ਵਾਲੀਆ ਉਸੇ ਕਾਲ ਵਿਚ ਕਵੀ ਸੀਤਾ ਰਾਮ ਦੁਆਰਾ ਲਿਖੀਆਂ ਹੋਰ ਵੀ ਕਈ ਰਚਨਾਵਾਂ ਮਿਲਦੀਆਂ ਹਨ।[4] ਸਿੱਟਾ ਇਹ ਕਿ 'ਰਾਮ' ਅਤੇ 'ਸਿਆਮ' ਦੋਹਾਂ ਸ਼ਬਦਾਂ ਨੂੰ ਇਕੋ ਹੀ ਕਵੀ ਦੀਆਂ ਕਵੀ-ਛਾਪਾਂ ਮੰਨਣਾ ਅਤੇ ਤਦੁਪਰੰਤ ਇਨ੍ਹਾਂ ਦੋਹਾਂ ਨੂੰ 'ਗੋਬਿੰਦ' ਸ਼ਬਦ ਦਾ ਪ੍ਰਯਾਯ ਸਿੱਧ ਕਰਨਾ ਭੁਲ ਹੈ।

(ਅ) ਜਿਥੋਂ ਤਕ ਦੂਸਰੇ ਤਰਕ ਦਾ ਸੰਬੰਧ ਹੈ, ਇਹ ਅਸੰਗਤ ਹੈ, ਕਿਉਂਕਿ ਗੁਰੂ ਸਾਹਿਬ ਦੀ ਮਾਤਾ ਜੀ ਨੇ ਉਨ੍ਹਾਂ ਦਾ ਨਾਂ 'ਸਿਆਮ' ਕਦੇ ਵੀ

---

1. ਗੁਰੁ ਪਦ ਪ੍ਰੇਮ ਪ੍ਰਕਾਸ਼ (ਸੁਮੇਰ ਸਿੰਘ), ਪੰਨਾ 338
2. ਸਪਤ ਸਿੰਧੁ (ਇੰਦਰ ਸਿੰਘ ਚਕਰਵਰਤੀ) ਮਾਰਚ 1955
ਰਾਮ ਕਾਵਿਸ਼ ਅੰਕ, ਪੰਨਾ 81
3. ਦਸਮ ਗ੍ਰੰਥ ਉਤੇ 'ਹਨੂਮਾਨ ਨਾਟਕ' ਦੇ ਪ੍ਰਭਾਵ ਦੇ ਉਦਾਹਰਣ ਲਈ ਵੇਖੋ ਇਹੀ ਪ੍ਰਕਾਸ਼, ਪੈਰਾ 21 (4)
4. ਹੋਰ ਵਿਸਤਾਰ ਲਈ ਵੇਖੋ ਪ੍ਰਕਾਸ਼ 7, ਪੈਰਾ 8—10

Digitized by Panjab Digital Library | www.panjabdigilib.org

ਨਹੀਂ ਸੀ ਰਖਿਆ। ਪ੍ਰਮਾਣ ਵਜੋਂ ਹੇਠ ਲਿਖੇ ਤੱਥ ਪੇਸ਼ ਕੀਤੇ ਜਾ ਸਕਦੇ ਹਨ—

(1) ਪ੍ਰਾਚੀਨ ਸਿੱਖ ਇਤਿਹਾਸ ਇਸ ਬਾਰੇ ਚੁਪ ਹੈ।

(2) ਗੁਰੂ ਜੀ ਦੇ ਜਨਮ ਅਸਥਾਨ, ਪਟਨਾ ਵਿਚ ਅਜਿਹਾ ਕੋਈ ਲਿਖਿਤ ਪ੍ਰਮਾਣ ਜਾਂ ਰਿਕਾਰਡ ਉਪਲਬਧ ਨਹੀਂ ਹੈ, ਜਿਸ ਨਾਲ ਇਸ ਕਲਪਨਾ ਪ੍ਰਸੂਤ ਗੱਲ ਦੀ ਪੁਸ਼ਟੀ ਹੋ ਸਕੇ।

(3) ਸ੍ਰੀ ਵੇਦ ਪ੍ਰਕਾਸ਼ (ਪਟਨਾ ਯੂਨੀਵਰਸਿਟੀ)[1] ਨੂੰ ਵੀ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਿਆ, ਜਿਸ ਦੇ ਆਧਾਰ ਤੇ ਗੁਰੂ ਜੀ ਦਾ ਬਚਪਨ ਦਾ ਨਾਂ 'ਸ਼ਿਆਮ' ਮੰਨਿਆ ਜਾ ਸਕੇ।

(4) ਸਿੱਖ ਇਤਿਹਾਸ ਅਨੁਸਾਰ 'ਸ਼ਿਆਮ' ਨਾਂ ਦਾ ਕਵੀ ਗੁਰੂ ਜੀ ਦੇ ਦਰਬਾਰ ਵਿਚ ਰਿਹਾ ਸੀ।[2]

(5) ਗੁਰੂ ਗੋਬਿੰਦ ਸਿੰਘ ਦੇ ਸੋਢੀ ਬੰਸ ਨਾਲ ਸੰਬੰਧਿਤ ਆਨੰਦਪੁਰ ਵਾਸੀ ਸੋਢੀ ਮਨੋਹਰ ਸਿੰਘ ਨੇ 'ਸ਼ਿਆਮ' ਨੂੰ ਗੁਰੂ ਜੀ ਦਾ ਬਚਪਨ ਦਾ ਨਾਂ ਮੰਨਣ ਤੋਂ ਇਨਕਾਰ ਕੀਤਾ ਹੈ।[3]

(6) ਲੱਜਾ ਵਸ ਹੋਰ ਨਾਂ ਰਖਣ ਵਾਲੀ ਗੱਲ ਵੀ ਯੁਕਤੀ-ਯੁਕਤ ਨਹੀਂ, ਕਿਉਂਕਿ 'ਰਾਮ' ਸ਼ਬਦ ਗੁਰੂ ਰਾਮ ਦਾਸ ਜੀ ਦੇ ਨਾਂ ਵਿਚ ਵੀ ਆਇਆ ਹੈ, ਜੋ ਮਾਤਾ ਜੀ ਦੇ ਸਹੁਰੇ ਦੇ ਪੂਰਵਜ ਸਨ। ਫਲਸਰੂਪ, 'ਰਾਮ' ਨਾਂ ਦਾ ਉਚਾਰਣ ਵੀ ਉਨ੍ਹਾਂ ਲਈ ਉਚਿਤ ਨਹੀਂ ਸੀ। ਅਸਲ ਵਿਚ, ਸੁਧਾਰਵਾਦੀ ਅੰਦੋਲਨ ਨਾਲ ਸੰਬੰਧਿਤ ਗੁਰੂ-ਮਾਤਾਵਾਂ ਤੋਂ ਅਜਿਹੇ ਸਾਰਹੀਨ ਸੰਕੋਚ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਇਸ ਲਈ ਇਹ ਗੱਲ ਮੰਨਣ ਯੋਗ ਨਹੀਂ।

(ੲ) ਇਸ ਤਰਕ ਦੀ ਸ਼ਕਤੀ ਭਾਵਨਾ ਦੀ ਸਮਾਨਤਾ ਤੇ ਆਧਾਰਿਤ ਹੈ, ਪਰ ਇਹ ਸਮਾਨਤਾ ਆਪਣੇ ਆਪ ਵਿਚ ਇਕ ਸੁਤੰਤਰ ਨਿਰਣਾਇਕ ਨਹੀਂ ਹੋ ਸਕਦੀ। ਪ੍ਰਮਾਣ ਵਜੋਂ ਹਿੰਦੀ ਸਾਹਿਤ ਦੇ 'ਰੀਤੀ ਕਾਲ' ਦੇ ਦੋ ਸੌ ਵਰ੍ਹਿਆਂ ਦੀਆਂ ਰਚਨਾਵਾਂ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਇਸ ਕਾਲ ਦੀਆਂ ਰਚਨਾਵਾਂ ਵਿਚ ਭਾਵਾਂ ਦੀ ਸਮਾਨਤਾ ਦੇ ਨਾਲ ਨਾਲ ਇਕਰੂਪਤਾ ਅਤੇ ਇਕਸਾਰਤਾ ਵੀ ਹੈ। ਇਸੇ ਕਰਕੇ

---

1. ਸ੍ਰੀ ਵੇਦ ਪ੍ਰਕਾਸ਼, ਪਟਨਾ ਯੂਨੀਵਰਸਿਟੀ, ਇਤਿਹਾਸ ਵਿਭਾਗ ਲਈ "ਸਿੱਖ ਇਨ ਬਿਹਾਰ" ਵਿਸ਼ੇ ਤੇ ਖੋਜ-ਪ੍ਰਬੰਧ ਲਿਖ ਰਹੇ ਹਨ (ਸਨ 1960)।
2. ਮਹਿਮਾ ਪ੍ਰਕਾਸ਼ (ਸਰੂਪ ਦਾਸ ਭੱਲਾ), ਪੱਤਰਾ 411—12
   ਗੁਰ ਪਦ ਪ੍ਰੇਮ ਪ੍ਰਕਾਸ਼ (ਸੁਮੇਰ ਸਿੰਘ), ਪੰਨਾ 338।
3. ਇਨ੍ਹਾਂ ਨੇ ਇਕ ਮੁਲਾਕਾਤ (ਅਗਸਤ, 1960) ਵਿਚ ਇਹ ਵੀ ਦਸਿਆ ਹੈ ਕਿ ਸਾਰਾ ਦਸਮ ਗ੍ਰੰਥ ਗੁਰੂ ਜੀ ਦੀ ਰਚਨਾ ਨਹੀਂ, ਇਸ ਵਿਚ ਕਵੀ ਕ੍ਰਿਤੀਆਂ ਵੀ ਸੰਕਲਿਤ ਹਨ।

Digitized by Panjab Digital Library | www.panjabdigilib.org

ਆਧੁਨਿਕ ਆਲੋਚਕਾਂ ਨੂੰ ਸ਼ਿਕਾਇਤ ਹੈ ਕਿ ਇਸ ਕਾਲ ਵਿਚ ਨਵੀਨਤਾ ਲਈ ਕੋਈ ਥਾਂ ਨਹੀਂ ਸੀ। ਦੋਹਰਾ ਹੋਵੇ ਜਾਂ ਸਵੈਯਾ, ਕਵਿੱਤ ਹੋਵੇ ਜਾਂ ਸੋਰਠਾ, ਸਭਨਾਂ ਦਾ ਕੇਂਦਰ-ਬਿੰਦੂ ਹੈ ਸ਼ਿੰਗਾਰ। ਫਲਸਰੂਪ, ਸਮਾਨਤਾ ਦੇ ਆਧਾਰ ਨੂੰ ਅਪਨਾ ਕੇ ਕੋਈ ਵੀ ਬੁੱਧੀਮਾਨ ਆਲੋਚਕ 'ਰੀਤੀ ਕਾਲ' ਦੇ ਸਾਰੇ ਸਾਹਿਤ ਨੂੰ ਜਾਂ ਉਸ ਦੇ ਕੁਝ ਅੰਸ਼ ਨੂੰ ਇਕ ਹੀ ਕਵੀ ਦੀ ਕ੍ਰਿਤ ਨਹੀਂ ਮੰਨ ਸਕਦਾ। ਇਹੋ ਗੱਲ 'ਦਸਮ ਗ੍ਰੰਥ' ਦੀਆਂ ਵਿਚਾਰਾਧੀਨ ਪੰਕਤੀਆਂ ਬਾਰੇ ਵੀ ਕਹੀ ਜਾ ਸਕਦੀ ਹੈ। ਪੰਜਾਬੀ ਸਾਹਿਤ ਦੇ ਜੇ ਕਿੱਸਾ-ਸਹਿਤ ਉੱਤੇ ਨਜ਼ਰ ਮਾਰੀਏ ਤਾਂ ਪਤਾ ਚਲੇਗਾ ਕਿ ਮੁਕਬਿਲ, ਅਹਿਮਦ ਤੇ ਵਾਰਿਸ ਦੀਆਂ ਹੀਰਾਂ ਵਿਚ ਬਹੁਤ ਸਮਾਨਤਾ ਹੈ। ਇਹ ਸਮਾਨਤਾ ਸ਼ੈਲੀ, ਭਾਵਾਂ ਅਤੇ ਅਲੰਕਾਰਾਂ ਦੇ ਪੱਖ ਤੋਂ ਤਾਂ ਖ਼ਾਸ ਉੱਲੇਖ ਯੋਗ ਹੈ। 'ਆਦਿ ਗ੍ਰੰਥ' ਦੇ ਬਾਣੀਕਾਰਾਂ, ਖ਼ਾਸ ਕਰ ਗੁਰੂ ਸਾਹਿਬਾਨਾਂ, ਦੇ 'ਸ਼ਬਦਾਂ' ਵਿਚ ਭਾਵਾਂ ਦੇ ਪੱਖ ਤੋਂ ਬਹੁਤ ਸਮਾਨਤਾ ਹੈ।[1] ਪਰ ਕੋਈ ਵੀ ਬੁੱਧੀਮਾਨ ਆਲੋਚਕ ਸਾਰੇ 'ਆਦਿ ਗ੍ਰੰਥ' ਨੂੰ ਇਕ ਰਚਨਹਾਰ ਦੀ ਕ੍ਰਿਤੀ ਨਹੀਂ ਕਹਿ ਸਕਦਾ। ਇਹੋ ਗੱਲ ਦਸਮ ਗ੍ਰੰਥ ਉੱਤੇ ਵੀ ਇੰਨ ਬਿੰਨ ਲਾਗੂ ਹੁੰਦੀ ਹੈ।

ਇਸ ਤੋਂ ਛੁਟ, ਉਪਰੋਕਤ ਪਹਿਲੇ ਪਦ ਵਿਚ 'ਜਗਮਾਇ' ਸ਼ਬਦ ਇਸ਼ਟ-ਸੂਚਕ ਹੈ। ਸਿੱਖ ਸਿੱਧਾਂਤ ਪ੍ਰਧਾਨ ਸੰਪੂਰਣ 'ਆਦਿ ਗ੍ਰੰਥ' ਵਿਚ ਇਹ ਸ਼ਬਦ ਕਿਤੇ ਵੀ ਸਿੱਖ ਗੁਰੂਆਂ ਦੇ ਇਸ਼ਟ-ਦੇਵ ਰੂਪ ਲਈ ਨਹੀਂ ਵਰਤਿਆ ਗਿਆ। ਇਸ ਸ਼ਬਦ ਦਾ ਸੰਸਕਾਰ-ਗਤ ਅਤੇ ਭਾਵਨਾਗਤ ਸੰਬੰਧ ਸ਼ਾਕਤ ਮਤ ਨਾਲ ਹੈ। ਜੋ ਵਿਦਵਾਨ ਇਸ ਦਾ ਅਰਥ 'ਪਰਮਾਤਮਾ' ਕਰਦੇ ਹਨ, ਉਹ ਆਪਣੇ ਸ਼ੰਕੇ ਦੀ ਨਿਵਰਿਤੀ ਲਈ ਚਰਿਤ੍ਰ ਅੰਕ 97 ਪੜ੍ਹਨ ਦੀ ਖੇਚਲ ਕਰਨ, ਜਿਥੇ ਸਪੱਸ਼ਟ ਰੂਪ ਵਿਚ 'ਜਗਮਾਤ' ਸ਼ਬਦ ਚੰਡੀ ਲਈ ਵਰਤਿਆ ਗਿਆ ਹੈ। ਫਲਸਰੂਪ, 'ਜਗਮਾਇ' (ਦੇਵੀ) ਤੋਂ ਵਰਦਾਨ ਮੰਗਣ ਦੀ ਭਾਵਨਾ ਦਾ ਗੁਰੂ ਜੀ ਦੀ ਨਿਰਗੁਣ ਉਪਾਸਨਾ ਦੀ ਭਾਵਨਾ ਨਾਲ ਕਿਵੇਂ ਮੇਲ ਹੋ ਸਕਦਾ ਹੈ। ਇਸ ਤਰਕ ਦੇ ਪ੍ਰਕਾਸ਼ ਵਿਚ ਇਨ੍ਹਾਂ ਪੰਕਤੀਆਂ ਦਾ ਯਥਾਰਥ ਰੂਪ ਸਪੱਸ਼ਟ ਹੋ ਜਾਂਦਾ ਹੈ। 'ਸ਼ਿਆਮ' ਆਦਿ ਕਵੀਆਂ ਦੀ ਇਸ਼ਟ-ਭਾਵਨਾ ਉੱਤੇ ਵਿਸਤਾਰ-ਪੂਰਣ ਵਿਚਾਰ ਕਰਨ ਦਾ ਅਵਸਰ ਵੀ ਅਗੇ ਆਵੇਗਾ (ਵੇਖੋ ਪ੍ਰਕਾਸ਼ 8, ਇਸ਼ਟ-ਭਾਵਨਾ)।

(ਸ) 'ਗੋਬਿੰਦ' ਸ਼ਬਦ ਦੇ ਆਧਾਰ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਪ੍ਰਸੰਗ ਦਾ ਰਚਨਹਾਰ ਸਿੱਧ ਕਰਨਾ ਠੀਕ ਨਹੀਂ। ਇਸ ਤਰਕ ਉਤੇ ਦੋ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਕਰਨਾ ਜ਼ਰੂਰੀ ਹੈ—

---

1. ਗੁਰੂ ਰਾਮ ਦਾਸ ਅਤੇ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਭਾਵਾਂ ਦੀ ਸਮਾਨਤਾ ਲਈ ਵੇਖੋ—ਭਾਸ਼ਾ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਤ 'ਗੁਰੂ ਰਾਮ ਦਾਸ ਜੀ ਦੀ ਕਵਿਤਾ' (ਤ੍ਰਿਲੋਚਨ ਸਿੰਘ), ਪੰਨਾ 6 (ਸਨ 1961–62)

Digitized by Panjab Digital Library | www.panjabdigilib.org

(i) ਸਭ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ 'ਗੋਬਿੰਦ' ਸ਼ਬਦ ਇਸ ਦੋਹਰੇ ਵਿਚ ਕਵੀ-ਛਾਪ ਦੇ ਰੂਪ ਵਿਚ ਵਰਤਿਆ ਗਿਆ ਹੈ ਜਾਂ ਕਿਸੇ ਹੋਰ ਰੂਪ ਵਿਚ; ਅਤੇ

(ii) ਇਹ ਵੀ ਵਿਚਾਰ ਲੈਣਾ ਹੋਵੇਗਾ ਕਿ 'ਗੋਬਿੰਦ' ਸ਼ਬਦ ਦਾ ਇਸ ਪ੍ਰਕਰਣ ਵਿਚ ਠੀਕ ਅਰਥ ਉਹੀ ਹੈ ਜੋ ਇਸ ਤਰਕ ਵਾਲਿਆਂ ਨੇ ਮੰਨਿਆ ਹੈ ਜਾਂ ਕੋਈ ਹੋਰ ਅਰਥ ਵੀ ਸੰਭਵ ਹੋ ਸਕਦਾ ਹੈ।

ਇਸ ਜ਼ਰੂਰੀ ਵਿਚਾਰ ਅਤੇ ਵਿਗਿਆਨਿਕ ਪੜਚੋਲ ਦੇ ਅਭਾਵ ਵਿਚ ਪੂਰਬ-ਪੱਖ ਵਾਲਿਆਂ ਦੇ ਨਿਰਣੇ ਭਰਮਪੂਰਣ ਹੋ ਸਕਦੇ ਹਨ ਅਤੇ ਇਸ ਸੰਬੰਧੀ ਸਾਰੇ ਤਰਕ-ਵਿਤਰਕ ਦਾ ਕੋਈ ਮੁਲ ਹੀ ਨਹੀਂ ਰਹਿੰਦਾ। ਫਲਸਰੂਪ, ਬੜੀ ਸਾਵਧਾਨੀ ਨਾਲ ਇਸ ਤਰਕ ਦੀ ਪਰੀਖਿਆ ਕਰਨੀ ਹੋਵੇਗੀ—

(i) ਅਸਲ ਵਿਚ, ਇਸ ਪ੍ਰਸੰਗ ਅੰਦਰ 'ਗੋਬਿੰਦ' ਸ਼ਬਦ ਕਵੀ-ਛਾਪ ਦੇ ਰੂਪ ਵਿਚ ਨਹੀਂ ਵਰਤਿਆ ਗਿਆ। ਇਸ ਦਾ ਇਕ ਕਾਰਣ ਤਾਂ ਇਹ ਹੈ ਕਿ ਦਸਮ ਗ੍ਰੰਥ ਵਿਚ ਜਿਥੇ ਕਿਤੇ ਵੀ ਕੋਈ ਕਵੀ-ਛਾਪ ਵਰਤੀ ਗਈ ਹੈ, ਉਥੇ ਉਹ ਸਪੱਸ਼ਟ ਰੂਪ ਵਿਚ ਬਿਨਾ ਕਿਸੇ ਸ਼ਲਿਸ਼ਟਤਾ ਦੇ ਕਵੀ-ਛਾਪ ਹੀ ਪ੍ਰਵਾਨ ਹੈ। ਇਸ ਸੰਬੰਧੀ ਵਿਸਤਾਰ ਭਰਪੂਰ ਵਿਵਰਣ ਇਕ ਤਾਲਿਕਾ ਦੁਆਰਾ ਪਰਿਸ਼ਿਸ਼ਟ 3 ਵਿਚ ਦਿੱਤਾ ਹੈ ਜਿਸ ਤੋਂ ਭਲੀ ਭਾਂਤ ਸਿੱਧ ਹੁੰਦਾ ਹੈ ਕਿ ਦਸਮ ਗ੍ਰੰਥ ਦੇ ਕਵੀਆਂ ਨੇ ਸਰਬਤ੍ਰ ਬਿਨਾ ਖੁੰਝੇ ਹਠ-ਪੂਰਵਕ ਇਕ ਵਿਸ਼ੇਸ਼ ਪ੍ਰਣਾਲੀ ਅਨੁਸਾਰ ਕਰਤ੍ਰਿਤਵ ਸੰਬੰਧੀ ਜਾਣਕਾਰੀ ਦਿੱਤੀ ਹੈ। ਪਰ ਵਿਚਾਰਾਧੀਨ ਦੋਹਰੇ ਵਿਚ ਇਸ ਪ੍ਰਣਾਲੀ ਦਾ ਪਾਲਨ ਨਹੀਂ ਹੋਇਆ। ਇਹ ਕੇਵਲ ਅਪਵਾਦ ਨਹੀਂ ਹੋ ਸਕਦਾ। ਜਦ ਤਕ 'ਗੋਬਿੰਦ' ਸ਼ਬਦ ਦੇ ਨਾਲ ਦਸਮ ਗ੍ਰੰਥ ਦੀ ਉਪਰੋਕਤ ਕਵੀ-ਛਾਪ ਪ੍ਰਣਾਲੀ ਅਨੁਸਾਰ 'ਕਵੀ' ਆਦਿ ਸ਼ਬਦ ਨਹੀਂ ਆਉਂਦਾ, ਤਦ ਤਕ ਇਸ 'ਗੋਬਿੰਦ' ਸ਼ਬਦ ਦਾ ਸੰਬੰਧ ਗੁਰੂ ਜੀ ਨਾਲ ਜੋੜਨਾ ਭੁਲੇਖਾ ਪਾਉਣਾ ਹੈ।

ਇਸ ਦਾ ਦੂਜਾ ਕਾਰਣ ਇਹ ਵੀ ਹੈ ਕਿ ਸਾਰੇ ਦਸਮ ਗ੍ਰੰਥ ਵਿਚ 'ਗੋਬਿੰਦ' ਸ਼ਬਦ ਸਪੱਸ਼ਟ ਤੌਰ ਤੇ ਕਵੀ-ਛਾਪ ਦੇ ਰੂਪ ਵਿਚ ਕਿਤੇ ਵੀ ਨਹੀਂ ਵਰਤਿਆ ਗਿਆ। ਇਸ ਗ੍ਰੰਥ ਵਿਚ 'ਗੋਬਿੰਦ' ਸ਼ਬਦ ਦੀ ਅਜਿਹੀ ਸੰਦੇਹ-ਜਨਕ ਵਰਤੋਂ ਕੇਵਲ ਦੋ ਵਾਰ ਹੋਈ ਹੈ। ਇਕ ਤਾਂ ਵਿਚਾਰਾਧੀਨ ਦੋਹਰੇ ਵਿਚ ਅਤੇ ਦੂਜੀ ਹੇਠ ਲਿਖੇ ਛੰਦ ਵਿਚ—

ਅੜਿਲ : ਨਿਜ ਨਾਇਕ ਕਹ ਮਾਰਿ ਨ੍ਰਿਪ ਕੇ ਘਰ ਗਈ।
ਲੋਗ ਲਖੈਂ ਗ੍ਰਿਹ ਮਾਂਝ ਤਰੁਨਿ ਇਸਥਿਤ ਭਈ।
ਕਿਸੂ ਨਾਥ ਕੇ ਸੋਕ ਨ ਬਦਨ ਦਿਖਾਵਈ।
ਹੋ ਬੈਠੀ ਗ੍ਰਿਹ ਕੇ ਮਾਂਝ ਗੋਬਿੰਦ ਗੁਨ ਗਾਵਈ॥੧੯॥

(ਚਰਿਤ੍ਰ ਅੰਕ 242)

Digitized by Panjab Digital Library | www.panjabdigilib.org

ਉਕਤ ਚੌਹਾਂ ਥਾਵਾਂ ਉਤੇ ਇਸ ਸ਼ਬਦ ਦੀ ਵਰਤੋਂ ਦਸਮ ਗ੍ਰੰਥ ਦੀ ਕਵੀ-ਛਾਪ ਪਰੰਪਰਾ ਦੀ ਪਾਲਨਾ ਨਹੀਂ ਕਰਦੀ। ਇਸ ਤਰ੍ਹਾਂ ਇਸ ਸ਼ਬਦ ਨੂੰ ਕਵੀ-ਛਾਪ ਮੰਨ ਲੈਣ ਦੀ ਕੋਈ ਗੁੰਜਾਇਸ਼ ਨਹੀਂ ਹੈ।

(ii) ਸ਼ਬਦਾਰਥ ਦੀ ਦ੍ਰਿਸ਼ਟੀ ਤੋਂ ਉਪਰੋਕਤ ਚੋਹਾਂ ਪ੍ਰਕਰਣਾਂ ਵਿਚ 'ਗੋਬਿੰਦ' ਸ਼ਬਦ ਪਰਮਾਤਮਾ (ਇਸ਼ਟ ਵਿਸ਼ੇਸ਼) ਲਈ ਵਰਤਿਆ ਹੋਇਆ ਹੈ। ਇਹੀ ਨਹੀਂ ਰਾਮ, ਕਾਲ ਅਤੇ ਸ਼ਿਆਮ ਸ਼ਬਦਾਂ ਦੀ ਵਰਤੋਂ ਵੀ ਇਸੇ ਢੰਗ ਨਾਲ ਕਈ ਥਾਵਾਂ ਉੱਤੇ ਇਸ਼ਟ ਦੇਵ ਲਈ ਹੋਈ ਹੈ।[1] ਉੱਥੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਵੀ-ਛਾਪਾਂ ਦੇ ਰੂਪ ਵਿਚ ਧੁਨਿਤ ਨਹੀਂ ਹੁੰਦੀ। ਅਜਿਹੀ ਹਾਲਤ ਵਿਚ 'ਗੋਬਿੰਦ' ਸ਼ਬਦ ਦੇ ਇਨ੍ਹਾਂ ਦੋ ਸੰਦਿਗਧ ਪ੍ਰਯੋਗਾਂ ਤੋਂ ਇਨ੍ਹਾਂ ਦਾ ਅਰਥ ਕਵੀ-ਛਾਪ ਦੇ ਰੂਪ ਵਿਚ ਲੈਣਾ ਗ਼ਲਤੀ ਹੈ।

'ਕ੍ਰਿਸ਼ਨਾਵਤਾਰ' ਪ੍ਰਸੰਗ ਵਿਚ ਜਿਥੇ ਕਵੀ-ਛਾਪਾਂ ਦੀ ਵਰਤੋਂ ਸੰਦਿਗਧ ਰੂਪ ਵਿਚ ਹੋ ਵੀ ਗਈ ਹੈ ਉੱਥੇ ਉਸ ਦੀ ਤੁਰੰਤ ਅਰਥਾਤ ਅਗਲੇ ਛੰਦ ਵਿਚ ਪੁਸ਼ਟੀ ਕਰ ਦਿੱਤੀ ਗਈ ਹੈ। ਜਿਵੇਂ ਪੂਰਬ-ਪੱਖ ਵਾਲਿਆਂ ਦੇ ਉਪਰੋਕਤ ਤਰਕ (ੲ) ਦੇ ਛੰਦਾਂ ਵਿਚ 'ਸ਼ਿਆਮ' ਸ਼ਬਦ ਦੀ ਵਰਤੋਂ ਸੰਦੇਹ-ਜਨਕ ਰੂਪ ਵਿਚ ਹੋਈ ਹੈ, ਪਰ ਇਸ ਨੂੰ ਕਵੀ-ਛਾਪ ਮੰਨਣ ਲਈ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਸ ਦੇ ਇਸ ਰੂਪ ਵਿਚ ਵਰਤੇ ਜਾਣ ਦੀ ਪੁਸ਼ਟੀ ਇਸੇ ਪ੍ਰਸੰਗ ਦੇ ਅਗਲੇ ਛੰਦ (ਛੰਦ ਅੰਕ 1902) ਤੋਂ ਸਪੱਸ਼ਟ ਰੂਪ ਵਿਚ ਹੋ ਜਾਂਦੀ ਹੈ, ਯਥਾ—

ਅਤ੍ਰਿ ਪਰਾਸੁਰ ਨਾਰਦ ਸਾਰਦ ਸ੍ਰੀ ਸੁਕ ਸੇਸ ਨ ਅੰਤਹ ਪਾਵੈ।
ਤਾਕੋ ਕਬਿਤਨ ਮੈਂ **ਕਬਿ ਸਯਾਮ** ਕਹਯੋ ਕਹਿਕੈ ਕਬਿ ਕਉਨ ਰਿਝਾਵੈ ॥੧੯੦੨॥

(ਦਸਮ ਗ੍ਰੰਥ, ਪੰਨਾ 495)

ਪਰ ਉਪਰੋਕਤ 'ਗੋਬਿੰਦ' ਸ਼ਬਦ ਦੇ ਦੋਹਾਂ ਪ੍ਰਯੋਗਾਂ ਅਤੇ ਉਸੇ ਢੰਗ ਤੇ ਹੋਏ 'ਕਾਲ', 'ਰਾਮ' ਅਤੇ 'ਸ਼ਿਆਮ' ਕਵੀ-ਛਾਪਾਂ ਦੇ ਤਿੰਨਾ ਪ੍ਰਯੋਗਾਂ ਦੀ ਪੁਸ਼ਟੀ ਸੰਬੰਧਿਤ ਰਚਨਾਵਾਂ ਵਿਚ ਉਸੇ ਕਵੀ-ਛਾਪ ਤੋਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਕਿਤੇ ਵੀ ਨਹੀਂ ਹੁੰਦੀ। ਇਸ ਲਈ ਇਨ੍ਹਾਂ ਸ਼ਬਦਾਂ ਦੇ ਇਹ ਪ੍ਰਯੋਗ ਕਦੇ ਵੀ ਕਵੀ-ਸੂਚਕ ਸਿੱਧ ਨਹੀਂ ਹੋ ਸਕਦੇ।

---

1. ਕਾਲ : ਸਭ ਸਖਿਯਾਂ ਹਰਖਤਿ ਭਈਂ ਕਾਤਰ ਭਈ ਨ ਕੋਇ।
ਜੁਧ ਕਾਜ ਸਭ ਹੀ ਚਲੀ ਕਾਲ ਕਰੈ ਸੋ ਹੋਇ ॥ ੨੨ ॥ (ਚਰਿਤ੍ਰ ਅੰਕ 128)
ਰਾਮ : ਵਾਹੀ ਕੋ ਝੂਠਾ ਕਿਯੋ ਭੇਦ ਨ ਪਾਵੈ ਕੋਇ।
ਵਹ ਦਿਨ ਧਨ ਹੈ ਹਰ ਲਯੋ ਰਾਮ ਕਰੈ ਸੋ ਹੋਇ ॥ ੪ ॥
(ਚਰਿਤ੍ਰ ਅੰਕ 75)
ਸਿਆਮ : ਚੰਚਲਾਨ ਕੇ ਚਰਿਤ ਕੋ ਸਕਤ ਨ ਕੋਊ ਪਾਇ।
ਵਹ ਚਰਿਤ੍ਰ ਤਾਕੋ ਲਖੇ ਜਾਕੇ ਸ੍ਯਾਮ ਸਹਾਇ ॥ ੭ ॥
(ਚਰਿਤ੍ਰ ਅੰਕ 193)

Digitized by Panjab Digital Library | www.panjabdigilib.org

ਇਸ ਵਿਚਾਰਾਧੀਨ ਦੋਹਰੇ ਵਿਚ 'ਗੋਬਿੰਦ' ਸ਼ਬਦ ਗੁਰੂ ਜੀ ਦਾ ਸੰਬੋਧਨ ਵੀ ਮੰਨਿਆ ਜਾ ਸਕਦਾ ਹੈ। ਦੁਆਰ ਦੁਆਰ ਦੀਆਂ ਠੋਕਰਾਂ ਖਾਉਣ ਤੋਂ ਬਾਦ ਗੁਰੂ ਜੀ ਦੇ ਦੁਆਰ ਉੱਤੇ ਆਇਆ ਕਵੀ ਅਜਿਹੀ ਭਾਵਨਾ ਪ੍ਰਗਟ ਕਰ ਦੇਵੇ ਤਾਂ ਕੋਈ ਅਸਚਰਜ ਨਹੀਂ। ਗੁਰੂ ਅਰਜਨ ਜੀ ਦੇ ਦਰਬਾਰ ਵਿਚ ਆਏ ਭੱਟਾਂ ਨੇ ਵੀ ਅਜਿਹੇ ਭਾਵ ਪ੍ਰਗਟ ਕੀਤੇ ਸਨ, ਜਿਵੇਂ—

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ।
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ।
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ।

... ... ... ...

ਗੁਰ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥
(ਆਦਿ ਗ੍ਰੰਥ, ਪੰਨਾ 1395-96)

ਅਸਲ ਵਿਚ, ਇਸ ਤਰਕ ਦੀ ਸਭ ਤੋਂ ਵੱਡੀ ਦੁਰਬਲਤਾ ਇਹ ਹੈ ਕਿ ਕੇਵਲ ਇਕ ਵਿਵਾਦ-ਪੂਰਣ ਸ਼ਬਦ ਨੂੰ ਲੈ ਕੇ ਮਹੱਤਵ-ਪੂਰਣ ਸਿੱਟਾ ਕੱਢਣ ਦਾ ਯਤਨ ਕੀਤਾ ਗਿਆ ਹੈ। ਨਾਲ ਹੀ, ਇਹ ਵੀ ਵਿਚਾਰਨ ਦਾ ਯਤਨ ਨਹੀਂ ਕੀਤਾ ਗਿਆ ਕਿ ਕੀ ਇਸ ਸ਼ਬਦ ਦਾ ਇਸ ਪ੍ਰਕਰਣ ਵਿਚ ਕੋਈ ਦੂਜਾ ਅਰਥ ਤਾਂ ਧੁਨਿਤ ਨਹੀਂ ਹੁੰਦਾ। ਇਕ ਗੱਲ ਹੋਰ, ਸਾਹਿਤਕ ਪਰੰਪਰਾਵਾਂ ਵਿਚ ਕਵੀ-ਛਾਪ, 'ਉਪਨਾਮ' ਜਾਂ 'ਤਖ਼ੱਲੁਸ' ਰਖਣ ਦੀ ਬਹੁਤ ਪੁਰਾਣੀ ਪਰੰਪਰਾ ਹੈ। ਅਪਭ੍ਰੰਸ਼ ਯੁਗ ਤੋਂ ਲੈ ਕੇ ਅਜ ਤਕ ਵੀ ਇਹ ਪਰੰਪਰਾ ਜੀਵਿਤ ਹੈ। ਪਰ ਇਨ੍ਹਾਂ ਉਪਨਾਵਾਂ, ਕਵੀ-ਛਾਪਾਂ, ਤਖ਼ੱਲੁਸਾਂ ਆਦਿ ਦੇ ਅਸਪੱਸ਼ਟ ਜਾਂ ਸ਼ਲਿਸ਼ਟ (ਦੋਹਰੇ) ਰੂਪਾਂ ਦੇ ਆਧਾਰ ਤੇ ਕਿਸੇ ਮਹੱਤਵ-ਪੂਰਣ ਨਿਰਣੇ ਤੇ ਨਹੀਂ ਪਹੁੰਚਿਆ ਜਾ ਸਕਦਾ। ਇਸ ਲਈ ਦਸਮ ਗ੍ਰੰਥ ਵਿਚ ਸੰਦੇਹ-ਜਨਕ ਢੰਗ ਨਾਲ ਕੇਵਲ ਦੋ ਵਾਰ ਆਉਣ ਵਾਲੇ 'ਗੋਬਿੰਦ' ਸ਼ਬਦ ਨੂੰ ਲੈ ਕੇ ਇਤਨਾ ਮਹੱਤਵ-ਪੂਰਣ ਨਿਰਣਾ ਦੇ ਦੇਣਾ ਬਿਲਕੁਲ ਅਵਿਗਿਆਨਿਕ ਹੈ, ਸਾਹਿਤਕ ਪਰੰਪਰਾਵਾਂ ਦੇ ਉਲਟ ਹੈ।

(ਹ) ਰਹੀ ਗੱਲ 'ਕਾਲ' ਕਵੀ-ਛਾਪ ਦੀ। ਸਾਫ਼ ਤੌਰ ਤੇ ਇਸ ਸ਼ਬਦ ਦਾ ਦਸਮ ਗੁਰੂ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਨਾ ਹੀ ਕੋਸ਼ ਅਨੁਸਾਰ ਇਹ ਸ਼ਬਦ 'ਗੋਬਿੰਦ' ਸ਼ਬਦ ਦਾ ਪ੍ਰਯਾਯ ਹੈ। ਸੰਭਵ ਹੈ ਕਿ 'ਕਾਲ' ਸ਼ਬਦ ਜਾਂ ਤਾਂ 'ਕਾਲਿ' ਰਿਹਾ ਹੋਵੇਗਾ ਜਾਂ 'ਕਾਲਿਦਾਸ' ਸ਼ਬਦ ਦਾ ਸੰਖਿਪਤ ਰੂਪ ਹੋਵੇਗਾ। ਉਦਾਹਰਣ ਵਜੋਂ ਦਸਮ ਗ੍ਰੰਥ ਵਿਚ ਦੋ ਥਾਵਾਂ ਤੇ 'ਕਾਲਿਦਾਸ' ਨੂੰ 'ਕਾਲਦਾਸ'[1] ਅਤੇ ਅਨੇਕ ਥਾਵਾਂ ਤੇ 'ਕਬਿ' ਸ਼ਬਦ

1. ਬ੍ਰਹਮਾ ਦਾ ਸਤੱਵਾਂ ਅਵਤਾਰ (ਛੰਦ 1 ਅਤੇ 3) (ਦਸਮ ਗ੍ਰੰਥ, ਪੰਨਾ 635)।
ਮਨੀ ਸਿੰਘ ਦੀ ਬੀੜ ਵਿਚ ਵੀ 'ਕਾਲਦਾਸ' ਹੈ, ਪੱਤਰਾ 757।

Digitized by Panjab Digital Library | www.panjabdigilib.org

ਨੂੰ 'ਕਬ'[1] ਦੇ ਰੂਪ ਵਿਚ ਲਿਖਿਆ ਗਿਆ ਹੈ। ਗੁਰਮੁਖੀ ਲਿਪੀ ਵਿਚ ਲਿਖੇ ਪ੍ਰਾਚੀਨ ਸਾਹਿਤ ਵਿਚ ਹ੍ਰਿਸਵ-ਵਿਕਾਰ ਆਮ ਕਰਕੇ ਲਿਖੇ ਤਾਂ ਜਾਂਦੇ ਹਨ, ਪਰ ਪੜ੍ਹਨ ਵੇਲੇ ਉਨ੍ਹਾਂ ਦਾ ਉਚਾਰਣ ਨਹੀਂ ਹੁੰਦਾ। 'ਆਦਿ ਗ੍ਰੰਥ' ਦੀ ਸੰਪੂਰਣ ਬਾਣੀ ਦਾ ਪਾਠ ਇਸੇ ਨਿਯਮ ਨਾਲ ਹੁੰਦਾ ਹੈ। ਕਦਾਚਿਤ ਇਸੇ ਪ੍ਰਵਿਰਤੀ ਦੇ ਪ੍ਰਭਾਵ ਕਰਕੇ 'ਕਾਲਿ' ਦੀ ਥਾਂ ਤੇ 'ਕਾਲ' ਹੀ ਕਿਸੇ ਉਤਾਰਾਕਾਰ ਨੇ ਕਰ ਦਿੱਤਾ ਹੋਵੇ। ਅਜਿਹੀ ਹਾਲਤ ਵਿਚ ਇਸ ਸ਼ਬਦ ਦੀ ਭਿਆਨਕਤਾ ਦਾ ਪ੍ਰਸ਼ਨ ਹੀ ਨਹੀਂ ਉਠਦਾ, ਕਿਉਂਕਿ 'ਕਾਲਿ' ਨਾਂ ਤਾਂ ਸਾਧਾਰਣ ਵਰਤੋਂ ਲਈ ਪ੍ਰਵਾਨ ਹੈ। ਉਂਜ ਸਿਧ ਅਤੇ ਨਾਥ ਪੰਥ ਵਿਚ 'ਕਾਲ' ਨਾਂ ਤੋਂ ਵੀ ਕਿਤੇ ਵਧ ਭਿਆਨਕ ਨਾਂ ਪ੍ਰਚਲਿਤ ਹਨ, ਜਿਵੇਂ ਕਾਲਨਾਥ, ਅਤਿਕਾਲਨਾਥ, ਕਰਾਲ ਨਾਥ, ਵਿਕਟਾਲ ਨਾਥ, ਮਹਾਕਾਲ ਨਾਥ, ਕਾਲ ਭੈਰਵ ਨਾਥ, ਆਦਿ।[2] ਡਾ. ਵਿਦਿਆ ਭੂਸ਼ਣ ਵਿਭੂ ਨੇ ਵੀ ਆਪਣੇ ਖੋਜ-ਪ੍ਰਬੰਧ 'ਅਭਿਧਾਨ-ਅਨੁਸ਼ੀਲਨ ਅਰਥਾਤ ਹਿੰਦੀ ਪ੍ਰਦੇਸ਼ ਕੇ ਹਿੰਦੂ ਪੁਰਸ਼ੋਂ ਕੇ ਨਾਮੋਂ ਕਾ ਵਿਗਿਆਨਿਕ ਵਿਵੇਚਨ' ਵਿਚ ਅਨੇਕ ਅਜਿਹੇ ਤਥਾਕਥਿਤ ਭਿਆਨਕ ਨਾਂ ਦਿੱਤੇ ਹਨ ਜਿਹੜੇ ਸਾਧਾਰਣ ਹਿੰਦੂ ਘਰਾਂ ਵਿਚ ਰਖੇ ਜਾਂਦੇ ਹਨ। ਇਸ ਤੋਂ ਛੁਟ, ਦਸਮ ਗ੍ਰੰਥ ਦਾ ਸੰਪੂਰਣ ਵਾਤਾਵਰਣ, ਦੋਹਾਂ ਇਸ਼ਟ-ਦੇਵਾਂ ਦਾ ਸਰੂਪ ਆਦਿ ਵੀ ਭਿਆਨਕ ਅਤੇ ਕਠੋਰ ਹਨ। ਸੋਮਨ ਭਾਵ ਅਤੇ ਕੋਮਲਤਾ ਦੇ ਦਸਮ ਗ੍ਰੰਥ ਵਿਚ ਬਹੁਤ ਘਟ ਦਰਸ਼ਨ ਹੁੰਦੇ ਹਨ। ਤਾਂ ਫਿਰ 'ਕਾਲ' ਕਵੀ-ਛਾਪ ਦੀ ਵਰਤੋਂ ਵਿਚ ਕੀ ਆਪਤੀ ਹੋ ਸਕਦੀ ਹੈ। ਇਸ ਲਈ ਇਹ ਤਰਕ ਨਿਰਾਧਾਰ ਹੈ।

ਇਕ ਗੱਲ ਹੋਰ, ਜੇ ਇਹ 'ਕਾਲ' ਸ਼ਬਦ 'ਸ਼ਿਆਮ' ਸ਼ਬਦ ਦਾ ਪ੍ਰਯਾਯ ਹੈ ਤਾਂ ਫਿਰ 'ਚੌਬੀਸ ਅਵਤਾਰ' ਪ੍ਰਸੰਗ ਵਿਚ ਜਿਥੇ 'ਸਿਆਮ' ਕਵੀ-ਛਾਪ ਸੈਂਕੜੇ ਵਾਰ ਆਈ ਹੈ, ਉਥੇ ਇਸ 'ਕਾਲ' ਕਵੀ-ਛਾਪ ਨੂੰ ਨਾਲ ਨਾਲ ਕਿਉਂ ਨਹੀਂ ਵਰਤਿਆ ਗਿਆ ਜਦ ਕਿ 'ਰਾਮ' ਕਵਿ-ਛਾਪ ਵਰਤੀ ਗਈ ਹੈ। ਇਸ ਕਵੀ-ਛਾਪ ਦਾ ਕੇਵਲ 'ਚਰਿਤ੍ਰੋਪਾਖਿਆਨ' ਵਿਚ ਵਰਤਿਆ ਜਾਣਾ ਇਸ ਦੇ ਵੱਖ ਵਿਅਕਤਿਤਵ ਨੂੰ ਪ੍ਰਮਾਣਿਤ ਕਰਦਾ ਹੈ ਕਿਉਂਕਿ 'ਚਰਿਤ੍ਰੋਪਾਖਿਆਨ' ਤਾਂ ਉਂਜ ਵੀ ਕਈ ਕਵੀਆਂ ਦੇ ਲਿਖੇ ਚਰਿਤ੍ਰਾਂ ਦਾ ਸੰਗ੍ਰਹਿ ਹੈ, ਜਿਵੇਂ ਅਸੀਂ ਅਗੇ ਚਲ ਕੇ ਦਸਾਂਗੇ (ਵੇਖੋ ਪ੍ਰਕਾਸ਼ 6, ਪੈਰਾ 26-42)।

## (7) 'ਕ੍ਰਿਸ਼ਨਾਵਤਾਰ' ਅਤੇ 'ਰਾਮਾਵਤਾਰ' ਦੇ ਕੁਝ ਛੰਦਾਂ ਦੀ ਭਾਵਨਾ ਤੇ ਆਧਾਰਿਤ ਤਰਕ

14. ਪੂਰਵ-ਪੱਖ ਅਨੁਸਾਰ ਹੇਠ ਲਿਖੇ ਛੰਦਾਂ ਦੀ ਭਾਵਨਾ ਗੁਰੂ ਜੀ ਦੀ ਭਾਵਨਾ

---

1. ਦਸਮ ਗ੍ਰੰਥ, ਪੰਨਾ 157 (ਛੰਦ 28), ਪੰਨਾ 160 (ਤੀਸਰਾ ਅਵਤਾਰ ਛੰਦ 1), ਪੰਨਾ 173 (ਛੰਦ 10), ਪੰਨਾ 187 (ਛੰਦ 1) ਆਦਿ।
2. ਭਾਰਤੀਯ ਮਧਯ ਯੁਗ ਕੇ ਨੈਤਿਕਾਲ ਕਾ ਮਨਨ : ਗੋਰਖ ਨਾਥ (ਆਰਾਧਨ), ਪੰਨਾ 88-89

Digitized by Panjab Digital Library | www.panjabdigilib.org

ਦੇ ਅਨੁਕੂਲ ਹੈ । ਇਸ ਲਈ ਨਾ ਕੇਵਲ ਇਹੀ ਛੰਦ, ਸਗੋਂ ਇਨ੍ਹਾਂ ਨਾਲ ਸੰਬੰਧਿਤ ਸਾਰੀਆ ਰਚਨਾਵਾਂ ਦਸਮ ਗੁਰੂ ਜੀ ਦੀਆਂ ਆਪਣੀਆਂ ਕ੍ਰਿਤੀਆਂ ਹਨ—

(ੳ) ਪਾਇ ਗਹੇ ਜਬ ਤੇ ਤੁਮਰੇ ਤਬ ਤੇ
ਕੋਊ ਆਖ ਤਰੇ ਨਹੀ ਆਨਜੋ ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ
ਕਹੈਂ ਮਤ ਏਕ ਨ ਮਾਨਜੋ ।
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ
ਭੇਦ ਕਹੇ ਹਮ ਏਕ ਨ ਜਾਨਜੋ ।
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ
ਮੈ ਨ ਕਹਯੋ ਸਭ ਤੋਹਿ ਬਖਾਨਜੋ ॥੮੬੩॥[1] (ਰਾਮਾਵਤਾਰ)

(ਅ) ਮੈ ਨ ਗਨੇਸਹਿ ਪ੍ਰਿਥਮ ਮਨਾਊਂ ।
ਕਿਸਨ ਬਿਸਨ ਕਬਹੂੰ ਨਹ ਧਿਆਊਂ ।
ਕਾਨ ਸੁਨੇ ਪਹਿਚਾਨ ਨ ਤਿਨ ਸੋ ।
ਲਿਵ ਲਾਗੀ ਮੋਰੀ ਪਗ ਇਨ ਸੋ ॥੪੩੪॥[2] (ਕ੍ਰਿਸਨਾਵਤਾਰ)

(ੲ) ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ।
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ ॥੨੪੯੧॥[3] (ਕ੍ਰਿਸਨਾਵਤਾਰ)

(ਸ) ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ
ਕੈ ਤਪੁ ਆਵਤ ਹੈ ਜੁ ਕਰੋ ।
ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ
ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ ।
ਅਬ ਰੀਝ ਕੈ ਦੇਹੁ ਵਹੈ ਹਮ ਕਉ
ਜੋਊ ਹਉ ਬਿਨਤੀ ਕਰ ਜੋਰ ਕਰੋ ।
ਜਬ ਆਉਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋ ॥੨੪੮੯॥[4] (ਕ੍ਰਿਸਨਾਵਤਾਰ)

---

1. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 60
   (2) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 21
2. ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 21 (ਸੀ)
3. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 55—62
   (2) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), 10 (4)
4. ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 54

Digitized by Panjab Digital Library | www.panjabdigilib.org

## ਪਰੀਖਿਆ

15. ਅਸਲ ਵਿਚ, ਇਹ ਸਾਰਾ ਤਰਕ ਵਿਗਿਆਨਿਕ ਆਧਾਰ ਤੇ ਪੇਸ਼ ਨਹੀਂ ਕੀਤਾ ਗਿਆ। ਕੇਵਲ ਗੁਰੂ ਜੀ ਦੀ ਭਾਵਨਾ ਨਾਲ ਮੇਲ ਰਖਣ ਵਾਲੇ ਅੰਸ਼ਾਂ ਨੂੰ ਗੁਰੂ ਕ੍ਰਿਤ ਮੰਨ ਲੈਣਾ ਨਿਰਾਪਦ ਨਹੀਂ ਹੋ ਸਕਦਾ। ਗੁਰੂ ਜੀ ਦਾ ਵਿਅਕਤਿਤਵ ਉਨ੍ਹਾਂ ਦੇ ਦਰਬਾਰੀ ਕਵੀਆਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ ਅਤੇ ਜਦ ਉਹ ਕਵੀ ਹਿੰਦੀ ਦੇ ਭਗਤੀ ਅਤੇ ਰੀਤੀ ਕਾਲ ਦੇ ਅਨੇਕ ਕਵੀਆਂ ਦੀਆਂ ਭਾਵਨਾਵਾਂ ਦੇ ਨਾਲ ਆਪਣੀਆਂ ਭਾਵਨਾਵਾਂ ਦਾ ਮੇਲ ਰਖ ਸਕਦੇ ਹਨ, ਤਾਂ ਫਿਰ, ਜੇ ਉਨ੍ਹਾਂ ਦੇ ਕੁਝ ਪਦ ਦਸਮ ਗੁਰੂ ਦੀ ਭਾਵਨਾ ਨਾਲ ਮੇਲ ਖਾਂਦੇ ਦਿਸ ਪੈਣ, ਆਪਤੀ ਦੀ ਕੋਈ ਗੱਲ ਨਹੀਂ। ਇਹ ਸੁਭਾਵਿਕ ਹੀ ਹੈ, ਜੇ ਇੰਜ ਨਾ ਹੁੰਦਾ, ਤਾਂ ਅਜਚਰਜ ਦੀ ਗੱਲ ਭਾਵੇਂ ਹੁੰਦੀ। ਇਤਨਾ ਹੀ ਨਹੀਂ, ਵਿਚਾਰਾਧੀਨ ਛੰਦਾਂ ਵਿਚ ਵਰਤੇ ਕੁਝ ਸ਼ਬਦਾਂ ਉਤੇ ਵਿਚਾਰ ਕਰਨ ਨਾਲ ਇਸ ਤਰਕ ਦੀ ਦੁਰਬਲਤਾ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਹੁਣ ਇਨ੍ਹਾਂ ਉੱਤੇ ਕਰਮਵਾਰ ਵਿਚਾਰ ਕਰਦੇ ਹਾਂ—

(ੳ) ਇਹ ਪਦ ਸਪੱਸ਼ਟ ਤੌਰ ਤੇ ਆਸਰਾ-ਦਾਤੇ ਰਾਜਾ ਦੀ ਪ੍ਰਸ਼ੰਸਾ ਵਿਚ ਲਿਖਿਆ ਗਿਆ ਹੈ। ਹਿੰਦੀ ਸਾਹਿਤ ਵਿਚ ਪੰਡਿਤ ਰਾਜ ਜਗਨ ਨਾਥ (ਸ਼ਾਹ ਜਹਾਨ ਦਾ ਦਰਬਾਰੀ ਕਵੀ) ਤੋਂ ਲੈ ਕੇ ਭੂਸ਼ਣ ਤਕ ਅਨੇਕ ਕਵੀਆਂ ਨੇ ਆਪਣੇ ਆਸਰਾ-ਦਾਤਿਆਂ ਦੀ ਪ੍ਰਸ਼ੰਸਾ ਵਿਚ ਅਜਿਹੇ ਬਹੁਤ ਸਾਰੇ ਪਦ ਕਹੇ ਹਨ। ਇਨ੍ਹਾਂ ਦਰਬਾਰੀ ਕਵੀਆਂ ਨੇ ਆਪਣੇ ਆਸਰਾ-ਦਾਤਿਆਂ ਨੂੰ 'ਜਗਦੀਸਵਰ' ਦੇ ਬਰਾਬਰ ਵੀ ਕਿਹਾ ਹੈ (ਜਿਵੇਂ ਦਿਲੀਸ਼ਵਰੋ ਵਾ, ਜਗਦੀਸ਼ਵਰੋ ਵਾ—ਪੰਡਿਤ ਰਾਜ) ਅਤੇ ਉਨ੍ਹਾਂ ਵਿਚ ਅਵਤਾਰ ਦੀ ਕਲਪਨਾ ਵੀ ਕੀਤੀ ਹੈ।[1] ਪੰਜਾਬ ਦੀ ਰਾਜਨੀਤਿਕ ਸਥਿਤੀ ਅਸ਼ਾਂਤ ਹੋਣ ਕਰਕੇ ਇਸ ਵਿਚ ਦਰਬਾਰੀ ਕਵਿਤਾ ਦੀ ਰਚਨਾ ਨਹੀਂ ਹੋ ਸਕੀ, ਪਰ ਫਿਰ ਵੀ ਕੁਝਕੁ ਪੁਰਾਣੇ ਕਿੱਸਾਕਾਰਾਂ ਅਤੇ ਬਾਦ ਦੀਆਂ ਸਿੱਖ ਰਿਆਸਤਾਂ ਦੇ ਆਸਰੇ ਵਿਚ ਰਹਿਣ ਵਾਲੇ ਕਵੀਆਂ ਦੀਆਂ ਰਚਨਾਵਾਂ ਵਿਚੋਂ ਅਜਿਹੀਆਂ ਭਾਵਨਾਵਾਂ ਨਾਲ ਮੇਲ ਖਾਂਦੀਆਂ ਟੂਕਾਂ ਸਹਿਜ ਹੀ ਲਭੀਆਂ ਜਾ ਸਕਦੀਆਂ ਹਨ। ਇਸ ਲਈ ਇਸ ਖ਼ਾਸ ਪ੍ਰਕਰਣ ਵਿਚ ਇਨ੍ਹਾਂ ਪੱਦਾਂ ਵਿਚ ਧੁਨਿਤ ਭਾਵਨਾ ਦਰਬਾਰੀ ਕਵੀਆਂ ਦੀ ਪ੍ਰਸ਼ੰਸਾ ਵਾਲੀ ਭਾਵਨਾ ਤੋਂ ਵਧ ਹੋਰ ਕੁਝ ਨਹੀਂ ਹੈ। ਵਿਚਾਰਾਧੀਨ ਪਦ ਦੇ ਅੰਤਲੇ ਚਰਣ ਵਿਚ 'ਅਸਪਾਨ' ਵਿਸ਼ੇਸ਼ਣ ਆਇਆ ਹੈ। 'ਅਸਿਪਾਣਿ' ਸ਼ਬਦ ਦਾ ਇਹ ਸਰਲੀਕ੍ਰਿਤ ਰੂਪ ਨਿਰਸੰਦੇਹ ਦਸਮ ਗੁਰੂ ਜੀ ਦਾ ਵਿਅੰਜਕ ਹੈ। 'ਅਸਿਪਾਣਿ' ਤੋਂ ਪ੍ਰਭੂ ਜਾਂ ਈਸ਼ਵਰ ਦੀ ਵਿਅੰਜਨਾ ਇਸ ਪ੍ਰਕਰਣ ਵਿਚ ਨਹੀਂ ਹੋ ਸਕਦੀ, ਕਿਉਂਕਿ ਪ੍ਰਭੂ ਨੂੰ 'ਅਸਿਪਾਣਿ'

1. ਦਸਰਥ ਜੂ ਕੇ ਰਾਮ ਭੇ, ਬਸੁਦੇਵ ਕੇ ਗੋਪਾਲ।
ਸੋਈ ਪ੍ਰਗਟੇ ਸ਼ਾਹਿ ਕੇ, ਸ੍ਰੀ ਸ਼ਿਵਰਾਜ ਭੂਪਾਲ। (ਭੂਸ਼ਣ)

Digitized by Panjab Digital Library | www.panjabdigilib.org

ਦੇ ਵਿਸ਼ੇਸ਼ਣ ਨਾਲ ਵਿਸ਼ਿਸ਼ਟ ਕਰਨਾ ਨਾ ਤਾਂ ਪ੍ਰਕਰਣ ਦੇ ਅਨੁਕੂਲ ਹੈ ਅਤੇ ਨਾ ਹੀ ਕਵੀ ਦੀਆਂ ਭਾਵਨਾਵਾਂ ਤੋਂ ਆਸ ਕੀਤੀ ਜਾ ਸਕਦੀ ਹੈ। ਜੇ ਇਹ ਪ੍ਰਭੂ ਦਾ ਵਿਸ਼ੇਸ਼ਣ ਹੈ ਤਾਂ ਨਿਸਚਿਤ ਰੂਪ ਵਿਚ ਇਕ ਗੰਭੀਰ ਕਾਵਿ-ਦੋਸ਼ ਹੈ। ਆਚਾਰਯ ਮੱਮਟ ਨੇ ਕਾਲਿਦਾਸ ਦੇ ਪਿਨਾਕਪਾਣਿ (ਕੁਮਾਰ ਸੰਭਵ) ਵਿਸ਼ੇਸ਼ਣ ਨੂੰ ਇਸ ਲਈ ਦੂਸ਼ਟ ਠਹਿਰਾਇਆ ਸੀ ਕਿ ਸਮਾਧੀ ਲਗਾਏ ਹੋਏ, ਧੀਰ-ਗੰਭੀਰ, ਤਪਸਵੀ ਸ਼ੰਕਰ ਲਈ ਇਹ ਵਿਸ਼ੇਸ਼ਣ ਅਢੁਕਵਾਂ ਹੈ। ਇਹੋ ਗੱਲ ਪੂਰਬ-ਪੱਖ ਦੇ ਉਨ੍ਹਾਂ ਵਿਆਖਿਆ-ਕਾਰਾਂ ਨੂੰ ਵੀ ਕਹੀ ਜਾ ਸਕਦੀ ਹੈ ਕਿ 'ਅਸਿਪਾਣਿ' ਵਿਸ਼ੇਸ਼ਣ ਵਿਚਾਰਾਧੀਨ ਪ੍ਰਸੰਗ ਵਿਚ ਬਿਲਕੁਲ ਗ਼ੈਰ-ਜ਼ਰੂਰੀ ਅਤੇ ਅਢੁਕਵੇਂ ਰੂਪ ਵਿਚ—ਜੇਕਰ ਇਹ ਪ੍ਰਭੂ ਦਾ ਵਿਸ਼ੇਸ਼ਣ ਹੈ—ਕਿਉਂ ਆਇਆ ਹੈ? ਇਹ ਕੇਵਲ ਕਾਵਿਦੋਸ਼ ਹੀ ਨਹੀਂ, ਸਗੋਂ ਆਪਣੀਆਂ ਮਾਨਤਾਵਾਂ ਅਨੁਸਾਰ ਸ਼ਬਦਾਂ ਦੇ ਅਰਥ ਕਰਨ ਦੀ ਚੇਸ਼ਟਾ ਮਾਤ੍ਰ ਵੀ ਹੈ। ਜੇ ਹਠ-ਪੂਰਵਕ ਇਸ ਸ਼ਬਦ ਦੀ ਵਰਤੋਂ ਕਵੀ ਦੇ ਇਸ਼ਟ-ਦੇਵ ਲਈ ਹੀ ਮੰਨ ਲਈ ਜਾਵੇ, ਤਾਂ ਇਹ 'ਮਹਾਕਾਲ' ਦਾ ਇਕ ਨਾਂ ਸਿੱਧ ਹੁੰਦਾ ਹੈ। ਇਸ ਸੰਬੰਧੀ ਵਿਸਤਾਰ-ਸਹਿਤ ਵਿਚਾਰ ਅਗੇ ਕੀਤਾ ਹੈ।[1] 'ਮਹਾਕਾਲ' ਅਤੇ 'ਕਾਲਿਕਾ' ਨਿਰਗੁਣਵਾਦੀ ਦਸਮ ਗੁਰੂ ਦੇ ਇਤਿਹਾਸ ਅਤੇ ਪਰੰਪਰਾ ਅਨੁਸਾਰ ਇਸ਼ਟ-ਦੇਵ ਸਿੱਧ ਨਹੀਂ ਹੁੰਦੇ। ਇਸ ਲਈ ਪੂਰਬ-ਪੱਖ ਦਾ ਇਹ ਤਰਕ ਬੇਤੁਕਾ ਹੈ।

(ਅ) ਇਹ ਪਦ 'ਕ੍ਰਿਸ਼ਨਾਵਤਾਰ' ਦੇ 'ਰਾਸਮੰਡਲ' ਖੰਡ ਦੀ 'ਦੇਵੀ ਜੂ ਕੀ ਉਸਤਤਿ' (ਛੰਦ ਅੰਕ 421-440) ਤੋਂ ਲਿਆ ਗਿਆ ਹੈ। ਇਸ ਪਦ ਦੁਆਰਾ ਨਾ ਤਾਂ ਨਿਰਗੁਣਵਾਦੀ ਭਾਵਨਾ ਦੀ ਵਿਅੰਜਨਾ ਹੁੰਦੀ ਹੈ ਅਤੇ ਨਾ ਹੀ ਇਹ ਭਾਵਨਾ ਗੁਰੂ ਜੀ ਦੇ ਵਿਅਕਤਿਤਵ ਨਾਲ ਮੇਲ ਖਾਂਦੀ ਹੈ। ਕਵੀ ਦੇਵੀ ਦੀ ਉਸਤਤ ਕਰਨ ਵੇਲੇ ਹੋਰ ਦੇਵੀ-ਦੇਵਤਿਆਂ ਦੀ ਉਸੇ ਤਰ੍ਹਾਂ ਉਪੇਖਿਆ ਕਰਦਾ ਹੈ ਜਿਵੇਂ ਦਰਬਾਰੀ ਕਵੀ ਆਪਣੇ ਆਸਰਾਦਾਤੇ ਨੂੰ ਛੱਡ ਕੇ ਹੋਰ ਸਭ ਦੀ ਅਵਹੇਲਨਾ ਕਰ ਦਿੰਦਾ ਹੈ। ਹੋ ਸਕਦਾ ਹੈ ਕਿ "ਲਿਵ ਲਾਗੀ ਮੋਹੀ ਪਗ ਇਨ ਸੋਂ" ਵਾਲੀ ਪੰਕਤੀ ਤੋਂ ਪੂਰਬ-ਪੱਖ ਦੇ ਵਿਦਵਾਨਾਂ ਨੂੰ ਭੁਲੇਖਾ ਪਿਆ ਹੋਵੇ, ਪਰ ਇਹ ਪੰਕਤੀ ਸਪੱਸ਼ਟ ਤੌਰ ਤੇ ਆਪਣੇ ਪ੍ਰਕਰਣ ਅਨੁਸਾਰ ਦੇਵੀ ਦੀ ਉਸਤਤ ਨਾਲ ਸੰਬੰਧਿਤ ਹੈ ਅਤੇ ਇਸ ਦਾ ਕੋਈ ਦੂਜਾ ਅਰਥ ਕਰਨਾ ਅਰਥ ਦਾ ਅਨਰਥ ਕਰਨਾ ਮਾਤ੍ਰ ਹੈ। ਸੰਖੇਪ ਵਿਚ, ਇਸ ਪਦ ਦੀ ਭਾਵਨਾ ਕਿਸੇ ਦੇਵੀ-ਪੂਜਕ ਕਵੀ ਦੇ ਵਿਅਕਤਿਤਵ ਨਾਲ ਮੇਲ ਖਾਂਦੀ ਹੈ ਅਤੇ ਸਿੱਖ ਗੁਰੂ-ਪਰੰਪਰਾ ਦੀ ਇਸ਼ਟ-ਭਾਵਨਾ ਤੋਂ ਬਿਲਕੁਲ ਭਿੰਨ ਹੈ। ਇਸ ਸੰਬੰਧੀ ਵਿਸਤਾਰ-ਪੂਰਵਕ ਵਿਸ਼ਲੇਸ਼ਣ ਕਰਨ ਦਾ ਅਵਸਰ ਅਗੇ ਆਵੇਗਾ।[2] ਇਹ ਛੰਦ ਦਰਬਾਰੀ ਕਵੀਆਂ

---

1. ਵੇਖੋ ਪ੍ਰਕਾਸ਼ 8, ਪੈਰਾ 4 (ੳ)
2. ਵੇਖੋ ਪ੍ਰਕਾਸ਼ 8, ਪੈਰਾ 11 (ੳ), 16

Digitized by Panjab Digital Library | www.panjabdigilib.org

ਦੀਆਂ ਰਹਨਾਵਾਂ ਉੱਤੇ ਗੁਰੂ ਸਾਹਿਬ ਵਲੋਂ ਟਿੱਪਣੀ ਵੀ ਨਹੀਂ ਹੋ ਸਕਦੀ, ਕਿਉਂਕਿ ਇਸ ਵਿਚ ਕਵੀ ਦੀ ਇਸ਼ਟ-ਦੇਵੀ ਦੀ ਪੂਜਾ ਦਾ ਖੰਡਨ ਗੁਰੂ ਜੀ ਦੁਆਰਾ ਉਪਰੋਕਤ 20 ਛੰਦਾਂ (421-440) ਵਿਚ ਕਿਤੇ ਵੀ ਨਹੀਂ ਹੋਇਆ ।

(ੲ) "ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ"—ਇਸ ਪੰਕਤੀ ਵਿਚ ਆਏ 'ਪ੍ਰਭ' ਸ਼ਬਦ ਦਾ ਅਰਥ ਪੂਰਬ-ਪੱਖ ਵਾਲੇ ਵਿਦਵਾਨਾਂ ਨੇ 'ਪਰਮਾਤਮਾ' ਕਰਕੇ "ਧਰਮ ਜੁਧ ਦੀ ਭਾਵਨਾ" ਨੂੰ ਗੁਰੂ ਜੀ ਨਾਲ ਜੋੜਿਆ ਹੈ, ਪਰ ਇਹ ਵੀ ਵਿਅਰਥ ਦੀ ਖਿਚ-ਤਾਣ ਹੈ । ਦਰਬਾਰੀ ਕਵੀ ਆਪਣੇ ਆਸਰਾਦਾਤਿਆਂ ਨੂੰ 'ਈਸ਼ਵਰ' ਸ਼ਬਦ ਨਾਲ ਸੰਬੋਧਿਤ ਕਰਦੇ ਆਏ ਹਨ, ਇਸ ਬਾਰੇ ਪਿੱਛੇ ਉੱਲੇਖ ਕੀਤਾ ਜਾ ਚੁਕਾ ਹੈ। ਗੁਰੂ ਜੀ ਦੇ ਦਰਬਾਰੀ ਕਵੀ ਸੈਨਾਪਤੀ ਨੇ ਵੀ ਗੁਰੂ ਜੀ ਦੇ ਚਰਿਤ੍ਰ "ਗੁਰ ਸ਼ੋਭਾ" ਵਿਚ ਇਸ ਪ੍ਰਕਾਰ ਦੀ ਭਾਵਨਾ ਪ੍ਰਗਟ ਕੀਤੀ ਹੈ ।[1] 'ਬਚਿਤ੍ਰ-ਨਾਟਕ' ਵਿਚ ਗੁਰੂ ਤੇਗ ਬਹਾਦੁਰ ਲਈ ਵੀ 'ਪ੍ਰਭ' ਸ਼ਬਦ ਵਰਤਿਆ ਗਿਆ ਹੈ ।[2] ਇਸ ਲਈ ਇਸ ਤਰਕ ਵਿਚ ਵੀ ਅਰਥ ਦਾ ਅਨਰਥ ਕਰਨ ਦੀ ਉਹੀ ਪਹਿਲੇ ਵਾਲੀ ਮੌਲਿਕ ਭ੍ਰਾਂਤੀ ਹੈ । ਰਹੀ ਧਰਮ-ਜੁਧ ਵਾਲੀ ਭਾਵਨਾ ਦੀ ਗੱਲ, ਸੋ ਇਹ ਭਾਵਨਾ ਕੇਵਲ ਗੁਰੂ ਜੀ ਦੀ ਹੋ ਸਕਦੀ ਹੈ, ਦੂਜੇ ਦੀ ਨਹੀਂ, ਇਹ ਕਹਿਣਾ ਹਾਸੋਹੀਣੀ ਗੱਲ ਹੈ ।

(ਸ) ਸੰਭਵ ਹੈ ਕਿ ਇਸ ਪਦ ਦੀ ਵੀ ਮੌਲਿਕ ਵੀਰ ਭਾਵਨਾ ਨੂੰ ਆਧਾਰ ਬਣਾ ਕੇ ਸਾਰੇ ਪ੍ਰਸੰਗ ਨੂੰ ਗੁਰੂ ਜੀ ਦੀ ਕ੍ਰਿਤ ਮੰਨਿਆ ਗਿਆ ਹੋਵੇ, ਪਰ ਇਹ ਆਪਣੇ ਆਪ ਵਿਚ ਇਕ ਗੰਭੀਰ ਭੁਲੇਖਾ ਹੈ । ਜਿੱਥੋਂ ਤਕ ਭਾਵਨਾਵਾਂ ਦਾ ਪ੍ਰਸ਼ਨ ਹੈ, ਇਹ ਗੱਲ ਕਦੇ ਵੀ ਸਿੱਧ ਨਹੀਂ ਕੀਤੀ ਜਾ ਸਕਦੀ ਕਿ ਇਕ ਖ਼ਾਸ ਭਾਵਨਾ ਕੇਵਲ ਇਕ ਖ਼ਾਸ ਵਿਅਕਤੀ ਦੇ ਮਨ ਵਿਚ ਹੀ ਉਤਪੰਨ ਹੋ ਸਕਦੀ ਹੈ । ਗੀਤਾ ਦੇ ਕੁਝ ਪੱਦਾਂ ਦੀਆਂ ਭਾਵਨਾਵਾਂ ਨੂੰ ਐਮਰਸਨ ਦੀਆਂ ਭਾਵਨਾਵਾਂ ਨਾਲ ਮਿਲਾਇਆ ਜਾ ਸਕਦਾ ਹੈ । ਸੂਫ਼ੀਆਂ ਦੀਆਂ ਬਹੁਤ ਸਾਰੀਆਂ ਭਾਵਨਾਵਾਂ ਸੰਤਾਂ ਅਤੇ ਭਗਤਾਂ ਦੀਆਂ ਭਾਵਨਾਵਾਂ ਨਾਲ ਮੇਲ ਖਾਂਦੀਆਂ ਹਨ । ਇਸ ਲਈ ਕੇਵਲ ਭਾਵਨਾ ਨੂੰ ਆਧਾਰ ਬਣਾ ਕੇ ਕਰਤ੍ਰਿਤਵ ਸੰਬੰਧੀ ਨਿਰਣਾ ਦੇਣਾ ਸਾਹਿਤਕ ਦ੍ਰਿਸ਼ਟੀ ਤੋਂ ਕਦੇ ਵੀ ਖਿਮਾ-ਯੋਗ ਨਹੀਂ ਹੋ ਸਕਦਾ, ਕਿਉਂਕਿ ਅਜਿਹਾ ਕਰਨ ਨਾਲ ਇਸ ਸੰਬੰਧੀ ਮੰਨਣ-ਯੋਗ ਸਾਰੇ ਸਿੱਧਾਂਤਾਂ ਦੀ ਉਪੇਖਿਆ ਹੋਵੇਗੀ ।

---

1. (1) ਜੋ ਚਰਿਤ੍ਰ ਪ੍ਰਭ ਪੁਰਖ ਕੇ ਤਾ ਕੋ ਕਰਤ ਬਿਚਾਰ ॥ ੧ ॥ (ਅਧਿਆਇ 2)
   (2) ਇਕ ਹੋਰ ਥਾਂ ਤੇ ਗੁਰੂ ਜੀ ਨੂੰ 'ਕਰਤਾਰ' ਵਿਸ਼ੇਸ਼ਣ ਨਾਲ ਵੀ ਸੰਬੋਧਿਤ ਕੀਤਾ ਹੈ—
   ਮਹਾ ਕੀਟ ਪਤਿਤ, ਮਹਾ ਬੁਧਿ ਮੇਰੀ ।
   ਜਥਾ ਸਕਤਿ ਹੌ ਸੋਭ ਕਰਤਾਰ ਤੇਰੀ ॥ ੯੮ ॥ (ਅੰਤਲਾ ਅਧਿਆਇ)
2. ਤਿਲਕ ਜੰਞੂ ਰਾਖਾ ਪ੍ਰਭੁ ਤਾਕਾ ॥ 13 ॥ (ਦਸਮ ਗ੍ਰੰਥ, ਪੰਨਾ 54)

Digitized by Panjab Digital Library | www.panjabdigilib.org

## (8) ਬਾਣੀ-ਵੇਰਵਾ ਵਾਲੇ 'ਖ਼ਾਸ-ਪੱਤਰ' ਤੇ ਆਧਾਰਿਤ ਤਰਕ

16. ਗੁਰੂ ਜੀ ਦੀ ਆਪਣੀ ਹੱਥ-ਲਿਖਤ ਵਿਚ ਪ੍ਰਾਪਤ ਕੁਝ ਪੱਤਰ ਇਹ ਸਿੱਧ ਕਰਦੇ ਹਨ ਕਿ ਉਨ੍ਹਾਂ ਵਿਚ ਲਿਖੇ ਰਚਨਾ-ਪਾਠ ਗੁਰੂ ਜੀ ਦੇ ਸ੍ਵ-ਰਚਿਤ ਹਨ, ਖ਼ਾਸ ਤੌਰ ਤੇ ਉਹ ਪੱਤਰ ਜਿਸ ਵਿਚ ਦਸਮ ਗ੍ਰੰਥ ਦੀਆਂ ਬਾਣੀਆਂ ਦਾ ਵੇਰਵਾ ਦਿੱਤਾ ਹੈ (ਜਿਸ ਨੂੰ ਸਾਧਾਰਣ ਤੌਰ ਤੇ 'ਬਾਣੀ-ਵੇਰਵਾ ਵਾਲਾ ਪੱਤਰ ਆਖਿਆ ਜਾਂਦਾ ਹੈ), ਇਹ ਸਿੱਧ ਕਰਦਾ ਹੈ ਕਿ ਉਸ ਵਿਚ ਅੰਕਿਤ ਵੇਰਵਾ ਗੁਰੂ ਜੀ ਦੁਆਰਾ ਆਪ ਦਿੱਤਾ ਗਿਆ ਹੈ। ਫਲਸਰੂਪ, ਉਸ ਪੱਤਰ ਵਿਚ ਲਿਖੀਆਂ ਬਾਣੀਆਂ ਦਸਮ ਗੁਰੂ ਦੀਆਂ ਕ੍ਰਿਤੀਆਂ ਹਨ।[1]

## ਪਰੀਖਿਆ

17. ਇਸ ਤਰਕ ਦੀ ਪਰੀਖਿਆ ਕਰਦਿਆਂ ਅਸਾਡਾ ਨਿਮਰਤਾ-ਪੂਰਵਕ ਨਿਵੇਦਨ ਹੈ ਕਿ—

(1) ਪੂਰਬ-ਪੱਖ ਵਾਲੇ ਵਿਦਵਾਨਾਂ ਦੇ ਇਸ ਮਹੱਤਵ-ਪੂਰਣ ਤਰਕ ਦੀ ਸਾਰਿਆਂ ਤੋਂ ਵੱਡੀ ਕਮਜ਼ੋਰੀ ਇਹ ਹੈ ਕਿ ਉਨ੍ਹਾਂ ਪੱਤਰਾਂ ਦੀ ਪ੍ਰਮਾਣਿਕਤਾ ਅਤੇ ਉਨ੍ਹਾਂ ਨੂੰ ਦਸਮ ਗੁਰੂ ਦਾ ਸ੍ਵ-ਹੱਥ-ਲਿਖਿਤ ਸਿੱਧ ਕਰਨ ਲਈ ਕੋਈ ਪ੍ਰਮਾਣ ਨਹੀਂ ਦਿੱਤਾ ਗਿਆ। ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਦੇ ਆਧਾਰ ਤੇ ਉਨ੍ਹਾਂ ਪੱਤਰਾਂ ਦੀ ਪ੍ਰਮਾਣਿਕਤਾ ਬਿਲਕੁਲ ਸੰਦਿਗਧ ਪ੍ਰਤੀਤ ਹੁੰਦੀ ਹੈ। ਇਸ ਸੰਬੰਧੀ ਵਿਸਤਾਰਪੂਰਣ ਵਿਗਿਆਨਿਕ ਵਿਸ਼ਲੇਸ਼ਣ ਕਰਨ ਦਾ ਅਵਸਰ ਅਗੇ ਮਿਲੇਗਾ।[2] ਇਥੇ ਇਤਨਾ ਕਹਿਣਾ ਹੀ ਕਾਫ਼ੀ ਹੋਵੇਗਾ ਕਿ ਇਹ ਪੱਤਰ ਗੁਰੂ ਜੀ ਦੇ ਆਪਣੇ ਹੱਥ ਨਾਲ ਲਿਖੇ ਹੋਏ ਨਹੀਂ ਹਨ।

2. ਡਾ. ਧਰਮਪਾਲ ਆਸ਼ਟਾ ਨੇ 'ਮਹਾਨ ਕੋਸ਼' ਦੇ ਲੇਖਕ ਭਾਈ ਕਾਨ੍ਹ ਸਿੰਘ ਦੇ ਆਧਾਰ ਤੇ ਉਨ੍ਹਾਂ ਖ਼ਾਸ ਪਾਤਰਾਂ ਦਾ ਲਿਖਾਰੀ ਦਸਵੇਂ ਗੁਰੂ ਨੂੰ ਮੰਨਿਆ ਹੈ।[3] ਡਾ. ਆਸ਼ਟਾ ਦੇ ਇਸ ਮੰਤਵ ਦਾ ਉਨ੍ਹਾਂ ਦੁਆਰਾ ਦਿੱਤੇ ਤੱਥਾਂ ਨਾਲ ਹੀ ਖੰਡਨ ਹੋ ਜਾਂਦਾ ਹੈ, ਜਿਵੇਂ—

---

1. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 8-10
   (2) ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 11
2. ਵੇਖੋ ਪ੍ਰਕਾਸ਼ 6
3. ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 12

Digitized by Panjab Digital Library | www.panjabdigilib.org

(ੳ) ਪਹਿਲਾਂ ਤਾਂ, ਭਾਈ ਕਾਨ੍ਹ ਸਿੰਘ ਨੇ ਉਨ੍ਹਾਂ ਖ਼ਾਸ ਪੱਤਰਾਂ ਦਾ ਲਿਖਾਰੀ ਦਸਵੇਂ ਗੁਰੂ ਨੂੰ ਸਵੀਕਾਰ ਹੀ ਨਹੀਂ ਕੀਤਾ। ਭਾਈ ਸਾਹਿਬ ਨੇ ਜ਼ਿਆਦਾ ਤੋਂ ਜ਼ਿਆਦਾ ਇਹ ਮੰਨਿਆ ਹੈ ਕਿ—"ਇਹ ਸ਼ਿਕਸਤਾ ਗੁਰਮੁਖੀ ਦਸ਼ਮੇਸ਼ ਦੀ ਕਾਢ ਹੈ। ਕਲਗੀਧਰ ਜੀ ਅਤੇ ਉਨ੍ਹਾਂ ਦੇ ਲਿਖਾਰੀ ਸੈਨਾਪਤੀ ਜੀ ਇਸ ਲਿਖਿਤ ਵਿਚ ਬਹੁਤ ਕਾਵ੍ਯ ਲਿਖਦੇ ਸਨ।"[1] ਇਸ ਲਈ ਭਾਈ ਕਾਨ੍ਹ ਸਿੰਘ ਦੇ ਮਤ ਨੂੰ ਡਾ. ਆਸ਼ਟਾ ਨੇ ਪੇਸ਼ ਕਰਦਿਆਂ ਤੱਥ ਸੰਬੰਧੀ ਸ਼ਾਇਦ ਭੁਲ ਕੀਤੀ ਹੈ।

(ਅ) ਇਸ ਤੋਂ ਛੁਟ, ਡਾ. ਆਸਟਾ ਨੇ ਖ਼ਾਸ ਪੱਤਰ ਦਾ ਜੋ ਬਲਾਕ-ਚਿਤਰ ਅਪਣੇ ਖੋਜ-ਪ੍ਰਬੰਧ ਵਿਚ ਦਿੱਤਾ ਹੈ, ਉਸ ਦਾ ਸਾਧਾਰਣ ਦੇਵਨਾਗਰੀ ਲਿਪੀ-ਅੰਤਰ ਦੇਣ ਵੇਲੇ ਵੀ ਆਵੱਸ਼ਕ ਸਾਵਧਾਨੀ ਤੋਂ ਕੰਮ ਨਹੀਂ ਲਿਆ। ਉਨ੍ਹਾਂ ਨੇ ਕੁਝ ਅਜਿਹੀਆਂ ਪੰਕਤੀਆਂ ਵੀ ਇਸ ਵਿਚ ਸ਼ਾਮਿਲ ਕਰ ਦਿੱਤੀਆਂ ਹਨ, ਜੋ ਮੂਲ ਖ਼ਾਸ-ਪੱਤਰ ਵਿਚ ਨਹੀਂ ਹਨ।[2] ਇਸ ਉੱਤੇ ਜ਼ਿਆਦਾ ਟੀਕਾ-ਟਿੱਪਣੀ ਕਰਨਾ ਵਿਅਰਥ ਹੈ।

ਫਲਸਰੂਪ, ਇਹ ਤਰਕ ਵੀ ਨਿਰਮੂਲ ਹੈ।

## (9) 'ਰਾਮਾਵਤਾਰ' ਦੀ ਇਕ ਅੰਦਰਲੀ ਗਵਾਹੀ ਤੇ ਆਧਾਰਿਤ ਤਰਕ

18. 'ਰਾਮਾਵਤਾਰ' ਦੇ ਹੇਠ ਲਿਖੇ ਛੰਦ ਦੇ ਆਧਾਰ ਤੇ—

ਪੁਨ ਰੀਝ ਦਏ ਦੋਊ ਤੀਯ ਬਰੰ।
ਚਿਤ ਮੋ ਸੁ ਬਿਚਾਰ ਕਛੂ ਨ ਕਰੰ।
ਕਹੀ ਨਾਟਕ ਮਧ ਚਰਿਤ੍ਰ ਕਥਾ।
ਜਯ ਦੀਨ ਸੁਰੇਸ ਨਰੇਸ ਜਥਾ ॥੧੭॥

ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ ਕਿ 'ਚਰਿਤ੍ਰੋਪਾਖਿਆਨ' ਅਤੇ 'ਬਚਿਤ੍ਰ ਨਾਟਕ' ਇਕ ਹੀ ਕਵੀ ਦੀਆਂ ਕ੍ਰਿਤੀਆਂ ਹਨ, ਕਿਉਂਕਿ ਇਸ ਪਦ ਵਿਚ ਦੋਹਾਂ ਰਚਨਾਵਾਂ ਦਾ ਉੱਲੇਖ ਹੈ ਅਤੇ ਇਹ ਸੰਕੇਤ ਵੀ ਮਿਲਦਾ ਹੈ ਕਿ ਬੇਲੋੜੇ ਵਿਸਤਾਰ ਦੇ ਡਰ ਤੋਂ ਕਵੀ ਨੇ ਕਥਾ ਦਾ ਦੁਹਰਾਉ ਨਹੀਂ ਹੋਣ ਦਿੱਤਾ। ਚੂੰਕਿ 'ਰਾਮਾਵਤਾਰ'

---

1. ਮਹਾਨ ਕੋਸ਼, ਪੰਨਾ 1252 (ੲ)
2. ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 12 [ਛੰਦ 3925 ਤੋਂ ਬਾਦ ਬਿਨਾ ਸੰਬੰਧ ਅਤੇ ਪ੍ਰਕਟਣ ਦੇ ਛੰਦ 2265 ਦੇ ਦਿੱਤਾ ਹੈ ਤੇ ਇਸ ਤੋਂ ਬਾਦ ਫਿਰ ਪਹਿਲੇ ਵਾਲਾ ਪ੍ਰਸੰਗ ਚਾਲੂ ਕੀਤਾ ਹੈ। ਖ਼ਾਸ ਲਿਪੀ ਵਾਲੇ ਪਾਠ ਵਿਚ ਇਹ ਛੰਦ (2265) ਅੰਕਿਤ ਨਹੀਂ ਹੈ]।

Digitized by Panjab Digital Library | www.panjabdigilib.org

ਦਾ ਕਰਤ੍ਰਿਤਵ (ਪਿੱਛੇ ਦਰਸਾਏ) "ਗੋਬਿੰਦ ਦਾਸ ਤੁਹਾਰ" ਵਾਲੇ ਦੋਹਰੇ ਦੇ ਆਧਾਰ ਤੇ ਗੁਰੂ ਜੀ ਦਾ ਪ੍ਰਮਾਣਿਤ ਹੁੰਦਾ ਹੈ, ਇਸ ਲਈ ਇਹ ਦੋਵੇਂ ਰਚਨਾਵਾਂ (ਚਰਿਤ੍ਰੋਪਾਖਿਆਨ ਅਤੇ ਬਚਿਤ੍ਰ ਨਾਟਕ) ਇਕੋ ਹੀ ਕਵੀ ਅਰਥਾਤ ਗੁਰੂ ਜੀ ਦੀਆਂ ਕ੍ਰਿਤੀਆਂ ਹਨ।[1]

## ਪਰੀਖਿਆ

19. (1) 'ਗੋਬਿੰਦ ਦਾਸ ਤੁਹਾਰ' ਵਾਲੇ ਦੋਹਰੇ ਤੇ ਆਧਾਰਿਤ ਤਰਕਾਂ ਬਾਰੇ ਪਿੱਛੇ ਵਿਚਾਰ ਹੋ ਚੁਕਾ ਹੈ।[2] ਕਿਉਂਕਿ ਵਿਚਾਰਾਧੀਨ ਪੰਕਤੀ ਦੇ ਆਧਾਰ ਤੇ ਇਹ ਰਚਨਾ (ਰਾਮਾਵਤਾਰ) ਗੁਰੂ ਜੀ ਦੀ ਸਿੱਧ ਨਹੀਂ ਹੁੰਦੀ, ਇਸ ਲਈ ਪੂਰਬ-ਪੱਖ ਦੇ ਤਰਕ ਦਾ ਇਕ ਪ੍ਰਮੁਖ ਅੰਸ਼ ਆਪਣੇ ਆਪ ਹੀ ਖੰਡਿਤ ਹੋ ਜਾਂਦਾ ਹੈ।

(2) ਜਿਥੋਂ ਤਕ ਉਪਰੋਕਤ ਪੱਦ ਦੇ ਪੂਰਬ-ਪੱਖ ਵਾਲੇ ਵਿਦਵਾਨਾਂ ਦੁਆਰਾ ਕੀਤੇ ਅਰਥ ਦਾ ਸੰਬੰਧ ਹੈ, ਇਤਨਾ ਕਹਿਣਾ ਜ਼ਰੂਰੀ ਹੈ ਕਿ ਇਸ ਥਾਂ ਤੇ ਅਰਥ ਕਰਨ ਵੇਲੇ ਨਾ ਤਾਂ ਪ੍ਰਸੰਗ ਦਾ ਧਿਆਨ ਰਖਿਆ ਗਿਆ ਹੈ ਅਤੇ ਨਾ ਹੀ ਵਿਗਿਆਨਿਕ ਦ੍ਰਿਸ਼ਟੀਕੋਣ ਨੂੰ ਅਪਣਾਇਆ ਗਿਆ ਹੈ। ਕੇਵਲ ਆਪਣੇ ਮਤਲਬ ਦਾ ਅਰਥ ਕਰਨ ਦੀ ਪ੍ਰਵਿਰਤੀ ਅਸੀਂ ਪਿੱਛੇ ਵੀ ਕਈ ਥਾਵਾਂ ਤੇ ਵੇਖਦੇ ਆਏ ਹਾਂ, ਉਸ ਦਾ ਇਹ ਇਕ ਹੋਰ ਉਦਾਹਰਣ ਹੈ। ਜ਼ਿਆਦਾ ਨਾ ਕਹਿ ਕੇ ਇਕ ਵਿਆਖਿਆਕਾਰ ਦੇ ਇਸ ਸੰਬੰਧੀ ਅੰਸ਼ ਨੂੰ ਪੇਸ਼ ਕਰਨਾ ਉਚਿਤ ਹੋਵੇਗਾ—

> "ਫੇਰ ਖੁਸ਼ ਹੋ ਕੇ (ਰਾਜੇ ਨੇ) ਇਸਤ੍ਰੀ ਨੂੰ ਦੋ ਵਰ ਦੇਤੇ (ਮੰਨ ਲਏ), ਅਤੇ ਚਿਤ ਵਿਚ (ਇਨ੍ਹਾਂ ਦੇ ਨਤੀਜੇ ਦਾ) ਕੁਝ ਭੀ ਵਿਚਾਰ ਨਾ ਕੀਤਾ। (ਇਹ) ਕਥਾ (ਹਨੂਮਾਨ) ਨਾਟਕ, ਅਤੇ (ਰਾਮਾਇਣ ਆਦਿਕ ਰਾਮ) ਚਰਿਤ੍ਰ (ਦੀਆਂ ਪੁਸਤਕਾਂ ਵਿੱਚ ਵਿਸਥਾਰ ਨਾਲ) ਕਹੀ (ਹੋਈ ਹੈ, ਕਿ) ਜਿਵੇਂ ਕਰ੍ਹਾਂ (ਦਸ਼ਰਥ) ਰਾਜੇ ਨੇ (ਸੁਰੇਸ) ਇੰਦ੍ਰ ਨੂੰ (ਦੈਂਤਾਂ ਤੋਂ) ਜਿੱਤ ਲੈ ਦਿੱਤੀ ਸੀ।"[3]

ਅਸਲ ਵਿਚ, ਵਿਚਾਰਾਧੀਨ ਪੱਦ ਵਿਚ 'ਨਾਟਕ' ਸ਼ਬਦ ਦਾ ਅਰਥ 'ਹਨੂਮਾਨ ਨਾਟਕ' ਵੀ ਹੋ ਸਕਦਾ ਹੈ ਅਤੇ 'ਚਰਿਤ੍ਰ' ਤੋਂ ਰਾਮ-ਚਰਿਤ੍ਰ ਸੰਬੰਧੀ ਕਥਾਵਾਂ ਦਾ ਵੀ ਗ੍ਰਹਿਣ ਹੋ ਸਕਦਾ ਹੈ। ਕਿਉਂਕਿ ਇਹ ਸਾਰੀਆਂ ਰਚਨਾਵਾਂ ਦਸਮ ਗੁਰੂ ਦੇ ਦਰਬਾਰ ਵਿਚ ਸਨਮਾਨਿਤ ਸਨ, ਇਸ ਲਈ ਇਨ੍ਹਾਂ ਵਲ ਇਸ ਪ੍ਰਕਾਰ ਦਾ ਸੰਕੇਤ ਹੋਣਾ ਕੋਈ

---

1. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 94-95
   (2) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 18 (ਸੰਤ)
2. ਵੇਖੋ ਇਹੀ ਪ੍ਰਕਾਸ਼, ਪ੍ਰੈਰਾ 13 (ਸ)
3. ਦਸਮ ਗੁਰੂ ਗ੍ਰੰਥ ਸਾਹਿਬ ਸਟੀਕ (ਨਰੈਣ ਸਿੰਘ), ਭਾਗ ਦੂਜਾ, ਪੰਨਾ 127

Digitized by Panjab Digital Library | www.panjabdigilib.org

ਅਸਚਰਜ ਵਾਲੀ ਗੱਲ ਨਹੀਂ ਹੈ।

ਦੂਜੇ, ਇਸ ਪ੍ਰਸੰਗ ਵਿਚ ਪਹਿਲਾਂ ਹੀ ਛੰਦ ਅੰਕ 15 ਵਿਚ ਦਸਿਆ ਜਾ ਚੁਕਾ ਹੈ ਕਿ ਕੈਕਈ ਦੇ ਨਾਲ ਵਿਆਹ ਦੇ ਅਵਸਰ ਉੱਤੇ ਦਸਰਥ ਰਾਜੇ ਨੇ ਉਸ ਨੂੰ ਦੋ ਵਰ ਦਿੱਤੇ ਸਨ ਅਤੇ ਫਿਰ ਛੰਦ ਅੰਕ 16 ਅਤੇ 17 ਵਿਚ ਦੇਵ-ਅਸੁਰ-ਸੰਗ੍ਰਾਮ ਦੇ ਅਵਸਰ ਉੱਤੇ ਦੋ ਵਰਾਂ ਦੇ ਦਿੱਤੇ ਜਾਣ ਵਾਲੀ ਘਟਨਾ ਦਾ ਵੀ ਉੱਲੇਖ ਹੋਇਆ ਹੈ। ਸੰਭਵ ਹੈ ਕਿ ਦੇਵ-ਅਸੁਰ-ਸੰਗ੍ਰਾਮ ਵਾਲੀ ਘਟਨਾ ਕਵੀ ਨੂੰ ਪ੍ਰਵਾਨ ਨਾ ਹੋਵੇ, ਤਾਂ ਹੀ ਉਸ ਨੇ ਇਸ ਦੀ ਜ਼ਿੰਮੇਵਾਰੀ ਰਾਮ-ਕਥਾ ਨਾਲ ਸੰਬੰਧਿਤ ਨਾਟਕਾਂ ਅਤੇ ਚਰਿਤ੍ਰਾਂ ਤੇ ਪਾ ਦਿੱਤੀ ਹੈ। ਪੰਡਿਤ ਨਰੈਣ ਸਿੰਘ ਨੇ ਵੀ ਇਨ੍ਹਾਂ ਦੋਹਾਂ ਸ਼ਬਦਾਂ ਦੀ ਪਿਠਭੂਮੀ ਵਿਚਾਰਦਿਆਂ ਇਹੋ ਗੱਲ ਮੰਨੀ ਹੈ।[1]

(3) ਇਕ ਗੱਲ ਹੋਰ, 'ਨਾਟਕ' ਸ਼ਬਦ ਦਾ ਸੰਕੇਤ 'ਚਰਿਤ੍ਰ ਨਾਟਕ' ਲਈ ਲਿਆ ਜਾਵੇ ਤਾਂ ਇਕ ਹੋਰ ਆਪੱਤੀ ਖੜੀ ਹੋ ਜਾਂਦੀ ਹੈ। 'ਬਚਿਤ੍ਰ ਨਾਟਕ' ਵਿਚ ਵਰ ਸੰਬੰਧੀ ਇਹ ਕਥਾ ਨਾ ਤਾਂ ਪ੍ਰਤੱਖ ਰੂਪ ਵਿਚ ਆਈ ਹੈ ਅਤੇ ਨਾ ਹੀ ਇਸ ਵਲ ਕੋਈ ਸੰਕੇਤ ਹੈ।

(4) ਦੁਹਰਾਉ ਨਾ ਹੋਣ ਵਾਲੀ ਗੱਲ ਵੀ ਬਹੁਤ ਥੋਥੀ ਹੈ। ਦਸਮ ਗ੍ਰੰਥ ਵਿਚ ਪੁਨਰ-ਆਵ੍ਰਿਤੀਆਂ ਦਾ ਕੋਈ ਅੰਤ ਨਹੀਂ। ਕੇਵਲ 'ਚੰਡੀ-ਚਰਿਤ੍ਰ' ਨੂੰ ਹੀ ਮੋੜ-ਤੋੜ ਕੇ ਛੇ ਵਾਰ ਕਿਹਾ ਗਿਆ ਹੈ। 'ਕ੍ਰਿਸ਼ਨਾਵਤਾਰ' ਵਿਚ ਕ੍ਰਿਸ਼ਨ-ਰੁਕਮਣੀ ਅਤੇ ਊਸ਼ਾ-ਅਨਿਰੁੱਧ ਦੇ ਕਥਾ-ਪ੍ਰਸੰਗ ਪੂਰੀ ਤੱਲੀਨਤਾਂ ਨਾਲ ਵਰਣਿਤ ਹਨ, ਪਰ 'ਚਰਿਤ੍ਰੋਪਾਖਿਆਨ' ਵਿਚ ਇਨ੍ਹਾਂ ਦੋਹਾਂ ਪ੍ਰਸੰਗਾਂ ਦੀ ਪੁਨਰ-ਆਵ੍ਰਿਤੀ ਹੋਈ ਹੈ। 'ਜਲੰਧਰ' ਦਾ ਪ੍ਰਸੰਗ ਚੌਬੀਸ ਅਵਤਾਰ' ਵਿਚ ਵੀ ਆਇਆ ਹੈ ਅਤੇ 'ਚਰਿਤ੍ਰੋਪਾਖਿਆਨ' ਵਿਚ ਵੀ। ਇਸੇ ਤਰ੍ਹਾਂ ਹੋਰ ਵੀ ਕਈ ਪ੍ਰਸੰਗ 'ਦਸਮ ਗ੍ਰੰਥ' ਵਿਚ ਬਾਰ ਬਾਰ ਆਏ ਹਨ, ਪਰ ਕਿਤੇ ਵੀ ਵਿਚਾਰ-ਅਧੀਨ ਤਰਕ ਵਾਂਗ ਨਾ ਤਾਂ ਕੋਈ ਟਿੱਪਣੀ ਦਿੱਤੀ ਗਈ ਹੈ ਅਤੇ ਨਾ ਹੀ ਕਵੀਆਂ ਨੇ ਕੋਈ ਸੰਖੇਪਤਾ ਦੀ ਰੁਚੀ ਵਿਖਾਈ ਹੈ। ਇਸ ਲਈ ਇਥੇ ਵੀ ਪੂਰਬ-ਪੱਖ ਦੇ ਵਿਦਵਾਨਾਂ ਦੀ ਕਰਤ੍ਰਿਤਵ ਸੰਬੰਧੀ ਪੂਰਬ-ਨਿਸਚਿਤ ਧਾਰਣਾ ਪੂਰੀ ਤਰ੍ਹਾਂ ਸਪੱਸ਼ਟ ਹੈ।

(5) 'ਰਾਮਾਵਤਾਰ' ਗੁਰੂ ਜੀ ਦੀ ਕ੍ਰਿਤੀ ਹੈ ਜਾਂ ਨਹੀਂ, ਇਸ ਸੰਬੰਧੀ ਹੋਰ ਵਿਚਾਰ ਅਗੇ ਕਰਾਂਗੇ। ਇਥੇ ਕੇਵਲ ਇਤਨਾ ਹੀ ਕਹਿਣਾ ਕਾਫ਼ੀ ਹੋਵੇਗਾ ਕਿ 'ਰਾਮਾਵਤਾਰ' ਨੂੰ ਗੁਰੂ ਜੀ ਦੀ ਰਚਨਾ ਮੰਨਣ ਲਈ ਪੂਰਬ-ਪੱਖ ਪਾਸ ਆਵੱਸ਼ਕ ਪ੍ਰਮਾਣ ਨਹੀਂ ਹਨ। ਇਸ ਲਈ ਪੂਰਬ-ਪੱਖ ਵਾਲੇ ਵਿਦਵਾਨਾਂ ਦਾ ਇਹ ਤਰਕ ਵੀ ਨਿਰਾਧਾਰ ਅਤੇ ਤੱਥਹੀਨ ਹੈ।

---

1. ਦਸਮ ਗੁਰੂ ਗ੍ਰੰਥ ਸਾਹਿਬ ਸਟੀਕ (ਨਰੈਣ ਸਿੰਘ), ਭਾਗ ਦੂਜਾ, ਪੰਨਾ 126—127

Digitized by Panjab Digital Library | www.panjabdigilib.org

## (10) ਸ਼ੈਲੀ ਸੰਬੰਧੀ ਸਮਾਨਤਾ ਤੇ ਆਧਾਰਿਤ ਤਰਕ

20. ਪੂਰਬ ਪੱਖੀ-ਵਿਦਵਾਨਾਂ ਨੇ ਦਸਮ ਗ੍ਰੰਥ ਦੀਆਂ ਵੱਖ ਵੱਖ ਕ੍ਰਿਤੀਆਂ ਦੀ ਸ਼ੈਲੀ ਸੰਬੰਧੀ ਸਮਾਨਤਾ ਦੇ ਅਨੇਕਾਂ ਪ੍ਰਮਾਣ ਪੇਸ਼ ਕਰਕੇ ਇਹ ਮਾਨਤਾ ਸਥਾਪਿਤ ਕੀਤੀ ਹੈ ਕਿ ਸੰਪੂਰਨ ਦਸਮ ਗ੍ਰੰਥ ਇਕ ਹੀ ਕਵੀ ਦੀ ਰਚਨਾ ਹੈ। ਅਧਿਐਨ ਦੀ ਸੁਵਿਧਾ ਲਈ ਸ਼ੈਲੀ ਸੰਬੰਧੀ ਇਨ੍ਹਾਂ ਪ੍ਰਮਾਣਾਂ ਨੂੰ ਹੇਠ ਲਿਖੇ ਦੱਸ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ–

(1) ਬਾਣੀਆਂ ਦੇ ਸ਼ੁਰੂ ਜਾਂ ਅੰਤ ਵਿਚ ਅਕਾਲ-ਪੁਰਖ (ਪ੍ਰਭੂ) ਦੀ ਉਸਤਤਿ-ਪ੍ਰਣਾਲੀ ਦੇ ਪਾਲਨ ਦੀ ਸਮਾਨਤਾ ;[1]

(2) ਛੰਦਾਂ ਦੇ ਸ਼ੁਰੂ ਵਿਚ ਵਰਤੇ 'ਤ੍ਵਪ੍ਰਸਾਦਿ' ਆਦਿ ਕੁਝ ਸ਼ਬਦਾਂ ਅਤੇ ਉਕਤੀਆਂ ਦੀ ਕਈਆਂ ਕ੍ਰਿਤੀਆਂ ਵਿਚ ਹੋਈ ਵਰਤੋਂ ਅਤੇ ਉਸ ਸੰਬੰਧੀ ਸਮਾਨਤਾ ;[2]

(3) ਛੰਦਾਂ ਸੰਬੰਧੀ ਸਮਾਨਤਾ—

(ੳ) ਅੜਿਲ ਛੰਦ ਜਿਥੇ ਵੀ ਦਸਮ ਗ੍ਰੰਥ ਦੀਆਂ ਬਾਣੀਆਂ ਵਿਚ ਆਇਆ ਹੈ, ਉਥੇ ਉਸ ਦੇ ਚੌਥੇ ਚਰਣ ਦਾ ਪਹਿਲਾ ਸ਼ਬਦ 'ਹੋ' ਦਿੱਤਾ ਹੈ ;[3]

(ਅ) 'ਸਿਰਖੰਡੀ' ਛੰਦ ਦਾ ਗੁਰੂ ਜੀ ਦੁਆਰਾ ਪੰਜਾਬੀ ਸਾਹਿਤ (ਵਾਰ ਦੁਰਗਾ ਕੀ) ਵਿਚ ਮੌਲਿਕ ਪ੍ਰਯੋਗ ਅਤੇ ਇਸ ਦੀ ਬ੍ਰਜ-ਭਾਸ਼ੀ ਰਚਨਾਵਾਂ (ਰਾਮਾਵਤਾਰ ਅਤੇ ਨਿਹਕਲੰਕੀ ਅਵਤਾਰ ਵਿਚ) ਹੋਈ ਵਰਤੋਂ ਅਤੇ ਉਸ ਸੰਬੰਧੀ ਸਮਾਨਤਾ ;[4]

(4) ਕਈਆਂ ਕ੍ਰਿਤੀਆਂ ਵਿਚ ਕਵੀ ਦੀਆਂ ਮੂੰਹ ਚੜ੍ਹੀਆਂ ਉਕਤੀਆਂ, ਵਾਕਾਂਸ਼ਾਂ ਅਤੇ ਛੰਦ-ਚਰਣਾਂ ਦੀ ਵਰਤੋਂ ਅਤੇ ਉਸ ਸੰਬੰਧੀ ਸਮਾਨਤਾ ;[5]

---

1. (i) "ਹਰ ਥਾਂ ਆਪ ਨੇ ਕੇਵਲ ਆਪਣੇ ਇਸ਼ਟ ਅਕਾਲ-ਪੁਰਖ ਦਾ ਮੰਗਲ ਹੀ ਭਾਂਤਿ ਭਾਂਤਿ ਦੇ ਨਾਂਵਾਂ ਦੁਆਰਾ ਕੀਤਾ ਹੈ।"
   (ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ, ਪੰਨਾ 60)
   (ii) "The poet begins his books with an invocation, not however to a god or goddess, but to God Himself......"
   (ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ, ਪੰਨਾ 19-ਏ)
2. (i) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 60
   (ii) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 31
3. (i) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 79 (ਹ)
   (ii) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 20 (ਬੀ-ii)
4. ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 19 (ਬੀ-i)
5. (i) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 87 ਤੋਂ 94
   (ii) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 21 (ਡੀ, ਈ), 17 (ਈ), 26 (i)

Digitized by Panjab Digital Library | www.panjabdigilib.org

(5) ਭ੍ਰਸ਼ਟ ਰੀਤਿ-ਰਿਵਾਜਾਂ ਦੀ ਨਿੰਦਿਆ ਲਈ ਵਰਤੀ ਖੰਡਨਾਤਮਕ ਸ਼ਬਦਾਵਲੀ ਦੀ ਸਮਾਨਤਾ, ਜਿਵੇਂ—ਜੜ, ਪਸ਼ੂ, ਮੂੜ ਆਦਿ ;[1]

(6) ਪ੍ਰਭੂ ਲਈ ਸ਼ਸਤ੍ਰਾਂ ਦੇ ਨਾਂਵਾਂ ਦੀ ਕਈਆਂ ਕ੍ਰਿਤੀਆਂ ਵਿਚ ਹੋਈ ਵਰਤੋਂ ਅਤੇ ਉਸ ਸੰਬੰਧੀ ਸਮਾਨਤਾ, ਜਿਵੇਂ—ਕਾਤੀ, ਕਟਾਰੀ, ਅਸਿ, ਭਗੌਤੀ, ਖੜਗ ;[2]

(7) ਕਵੀ ਦੁਆਰਾ ਪ੍ਰਭੂ ਲਈ ਯੁੱਧ-ਭਾਵਨਾਵਾਂ ਨਾਲ ਯੁਕਤ ਨਾਂਵਾਂ (ਵਿਸ਼ੇਸ਼ਣਾਂ) ਦਾ ਨਿਰਮਾਣ ਅਤੇ ਉਨ੍ਹਾਂ ਦੀ ਕਈਆਂ ਕ੍ਰਿਤੀਆਂ ਵਿਚ ਕੀਤੀ ਵਰਤੋਂ ਅਤੇ ਉਸ ਸੰਬੰਧੀ ਸਮਾਨਤਾ, ਜਿਵੇਂ—ਅਸਿਪਾਨ, ਖੜਗਪਾਣੇ, ਬਾਨ-ਪਾਣੇ, ਧਨੁਰਪਾਣੇ, ਸਸਤ੍ਰਪਾਣੇ, ਅਸਿਕੇਤੁ, ਖੜਗ-ਕੇਤੁ, ਅਸਿਧੁਜ ਆਦਿ ;[3]

(8) 'ਬਚਿਤ੍ਰ ਨਾਟਕ' ਵਿਚ ਵਰਤੇ 'ਕਬਿਯੋਬਾਚ' ਸ਼ਬਦ ਦੀ ਹੋਰਨਾ ਕ੍ਰਿਤੀਆਂ ਵਿਚ ਹੋਈ ਵਰਤੋਂ ਅਤੇ ਉਸ ਸੰਬੰਧੀ ਸਮਾਨਤਾ ;[4]

(9) ਹਮ, ਹਮਾਰੇ, ਹਮਾਰੀ ਆਦਿ ਉੱਤਮ-ਪੁਰਖੀ ਬਹੁ-ਵਚਨ ਵਾਲੇ ਪੜਨਾਂਵਾਂ ਦੀ 'ਬਚਿਤ੍ਰ ਨਾਟਕ' ਵਾਲੀ ਪ੍ਰਣਾਲੀ ਅਨੁਸਾਰ ਹੋਰਨਾਂ ਕ੍ਰਿਤੀਆਂ ਵਿਚ ਹੋਈ ਵਰਤੋਂ ਅਤੇ ਉਸ ਸੰਬੰਧੀ ਸਮਾਨਤਾ ;[5]

(10) ਪਰਵਰਤੀ ਸਿੱਖਾਂ ਦੁਆਰਾ ਨਿਤ ਦੇ ਵਿਵਹਾਰ ਵਿਚ ਅਪਨਾਏ ਗਏ ਸ਼ਬਦਾਂ ਦੀ ਦਸਮ ਗ੍ਰੰਥ ਵਿਚ ਬਾਰ ਬਾਰ ਹੋਈ ਵਰਤੋਂ ਅਤੇ ਉਸ ਸੰਬੰਧੀ ਸਮਾਨਤਾ ;[6]

---

1. ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 22 (ਐਫ)
2. ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 24 (ਜੀ)
3. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 79 (ਖ)
   (2) ਸਿੱਖ ਰਿਵੀਊ (ਤ੍ਰਿਲੋਚਨ ਸਿੰਘ), ਮਈ 1955, ਪੰਨਾ 38
   (3) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 25 (ਐਚ)
4. (1) ਸਿੱਖ ਰਿਵੀਊ (ਤ੍ਰਿਲੋਚਨ ਸਿੰਘ), ਅਪ੍ਰੈਲ 1955, ਪੰਨਾ 53
   (2) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 16 (ਸੀ)
   ਨੋਟ : ਇਨ੍ਹਾਂ ਵਿਦਵਾਨਾਂ ਦੀ ਧਾਰਣਾ ਹੈ—ਕਿਉਂਕਿ 'ਬਚਿਤ੍ਰ ਨਾਟਕ' ਵਾਲੀ ਇਸ ਉਕਤੀ ਦੀ ਵਰਤੋਂ ਅੰਤਲੇ ਚਰਿਤ੍ਰ (ਚੌਪਈ) ਵਿਚ ਹੋਈ ਮਿਲਦੀ ਹੈ, ਇਸ ਲਈ 'ਚਰਿਤ੍ਰੋਪਾਖਿਆਨ' ਅਤੇ 'ਬਚਿਤ੍ਰ ਨਾਟਕ' ਇਕ ਹੀ ਕਵੀ ਅਰਥਾਤ ਗੁਰੂ ਜੀ ਦੀ ਰਚਨਾ ਹੈ।
5. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 49-50
   (2) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 17
6. ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 30 (ਜੇ),
   ਸ਼ਬਦ ਸੂਚੀ—

   ਸਤਿਨਾਮ, ੴ ਵਾਹਿਗੁਰੂ ਜੀ ਕੀ ਫਤਹ, ੴ ਸਤਿਗੁਰ ਪ੍ਰਸਾਦਿ, ਅਕਾਲ ਪੁਰਖ, ਕਾਲ ਪੁਰਖ, ਸਚੇ ਪਾਤਸ਼ਾਹ, ਖ਼ਸ਼ਟਾਂ ਅਕਾਲ, ਤ੍ਵਪ੍ਰਸਾਦਿ, ਅਰਦਾਸ, ਕੇਸ, ਸਰਦਾਰ, ਸਿੰਘ, ਲੋਹ।

Digitized by Panjab Digital Library | www.panjabdigilib.org

## ਪਰੀਖਿਆ

21. ਸ਼ੈਲੀ ਸੰਬੰਧੀ ਸਮਾਨਤਾ ਤਾਂ ਹੀ ਪੂਰਬ ਪੱਖ ਦੇ ਵਿਦਵਾਨਾਂ ਦੇ ਮੰਤਵ ਦੀ ਪੁਸ਼ਟੀ ਕਰ ਸਕਦੀ ਹੈ, ਜੇ ਦੂਜੀਆਂ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਇਸ ਦਾ ਸਮਰਥਨ ਕਰਨ। ਨਹੀਂ ਤਾਂ ਇਕਹਿਰੀ ਸ਼ੈਲੀ ਸੰਬੰਧੀ ਸਮਾਨਤਾ ਕਿਸੇ ਨਿਰਣੇ ਤੇ ਨਹੀਂ ਪਹੁੰਚਾ ਸਕਦੀ। ਫਿਰ ਵੀ, ਇਨ੍ਹਾਂ ਤਰਕਾਂ ਦੀ ਪਰਖ ਇੰਜ ਕੀਤੀ ਜਾ ਸਕਦੀ ਹੈ—

(1) ਇਸ ਗੱਲ ਨਾਲ ਸਹਿਮਤ ਹੋਣਾ ਕਠਿਨ ਹੈ ਕਿ ਦਸਮ ਗ੍ਰੰਥ ਦੀਆਂ ਸਾਰੀਆਂ ਬਾਣੀਆਂ ਦੇ ਸ਼ੁਰੂ ਅਤੇ ਅੰਤ ਉੱਤੇ ਆਈਆਂ ਉਕਤੀਆਂ ਕੇਵਲ ਪ੍ਰਭੂ-ਸੂਚਕ ਹਨ, ਕਿਉਂਕਿ ਦੇਵੀ ਦੀ ਉਸਤਤ ਵਿਚ ਕਹੀਆਂ ਗਈਆਂ ਉਕਤੀਆਂ ਦੀ ਵੀ ਘਾਟ ਨਹੀਂ ਹੈ, ਜਿਵੇਂ—

### ਆਰੰਭਿਕ ਉਕਤੀਆਂ

(i) 'ਕ੍ਰਿਸਨਾਵਤਾਰ' ਦੇ ਆਰੰਭ ਵਿਚ ਕਵੀ ਸਪੱਸ਼ਟ ਰੂਪ ਵਿਚ ਕਹਿੰਦਾ ਹੈ ਕਿ ਦੁਰਗਾ (ਚੰਡੀ) ਦੀ ਕ੍ਰਿਪਾ ਦੇ ਫਲਸਰੂਪ ਹੀ ਉਹ ਗ੍ਰੰਥ ਲਿਖ ਰਿਹਾ ਹੈ—

ਬਿਨੁ **ਚੰਡ** ਕ੍ਰਿਪਾ ਤੁਮਰੀ ਕਬਹੂੰ
ਮੁਖ ਤੇ ਨਹੀ ਅਛਰ ਹਉ ਕਰਿ ਹੋਂ।
ਤੁਮਰੋ ਕਰ ਨਾਮੁ ਕਿਧੋ ਤੁਲਹਾ
ਜਿਮ ਬਾਕ ਸਮੰਦ੍ਰ ਬਿਖੈ ਤਰਿ ਹੋਂ ॥5॥

(ii) 'ਚਰਿਤ੍ਰੋਪਾਖਿਆਨ' ਦੇ ਆਰੰਭ ਵਿਚ ਵੀ ਦੇਵੀ ਭਗਵਤੀ ਦੀ ਅਰਾਧਨਾ ਕੀਤੀ ਗਈ ਹੈ—

ਪ੍ਰਥਮ ਧਯਾਇ **ਸ੍ਰੀ ਭਗਵਤੀ** ਬਰਨੋ ਤ੍ਰਿਯਾ ਪ੍ਰਸੰਗ।
ਮੋ ਘਟ ਮੈ ਤੁਮ ਹ੍ਵੈ ਨਦੀ ਉਪਜਹੁ ਬਾਕ ਤਰੰਗ ॥੪੬॥

(ਦਸਮ ਗ੍ਰੰਥ, ਪੰਨਾ 813)

### ਅੰਤਿਮ ਉਕਤੀਆਂ

(i) 'ਚੰਡੀ ਚਰਿਤ੍ਰ' (ਉਕਤਿ ਬਿਲਾਸ) ਦੇ ਅੰਤ ਵਿਚ ਕਵੀ ਵਰ-ਯਾਚਨਾ ਕਰਦੇ ਕਹਿੰਦਾ ਹੈ—

ਦੇਹ **ਸਿਵਾ** ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ ॥... ...੨੩੧॥

(ii) 'ਚੰਡੀ ਚਰਿਤ੍ਰ' (2) ਦੇ ਅੰਤ ਵਿਚ ਕਵੀ ਲਿਖਦਾ ਹੈ—

ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ।
ਅੰਤ ਲਹੈਂਗੇ ਮੁਕਤਫਲੁ ਪਾਵਹਿੰਗੇ ਭਗਵੰਤ ॥੨੬੨॥

Digitized by Panjab Digital Library | www.panjabdigilib.org

ਉਪਰੋਕਤ ਅਤੇ ਅਨੇਕ ਹੋਰ ਅਜਿਹੀਆਂ ਆਰੰਭਿਕ ਜਾਂ ਅੰਤਿਮ ਉਕਤੀਆਂ, ਮੰਗਲਾਂ ਜਾਂ ਮਾਹਾਤਮਾਂ ਆਦਿ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਵਿਚ ਨਿਰਾਕਾਰ ਪ੍ਰਭੂ ਪ੍ਰਤਿ ਸ਼ਰਧਾ ਵਿਅਕਤ ਨਹੀਂ ਕੀਤੀ ਗਈ, ਸਗੋਂ ਬਿਲਕੁਲ ਸਪੱਸ਼ਟ ਰੂਪ ਵਿਚ ਦੇਵੀ ਪ੍ਰਤਿ ਇਸ਼ਟ-ਭਾਵਨਾ ਦਰਸਾਈ ਗਈ ਹੈ। ਇਸ ਸੰਬੰਧ ਵਿਚ ਹੋਰ ਵਿਸਤਾਰ ਨਾਲ ਵਿਚਾਰ ਕਰਨ ਦਾ ਅਵਸਰ ਅਗੇ ਆਵੇਗਾ।[1] ਹਾਂ, ਇਕ ਗੱਲ ਹੋਰ, ਜੇ ਅਜਿਹੀਆਂ ਉਕਤੀਆਂ ਵਿਚ ਕਿਸੇ ਖ਼ਾਸ ਆਸਰਾਦਾਤੇ ਜਾਂ ਰਾਜੇ ਦੇ ਦਰਬਾਰੀ ਕਵੀਆਂ ਵਿਚ ਸਮਾਨਤਾ ਮਿਲ ਜਾਵੇ, ਤਾਂ ਕੋਈ ਅਸਚਰਜ ਦੀ ਗਲ ਨਹੀਂ। ਸਿੱਟੇ ਵਜੋਂ, ਇਹ ਤਰਕ ਬਿਲਕੁਲ ਆਧਾਰਹੀਨ ਹੈ।

(2) ਇਹ ਉਕਤੀਆਂ ਵੀ ਸਾਧਾਰਣ ਕਵੀਆਂ ਦੁਆਰਾ ਲਿਖੀਆ ਗਈਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਦੀ ਵਰਤੋਂ ਲਈ ਕੋਈ ਬੰਦਸ਼ ਨਹੀਂ ਸੀ ਅਤੇ ਇਹ ਗੱਲ ਵੀ ਠੀਕ ਨਹੀਂ ਹੈ ਕਿ ਕੇਵਲ ਗੁਰੂ ਜੀ ਹੀ ਇਨ੍ਹਾਂ ਨੂੰ ਵਰਤ ਸਕਦੇ ਸਨ। ਇਨ੍ਹਾਂ ਦੀ ਵਰਤੋਂ ਕੇਵਲ 'ਦਸਮ ਗ੍ਰੰਥ' ਦੀਆਂ ਬਾਣੀਆਂ ਵਿਚ ਹੀ ਨਹੀਂ ਹੋਈ, ਸਗੋਂ 'ਦਸਮ ਗ੍ਰੰਥ' ਤੋਂ ਭਿੰਨ ਕਈਆਂ ਕ੍ਰਿਤੀਆਂ ਵਿਚ ਵੀ ਇਹ ਉਕਤੀਆ ਵਰਤੀਆਂ ਮਿਲਦੀਆਂ ਹਨ, ਜਿਵੇਂ—

(ੳ) ਸਰਬ ਲੋਹ ਗ੍ਰੰਥ—ਤ੍ਵਫਲਾ,[2]

(ਅ) ਗੁਰ ਸੋਭਾ ਗ੍ਰੰਥ—ਤ੍ਵਪ੍ਰਸਾਦਿ, ਤਿਹ ਪ੍ਰਤਾਪ,[3]

ਇਸ ਤੋਂ ਛੁਟ, ਚਰਿਤ੍ਰ ਅੰਕ 24 ਅਤੇ 142 ਵਿਚ 'ਤ੍ਵਪ੍ਰਸਾਦਿ' ਸ਼ਬਦ ਬੜੇ ਸਾਧਾਰਣ ਅਤੇ ਘਟੀਆ ਕਥਨਾਂ ਤੇ ਪ੍ਰਸੰਗਾਂ ਲਈ ਵਰਤਿਆ ਗਿਆ ਹੈ, ਜਿਵੇਂ ਇਕ ਨਾਇਕਾ ਆਪਣੀ ਸਖੀ ਦੁਆਰਾ ਨਾਇਕ ਨੂੰ ਪ੍ਰਾਪਤ ਕਰ ਲੈਣ ਤੇ ਉਸ ਦਾ ਇਸ ਪ੍ਰਕਾਰ ਧੰਨਵਾਦ ਕਰਦੀ ਹੈ—

ਤਵਪ੍ਰਸਾਦਿ ਮੈਂ ਸਖੀ ਆਜੁ ਸਾਜਨ ਕੋ ਪਾਯੋ।
ਤਵਪ੍ਰਸਾਦਿ ਸੁਨਿ ਹਿਤੂ ਸੋਕ ਸਭ ਹੀ ਬਿਸਰਾਯੋ।
ਤਵਪ੍ਰਸਾਦਿ ਸੁਨਿ ਮਿਤ੍ਰ ਭੋਗ ਭਾਵਤ ਮਨ ਕਰਿ ਹੋ।
ਹੋ ਪਈ ਚੌਦਹੂੰ ਮਾਂਝ ਚੀਨਿ ਸੁੰਦਰ ਪਤਿ ਬਰਿਹੋ ॥੩੫॥

(ਦਸਮ ਗ੍ਰੰਥ, ਪੰਨਾ 1022 ; ਚਰਿਤ੍ਰ 142)

ਫਲਸਰੂਪ, ਇਨ੍ਹਾਂ ਸ਼ਬਦਾਂ ਦੀ ਦਸਮ ਗ੍ਰੰਥ ਦੀਆਂ ਰਚਨਾਵਾਂ ਵਿਚ ਵਰਤੋਂ ਇਸ ਦੇ ਕਰਤ੍ਰਿਤਵ ਬਾਰੇ ਨਿਰਣਾ ਕਰਨ ਵਿਚ ਬਿਲਕੁਲ ਅਸਮਰਥ ਹੈ।

(3) (ੳ) ਇਸ ਮਤ ਨਾਲ ਸਹਿਮਤ ਹੋਣਾ ਬੜਾ ਕਠਿਨ ਹੈ ਕਿ ਦਸਮ ਗ੍ਰੰਥ ਵਿਚ

---

1. ਵੇਖੋ ਪ੍ਰਕਾਸ਼ 8, ਪੈਰਾ 5-11 ਅਤੇ ਪ੍ਰਕਾਸ਼ 6, ਪੈਰਾ 8, 11
2. ਸਰਬ ਲੋਹ, ਪੱਤਰਾ 191, 341
3. ਗੁਰ ਸੋਭਾ (ਸੈਨਾਪਤਿ), ਕ੍ਰਮਵਾਰ— ਅਧਿਆਇ 1 / ਛੰਦ 8, ਅਧਿਆਇ 2 / ਛੰਦ 3

Digitized by Panjab Digital Library | www.panjabdigilib.org

ਆਏ ਸਾਰੇ 'ਅੜਿਲ' ਛੰਦਾਂ ਦੇ ਚੌਥੇ ਚਰਣ ਦਾ ਪਹਿਲਾ ਸ਼ਬਦ 'ਹੋ' ਹੈ, ਕਿਉਂਕਿ ਅਜਿਹੇ 'ਅੜਿਲ' ਛੰਦਾਂ ਦੀ ਅਣਹੋਂਦ ਨਹੀਂ, ਜਿਨ੍ਹਾਂ ਵਿਚ ਇਸ ਪਰੰਪਰਾ ਦਾ ਪਾਲਨ ਨਹੀਂ ਹੋਇਆ, ਜਿਵੇਂ—

(i) ਜਬ ਲਗਿ ਪਗਿਯਾ ਲੇਨ ਰਾਇ ਚਲਿ ਆਇਯੋ।
ਤਬ ਲਗਿ ਰਾਨੀ ਮਿਤ੍ਰ ਸਦਨ ਪਹੁਚਾਇਯੋ।
ਮਤਵਾਰੀ ਉਨ ਭਾਖਿ ਅਧਿਕ ਮਾਰਤ ਭਈ।
ਨ੍ਰਿਪ ਕੀ ਚਿੰਤਾ ਟਾਰਿ ਸਕਲ ਚਿਤ ਕੀ ਦਈ ॥੧੬॥

(ਦਸਮ ਗ੍ਰੰਥ, ਪੰਨਾ 1147, ਚਰਿਤ੍ਰ 235)

(ii) ਚਰਿਤ੍ਰ ਅੰਕ 211 ਦਾ 18ਵਾਂ ਛੰਦ ; ਅਤੇ

(iii) 'ਕ੍ਰਿਸ਼ਨਾਵਤਾਰ' ਦਾ 1664ਵਾਂ ਛੰਦ ਆਦਿ।

'ਹੋ' ਰਹਿਤ ਜਾਂ 'ਹੋ' ਦੀ ਥਾਂ ਤੇ ਕਿਸੇ ਹੋਰ ਸ਼ਬਦ ਨਾਲ ਆਰੰਭ ਹੋਏ ਚੌਥੇ ਚਰਣ ਵਾਲੇ ਅੜਿਲ ਛੰਦਾਂ ਦੀਆਂ ਹੋਰ ਵੀ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਫਲਸਰੂਪ, ਇਹ ਤਰਕ ਥੋਥਾ ਹੈ।

(ਅ) ਕਿਸੇ ਵਿਸ਼ੇਸ਼ ਨਵੇਂ ਛੰਦ ਦੀ ਪਿਰਤ ਕੇਵਲ ਗੁਰੂ ਜੀ ਹੀ ਪਾ ਸਕਦੇ ਸਨ, ਹੋਰ ਕੋਈ ਨਹੀਂ—ਬੜੀ ਆਧਾਰਹੀਨ ਗੱਲ ਹੈ। ਇਸ ਤਰਕ ਦੀ ਵੀ ਪੁਸ਼ਟੀ ਕਿਸੇ ਪ੍ਰਮਾਣਿਕ ਆਧਾਰ ਤੋਂ ਨਹੀਂ ਹੁੰਦੀ। 'ਵਾਰ ਦੁਰਗਾ ਕੀ' ਜੋ ਸਿਰਖੰਡੀ ਛੰਦ ਵਿਚ ਲਿਖੀ ਗਈ ਹੈ, ਦਸਮ ਗੁਰੂ ਦੀ ਪ੍ਰਮਾਣਿਕ ਰਚਨਾ ਪ੍ਰਤੀਤ ਨਹੀਂ ਹੁੰਦੀ। ਅਸਲ ਵਿਚ, ਛੰਦਾਂ ਦੇ ਪ੍ਰਯੋਗ ਵਿਚ ਕਵੀਆਂ ਉੱਤੇ ਕੋਈ ਪਾਬੰਦੀ ਨਹੀਂ ਹੁੰਦੀ। ਨਵੀਨਤਾ ਤੇ ਅਨੁਕਰਣ ਦੀ ਪ੍ਰਵਿਰਤੀ ਆਮ ਤੌਰ ਤੇ ਕਵੀਆਂ ਦੇ ਮਨ ਵਿਚ ਕਵਿਤਾ ਰਚਨ ਵੇਲੇ ਰਹਿੰਦੀ ਹੈ। ਇਸ ਵਾਸਤੇ ਕਿਸੇ ਖ਼ਾਸ ਛੰਦ ਦੀ ਵਰਤੋਂ ਕਿਸੇ ਕ੍ਰਿਤੀ ਨੂੰ ਕਿਸੇ ਵਿਸ਼ੇਸ਼ ਕਵੀ ਦੀ ਰਚਨਾ ਸਿੱਧ ਨਹੀਂ ਕਰ ਸਕਦੀ। ਇਸ ਤਰਕ ਵਿਚ ਵੀ ਬਲ ਨਹੀਂ ਹੈ।

4. ਇਹ ਨਿਆਇਸ਼ੀਲ ਨਹੀਂ ਕਿ ਅਜਿਹੀ ਸਮਾਨਤਾ ਦੇ ਆਧਾਰ ਤੇ ਦਸਮ ਗ੍ਰੰਥ ਨੂੰ ਇਕੋ ਕਵੀ ਦੀ ਕ੍ਰਿਤ ਮੰਨ ਲਈਏ। ਇਕ ਹੀ ਆਸ਼ਰਮ-ਦਾਤੇ ਦੇ ਦਰਬਾਰੀ ਕਵੀਆਂ ਵਿਚ ਸ਼ੈਲੀ ਸੰਬੰਧੀ ਕੁਝ ਸਮਾਨਤਾ ਮਿਲ ਜਾਵੇ, ਤਾਂ ਅਸਚਰਜ ਦੀ ਕੋਈ ਗੱਲ ਨਹੀਂ ਹੈ। ਹਿੰਦੀ-ਸਾਹਿਤ ਦੇ 'ਰੀਤੀ ਕਾਲ' ਵਿਚ ਅਜਿਹੀਆਂ ਸਮਾਨਤਾਵਾਂ ਦੀ ਭਰਮਾਰ ਰਹੀ ਹੈ। ਮਹਾਤਮਾ ਸੂਰਦਾਸ ਅਤੇ ਗੋਸੁਆਮੀ ਤੁਲਸੀਦਾਸ ਦੀ ਕਵਿਤਾ ਵਿਚ ਇਸ ਪ੍ਰਕਾਰ ਦੀਆਂ ਸਮਾਨਤਾਵਾਂ ਦਾ ਵਿਸਤਾਰ-ਭਰਪੂਰ ਵਿਵਰਣ 'ਸੂਰ ਨਿਰਣਯ' ਵਿਚ ਦਿੱਤਾ ਹੋਇਆ ਹੈ।[1] ਭੂਸ਼ਣ ਦੀ ਸ਼ੈਲੀ ਨਾਲ ਮਹਾਕਵੀ ਸੰਤੋਖ ਸਿੰਘ ਦੀ ਸ਼ੈਲੀ ਦੀ ਸਮਾਨਤਾ ਮਿਲ ਜਾਂਦੀ

1. ਸੂਰ ਨਿਰਣਯ (ਦਵਾਰਿਕਾਦਾਸ, ਪ੍ਰਭੂ ਦਿਆਲ), ਪੰਨਾ 315-325

Digitized by Panjab Digital Library / www.panjabdigilib.org

ਹੈ[1]। ਪੰਜਾਬੀ ਬੋਲੀ ਦੇ ਮੋਢੀ ਕਿੱਸਾਕਾਰ ਦਮੋਦਰ ਗੁਲਾਟੀ ਦੀ ਰਚਨਾ 'ਹੀਰ' ਵਿਚ ਅਨੇਕਾਂ ਅਜਿਹੀਆਂ ਉਕਤੀਆਂ ਸ਼ਬਦ, ਵਾਕਾਂਸ਼ ਮਿਲ ਜਾਂਦੇ ਹਨ, ਜਿਨ੍ਹਾਂ ਦੀ ਗੁਰਬਾਣੀ ਨਾਲ ਅਤਿ ਸਮੀਪਤਾ ਹੈ। ਗਿਆਨੀ ਹਰਨਾਮ ਸਿੰਘ 'ਬੱਲਭ' ਨੇ ਆਪਣੇ ਇਕ ਲੇਖ ਵਿਚ ਅਜਿਹੇ ਅੰਸ਼ਾਂ ਦੀ 'ਤੁਲਨਾਤਮਕ ਤਾਲਿਕਾ' ਵੀ ਦਿੱਤੀ ਹੈ।[2] ਸ਼ਾਹ ਹੁਸੈਨ ਦੀਆਂ ਕਾਫੀਆਂ ਅਤੇ ਗੁਰਬਾਣੀ ਵਿਚ ਵੀ ਸ਼ੈਲੀ ਸੰਬੰਧੀ ਬਹੁਤ ਸਮਾਨਤਾ ਰਹੀ ਹੈ।[3] ਪੰਜਾਬ ਵਿਚ ਰਚੀ ਗਈ 'ਕੱਚੀ-ਬਾਣੀ' ਤਾਂ ਗੁਰਬਾਣੀ ਨਾਲ ਸ਼ਬਦ, ਸ਼ੈਲੀ, 'ਨਾਨਕ' ਕਵੀ ਛਾਪ ਆਦਿ ਦੀ ਸਮਾਨਤਾ ਕਰਕੇ ਸਾਧਾਰਣ ਸਿੱਖਾਂ ਵਿਚ ਗੁਰਬਾਣੀ ਵਾਂਗ ਹੀ ਸਨਮਾਨਿਤ ਰਹੀ ਹੈ। ਫਰੀਦ ਅਤੇ ਕਬੀਰ ਦੇ ਸਲੋਕਾਂ ਵਿਚ ਵੀ ਅਜਿਹੀ ਸਮਾਨਤਾ ਮਿਲ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਚਿਤ੍ਰਣ ਵਾਲੀਆਂ ਕਈ ਪ੍ਰਕਾਰ ਦੀਆਂ ਜਨਮ-ਸਾਖੀਆਂ (ਭਾਈ ਬਾਲੇ ਵਾਲੀ ਜਨਮ-ਸਾਖੀ, ਪੁਰਾਤਨ ਜਨਮ-ਸਾਖੀ, ਮਿਹਰਬਾਨ ਵਾਲੀ ਜਨਮ-ਸਾਖੀ, ਹੰਦਾਲੀਆਂ ਵਾਲੀ ਜਨਮ-ਸਾਖੀ ਆਦਿ) ਵੀ ਆਪਸ ਵਿਚ ਬਹੁਤ ਨੇੜੇ ਹਨ। 'ਹਨੂਮਾਨ ਨਾਟਕ' (ਰਚਨਾ-ਕਾਲ ਸੰਮਤ 1680 ਬਿ.) ਦੀਆਂ

---

1. ਭੂਸ਼ਣ : ਇੰਦ੍ਰ ਜਿਮਿ ਜੰਭ ਪਰ, ਬਾੜਵ ਸੁ ਅੰਭ ਪਰ,
ਰਾਵਨ ਸਦੰਭ ਪਰ, ਰਘੁ ਕੁਲ ਰਾਜ ਹੈਂ।
ਪੌਨ ਬਾਰਿ ਬਾਹ ਪਰ, ਸੰਭੁ ਰਤਿਨਾਹ ਪਰ,
ਜਯੋਂ ਸਹਸ੍ਰਬਾਹੁ ਪਰ ਰਾਮ ਦ੍ਵਿਜਰਾਜ ਹੈਂ।
ਦਾਵਾ ਦ੍ਰੁਮ ਦੰਡ ਪਰ, ਚੀਤਾ ਮ੍ਰਿਗ ਝੁੰਡ ਪਰ,
ਭੂਸ਼ਣ ਵਿਤੁੰਡ ਪਰ, ਜੈਸੇ ਮ੍ਰਿਗ ਰਾਜ ਹੈਂ।
ਤੇਜ ਤਮ-ਅੰਸ ਪਰ, ਕਾਨ੍ਹ ਜਿਮਿ ਕੰਸ ਪਰ,
ਤਯੋਂ ਮਲੇਛ-ਬੰਸ ਪਰ, ਸੇਰ ਸਿਵਰਾਜ ਹੈਂ।
(ਸ਼ਿਵਰਾਜ ਭੂਸ਼ਣ, ਦੁਆਰਾ ਹਿੰਦੀ ਸਾਹਿਤ ਕਾ ਇਤਿਹਾਸ; (ਸ਼ੁਕਲ) ਪੰਨਾ ੨੫੬)

ਸੰਤੋਖ ਸਿੰਘ : ਰਾਮ ਛਤ੍ਰ ਬੰਧ ਪਰਿ, ਰਾਮ ਦਸਕੰਧ ਪਰਿ,
ਰਾਮ ਜਰਾ ਸੰਧ ਪਰਿ, ਮੈਂ ਜਯੋਂ ਨਰ ਸਿੰਘ ਹੈਂ।
ਇੰਦ੍ਰ ਜ਼ਿਮਿ ਮਾਰ ਪਰਿ, ਬੈਨਤੇਯ ਮਾਰ ਪਰਿ,
ਪੌਨ ਦੀਪ ਮਾਰ ਪਰਿ, ਮਾਰ ਪਰ ਸਿੰਘ ਹੈਂ।
ਸੂਰ ਤਮ ਵ੍ਰਿੰਦ ਪਰਿ, ਸੂਰ ਰਨ ਦੁੰਦ ਪਰਿ,
ਸੂਰ ਦਿਤਿ ਨੰਦ ਪਰਿ, ਦੂਜੇ ਨਰ ਸਿੰਘ ਹੈਂ।
ਕਲ ਸਰਬਸ ਪਰਿ, ਦਾਵਾ ਬਨ ਵੰਸ ਪਰਿ,
ਤਯੋਂ ਮਲੇਛ ਬੰਸ ਪਰਿ, ਸ੍ਰੀ ਗੋਬਿੰਦ ਸਿੰਘ ਹੈਂ।
(ਗੁਰ ਪ੍ਰਤਾਪ ਸੂਰਜ, ਰੁਤ 5/ ਅੰਸ਼ 52)

2. 'ਪ੍ਰੀਤਮ'; ਜੂਨ 1957 (ਕਵੀ ਦਮੋਦਰ ਕੌਣ ਸੀ), ਪੰਨਾ ੧੪-੧੭।
3. ਸ਼ਾਹ ਹੁਸੈਨ (ਡਾ. ਮੋਹਨ ਸਿੰਘ), ਪੰਨਾ ੭੧-੭੪।

Digitized by Panjab Digital Library | www.panjabdigilib.org

ਬਹੁਤ ਸਾਰੀਆਂ ਪੰਕਤੀਆਂ ਦੀ ਦਸਮ ਗ੍ਰੰਥ ਵਿਚਲੀਆਂ ਪੰਕਤੀਆਂ ਨਾਲ ਸਮਾਨਤਾ ਹੈ। ਇਥੇ ਕੁਝ ਮਿਸਾਲਾਂ ਦੇਣੀਆਂ ਅਨੁਚਿਤ ਨਹੀਂ ਹੋਣਗੀਆਂ—

| ਕ੍ਰਮਾਂਕ | ਹਨੂਮਾਨ ਨਾਟਕ | ਦਸਮ ਗ੍ਰੰਥ |
|---|---|---|
| [ੳ] | ਕਾਨ ਸੁਨੇ ਪਹਿਚਾਨ ਨ ਕਾਹੂ ਸੋ<br>ਸਾਚ ਕਹੈ ਕਵਿ ਰਾਮ ਕਹੈਯਾ ॥੨॥<br>(ਅ. ਪਹਿਲਾ) | ਕਾਨ ਸੁਨੇ ਪਹਿਚਾਨ ਨ ਤਿਨ ਸੋ ॥<br>(ਕ੍ਰਿਸਨਾਵਤਾਰ, ਛੰਦ 434) |
| [ਅ] | ਨ੍ਹਾਤ ਫਿਰਯੋ ਲੀਏ ਸਾਤ ਸਮੁੰਦਨ<br>ਭੂਲ ਗਯੋ ਘਰ ਆਦਿ ਸੰਭਾਰਯੋ ॥੭੫॥<br>(ਅ. ਪੰਜਵਾਂ) | ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ<br>ਲੋਕ ਗਯਿਓ ਪਰਲੋਕ ਗਵਾਇਓ ॥੨੯॥<br>(ਅਕਾਲ ਉਸਤਤਿ) |
| [ੲ] | ਦੇਖ ਸੰਘਾਰ ਜੁ ਡਾਰਤ ਹੈ ਕਪਿ ਜੂਥ<br>ਰਤੀ ਬਿਨ ਏਕ ਰਤੀ ਕੇ ॥੪੦॥<br>(ਅ. ਨਾਂਵਾਂ) | ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ<br>ਏਕ ਰਤੀ ਬਿਨੁ ਏਕ ਰਤੀ ਕੇ ॥੨੧॥<br>(ਅਕਾਲ ਉਸਤਤਿ) |
| [ਸ] | ਰਾਮ ਕੇ ਕੋਪ ਨ ਓਪ ਰਹੀ ਜਿਤ<br>ਅੰਤ ਕੋ ਅੰਤ ਕੇ ਧਾਮ ਸਿਧਾਰੇ ॥੧੪॥<br>(ਅ. ਬਾਰ੍ਹਵਾਂ) | ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ<br>ਅੰਤ ਕੋ ਅੰਤ ਕੇ ਧਾਮ ਸਿਧਾਰੇ ॥੨੩॥<br>(ਅਕਾਲ ਉਸਤਤਿ) |

ਇਸ ਤੋਂ ਛੁਟ, ਹੋਰ ਕਈ ਪੰਕਤੀਆਂ ਵੀ ਪਰਸਪਰ ਸਮਾਨਤਾ ਵਜੋਂ ਦਿੱਤੀਆਂ ਜਾ ਸਕਦੀਆਂ ਹਨ। ਹਾਂ, ਇਨ੍ਹਾਂ ਚਾਰ ਮਿਸਾਲਾਂ ਤੋਂ ਇਤਨਾ ਤਾਂ ਸਪੱਸ਼ਟ ਹੋ ਗਿਆ ਹੈ ਕਿ ਜੇ ਅਜਿਹੀਆਂ ਸਮਾਨਤਾਵਾਂ ਨੂੰ ਆਧਾਰ ਬਣਾ ਕੇ ਕਰਤ੍ਰਿਤਵ ਸੰਬੰਧੀ ਨਿਰਣਾ ਦਿੱਤਾ ਜਾਵੇ ਤਾਂ 'ਕ੍ਰਿਸ਼ਨਾਵਤਾਰ', 'ਅਕਾਲ ਉਸਤਤਿ' ਅਤੇ 'ਹਨੂਮਾਨ ਨਾਟਕ' ਆਦਿ ਰਚਨਾਵਾਂ ਇਕ ਹੀ ਕਵੀ ਦੀਆਂ ਸਿੱਧ ਹੋਣਗੀਆਂ, ਜੋ ਇਤਿਹਾਸ ਦੇ ਵਿਰੁੱਧ ਹੈ। ਸਾਰਾਂਸ਼ ਇਹ ਕਿ ਅਜਿਹੀਆਂ ਸਮਾਨਤਾਵਾਂ ਦੇ ਆਧਾਰ ਤੇ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਨਿਰਣਾ ਨਹੀਂ ਦਿੱਤਾ ਜਾ ਸਕਦਾ।

(5) ਪਾਖੰਡ-ਖੰਡਨ ਦੀ ਇਕ ਬਹੁਤ ਪ੍ਰਾਚੀਨ ਅਤੇ ਅਮੀਰ ਪਰੰਪਰਾ ਭਾਰਤੀ ਸਾਹਿਤ ਵਿਚ ਮਿਲ ਜਾਂਦੀ ਹੈ। ਅਸਲ ਵਿਚ, ਭਗਵਾਨ ਬੁੱਧ ਨੇ ਹੀ ਸਭ ਤੋਂ ਪਹਿਲਾਂ ਇਨ੍ਹਾਂ ਪਾਖੰਡਾਂ ਦੇ ਵਿਰੋਧ ਵਿਚ ਆਪਣੀ ਆਵਾਜ਼ ਉਠਾਈ ਸੀ। ਉਨ੍ਹਾਂ ਤੋਂ ਬਾਦ ਜੈਨ-ਮਤ ਦੇ ਸੰਤਾਂ, ਸਿੱਧਾਂ, ਨਾਥਾਂ, ਆਦਿ ਨੇ ਵੀ ਇਸ ਪ੍ਰਵਿਰਤੀ ਨੂੰ ਅਪਣਾਇਆ ਤੇ ਅਗੇ ਤੋਰਿਆ। ਕਬੀਰ ਨਾਲ ਇਸ ਪ੍ਰਵਿਰਤੀ ਨੂੰ ਹੋਰ ਸ਼ਕਤੀ ਮਿਲੀ। ਫਲਸਰੂਪ, ਸਾਰੇ ਨਿਰਗੁਣਵਾਦੀ ਸੰਤ ਇਸ ਪਾਖੰਡ-ਖੰਡਨੀ ਪ੍ਰਵਿਰਤੀ ਨੂੰ ਲਗਭਗ ਇਸੇ ਪ੍ਰਕਾਰ ਦੀ ਬਣਤਰ ਅਤੇ ਕਦੇ ਕਦੇ ਅਜਿਹੀ ਸ਼ਬਦਾਵਲੀ ਵਿਚ ਵਰਤਦੇ ਦਿਸ ਪੈਂਦੇ ਹਨ। ਇਹੀ ਪਰੰਪਰਾ ਦਸਮ ਗ੍ਰੰਥ ਦੇ ਕਵੀਆਂ ਨੂੰ ਨਿਰਗੁਣ-ਵਾਦੀਆਂ ਕੋਲੋਂ ਪਿਤਰੀ-ਸੰਪਤੀ ਦੇ ਰੂਪ ਵਿਚ ਮਿਲੀ ਸੀ। ਦਸਮ ਗ੍ਰੰਥ ਤਕ ਪਹੁੰਚਦੇ ਪਹੁੰਚਦੇ ਇਹ ਪ੍ਰਵਿਰਤੀ ਸਾਧਾਰਣ ਰੂਪ ਧਾਰਣ

Digitized by Panjab Digital Library | www.panjabdigilib.org

ਕਰ ਚੁਕੀ ਸੀ। ਇਸੇ ਪਰੰਪਰਾ ਦੇ ਪ੍ਰਭਾਵ ਕਰਕੇ ਦਸਮ ਗ੍ਰੰਥ ਦੀਆਂ ਰਚਨਾਵਾਂ ਵਿਚ ਜੜ, ਪਸ਼ੂ, ਮੂੜ ਆਦਿ ਸ਼ਬਦਾਂ ਦੀ ਵਰਤੋਂ ਹੋਈ ਸੀ। ਇਸ ਤਰਕ ਦੁਆਰਾ ਕਰਤ੍ਰਿਤਵ ਸੰਬੰਧੀ ਕੋਈ ਖ਼ਾਸ ਹਲ ਸਾਹਮਣੇ ਨਹੀਂ ਆਉਂਦਾ।

(6) ਇਹ ਸਾਰੇ ਨਾਂ ਪ੍ਰਭੂ ਦੇ ਸੂਚਕ ਨਹੀਂ, ਦੇਵੀ ਦੇ ਪ੍ਰਤੀਕ ਰੂਪ ਵਿਚ ਵਰਤੇ ਗਏ ਹਨ। ਇਸ ਕਥਨ ਦੀ ਪੁਸ਼ਟੀ 'ਕ੍ਰਿਸਨਾਵਤਾਰ' ਦੇ "ਦੇਵੀ ਜੂ ਕੀ ਉਸਤਤਿ" ਪ੍ਰਸੰਗ ਦੇ ਹੇਠ ਲਿਖੇ ਛੰਦ ਤੋਂ ਹੋ ਜਾਂਦੀ ਹੈ—

ਮਹਾ ਬਾਹਣੀ ਅਸਤ੍ਰਣੀ ਸਸਤ੍ਰ ਧਾਰੀ।
ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥੪੨੭॥ (ਦਸਮ ਗ੍ਰੰਥ, ਪੰਨਾ 309)

'ਚਰਿਤ੍ਰੋਪਾਖਿਆਨ' ਪ੍ਰਸੰਗ ਦੇ ਪਹਿਲੇ ਚਰਿਤ੍ਰ (ਦੇਵੀ-ਉਸਤਤ) ਦੇ ਪਹਿਲੇ ਛੰਦ ਤੋਂ ਇਸ ਤਰਕ ਦੀ ਆਧਾਰਹੀਨਤਾ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ—

ਤੁਹੀ ਖੜਗਧਾਰਾ ਤੁਹੀ ਬਾਢਵਾਰੀ।
ਤੁਹੀ ਤੀਰ ਤਰਵਾਰ ਕਾਤੀ ਕਟਾਰੀ।
ਹਲਬੀ ਜੁਨਬੀ ਮਗਰਬੀ ਤੁਹੀ ਹੈ।
ਨਿਹਾਰੋ ਜਹਾਂ ਆਪੁ ਠਾਢੀ ਵਹੀ ਹੈ ॥੧॥

(ਦਸਮ ਗ੍ਰੰਥ, ਪੰਨਾ 809)

ਇਨ੍ਹਾਂ ਪ੍ਰਤੀਕਾਂ ਦੀ ਵਰਤੋਂ ਲਈ 'ਦਸਮ ਗ੍ਰੰਥ' ਦੇ ਤਾਂਤ੍ਰਿਕ ਵਿਚਾਰਾਂ ਵਾਲੇ ਕਵੀਆਂ ਦੀ ਸ਼ਸਤ੍ਰ-ਪੂਜਾ ਵਾਲੀ ਪ੍ਰਵਿਰਤੀ ਨੇ ਜ਼ਰੂਰ ਪ੍ਰੇਰਨਾ ਦਿੱਤੀ ਹੈ।[1] ਇਨ੍ਹਾਂ ਨਾਂਵਾਂ ਨੂੰ 'ਪ੍ਰਭੂ' ਲਈ ਮੰਨਣਾ ਤੱਥਾਂ ਦੇ ਉਲਟ ਚਲਣਾ ਹੈ। ਪ੍ਰਤੀਤ ਹੁੰਦਾ ਹੈ ਕਿ ਸੰਬੰਧਿਤ ਵਿਦਵਾਨ ਨੇ 'ਦਸਮ ਗ੍ਰੰਥ' ਦਾ ਗੰਭੀਰ ਅਧਿਐਨ ਨਹੀਂ ਕੀਤਾ।

(7) ਇਹ ਸਾਰੇ ਸ਼ਬਦ 'ਮਹਾਕਾਲ' ਜਾਂ 'ਕਾਲੀ' ਦੇ ਵਾਚਕ ਹਨ। ਇਸ ਦਾ ਵਿਸਤਾਰ ਪੂਰਣ ਵਿਵਰਣ ਅੱਠਵੇਂ ਪ੍ਰਕਾਸ਼ (ਪੈਰਾ 4–੭ ਅਤੇ 5–੪) ਵਿਚ ਦਿੱਤਾ ਹੈ।

(8) ਅਸਲ ਵਿਚ, 'ਕਬਿਯੋਬਾਚ' ਸ਼ਬਦ ਦੀ ਵਰਤੋਂ ਪ੍ਰਾਚੀਨ ਪਰੰਪਰਾ ਤੇ ਆਧਾਰਿਤ ਹੈ। ਇਹ ਜ਼ਰੂਰੀ ਨਹੀਂ ਕਿ 'ਕਬਿਯੋਬਾਚ' ਵਾਲੀ ਸ਼ੈਲੀ ਕੇਵਲ ਗੁਰੂ ਜੀ ਨੇ ਹੀ ਅਪਣਾਈ ਸੀ। ਹੋਰ ਕਵੀ ਵੀ ਇਸ ਨੂੰ ਅਪਣਾ ਸਕਦੇ ਸਨ ਅਤੇ ਦਸਮ ਗ੍ਰੰਥ ਤੋਂ ਪਹਿਲਾਂ (ਹਨੂਮਾਨ ਨਾਟਕ)[2] ਅਤੇ ਬਾਦ (ਸਰਬਲੋਹ ਆਦਿ)[3] ਦੇ ਸਾਹਿਤ ਵਿਚ

---

1. ਵਿਸਤਾਰ ਲਈ ਵੇਖੋ ਪ੍ਰਕਾਸ਼ 8 ਪੈਰਾ 13 (ੲ)
2. ਹਿਰਦੇ ਰਾਮ ਭੱਲਾ ਕ੍ਰਿਤ 'ਹਨੂਮਾਨ ਨਾਟਕ' ਵਿਚ ਇਸ ਸ਼ੈਲੀ ਦਾ ਪਾਲਨ ਹੇਠ ਲਿਖੀਆਂ ਥਾਵਾਂ ਤੇ ਵੇਖਿਆ ਜਾ ਸਕਦਾ ਹੈ—

ਛੰਦ 18 (ਅ: 9), ਛੰਦ 73, 110 (ਅ: 13), ਛੰਦ 35, 74 (ਅ: 14) ਤੋਂ ਬਾਦ ਆਦਿ।

3. 'ਸਰਬ ਲੋਹ' ਗ੍ਰੰਥ, ਪੱਤਰਾ 100, 184 ਆਦਿ।

Digitized by Panjab Digital Library | www.panjabdigilib.org

ਵਿਚ ਸ਼ੈਲੀ ਅਪਣਾਈ ਵੀ ਗਈ ਹੈ। ਭਾਰਤੀ ਮਨੌਤੀਆਂ ਜਾਂ ਵਿੱਦਿਆ ਵਿਚ 'ਕਲਾਮੇ-ਸ਼ਾਇਰ' ਦੇ ਰੂਪ ਵਿਚ ਵੀ ਇਹ ਪ੍ਰਥਾ ਪ੍ਰਚਲਿਤ ਰਹੀ ਹੈ। ਇਹ ਕੋਈ ਅਲੋਕਿਕ ਗੱਲ ਨਹੀਂ, ਪਰ ਜੇ ਪੂਰਬ-ਪੱਖ ਵਾਲੇ ਵਿਦਵਾਨਾਂ ਅਨੁਸਾਰ ਸੰਪੂਰਣ 'ਦਸਮ ਗ੍ਰੰਥ' ਨੂੰ ਗੁਰੂ ਜੀ ਦੀ ਰਚਨਾ ਮੰਨ ਲਈਏ ਅਤੇ ਅਜਿਹੀਆਂ ਉਕਤੀਆਂ (ਕਬਿਯੋਬਾਚ) ਨਾਲ ਸ਼ੁਰੂ ਹੋਣ ਵਾਲੇ ਪੱਦਾਂ ਨੂੰ ਉਨ੍ਹਾਂ ਦੇ ਸਿੱਧੇ ਹੁਕਮ ਮੰਨੀਏ ਤਾਂ ਇਕ ਹੋਰ ਆਪੱਤੀ ਸਾਹਮਣੇ ਆ ਜਾਂਦੀ ਹੈ। ਜਿਵੇਂ, ਹੇਠ ਲਿਖੇ ਘਟੀਆ ਨੁਕਤਿਆਂ ਨੂੰ ਵੀ ਗੁਰੂ ਜੀ ਵਲੋਂ ਕਿਹਾ ਮੰਨ ਲੈਣਾ ਹੋਵੇਗਾ। ਇਹ ਗੱਲ ਸ਼ਾਇਦ ਪੂਰਬ-ਪੱਖ ਵਾਲੇ ਵਿਦਵਾਨਾਂ ਨੂੰ ਵੀ ਪ੍ਰਵਾਨ ਨਹੀਂ ਹੋਵੇਗੀ—

**(ੳ) ਕਬਿਯੋਬ੍ਰਾਚ**

ਅੜਿਲ : ਕਾਮਾਤੁਰ ਹ੍ਵੈ ਜੁ ਤ੍ਰਿਯ ਪੁਰਖ ਪ੍ਰਤਿ ਆਵਈ।
ਘੋਰ ਨਰਕ ਮਹਿੰ ਪਰੈ, ਜੁ ਤਾਹਿੰ ਨ ਰਾਵਈ ॥੨੦॥
(ਦਸਮ ਗ੍ਰੰਥ, ਪੰਨਾ 1158, ਚਰਿਤ੍ਰ 244)

**(ਅ) ਕਬਿਯੋਬਾਚ**

ਦੋਹਰਾ : ਕਾਮਾਤੁਰ ਹ੍ਵੈ ਜੋ ਤਰੁਨਿ ਮੁਹਿ ਰਤਿ ਕਹੈ ਬਨਾਇ।
ਤਾਹਿ ਭਜੈ ਜੋ ਨਾਹਿ ਜਨ ਨਰਕ ਪਰੈ ਪੁਨਿ ਜਾਇ ॥੨੨॥
(ਦਸਮ ਗ੍ਰੰਥ, ਪੰਨਾ 1159, ਚਰਿਤ੍ਰ 244)

ਅਜਿਹੇ ਅਸ਼ਲੀਲ ਅਤੇ ਸਭਿਅਤਾ-ਹੀਨ ਕਥਨਾਂ ਦੀ 'ਚਰਿਤ੍ਰੋਪਾਖਿਆਨ' ਦੇ ਪ੍ਰਸੰਗਾਂ ਵਿਚ ਘਾਟ ਨਹੀਂ। ਫਲਸਰੂਪ, ਇਹ ਤਰਕ ਬੜਾ ਅਸੰਗਤ ਪ੍ਰਤੀਤ ਹੁੰਦਾ ਹੈ।

(9) ਇਨ੍ਹਾਂ ਸ਼ਬਦਾਂ (ਉੱਤਮ ਪੁਰਖੀ ਪੜਨਾਂਵਾਂ) ਤੇ ਅਗੇ ਪ੍ਰਸੰਗ ਅਨੁਸਾਰ ਵਿਚਾਰ ਕੀਤਾ ਗਿਆ ਹੈ।[1] ਗਿਆਨੀ ਹਰਨਾਮ ਸਿੰਘ 'ਬੱਲਭ' ਨੇ ਵੀ ਇਸ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ।[2] ਇਥੇ ਇਤਨਾ ਹੀ ਕਹਿਣਾ ਕਾਫ਼ੀ ਹੋਵੇਗਾ ਕਿ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਨਾਲ ਕੋਈ ਕ੍ਰਿਤੀ ਗੁਰੂ-ਰਚਿਤ ਨਹੀਂ ਮੰਨੀ ਜਾ ਸਕਦੀ, ਇਨ੍ਹਾਂ ਦੀ ਵਰਤੋਂ ਕੇਵਲ ਵਾਰਤਾਲਾਪ ਦੀ ਲੋੜ ਅਨੁਸਾਰ ਹੋਈ ਹੈ।

(10) ਇਨ੍ਹਾਂ ਸ਼ਬਦਾਂ ਵਿਚੋਂ ਵਧੇਰੇ ਤਾਂ ਦਸਮ ਗੁਰੂ ਤੋਂ ਪਹਿਲਾਂ ਹੀ ਸਿੱਖ ਧਰਮ ਅਤੇ ਸਮਾਜ ਵਿਚ ਆਪਣੀ ਥਾਂ ਬਣਾ ਚੁਕੇ ਹਨ ਅਤੇ ਆਪਣਾ ਪਰਿਭਾਸ਼ਿਕ ਰੂਪ ਵੀ ਗ੍ਰਹਿਣ ਕਰ ਚੁਕੇ ਸਨ, ਜਿਵੇਂ—

**ਸਤਿਨਾਮ**

'ਆਦਿ ਗ੍ਰੰਥ' ਦੇ ਮੂਲ-ਮੰਤਰ ਵਿਚ ਇਸ ਸ਼ਬਦ ਦੀ ਵਰਤੋਂ ਹੋਈ ਹੈ।

---

1. ਦੇਖੋ ਪ੍ਰਕਾਸ਼ 6, ਪ੍ਰੈਰਾ 31—35
2. 'ਪੰਜਾਬ ਦੁਨੀਆ', ਜੁਲਾਈ 1960, ਪੰਨਾ 14—15

Digitized by Panjab Digital Library | www.panjabdigilib.org

## ੧ਓ ਸਤਿਗੁਰ ਪ੍ਰਸਾਦਿ

'ਆਦਿ ਗ੍ਰੰਥ' ਦੇ ਮੂਲ-ਮੰਤਰ ਦਾ ਇਹ ਸੰਖਿਪਤ ਰੂਪ ਹੈ ਅਤੇ 'ਆਦਿ ਗ੍ਰੰਥ' ਦੇ ਲਗਭਗ ਹਰ ਪੰਨੇ ਉਤੇ ਇਹ ਮਿਲ ਜਾਂਦਾ ਹੈ ।

## ਅਕਾਲ-ਪਰਖ

'ਆਦਿ ਗ੍ਰੰਥ' ਵਿਚ ਇਹ ਸ਼ਬਦ ਵਰਤਿਆ ਗਿਆ ਹੈ, ਜਿਵੇਂ—

"ਤੂੰ **ਅਕਾਲ-ਪੁਰਖ** ਨਾਹੀ ਸਿਰਿ ਕਾਲਾ ।"

(ਮਾਰੂ ਸੋਹਲੇ ਮ. ੧, ਪੰਨਾ 1038)

ਨੋਟ : ਦਸਮ ਗ੍ਰੰਥ ਵਿਚ 'ਅਕਾਲ-ਪੁਰਖ' ਦੀ ਨਹੀਂ, 'ਕਾਲ-ਪੁਰਖ' ਸ਼ਬਦ ਦੀ ਵਰਤੋਂ ਹੋਈ ਹੈ । ਕੁਝਕੁ ਉੱਤਰਾਕਾਰਾਂ ਨੇ ਕਈਆਂ ਥਾਵਾਂ ਤੇ ਭੁਲੇਖੇ ਨਾਲ ਅਕਾਲ-ਪੁਰਖ' ਸ਼ਬਦ ਕਰ ਦਿੱਤਾ ਹੈ, ਜੋ ਠੀਕ ਨਹੀਂ ਹੈ ।

## ਸਚੇ ਪਾਤਸ਼ਾਹ

"ਸਚੀ ਤੇਰੀ ਕੁਦਰਤਿ **ਸਚੇ ਪਾਤਿਸਾਹ** ।"

(ਵਾਰ ਆਸਾ ਮ. ੧, ਪੰਨਾ 463)

## ਅਰਦਾਸ

'ਆਦਿ ਗ੍ਰੰਥ' ਦੀਆਂ ਅਨੇਕਾਂ ਥਾਵਾਂ ਤੇ ਇਹ ਸ਼ਬਦ ਵਰਤਿਆ ਗਿਆ ਹੈ, ਜਿਵੇਂ—

"ਤਿਸੈ ਅਗੈ ਨਾਨਕਾ ਖਲਿਇ ਕੀਚੈ **ਅਰਦਾਸਿ** ।"

(ਵਾਰ ਮਾਰੂ ਮ. ੨, ਪੰਨਾ 1093)

## ਕੇਸ

'ਆਦਿ ਗ੍ਰੰਥ' ਵਿਚ ਇਹ ਸ਼ਬਦ ਵਰਤਿਆ ਗਿਆ ਹੈ—

'**ਕੇਸ** ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ।'

(ਗੂਜਰੀ ਮ. ੫, ਪੰਨਾ 500)

## ਕੌਰ

ਇਸਤ੍ਰੀਆਂ ਦੇ ਨਾਂਵਾਂ ਨਾਲ ਇਸ ਸ਼ਬਦ ਦੀ ਵਰਤੋਂ ਦਸਮ ਗੁਰੂ ਤੋਂ ਪਹਿਲਾਂ ਵੀ ਹੁੰਦੀ ਸੀ, ਜਿਵੇਂ—

(ੳ) ਗੁਰੂ ਹਰਿ-ਰਾਏ ਦੀ ਜੀ ਪੁੱਤਰੀ ਦਾ ਨਾਂ ਰੂਪ ਕੌਰ ਸੀ, ਅਤੇ

(ਅ) ਚੰਦੂ ਸ਼ਾਹ ਦੀਵਾਨ ਦੀ ਪੁੱਤਰੀ ਦਾ ਨਾਂ ਸੱਦਾ ਕੌਰ ਸੀ, ਜਿਸ ਨਾਲ ਆਪਣੇ ਸੁਪੁੱਤਰ ਗੁਰੂ ਹਰਗੋਬਿੰਦ ਦੀ ਜੀ ਕੁੜਮਾਈ ਕਰਨ ਤੋਂ ਗੁਰੂ ਅਰਜਨ ਦੇਵ ਨੇ ਇਨਕਾਰ ਕਰ ਦਿੱਤਾ ਸੀ ।[1]

---

1. ਦੀ ਸਿੱਖ ਰਿਲੀਜਨ (ਮੈਕਾਲਿਫ), ਭਾਗ 3; ਪੰਨਾ-70

Digitized by Panjab Digital Library | www.panjabdigilib.org

ਸਿੰਘ

ਇਸ ਸ਼ਬਦ ਦੀ ਵਰਤੋਂ ਦਸਮ ਗੁਰੂ ਤੋਂ ਪਹਿਲਾ ਵੀ ਪੂਰਬੀ ਪੰਜਾਬ ਅਤੇ ਰਾਜਸਥਾਨ ਵਿਚ ਪੁਰਸ਼ਾਂ ਦੇ ਨਾਂਵਾ ਨਾਲ ਹੁੰਦੀ ਰਹੀ ਹੈ, ਜਿਵੇਂ—ਰਾਣਾ ਪ੍ਰਤਾਪ ਸਿੰਘ, ਰਾਣਾ ਸੰਗ੍ਰਾਮ ਸਿੰਘ, ਰਾਣਾ ਉਦੈ ਸਿੰਘ ਆਦਿ ।

ਅਸਲ ਵਿਚ, ਅਰਦਾਸ, ਕੇਸ, ਕੇਰ, ਸਿੰਘ ਆਦਿ ਸ਼ਬਦਾ ਦੀ ਵਰਤੋਂ ਦਸਮ ਗ੍ਰੰਥ ਵਿਚ ਕਿਸੇ ਖ਼ਾਸ ਅਰਥ ਵਿਚ ਨਹੀਂ ਹੋਈ । ਸਾਧਾਰਣ ਸ਼ਬਦਾਰਥ ਨੂੰ ਲੈਕੇ ਕਿਸੇ ਨਿਰਣੇ ਤੇ ਪਹੁੰਚਿਆ ਨਹੀਂ ਜਾ ਸਕਦਾ । ਡਾ. ਆਸ਼ਟਾ ਆਦਿ ਵਿਦਵਾਨਾਂ ਨੇ ਜਿਨ੍ਹਾ ਥਾਵਾਂ ਤੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਹੋਈ ਵਿਖਾਈ ਹੈ, ਉਥੇ ਇਸ ਨਾਲ ਦਸਮ ਗ੍ਰੰਥ ਦੇ ਕਰਤ੍ਰਿਤਵ ਉਤੇ ਬਿਲਕੁਲ ਕੋਈ ਪ੍ਰਕਾਸ਼ ਨਹੀਂ ਪੈਂਦਾ । ਇਸ ਲਈ ਕਰਤ੍ਰਿਤਵ ਸੰਬੰਧੀ ਪ੍ਰਚਲਿਤ ਇਹ ਤਰਕ ਵੀ ਇਕ ਭਰਮ ਮਾਤ੍ਰ ਹੈ ।

## (11) ਫੁਟਕਲ

22. (ੳ) ਭਾਈ ਰਣਧੀਰ ਸਿੰਘ ਨੇ ਭਿੰਨ-ਭਿੰਨ ਰਚਨਾਵਾਂ ਦੇ ਰਚਨਾ-ਕਾਲਾਂ ਦਾ ਜਿਹੜਾ ਵੇਰਵਾ ਦਿੱਤਾ ਹੈ,[1] ਉਸ ਨਾਲ ਸੌ ਫੀ ਸਦੀ ਸਹਿਮਤ ਨਹੀਂ ਹੋਇਆ ਜਾ ਸਕਦਾ । ਹਾਂ, ਜਿਨ੍ਹਾਂ ਰਚਨਾਵਾਂ ਦੇ ਅੰਤ ਵਿਚ ਕਵੀਆ ਨੇ ਆਪ ਹੀ ਸੰਮਤ ਦੇ ਦਿੱਤੇ ਹਨ, ਉਥੇ ਕਿਸੇ ਵਿਵਾਦ ਦੀ ਗੁੰਜਾਇਸ਼ ਨਹੀਂ ਹੈ । ਅਨੁਮਾਨਾਂ ਦੇ ਆਧਾਰ ਤੇ ਕਿਸੇ ਰਚਨਾ ਦਾ ਰਚਨਾ–ਕਾਲ ਨਿਸਚਿਤ ਕਰਨਾ ਵਿਅਰਥ ਵਿਚ ਲੋਕਾਂ ਨੂੰ ਭਟਕਾਉਣਾ ਹੈ ।

(ਅ) ਡਾ. ਜਸਵੰਤ ਸਿੰਘ ਨੇ ਗੁਰਦੁਆਰਾ ਸਿਰੋਪਾ (ਨਾਭਾ ਸ਼ਹਿਰ ਦੇ ਕਿਲੇ ਵਿਚ) ਵਿਚ ਪਏ ਦਸਮ ਗੁਰੂ ਦੇ ਤਥਾ-ਕਥਿਤ ਜਿਨ੍ਹਾਂ ਦੋ ਸ਼ਸਤ੍ਰਾਂ (ਕ੍ਰਿਪਾਨ ਅਤੇ ਖੰਜਰ) ਉਤੇ ਉਕਰੀਆਂ ਦਸਮ ਗ੍ਰੰਥ ਵਾਲੀਆਂ ਟੂਕਾਂ ਨੂੰ ਆਧਾਰ ਬਣਾ ਕੇ ਇਸ ਗ੍ਰੰਥ ਦੇ ਕਰਤ੍ਰਿਤਵ ਦਾ ਸੰਬੰਧ ਦਸਮ ਗੁਰੂ ਨਾਲ ਜੋੜਿਆ ਹੈ;[2] ਉਹ ਪ੍ਰਵਾਨ ਨਹੀਂ ਹੋ ਸਕਦਾ, ਕਿਉਂਕਿ ਇਕ ਤਾਂ ਇਨ੍ਹਾਂ ਸ਼ਸਤ੍ਰਾਂ ਦੀ ਪ੍ਰਮਾਣਿਕਤਾ ਸੰਦਿਗਧ ਹੈ । ਦੂਜੇ, ਹੋਰ ਵੀ ਕਈ ਗੁਰੂ-ਧਾਮਾਂ ਵਿਚ ਕਈ ਸ਼ਸਤ੍ਰ ਸੁਰਖਿਅਤ ਪਏ ਹਨ, ਜਿਨ੍ਹਾਂ ਨੂੰ ਗੁਰੂ ਜੀ ਦਾ ਮੰਨਿਆ ਜਾਂਦਾ ਹੈ, ਪਰ ਤੱਥ ਉਨ੍ਹਾਂ ਦੇ ਉਲਟ ਗਵਾਹੀ ਦਿੰਦੇ ਹਨ । ਮਿਸਾਲ ਵਜੋਂ ਦਮਦਮਾ ਸਾਹਿਬ ਦੇ ਗੁਰਦੁਆਰੇ ਵਿਚ ਪਈ ਦਸਮ ਗੁਰੂ ਦੀ ਰਾਮ–ਜੰਗਾ (ਬੰਦੂਕ ਜਿਸ ਦਾ ਸੰਬੰਧ ਭਾਈ ਡੱਲੇ ਦੀ ਪਰੀਖਿਆ ਨਾਲ ਜੋੜਿਆ ਜਾਂਦਾ ਹੈ) ਅਤੇ ਕੇਸਗੜ੍ਹ (ਆਨੰਦਪੁਰ) ਦੇ ਗੁਰਦੁਆਰੇ ਵਿਚ ਪਈ ਦਸਮ ਗੁਰੂ ਦੀ ਬੰਦੂਕ ਦਾ ਸੰਬੰਧ ਇਕੋ ਹੀ ਘਟਨਾ ਨਾਲ ਜੋੜਿਆ ਜਾਂਦਾ ਹੈ ਅਤੇ ਹਰ ਰੋਜ਼ ਸਵੇਰੇ ਜਾਂ ਸ਼ਾਮ ਦੇ ਦੀਵਾਨਾਂ ਤੋਂ ਬਾਦ ਇਨ੍ਹਾਂ ਦਾ ਦਰਸ਼ਨ ਕਰਵਾਂਦੇ

1. ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 14-30
2. ਸ੍ਰੀ ਦਸਮ ... 'ਅੰਮ੍ਰਿਤ' ... 1937, ਪੰਨਾ 14-15

Digitized by Panjab Digital Library | www.panjabdigilib.org

ਹੋਇਆਂ ਇਤਿਹਾਸ ਵੀ ਦਸਿਆ ਜਾਂਦਾ ਹੈ। ਇਨ੍ਹਾਂ ਦੋਵਾਂ ਵਿਚੋਂ ਕੇਹੜੀ ਅਸਲ ਬੰਦੂਕ ਹੈ, ਇਸ ਦਾ ਉੱਤਰ ਦੇਣ ਲਈ ਪ੍ਰਬੰਧਕ ਅਤੇ ਸਿੱਖ ਇਤਿਹਾਸ ਅਸਮਰਥ ਹਨ। ਤੇ, ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਨ੍ਹਾਂ ਵਿਚੋਂ ਕੋਈ ਅਸਲ ਹੈ ਵੀ ਕਿ ਨਹੀਂ। ਸ਼ਕ ਨੂੰ ਬਲ ਇਸ ਗੱਲ ਤੋਂ ਮਿਲਦਾ ਹੈ ਕਿ ਦਮਦਮੇ ਗੁਰਦੁਆਰੇ ਵਾਲੀ ਰਾਮ-ਜੰਗਾ ਉਤੇ 1878 ਅੰਕ ਉਕਰਿਆ ਹੈ। ਇਹ ਸੰਖਿਆ ਅੰਕ ਨਹੀਂ ਹੋ ਸਕਦਾ ਕਿਉਂਕਿ ਉਦੋਂ ਇਤਨੀਆਂ ਬੰਦੂਕਾਂ ਸਨ ਹੀ ਨਹੀਂ। ਅਤੇ ਜੇ ਇਸ ਨੂੰ ਬਿਕ੍ਰਮੀ ਸੰਮਤ ਮੰਨੀਏ ਤਾਂ ਇਹ ਬੰਦੂਕ ਦਸਮ ਗੁਰੂ ਤੋਂ 113 ਵਰ੍ਹੇ ਬਾਦ ਦੀ ਸਿੱਧ ਹੁੰਦੀ ਹੈ ਅਤੇ ਜੇ ਇਸ ਨੂੰ ਈਸਵੀ ਸਨ ਮੰਨੀਏ ਤਾਂ ਇਹ ਬੰਦੂਕ ਦਸਮ ਗੁਰੂ ਤੋਂ 56 ਵਰ੍ਹੇ ਬਾਦ ਦੀ ਬੈਠਦੀ ਹੈ। ਇਸ ਤੋਂ ਇਲਾਵਾ, ਇਸ ਬੰਦੂਕ ਦਾ 'ਬਟ' ਨਵਾਂ ਹੈ ਅਤੇ ਨਾਲੀ ਦੇ ਮੂੰਹ ਵਾਲੇ ਪਾਸੇ ਦਾ ਫਿਨਿਸ਼ (Finish) ਠੀਕ ਨਹੀਂ, ਬਾਦ ਵਿਚ ਕੁਝ ਨਾਲੀ ਕਟੀ ਜਾਪਦੀ ਹੈ। ਪਤਾ ਲਗਾ ਹੈ ਕਿ ਕਿਸੇ ਪ੍ਰਬੰਧਕ ਨੇ ਉਸ ਟੁਕੜੇ ਦਾ ਪਿਸਤੌਲ ਬਣਵਾਇਆ ਸੀ। ਉਥੋਂ ਦੇ ਬਿਰਧ ਗਿਆਨੀਆਂ ਅਤੇ ਸੇਵਾਦਾਰਾਂ ਤੋਂ ਪਤਾ ਲਗਿਆ ਹੈ, ਕਿ ਪੁਜਾਰੀ ਮਹੰਤਾਂ ਨੇ ਇਸ ਗੁਰੂ-ਧਾਮ ਨੂੰ ਸਿੱਖਾਂ ਲਈ ਜ਼ਿਆਦਾ ਆਕਰਸ਼ਕ ਅਤੇ ਮਹੱਤਵ-ਪੂਰਣ ਬਣਾਣ ਲਈ ਅਤੇ ਸਿੱਖਾਂ ਦੇ ਤਖ਼ਤਾਂ ਵਿਚ ਦਮਦਮਾ ਸਾਹਿਬ ਨੂੰ ਸ਼ੁਮਾਰ ਕਰਾਣ ਲਈ ਕੁਝ ਇਕ ਸ਼ਸਤ੍ਰਾਂ ਨੂੰ ਇਤਿਹਾਸਿਕ ਉਥਨਿਕਾ ਸਹਿਤ ਇਥੇ ਇਕੱਠਾ ਕਰਵਾ ਦਿੱਤਾ। ਬਾਦ ਵਿਚ ਇਹ ਇਕ ਪਰੰਪਰਾ ਜਿਹੀ ਹੀ ਬਣ ਗਈ। ਇਸ ਤੱਥ ਦੇ ਪ੍ਰਕਾਸ਼ ਵਿਚ ਗੁਰਦੁਆਰਾ ਸਿਰੋਪਾ ਵਾਲੇ ਸ਼ਸਤ੍ਰ ਵੀ ਪ੍ਰਮਾਣਿਕ ਨਹੀਂ ਕਹੇ ਜਾ ਸਕਦੇ, ਕਿਉਂਕਿ ਕੁਝ ਇਕ ਲਾਲਚੀ ਲੋਕਾਂ ਨੇ ਹੀ ਇਹ ਸ਼ਸਤ੍ਰ ਧਨ ਜਾਂ ਜਾਗੀਰ ਪ੍ਰਾਪਤੀ ਲਈ ਸਿੱਖ ਮਹਾਰਾਜਿਆਂ ਨੂੰ ਭੇਂਟ ਕੀਤੇ ਸਨ। ਇਸ ਲਈ ਇਹ ਪ੍ਰਮਾਣ ਵੀ ਨਿਰਮੂਲ ਹੈ।

ਤੀਜੇ, ਕਿਸੇ ਸ਼ਸਤ੍ਰ ਉੱਤੇ 'ਦਸਮ ਗ੍ਰੰਥ' ਦੀਆਂ ਉਕਤੀਆਂ ਜਾਂ ਸੰਮਤਾਂ ਦਾ ਲਿਖਿਆ ਹੋਣਾ 'ਦਸਮ ਗ੍ਰੰਥ' ਦੇ ਕਰਤ੍ਰਿਤਵ ਨੂੰ ਗੁਰੂ ਸਾਹਿਬ ਦਾ ਪ੍ਰਮਾਣਿਤ ਨਹੀਂ ਕਰ ਸਕਦਾ, ਕਿਉਂਕਿ ਇਹ ਉਕਤੀਆਂ ਤਾਂ ਮਿਸਤਰੀਆਂ ਦੀਆਂ ਆਪਣੀਆਂ ਨਿਜੀ ਰੁਚੀਆਂ ਅਨੁਸਾਰ ਹੀ ਲਿਖੀਆਂ ਗਈਆਂ ਸਨ। ਨਾਲੇ, ਦਸਮ ਗ੍ਰੰਥ ਦੀ ਵੀਰ ਰਸਮਈ ਉਕਤੀਆਂ ਉਸ ਵੇਲੇ ਸਾਧਾਰਣ ਜਨਤਾ ਦੇ ਮੂੰਹ ਚੜ੍ਹੀਆਂ ਸਨ। ਜੇ ਉਨ੍ਹਾਂ ਵਿਚੋਂ ਕੋਈ ਇਕ-ਅੱਧ ਉਕਤੀ ਕਿਸੇ ਸ਼ਸਤ੍ਰ ਉੱਤੇ ਲਿਖ ਕੇ ਦਸਮ ਗੁਰੂ ਨੂੰ ਭੇਟਾ ਕਰ ਦਿੱਤਾ ਗਿਆ ਹੋਵੇ, ਤਾਂ ਇਸ ਨਾਲ ਦਸਮ ਗ੍ਰੰਥ ਦੇ ਰਚਨਹਾਰ ਗੁਰੂ ਜੀ ਸਿੱਧ ਨਹੀਂ ਹੋ ਸਕਦੇ।

(ਦ) ਭਾਈ ਰਣਧੀਰ ਸਿੰਘ ਹੋਰਾਂ ਆਪਣੇ ਖੋਜ-ਨਿਬੰਧ (ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ) ਦੇ ਅੰਤ ਵਿਚ ਗੁਰੂ-ਪੰਥ ਦੇ ਚਰਨਾਂ ਵਿਚ ਜਿਹੜੀ ਜੋਦੜੀ ਕੀਤੀ ਹੈ ਕਿ ਨਰ-ਨਾਰੀ ਦੇ ਜਿਨਸੀ-ਮਿਲਾਪ ਬਾਰੇ ਜੋ ਨੰਗੇ ਸ਼ਬਦ ਦਸਮ ਗ੍ਰੰਥ ਵਿਚ ਆਏ ਹਨ, ਉਹ ਜ਼ਰੂਰੀ ਸਮਝ ਕੇ ਵਰਤੇ ਗਏ ਹਨ ਤੇ ਇਨ੍ਹਾਂ ਤੇ ਗਿਲਾਨੀ ਨਹੀਂ ਕਰਨੀ

Digitized by Panjab Digital Library / www.panjabdigilib.org

ਚਾਹੀਦੀ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਪਵਿੱਤਰ ਸ਼ਬਦ ਆਤਮਾ ਨੂੰ ਇਸਤ੍ਰੀ ਅਤੇ ਪਰਮਾਤਮਾ ਨੂੰ ਪਤੀ ਮੰਨ ਕੇ ਰਚੇ ਗਏ ਹਨ, ਜਿਵੇਂ—

(1) ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੩॥੧॥੩੫॥
(ਆਸਾ ਘਰ ੬, ਮਹਲਾ ੧)

(2) ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥ ੬ ॥ (ਆਸਾ ਸੇਖ ਫਰੀਦ)

(3) ਤੇਰੇ ਮੁੰਧ ਕਟਾਰੇ ਜੇਵਡਾ, ਤਿਨਿ ਲੋਭੀ ਲੋਭ ਲੁਭਾਇਆ ।......
ਜੋ ਸਹ ਕੰਠਿ ਨ ਲਗੀਆਂ, ਜਲਨੁ ਸਿ ਬਾਹੜੀਆ ।
ਸਭਿ ਸਹੀਆਂ ਸਹੁ ਰਾਵਣਿ ਗਈਆਂ, ਹਉ ਦਾਧੀ ਕੈ ਦਰਿ ਜਾਵਾ ।
(ਰਾਗ ਵਡਹੰਸੁ ਮ. ੧)

(4) ਪਿਰੁ ਘਰਿ ਨਹੀ ਆਵੈ, ਧਨ ਕਿਉਂ ਸੁਖ ਪਾਵੈ,
ਬਿਰਹਿ ਬਿਰੋਧ ਤਨੁ ਛੀਜੈ ।

(5) ਨਾਨਕ ਸਾ ਸੋਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ ।
(ਤੁਖਾਰੀ ਛੰਤ ਮ. ੧ ਬਾਰਹ ਮਾਹਾਂ)[1]

ਇਹ ਦ੍ਰਿਸ਼ਟੀਕੋਣ ਪੱਜ ਸੰਬੰਧੀ ਹਠ ਦਾ ਸੂਚਕ ਹੈ। 'ਆਦਿ ਗ੍ਰੰਥ' ਦੇ ਉਪਰੋਕਤ ਕੁਝ ਕੁ ਸ਼ਿੰਗਾਰ-ਮਈ ਕਥਨ ਕਾਂਤਾ-ਭਗਤੀ ਦੇ ਆਵਰਣ ਵਿਚ ਇਸ ਤਰ੍ਹਾਂ ਲਿਪਟੇ ਹਨ ਕਿ ਪਠਨ ਕਰਨ ਤੇ ਵੀ ਇਨ੍ਹਾਂ ਤੋਂ ਅਸ਼ਲੀਲਤਵ ਦਾ ਆਭਾਸ ਨਹੀਂ ਹੁੰਦਾ। ਪਰ ਦਸਮ ਗ੍ਰੰਥ ਵਿਚ ਵਰਣਿਤ ਕਾਮ-ਭੋਗ ਦੀਆਂ ਜਿਨਸੀ ਪ੍ਰਕ੍ਰਿਆਵਾਂ ਅਤੇ ਆਸਣਾਂ ਵਿਚ ਨਾ ਤਾਂ ਭਗਤੀ ਹੈ, ਨਾ ਸਭਿਅਤਾ ਅਤੇ ਨਾ ਹੀ ਲੱਛਣਾ ਜਾਂ ਵਿਅੰਜਨਾ ਸ਼ਬਦ-ਸ਼ਕਤੀਆਂ ਨੂੰ ਆਧਾਰ ਬਣਾਇਆ ਗਿਆ ਹੈ, ਜਿਵੇਂ—

(1). ਪ੍ਰਥਮ ਜਾਰ ਜਬ ਧਕਾ ਲਗਾਯੋ ।
ਤਬ ਰਾਨੀ ਲੈ ਢੋਲ ਬਜਾਯੋ ।
ਜਬ ਤਿਹ ਲਿੰਗ ਸੁਭਗ ਤੇ ਕਾਢਾ ।
ਤ੍ਰਿਯਾ ਦਿਯ ਢੋਲ ਢਮਾਕਾ ਗਾਢਾ ॥੧੦॥ (ਦਸਮ ਗ੍ਰੰਥ, ਪੰਨਾ 1342)

(2) ਆਨੀ ਗਰੇ ਤਾਕੇ ਲਪਟਾਈ ।
ਭਾਂਤਿ ਭਾਂਤਿ ਤਨ ਕੇਲ ਰਚਾਈ ॥੪॥
ਭਾਂਤ ਭਾਂਤ ਜੱਦ ਪਤਿਹ ਭਜਾ ।
ਤਊ ਨ ਤ੍ਰਿਯਾ ਆਸਨ ਤਿਹ ਤਜਾ ।
ਭਾਂਤਿ ਭਾਂਤਿ ਉਰ ਸੋਂ ਉਰਝਾਨੀ ।
ਨਿਰਖਿ ਭੂਪ ਕਾ ਰੂਪ ਬਿਕਾਨੀ ॥੫॥ (ਦਸਮ ਗ੍ਰੰਥ, ਪੰਨਾ 1359)

---

1. ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 96-100

Digitized by Panjab Digital Library | www.panjabdigilib.org

(3) ਇਕ ਦਿਨ ਭਾਂਗ ਮਿਤ੍ਰ ਤਿਹ ਲਈ ।
ਪੋਸਤ ਸਹਿਤ ਅਫੀਮ ਚੜ੍ਹਈ ।
ਬਹੁ ਰਤਿ ਕਰੀ ਨ ਬੀਰਜ ਗਿਰਾਈ ।
ਆਠ ਪਹਰਿ ਲਗਿ ਕੁਅਰਿ ਬਜਾਈ ॥੧੦॥

ਸਭ ਨਿਸਿ ਨਾਰਿ ਭੋਗ ਜਬ ਪਾਯੋ ।
ਬਹੁ ਆਸਨ ਕਰਿ ਹਰਖ ਬਢਾਯੋ ॥...੧੧॥ (ਦਸਮ ਗ੍ਰੰਥ, ਪੰਨਾ 1280)

(4) ਮਦਨੋਦਿਤ ਆਸਨ ਕੋ ਧਰਿਕੈ ।
ਸਭ ਤਾਪ ਅਨੰਗਹਿ ਕੋ ਹਰਿ ਕੈ ।
ਲਲਿਤਾਸਨ ਬਾਰ ਅਨੇਕ ਧਰੈਂ ।
ਦੋਊ ਕੋਕ ਕੀ ਰੀਤਿ ਸੋਂ ਪ੍ਰੀਤਿ ਕਰੈਂ ॥੯॥

ਭਾਂਤਿ ਭਾਂਤਿ ਆਸਨ ਕਰੈਂ ਚੁੰਬਨ ਕਰਤ ਅਪਾਰ ।
ਛੈਲ ਛੈਲਨੀ ਰਸ ਪਗੈ ਰਹੀ ਨ ਕਛੂ ਸੰਭਾਰ ॥੧੦॥

(ਦਸਮ ਗ੍ਰੰਥ, ਪੰਨਾ 1173)

ਦਸਮ ਗ੍ਰੰਥ ਵਿਚ ਅਜਿਹੇ ਕਥਨਾਂ ਦਾ ਕੋਈ ਅੰਤ ਨਹੀਂ । ਇਤਨਾ ਨਿਰਲਜਤਾ-ਪੂਰਣ ਬਿਆਨ ਕੋਕ-ਸ਼ਾਸਤ੍ਰਾਂ ਵਿਚ ਵੀ ਨਹੀਂ ਮਿਲਦਾ । ਪਤਾ ਨਹੀਂ ਭਾਈ ਰਣਧੀਰ ਸਿੰਘ ਨੇ ਕਿਸ ਬਲਬੋਤੇ ਤੇ ਇਨ੍ਹਾਂ ਦੋਹਾਂ ਗ੍ਰੰਥਾਂ ਦੀ ਸ਼ਿੰਗਾਰ-ਮਈ ਉਕਤੀਆਂ ਅਤੇ ਕਥਨਾਂ ਨੂੰ ਇਕੋ ਪੱਧਰ ਦਾ ਦਸ ਕੇ ਦਸਮ ਗ੍ਰੰਥ ਪ੍ਰਤਿ ਸਿੱਖਾਂ ਦੀ ਸ਼ਰਧਾ ਨੂੰ ਪਕਿਆਉਣ ਦਾ ਯਤਨ ਕੀਤਾ ਹੈ । ਦਸਮ ਗ੍ਰੰਥ ਦੀਆਂ ਉਪਰੋਕਤ ਅਸ਼ਲੀਲਤਵ ਸੂਚਕ ਉਕਤੀਆਂ ਵਾਲੇ ਪ੍ਰਸੰਗਾਂ ਨੂੰ ਹਠ ਪੂਰਵਕ 'ਆਦਿ ਗ੍ਰੰਥ' ਦੀ ਪਾਵਨ, ਪਵਿਤਰ ਬਾਣੀ ਦੇ ਤੁਲ ਸਿੱਧ ਕਰਨ ਵਾਲੇ ਵਿਦਵਾਨ ਸਿੱਖ ਸਿੱਧਾਂਤਾਂ ਅਤੇ ਸ਼ਰਧਾ ਨਾਲ ਕਿਤਨੀ ਖਿਲਵਾੜ ਕਰ ਰਹੇ ਹਨ, ਇਹ ਗੱਲ ਵਿਸ਼ਲੇਸ਼ਣ ਦੀ ਮੁਹਤਾਜ ਨਹੀਂ ।

23. ਇਸ ਸਾਰੇ ਵਿਚਾਰ ਦਾ ਸਿੱਟਾ ਇਹ ਹੈ ਕਿ ਦਸਮ ਗੁਰੂ ਨੂੰ ਸਾਰੇ ਦਸਮ ਗ੍ਰੰਥ ਦਾ ਰਚਨਹਾਰ ਮੰਨਣਾ ਅਜ ਤਕ ਪੇਸ਼ ਕੀਤੇ ਪ੍ਰਮਾਣਾਂ ਦੇ ਆਧਾਰ ਤੇ ਬਿਲਕੁਲ ਅਸੰਭਵ ਹੈ, ਕਿਉਂਕਿ ਇਸ ਪੱਖ ਨੂੰ ਪੇਸ਼ ਕਰਨ ਵੇਲੇ ਬਹੁਤ ਸਾਰੇ ਵਿਦਵਾਨਾਂ ਨੇ ਅਸਲੀਅਤ ਨੂੰ ਛੁਪਾਉਣ ਦਾ ਯਤਨ ਕੀਤਾ ਹੈ ਅਤੇ ਵਿਸ਼ੇਸ਼ ਪ੍ਰਸੰਗਾਂ ਵਿਚੋਂ ਕੁਝ ਕੁਝ ਅੰਸ਼ ਕੱਢ ਕੇ ਉਨ੍ਹਾਂ ਦੇ ਬੇਤੁਕੇ ਅਰਥ ਕੀਤੇ ਹਨ । ਕਿਤੇ ਕਿਤੇ ਤਾਂ ਕੁਝ ਉਤਸਾਹੀ ਵਿਦਵਾਨਾਂ ਨੇ ਮੂਲ-ਪਾਠਾਂ ਵਿਚ ਵੀ ਗੜ-ਬੜ ਕਰਨ ਅਤੇ ਰਲੇ ਪਾਉਣ ਦੀ ਚੇਸ਼ਟਾ ਕੀਤੀ ਹੈ । ਉਂਜ ਵੀ ਇਨ੍ਹਾਂ ਸਾਰੇ ਤਰਕਾਂ ਅਤੇ ਪ੍ਰਮਾਣਾਂ ਨੂੰ ਪੇਸ਼ ਕਰਨ ਵੇਲੇ ਪੂਰਬ-ਨਿਸ਼ਚਿਤ ਉੱਦੇਸ਼ ਅਤੇ ਹਠ ਵਧੇਰੇ ਰੂਪਮਾਨ ਹੋਏ ਹਨ । ਹਰ ਥਾਂ ਵਿਗਿਆਨਿਕ ਅਤੇ ਵਸਤੂ-ਨਿਸ਼ਠ

Digitized by Panjab Digital Library | www.panjabdigilib.org

ਦ੍ਰਿਸ਼ਟੀਕੋਣ ਦਾ ਅਭਾਵ ਇਸ ਪੱਖ ਦੀ ਸਭ ਤੋਂ ਵੱਡੀ ਦੁਰਬਲਤਾ ਹੈ। ਸਚ ਤਾਂ ਇਹ ਹੈ ਕਿ ਇਸ ਪ੍ਰਕਾਰ ਦੇ ਤਰਕ ਅਤੇ ਪ੍ਰਮਾਣ ਦਸਮ ਗ੍ਰੰਥ ਦੇ ਕਰਤ੍ਰਿਤਵ ਦੇ ਸੰਬੰਧ ਵਿਚ ਭੁਲੇਖੇ ਜ਼ਿਆਦਾ ਪਾਉਂਦੇ ਹਨ ਅਤੇ ਸਮਾਧਾਨ ਘਟ ਕਰਦੇ ਹਨ। ਇਸੇ ਕਰਕੇ ਇਸ ਧਾਰਣਾ ਦਾ ਵਿਰੋਧ ਵੀ ਬਹੁਤ ਹੁੰਦਾ ਰਿਹਾ ਹੈ।

Digitized by Panjab Digital Library | www.panjabdigilib.org

# ਉੱਤਰ ਪੱਖ

ਉੱਤਰ ਪੱਖ ਵਾਲੇ ਵਿਦਵਾਨਾਂ ਨੂੰ ਸੁਵਿਧਾ ਲਈ ਤਿੰਨ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ—

(ੳ) ਭਸੌੜੀਏ ਵਿਦਵਾਨ,

(ਅ) ਸ. ਸ਼ਮਸ਼ੇਰ ਸਿੰਘ 'ਅਸ਼ੋਕ', ਅਤੇ

(ੲ) ਗਿਆਨੀ ਹਰਨਾਮ ਸਿੰਘ 'ਬੱਲਭ'।

## (ੳ) ਭਸੌੜੀਏ ਵਿਦਵਾਨ

1. 'ਦਸਮ ਗ੍ਰੰਥ' ਨੂੰ ਅਸ਼ੇਸ਼ ਰੂਪ ਵਿਚ ਗੁਰੂ-ਕ੍ਰਿਤ ਨਾ ਮੰਨਣ ਵਾਲਿਆਂ ਵਿਚੋਂ ਪ੍ਰਮੁਖ ਥਾਂ ਭਸੌੜੀਏ ਸਿੱਖ ਵਿਦਵਾਨਾਂ—ਡਾ. ਰਣ ਸਿੰਘ, ਗਿਆਨੀ ਲਾਲ ਸਿੰਘ, ਮਾਸਟਰ ਨਿਰੰਜਨ ਸਿੰਘ ਜਰਨਲਿਸਟ ਆਦਿ ਦੀ ਹੈ। ਇਨ੍ਹਾਂ ਤਿੰਨ ਵਿਦਵਾਨਾ ਦੇ ਵਿਚਾਰ ਕ੍ਰਮਵਾਰ 'ਦਸਮ ਗ੍ਰੰਥ ਨਿਰਣਯ', 'ਕੋਸ਼ ਸ੍ਰੀ ਦਸਮ ਗ੍ਰੰਥ ਸਾਹਿਬ' ਅਤੇ 'ਪੰਚ ਖਾਲਸਾ ਮਿਸ਼ਨ' (ਲੜੀਵਾਰ ਨਿਬੰਧ) ਵਿਚ ਪ੍ਰਕਾਸ਼ਿਤ ਹੋ ਚੁਕੇ ਹਨ ਅਤੇ ਇਨ੍ਹਾਂ ਦੇ ਤਰਕ ਲਗਭਗ ਸਮਾਨ ਹਨ। ਇਸ ਵਿਚਾਰ ਪਰੰਪਰਾ ਦਾ ਉੱਦੇਸ਼ ਇਹ ਸੀ ਕਿ 'ਦਸਮ ਗ੍ਰੰਥ' ਵਿਚ ਸੰਕਲਿਤ ਅਵਤਾਰਾਂ ਅਤੇ ਦੇਵੀ-ਦੇਵਤਿਆਂ ਨਾਲ ਸੰਬੰਧਿਤ ਕਥਾਵਾਂ ਸਿੱਖਾਂ ਦੀ ਉਪਾਸਨਾ ਪ੍ਰਣਾਲੀ ਵਿਚ ਦਾਖਿਲ ਹੋ ਕੇ ਉਨ੍ਹਾਂ ਨੂੰ ਗੁਰਮਤ ਵਿਰੋਧੀ ਰਾਹ ਤੇ ਲੈ ਜਾ ਰਹੀਆਂ ਹਨ। ਇਸ ਲਈ ਅਸਲੀਅਤ ਦੀ ਜਾਣਕਾਰੀ ਰਖਣਾ ਆਵੱਸ਼ਕ ਹੈ।[1] ਇਸ ਪ੍ਰਵਿਰਤੀ ਦਾ ਪ੍ਰਤਿਫਲਨ ਉਪਰੋਕਤ ਪੁਸਤਕਾਂ ਅਤੇ ਨਿਬੰਧਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।

ਡਾ. ਰਣ ਸਿੰਘ ਰਚਿਤ 'ਦਸਮ ਗ੍ਰੰਥ ਨਿਰਣਯ' ਸਭ ਤੋਂ ਪਹਿਲਾਂ ਪ੍ਰਕਾਸ਼ਿਤ, ਪ੍ਰਮੁਖ ਅਤੇ ਵਿਵਸਥਿਤ ਪੁਸਤਕ ਹੈ ਅਤੇ ਬਾਕੀ ਦੇ ਦੋ ਵਿਦਵਾਨਾਂ ਨੇ ਵੀ ਇਸੇ ਪੁਸਤਕ

1. ਦਸਮ ਗ੍ਰੰਥ ਨਿਰਣਯ (ਰਣ ਸਿੰਘ) — 'ਪ੍ਰਾਰਥਨਾ'

Digitized by Panjab Digital Library | www.panjabdigilib.org

ਦੀ ਛਾਇਆ ਗ੍ਰਹਿਣ ਕੀਤੀ ਹੈ। ਇਸ ਲਈ ਭਸੌੜੀਏ ਵਿਦਵਾਨਾਂ ਦੇ ਵਿਚਾਰਾਂ ਦੀ ਪ੍ਰਤਿਨਿਧਤਾ ਇਸੇ ਪੁਸਤਕ ਅੰਦਰ ਉਚਿਤ ਰੂਪ ਵਿਚ ਹੋਈ ਹੈ। ਇਸ ਪੁਸਤਕ ਵਿਚ 'ਦਸਮ ਗ੍ਰੰਥ' ਦੀਆਂ ਬਾਣੀਆਂ ਬਾਰੇ ਹੇਠ ਲਿਖੇ ਨਿਰਣੇ ਦਿੱਤੇ ਗਏ ਹਨ—

(1) **ਜਾਪੁ** : ਇਹ ਗੁਰੂ-ਕ੍ਰਿਤ ਹੈ, ਕਿਉਂਕਿ ਇਸ ਵਿਚ 'ਅਕਾਲ-ਪੁਰਖ' ਦੀ ਵਿਰਾਜ ਨਿਰਗੁਣ ਸਰੂਪ ਵਰਣਨਜ ਨਾਮ-ਮਾਲਾ ਹੈ।[1]

(2) **ਅਕਾਲ ਉਸਤਤਿ** : ਇਸ ਰਚਨਾ ਵਿਚ 201 ਤੋਂ ਲੈ ਕੇ 230 ਛੰਦ ਤਕ ਦੀ ਬਾਣੀ ਗੁਰੂ-ਰਚਿਤ ਨਹੀਂ ਹੈ, ਕਿਉਂਕਿ ਇਸ ਦੀ ਬਾਕੀ ਛੰਦਾਂ ਦੀ ਭਾਵਨਾ ਨਾਲ ਸਮਾਨਤਾ ਨਹੀਂ ਹੈ।[2]

(3) **ਬਚਿਤ੍ਰ ਨਾਟਕ** : ਇਸ ਕ੍ਰਿਤੀ ਵਿਚ ਛੰਦ 18 ਤੋਂ 23, 31 ਤੋਂ 59 ਅਤੇ 87 ਤੋਂ 91 (ਪਹਿਲਾ ਅਧਿਆਇ)[3]; 12 ਤੋਂ 14, 17 ਤੋਂ 19 (ਦੂਜਾ ਅਧਿਆਇ); 7 ਅਤੇ 9 (ਚੌਥਾ ਅਧਿਆਇ);[4] 8 ਅਤੇ 13 (ਪੰਜਵਾਂ ਅਧਿਆਇ);[5] ਚੌਦਵਾਂ ਅਧਿਆਇ ਆਦਿ[6] ਗੁਰੂ-ਰਚਿਤ ਨਹੀਂ; ਕਿਉਂਕਿ ਇਨ੍ਹਾਂ ਦੀ ਭਾਵਨਾ ਦੀ ਸਮਾਨਤਾ ਦਸਮ-ਬਾਣੀ ਨਾਲ ਨਹੀਂ ਹੈ। ਇਸ ਲਈ ਇਹ ਛੰਦ-ਖ਼ਸ਼ਪਕ ਹਨ।

(4) **ਚੰਡੀ ਚਰਿਤ੍ਰ ੧, ਚੰਡੀ ਚਰਿਤ੍ਰ (੨) ਅਤੇ ਚੰਡੀ ਦੀ ਵਾਰ** : ਇਹ ਤਿੰਨੇ ਗੁਰੂ ਜੀ ਦੀਆਂ ਕ੍ਰਿਤੀਆਂ ਨਹੀਂ ਹਨ। ਇਨ੍ਹਾਂ ਨੂੰ ਗੁਰੂ ਜੀ ਨੇ ਅਨੁਵਾਦ ਕਰਵਾਇਆ ਸੀ।[7] ਵਾਰ ਤਾਂ ਕਿਸੇ ਦੇਵੀ ਦਾਸ ਦੀ ਕ੍ਰਿਪਾ ਹੈ! ਪੁਰਾਤਨ ਅਤੇ ਲਿਖਤੀ ਬੀੜਾਂ ਦੀ ਖੋਜ ਇਸ ਗੱਲ ਨੂੰ ਸਿੱਧ ਕਰਦੀ ਹੈ ਕਿ ਇਹ ਪੁਰਾਤਨ ਨਹੀਂ ਹੈ, ਕਿਉਂ ਜੋ ਪੁਰਾਤਨ ਦਸਮ ਗ੍ਰੰਥਾਂ ਵਿਚ ਇਹ ਰਚਨਾ ਦਰਜ ਹੀ ਨਹੀਂ ਹੈ।[8]

---

1. ਦਸਮ ਗ੍ਰੰਥ ਨਿਰਣਯ (ਰਣ ਸਿੰਘ), ਪੰਨਾ 7
2. ...ਉਹੀ... ,, 13, 23
3. ...ਉਹੀ... ,, 29, 30
4. ...ਉਹੀ... ,, 30, 31
5. ...ਉਹੀ... ,, 31, 32
6. ...ਉਹੀ... ,, 35
7. ...ਉਹੀ... ,, 36
8. ...ਉਹੀ... ,, 37

ਟਿੱਪਣੀ : ਸੰਗਰੂਰ ਵਾਲੀ ਦਸਮ ਗ੍ਰੰਥ ਦੀ ਬੀੜ ਨੂੰ ਛੱਡ ਕੇ ਹੋਰ ਸਾਰੀਆਂ ਪੁਰਾਤਨ ਬੀੜਾਂ ਵਿਚ ਇਹ 'ਵਾਰ' ਮਿਲਦੀ ਹੈ। ਇਸ ਲਈ ਵਿਦਵਾਨ ਲੇਖਕ ਦਾ ਇਹ ਕਥਨ ਨਿਰਾਧਾਰ ਹੈ।

Digitized by Panjab Digital Library | www.panjabdigilib.org

(5) **ਗਿਆਨ ਪ੍ਰਬੋਧ** : ਕੁਝ ਇਕ ਖਸ਼ੇਪਕ ਛੰਦਾਂ ਨੂੰ ਛੱਡ ਕੇ ਸ਼ੁਰੂ ਤੋਂ 108 ਛੰਦ ਤਕ ਗੁਰੂ ਰਚਿਤ ਹੈ। ਇਸ ਤੋਂ ਅਗੇ ਵਾਲੇ ਛੰਦ ਸ੍ਰੀ ਮੁਖ ਵਾਕ ਨਹੀਂ, ਕਿਉਂਕਿ ਇਥੋਂ ਤਕ ਇਸ ਦੀ ਉਪਾਸਨਾ-ਵਿਧੀ ਗੁਰਮਤ ਦੇ ਅਨੁਸਾਰ ਹੈ।[1]

(6) **ਚੌਬੀਸ ਅਵਤਾਰ** : ਇਹ ਕਵੀਆਂ ਦਾ ਅਨੁਵਾਦ ਹੈ ਅਤੇ ਗੁਰੂ ਜੀ ਨੇ ਕਿਤੇ ਕਿਤੇ ਟਿੱਪਣੀ ਵਜੋਂ ਕੁਝ ਛੰਦ ਲਿਖੇ ਹਨ। ਜਿਵੇਂ ਕਿ ਆਰੰਭ ਤੋਂ 36 ਛੰਦਾਂ ਤਕ,[2] ਰਾਮਾਵਤਾਰ ਦੇ 863 ਅਤੇ 864 ਛੰਦ,[3] ਕ੍ਰਿਸ਼ਨਾਵਤਾਰ ਦੇ 432-438 ਛੰਦ ਤਕ'[4] ਅਤੇ 2491[5] ਤੇ ਮੀਰ-ਮਹਿਦੀ ਦੇ 3 ਤੋਂ 9 ਛੰਦ ਤਕ।[6] "ਜਦ ਕੋਈ ਕਵੀ ਉਲਥਾ ਕਰਕੇ ਯਾ ਆਪਨੀ ਰਚਨਾ ਸ੍ਰੀ ਕਲਗੀਧਰ ਜੀ ਦੇ ਪੇਸ਼ ਕਰਦਾ ਸੀ ਤਾਂ ਆਪ ਉਸਨੂੰ ਆਦਿ ਤੋਂ ਅੰਤ ਤਕ ਪੜ੍ਹ ਕੇ ਉਸ ਪਰ ਅਪਨੀ ਵਲੋਂ ਰੁਚੀ ਅਨੁਸਾਰ ਆਰੰਭ ਵਿਚ ਯਾ ਮੱਧ ਵਿਚ ਅਥਵਾ ਅੰਤ ਪਰ, ਕਈ ਵੇਰ ਕਿਸੇ ਖਾਸ ਪ੍ਰਸੰਗ ਦੀ ਯਾ ਗ੍ਰੰਥ ਦੀ ਵਖੋ ਵੱਖ ਸੁਰਖੀਆਂ ਪਰ ਭੀ ਨੋਟ ਦਿਆ ਕਰਦੇ ਸਨ।"[7]

(7) **ਉਪਾਵਤਾਰ** : ਦਤਾਵਤਾਰ ਦੇ ਛੰਦ 491 ਤੋਂ 497 ਤਕ ਕੇਵਲ ਗੁਰੂ ਜੀ ਦੇ ਲਿਖੇ ਹਨ, ਟਿੱਪਣੀ ਰੂਪ ਵਿਚ ;[8] ਅਤੇ ਪਾਰਸਨਾਥ ਅਵਤਾਰ ਦੇ ਕੁਝ ਛੰਦ ਗੁਰੂ ਦੇ ਆਸ਼ੇ ਨਾਲ ਮਿਲਦੇ ਹਨ।[9]

(8) **ਹਜ਼ਾਰੇ ਸ਼ਬਦ** : ਗੁਰੂ-ਕ੍ਰਿਤ ਹਨ ; ਪਖੰਡ ਨੂੰ ਦੂਰ ਕਰਨ ਲਈ ਲਿਖੇ ਗਏ ਹਨ।[10]

(9) **ਖਿਆਲ ਅਤੇ ਸਦ** : ਗੁਰੂ ਜੀ ਦੀ ਰਖਨਾ ਨਹੀਂ।[11]

---

1. ਦਸਮ ਗ੍ਰੰਥ ਨਿਰਣਯ (ਰਣ ਸਿੰਘ), ਪੰਨਾ 38-40
2. ...ਉਹੀ... ,, 42
3. ...ਉਹੀ... ,, 49
4. ..ਉਹੀ... ,, 60
5. ...ਉਹੀ... ,, 66
6. ...ਉਹੀ... ,, 70
7. ...ਉਹੀ... ,, 41
8. ...ਉਹੀ... ,, 71
9. ...ਉਹੀ... ,, 72
10. ...ਉਹੀ... ,, 73
11. ...ਉਹੀ... ,, 129

Digitized by Panjab Digital Library | www.panjabdigilib.org

(10) **ਤੇਤ ਸਵੈਯੇ** : ਗੁਰੂ-ਕ੍ਰਿਤ ਹਨ, ਕਿਉਂਕਿ ਇਨ੍ਹਾਂ ਵਿਚ ਅਕਾਲ ਦੀ ਉਪਾਸਨਾ ਹੈ।[1]

(11) **ਖਾਲਸਾ ਮਹਿਮਾ** : ਗੁਰੂ-ਕ੍ਰਿਤ ਹੈ। ਪੰਡਿਤ ਨੂੰ ਗੁਰੂ ਜੀ ਨੇ ਖਾਲਸੇ ਦੀ ਮਹਿਮਾ ਦੱਸੀ ਹੈ।[2]

(12) **ਸ਼ਸਤ੍ਰਨਾਮ ਮਾਲਾ** : ਇਹ ਗੁਰੂ ਜੀ ਦੀ ਰਚਨਾ ਨਹੀਂ।[3]

(13) **ਚਰਿਤ੍ਰੋਪਾਖਿਆਨ** : ਇਹ ਗੁਰੂ ਜੀ ਦੀ ਰਚਨਾ ਨਹੀਂ ਹੈ।[4] ਕੇਵਲ ਚਰਿਤ੍ਰ ਅੰਕ 405 ਦੇ ਛੰਦ 377 ਤੋਂ 401 ਤਕ ਗੁਰੂ-ਰਚਿਤ ਹਨ।[5]

(14) **ਅਸਫੋਟਕ ਕਬਿਤ** : ਇਹ ਗੁਰੂ ਜੀ ਦੀ ਰਚਨਾ ਨਹੀਂ ਹੈ।[6]

(15) **ਜ਼ਫਰਨਾਮਾ** : ਗੁਰੂ-ਕ੍ਰਿਤ ਹੈ[7]।

(16) **ਹਕਾਇਤਾਂ** : ਗੁਰੂ-ਕ੍ਰਿਤ ਨਹੀਂ ਹਨ।[8]

(17) ਦਸਮ ਗ੍ਰੰਥ ਦਾ ਸੰਕਲਨ ਵੱਖ ਵੱਖ ਪੋਥੀਆਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਦ ਸੰਮਤ 1804 ਬਿ. ਵਿਚ ਹੋਇਆ ਸੀ।[9]

## ਪਰੀਖਿਆ

2. (1 ਤੋਂ 16 ਤਕ)— ਇਨ੍ਹਾਂ ਵਿਦਵਾਨਾਂ ਦੁਆਰਾ ਦਸਮ ਗ੍ਰੰਥ ਦੀਆਂ ਬਾਣੀਆਂ ਦੇ ਕਰਤ੍ਰਿਤਵ ਸੰਬੰਧੀ ਦਿੱਤੇ ਨਿਰਣੇ ਇਕਦਮ ਅਨੁਮਾਨਿਕ ਅਤੇ ਭਾਵਨਾਪਰਕ ਹਨ, ਕਿਉਂਕਿ ਕਿਸੇ ਵਿਗਿਆਨਿਕ ਸਿੱਧਾਂਤ ਜਾਂ ਅੰਦਰਲੀ ਅਥਵਾ ਬਾਹਰਲੀ ਗਵਾਹੀ ਨੂੰ ਆਧਾਰ ਨਹੀਂ ਬਣਾਇਆ ਗਿਆ। ਭਾਵਨਾ ਦੇ ਆਧਾਰ ਤੇ ਕਿਸੇ ਬਾਣੀ ਦੇ ਕਿਸੇ

---

1. ਦਸਮ ਗ੍ਰੰਥ ਨਿਰਣਯ (ਰਣ ਸਿੰਘ), ਪੰਨਾ 76
2. ...ਉਹੀ... ਪੰਨਾ 77
3. ...ਉਹੀ... ,, 79
4. ...ਉਹੀ... ,, 80
5. ...ਉਹੀ... ,, 122
   ਟਿੱਪਣੀ : ਭਸੌੜੀਏ ਵਿਦਵਾਨ ਸ੍ਰੀ ਗੁਰਮੁਖ ਸਿੰਘ 'ਪ੍ਰਦੇਸੀ' ਨੇ ਇਨ੍ਹਾਂ ਛੰਦਾਂ ਨੂੰ ਵੀ ਗੁਰੂ ਰਚਿਤ ਨਹੀਂ ਮੰਨਿਆ ਹੈ। ਉਨ੍ਹਾਂ ਦੇ ਮਤ ਅਨੁਸਾਰ ਇਹ 'ਮਹਾਕਾਲ' ਜਾਂ 'ਮਹਾਕਾਲਿਕਾ' ਅਗੇ ਪ੍ਰਾਰਥਨਾ ਹੀ ਹੋ ਸਕਦੀ ਹੈ, ਕਿਉਂਕਿ ਸਰਬਸ਼ਕਤੀਮਾਨ ਪਰਿਪੂਰਨ 'ਅਕਾਲ-ਪੁਰਖ' ਦੇ ਨਾਲ ਇਹ ਪਸੰਗ ਸੰਬੰਧਿਤ ਸਿੱਧ ਨਹੀਂ ਹੋ ਸਕਦਾ। ਇਸ ਵਿਦਵਾਨ ਨੇ 'ਬਚਿਤ੍ਰ ਨਾਟਕ' ਆਦਿ ਦੇ ਉਪਰੋਕਤ ਅੰਸ਼ ਵੀ ਗੁਰੂ ਰਚਿਤ ਨਹੀਂ ਮੰਨੇ ਹਨ।
6. ਦਸਮ ਗ੍ਰੰਥ ਨਿਰਣਯ (ਰਣ ਸਿੰਘ), ਪੰਨਾ 123
7. ...ਉਹੀ... ,, 130
8. .. ਉਹੀ... ,, 136
9. ...ਉਹੀ... ,, 4

Digitized by Panjab Digital Library | www.panjabdigilib.org

ਛੰਦ ਨੂੰ ਖੇਪਕ ਠਹਿਰਾਣਾ ਜਾਂ ਕਿਸੇ ਬਾਣੀ ਵਿਚੋਂ ਕਿਸੇ ਛੰਦ ਨੂੰ ਗੁਰੂ ਜੀ ਦੀ ਕਵੀ-ਕ੍ਰਿਤੀ ਉੱਤੇ ਟਿੱਪਣੀ ਮੰਨਣਾ ਉਚਿਤ ਨਹੀਂ ਹੈ ਅਤੇ ਨਾ ਹੀ ਇਸ ਦੀ ਇਤਿਹਾਸ ਅਤੇ ਪਰੰਪਰਾਵਾਂ ਤੋਂ ਕੋਈ ਪੁਸ਼ਟੀ ਵੀ ਹੁੰਦੀ ਹੈ। ਇਸ ਲਈ ਇਨ੍ਹਾਂ ਵਿਦਵਾਨਾਂ ਦਾ ਮਤ ਦੀ ਤਰਕ ਦੀ ਕਸੌਟੀ ਤੇ ਖਰਾ ਨਹੀਂ ਉਤਰਦਾ ਅਤੇ ਨਾ ਹੀ ਦਸਮ ਗ੍ਰੰਥ ਸੰਬੰਧੀ ਜਿਗਿਆਸਾ ਨੂੰ ਵਿਗਿਆਨਿਕ ਢੰਗ ਨਾਲ ਸ਼ਾਂਤ ਕਰਦਾ ਹੈ। ਇਨ੍ਹਾਂ ਸਾਰੀਆਂ ਰਚਨਾਵਾਂ ਦੀ ਅੰਦਰਲੀ ਪਰਖ ਅਸੀਂ ਛੇਵੇਂ ਪ੍ਰਕਾਸ਼ ਵਿਚ ਕੀਤੀ ਹੈ।

(17) ਸੰਮਤ 1804 ਬਿ. ਵਿਚ ਦਸਮ ਗ੍ਰੰਥ ਦੇ ਸਰਬ-ਪ੍ਰਥਮ ਸੰਕਲਿਤ ਹੋਣ ਦੀ ਪੁਸ਼ਟੀ ਇਤਿਹਾਸ ਤੋਂ ਨਹੀਂ ਹੁੰਦੀ। ਇਸ ਲਈ ਇਹ ਸੰਮਤ ਪ੍ਰਵਾਨ ਨਹੀਂ ਹੈ (ਹੋਰ ਵਿਸਤਾਰ ਲਈ ਵੇਖੋ ਪ੍ਰਕਾਸ਼ 4, ਪੈਰਾ 2–5)।

## (ਅ) ਸ਼ਮਸ਼ੇਰ ਸਿੰਘ 'ਅਸ਼ੋਕ' : ਤਰਕ ਅਤੇ ਪਰੀਖਿਆ

3. ਸ. ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਕਰਤ੍ਰਿਤਵ ਦੇ ਆਧਾਰ ਤੇ ਦਸਮ ਗ੍ਰੰਥ ਦੀ ਹੇਠ ਲਿਖੀ ਵੰਡ ਕੀਤੀ ਹੈ[1]–

(1) **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ :** ਜਾਪੁ, ਅਕਾਲ ਉਸਤਤਿ (ਦੇਵੀ-ਸਤੋਤ੍ਰ ਤੋਂ ਬਿਨਾ), ਚੌਤੀ ਸਵੈਯੇ, ਖਾਲਸਾ ਮਹਿਮਾ, ਜ਼ਫ਼ਰਨਾਮਾ (ਹਕਾਇਤਾਂ ਤੋਂ ਬਿਨਾ);

(2) **ਕਵੀ ਰਾਮ, ਸ਼ਿਆਮ, ਕਾਲਿ (ਦਾਸ) ਦੀਆਂ ਰਚਨਾਵਾਂ :** ਬਚਿਤ੍ਰ ਨਾਟਕ (ਚੌਬੀਸ ਅਵਤਾਰਾਂ ਦੀਆਂ ਕਥਾਵਾਂ ਸਹਿਤ), ਚੰਡੀ ਚਰਿਤ੍ਰ (ਦੋਵੇਂ), ਚੰਡੀ ਦੀ ਵਾਰ, ਗਿਆਨ ਪ੍ਰਬੋਧ, ਸ਼ਸਤ੍ਰ ਨਾਮ ਮਾਲਾ, ਇਸਤ੍ਰੀ ਚਰਿਤ੍ਰ, ਅਸਫੋਟਕ ਕਬਿਤ, ਹਕਾਇਤਾਂ।

4. 'ਅਸ਼ੋਕ' ਜੀ ਦਾ ਮਤ ਹਮੇਂਡੌਟੇ ਵਿਦਵਾਨਾਂ ਤੋਂ ਕੁਝ ਵਖਰਾ ਹੈ। ਇਨ੍ਹਾਂ ਨੇ ਆਪਣੀ ਉਪਰੋਕਤ ਵੰਡ ਵਿਚ 'ਬਚਿਤ੍ਰ ਨਾਟਕ' (ਅਪਨੀ ਕਥਾ) ਅਤੇ 'ਗਿਆਨ ਪ੍ਰਬੋਧ' ਨੂੰ ਵੀ ਗੁਰੂ-ਰਚਿਤ ਨਹੀਂ ਮੰਨਿਆ ਹੈ। ਜਿਨ੍ਹਾਂ ਰਚਨਾਵਾਂ ਨੂੰ 'ਅਸ਼ੋਕ' ਜੀ ਨੇ ਗੁਰੂ-ਕ੍ਰਿਤ ਨਹੀਂ ਮੰਨਿਆ, ਉਨ੍ਹਾਂ ਦੇ ਕਵੀਆਂ ਨੂੰ ਵਿਦਵਾਨ ਲੇਖਕ ਨੇ ਤਾਂਤ੍ਰਿਕ ਵਿਚਾਰਾਂ ਵਾਲਾ ਸਿੱਧ ਕੀਤਾ ਹੈ।[2] ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਇਨ੍ਹਾਂ ਦਾ ਯਤਨ ਮੁਕਾਬਲੇ ਵਿਚ ਜ਼ਿਆਦਾ ਵਿਗਿਆਨਿਕ ਰਿਹਾ ਹੈ, ਪਰ ਇਨ੍ਹਾਂ ਦੇ ਮਤ ਨੂੰ 'ਦਸਮ ਗ੍ਰੰਥ' ਦੇ ਕਰਤ੍ਰਿਤਵ ਦੇ ਸੰਬੰਧ ਵਿਚ ਆਖਰੀ ਨਿਰਣਾ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਨਿਰਣਾ ਦਸਮ ਗ੍ਰੰਥ ਦੀਆਂ ਕੁਝ ਕੁ ਰਚਨਾਵਾਂ ਤੇ ਹੀ ਆਧਾਰਿਤ ਹੈ। 'ਅਸ਼ੋਕ' ਜੀ ਦਾ ਮੰਤਵ ਕਈਆਂ ਥਾਵਾਂ ਤੇ ਬਹੁਤ ਅਸਾਂਸਟ ਵੀ ਹੈ ਅਤੇ ਰਾਮ, ਸ਼ਿਆਮ, ਕਾਲ ਆਦਿ ਕਵੀ-ਛਾਪਾਂ ਦੇ

1. ਪੰਜ ਦਰਿਆ, ਜੁਲਾਈ, 1941, ਪੰਨਾ 42
2. 'ਪ੍ਰੀਤਮ', ਅਕਤੂਬਰ 1942 (ਦਸਮ ਗ੍ਰੰਥ ਵਿਚ ਤਾਂਤ੍ਰਿਕ-ਮਤ)

Digitized by Panjab Digital Library | www.panjabdigilib.org

ਸੰਬੰਧ ਵਿਚ ਇਨ੍ਹਾਂ ਦਾ ਮਤ ਕਾਫ਼ੀ ਭੁਲੇਖਾ ਪਾਊ ਹੈ। ਇਨ੍ਹਾਂ ਨੇ ਕਵੀਆਂ ਅਨੁਸਾਰ 'ਚਰਿਤ੍ਰੋਪਾਖਿਆਨ' ਦੀ ਜੋ ਵੰਡ ਕੀਤੀ ਹੈ,[1] ਉਹ ਵੀ ਅਵਿਗਿਆਨਿਕ ਹੈ। ਕਿਉਂਕਿ ਇਕੋ ਹੀ ਪ੍ਰਸੰਗ ਚਰਿਤ੍ਰ 109 ਵਿਚ 'ਰਾਮ' ਅਤੇ 'ਸਿਆਮ' ਦੋਹਾਂ ਕਵੀ-ਛਾਪਾਂ ਦੀ ਵਰਤੋਂ ਹੋਈ ਹੈ। ਫਲਸਰੂਪ, ਇਹ ਵੰਡ ਨਿਰਾਧਾਰ ਜਿਹੀ ਲਗਦੀ ਹੈ। 'ਅਸ਼ੋਕ' ਜੀ ਨੇ ਆਪਣੀ ਰਾਇ ਦਿੰਦਿਆਂ ਨਾ ਤਾਂ ਪੂਰਬ-ਪਰ ਸੰਬੰਧ ਜੋੜਿਆ ਹੈ ਅਤੇ ਨਾ ਹੀ ਇਤਿਹਾਸਿਕ ਪ੍ਰਮਾਣਾਂ ਦੀ ਖੋਜ ਕੀਤੀ ਹੈ। ਫਲਸਰੂਪ, ਅਸ਼ੋਕ ਜੀ ਦਾ ਇਹ ਮਹੱਤਵ-ਪੂਰਣ ਯਤਨ ਵੀ ਦਸਮ ਗ੍ਰੰਥ ਦੇ ਕਰਤ੍ਰਿਤਵ ਦੇ ਵਿਸ਼ੇ ਵਿਚ ਕੋਈ ਠੋਸ ਨਿਰਣਾ ਨਹੀਂ ਦੇ ਸਕਿਆ।

## (ੲ) ਗਿਆਨੀ ਹਰਨਾਮ ਸਿੰਘ 'ਬੱਲਭ' : ਤਰਕ ਤੇ ਪਰੀਖਿਆ

5. ਉੱਤਰ-ਪੱਖ ਵਾਲੇ ਵਿਦਵਾਨਾਂ ਵਿਚੋਂ 'ਅਸ਼ੋਕ' ਤੋਂ ਬਾਦ ਗਿਆਨੀ ਹਰਨਾਮ ਸਿੰਘ 'ਬੱਲਭ' ਦਾ ਨਾਂ ਖਾਸ ਉੱਲੇਖਨੀ ਹੈ। 'ਬਲਭ' ਜੀ ਨੇ ਆਪਣੇ ਦੋ ਲੇਖਾਂ— 'ਕ੍ਰਿਸ਼ਨਾਵਤਾਰ'[2] ਅਤੇ 'ਚਰਿਤ੍ਰੋਪਾਖਿਆਨ'[3] ਵਿਚ ਇਨ੍ਹਾਂ ਕ੍ਰਿਤੀਆਂ ਦਾ ਕਰਤ੍ਰਿਤਵ ਸੰਬੰਧੀ ਨਿਰਣਾ ਅੰਦਰਲੀਆਂ ਗਵਾਹੀਆਂ ਦੇ ਆਧਾਰ ਤੇ ਦਿੱਤਾ ਹੈ। ਇਨ੍ਹਾਂ ਦਾ ਦ੍ਰਿਸ਼ਟੀਕੋਣ ਵੀ ਜ਼ਿਆਦਾਤਰ ਵਿਗਿਆਨਿਕ ਰਿਹਾ ਹੈ। ਇਨ੍ਹਾਂ ਦੋਹਾਂ ਕ੍ਰਿਤੀਆਂ ਨੂੰ ਗੁਰੂ-ਰਚਿਤ ਨਾ ਮੰਨਦੇ ਹੋਇਆਂ 'ਬੱਲਭ' ਜੀ ਨੇ ਹੇਠ ਲਿਖੇ ਸਿੱਟੇ ਕੱਢੇ ਹਨ—

(1) 'ਚਰਿਤ੍ਰੋਪਾਖਿਆਨ' ਦੀ ਚਰਿਤ੍ਰ-ਸੰਖਿਆ 303 ਹੈ, ਬਾਕੀ ਦੇ ਚਰਿਤ੍ਰ ਖਜੇਪਕ ਹਨ।

(2) ਰਾਮ, ਸ਼ਿਆਮ, ਕਾਲ ਆਦਿ ਹੋਰਨਾਂ ਕਵੀਆਂ ਦੀਆਂ ਕਵੀ-ਛਾਪਾਂ ਹਨ, 'ਗੋਬਿੰਦ' ਸ਼ਬਦ ਦੇ ਪ੍ਰਯਾਯ ਨਹੀਂ। ਹਾਂ, ਇਨ੍ਹਾਂ ਸ਼ਬਦਾਂ ਦੀ ਵਰਤੋਂ ਨਾਲ ਕਈ ਵਾਰੀ ਗੁਰੂ ਜੀ ਦਾ ਭਰਮ ਜ਼ਰੂਰ ਹੋ ਜਾਂਦਾ ਹੈ। 'ਰਾਮ' ਵੀ 'ਸ਼ਿਆਮ' ਦਾ ਕੋਈ ਚਰਾ ਜਾਂ ਸਹਾਇਕ ਹੈ।

(3) ਹਮ, ਹਮਾਰੇ, ਹਮਰੋ ਸ਼ਬਦ ਗੁਰੂ ਜੀ ਦੁਆਰਾ ਆਪਣੇ ਲਈ ਨਹੀਂ ਵਰਤੇ ਹੋਏ, ਨਾ ਹਮਾਰੇ ਗਾਂਵ ਦਾ ਮਤਲਬ ਆਨੰਦਪੁਰ ਤੋਂ ਹੈ ਅਤੇ ਨਾ ਹੀ ਆਨੰਦਪੁਰ ਆਦਿ ਥਾਵਾਂ ਸੰਬੰਧੀ ਵਰਣਿਤ ਘਟਨਾਵਾਂ ਦਾ ਮੇਲ ਗੁਰੂ ਜੀ ਨਾਲ ਹੁੰਦਾ ਹੈ।

(4) ਰੂਪ ਕੌਰ ਵਾਲਾ ਪ੍ਰਸੰਗ ਇਕਦਮ ਕਲਪਿਤ ਹੈ।

---

1. ਰਾਮ ਕਵੀ : ਚਰਿਤ੍ਰ 1 ਤੋਂ 109 ਤਕ,
   ਸ਼ਿਆਮ ਕਵੀ : ਚਰਿਤ੍ਰ 109 ਤੋਂ 194 ਤਕ ਅਤੇ ਚਰਿਤ੍ਰ 227 ਤੋਂ 404 ਤਕ,
   ਕਾਲ ਕਵੀ : ਚਰਿਤ੍ਰ 195 ਤੋਂ 226 ਤਕ
   (ਪੰਜ ਦਰਿਆ, ਅਪ੍ਰੈਲ 1942, ਪੰਨਾ 25)
2. ਪੰਜਾਬੀ ਦੁਨੀਆ, ਫ਼ਰਵਰੀ 1960
3. ਪੰਜਾਬੀ ਦੁਨੀਆ, ਜੁਲਾਈ 1960

Digitized by Panjab Digital Library | www.panjabdigilib.org

(5) ਕ੍ਰਿਸਨਾਵਤਾਰ ਦੀ ਰਚਨਾ ਆਨੰਦਪੁਰ ਸਥਿਤ ਕਵੀ ਨੇ ਕੀਤੀ ਅਤੇ ਸੋਧ ਲਈ ਗੁਰੂ ਜੀ ਪਾਸ ਭੇਜਦਾ ਰਿਹਾ ।

(6) ਇਨ੍ਹਾਂ ਕ੍ਰਿਤੀਆਂ ਦੇ ਕਵੀ ਕਪਾਲਿਕ ਸ਼ੈਵ ਜਾਂ ਕ੍ਰਿਸ਼ਨ-ਭਗਤ ਹਨ ।

(7) 'ਆਦਿ ਗ੍ਰੰਥ' ਵਿਚ ਉੱਲਿਖਿਤ ਪੌਰਾਣਿਕ ਕਥਾਵਾਂ ਨਾਲ 'ਦਸਮ ਗ੍ਰੰਥ' ਦੀਆਂ ਪੌਰਾਣਿਕ ਕਥਾਵਾਂ ਦਾ ਕੋਈ ਸੰਬੰਧ ਨਹੀਂ, ਅਤੇ ਨਾ ਹੀ 'ਆਦਿ ਗ੍ਰੰਥ' ਦੀਆਂ ਕਥਾਵਾਂ ਦਾ ਇਥੇ ਵਿਸਤਾਰ ਨਾਲ ਵਰਣਨ ਹੋਇਆ ਹੈ। 'ਆਦਿ ਗ੍ਰੰਥ' ਵਿਚ ਕੇਵਲ ਧ੍ਰੂਵ, ਪ੍ਰਹਿਲਾਦ, ਅਜਾਮੀਲ, ਗਣਿਕਾ, ਆਦਿ ਨਾਲ ਸੰਬੰਧਿਤ ਪੌਰਾਣਿਕ ਕਥਾਵਾਂ ਦਾ ਹੀ ਉੱਲੇਖ ਹੈ, ਪਰ ਇਨ੍ਹਾਂ ਸੰਬੰਧੀ 'ਦਸਮ ਗ੍ਰੰਥ' ਵਿਚ ਬਹੁਤ ਘਟ ਸਾਮਗ੍ਰੀ ਦਿੱਤੀ ਗਈ ਹੈ ।

## ਪਰੀਖਿਆ

6. (1) ਗਿਆਨੀ ਜੀ ਨੇ ਭਾਈ ਮਨੀ ਸਿੰਘ ਦੀ ਚਿੱਠੀ ਨੂੰ ਆਧਾਰ ਬਣਾ ਕੇ ਚਰਿਤ੍ਰਾਂ ਦੀ ਗਿਣਤੀ 303 ਦਸੀ ਹੈ। ਇਸ ਚਿੱਠੀ ਦੀ ਪ੍ਰਮਾਣਿਕਤਾ ਪਿੱਛੇ ਸਿੱਧ ਕੀਤੀ ਜਾ ਚੁਕੀ ਹੈ ।[1] ਇਸ ਲਈ ਇਹ ਸਿੱਟਾ ਭਰਮ-ਪੂਰਣ ਹੈ । ਨਾਲੇ ਗਿਆਨੀ ਜੀ ਨੇ ਗੋਲ-ਮੋਲ ਗੱਲ ਕਹਿ ਦਿੱਤੀ ਹੈ, ਇਹ ਦਸਣ ਦੀ ਖੇਚਲ ਨਹੀਂ ਕੀਤੀ ਕਿ ਕੇਹੜੇ 303 ਚਰਿਤ੍ਰ ਗੁਰੂ ਜੀ ਦੇ ਹਨ ਅਤੇ ਕਿਉਂ ?

(2) ਪਿੱਛੇ ਕੀਤੇ ਕਵੀ-ਛਾਪਾਂ ਸੰਬੰਧੀ ਵਿਚਾਰ ਦੇ ਆਧਾਰ ਤੇ ਇਥੇ ਇਤਨਾ ਹੀ ਕਹਾਂਗੇ ਕਿ ਕਿਤੇ ਕਿਤੇ ਗਿਆਨੀ ਜੀ ਨੇ ਕੇਵਲ ਕਲਪਨਾ ਦੇ ਆਧਾਰ ਤੇ ਹੀ ਆਪਣੇ ਸਿੱਟੇ ਕੱਢੇ ਹਨ । 'ਰਾਮ' ਨੂੰ 'ਸ਼ਿਆਮ' ਦਾ ਕੋਈ ਭਰਾ ਜਾਂ ਸਹਾਇਕ ਮੰਨਣਾ ਅਸਲ ਵਿਚ ਬੜੀ ਹਾਸੋ-ਹੀਣੀ ਗੱਲ ਹੈ ।[2] ਇਸ ਦੀ ਪੁਸ਼ਟੀ ਲਈ ਉਨ੍ਹਾਂ ਨੇ ਕੋਈ ਪ੍ਰਮਾਣ ਦੇਣ ਦਾ ਕਸ਼ਟ ਨਹੀਂ ਕੀਤਾ ।

(3, 4) ਗਿਆਨੀ ਜੀ ਦੇ ਇਨ੍ਹਾਂ ਸਿੱਟਿਆਂ ਨਾਲ ਕੁਝ ਸਹਿਮਤ ਹੋਇਆ ਜਾ ਸਕਦਾ ਹੈ, ਅਤੇ ਇਸ ਬਾਰੇ ਵਿਸਤਾਰ ਸਹਿਤ ਵਿਚਾਰ ਪੇਸ਼ ਕਰਨ ਲਈ ਅਗੇ ਯਤਨ ਕੀਤਾ ਹੈ ।[3]

(5) ਅਸਲ ਵਿਚ, ਗਿਆਨੀ ਜੀ ਨੂੰ ਪਤਾ ਨਹੀਂ ਕਿ 'ਕ੍ਰਿਸ਼ਨਾਵਤਾਰ' ਦੀ ਰਚਨਾ ਮੂਲ ਰੂਪ ਵਿਚ ਚਾਰ ਖੰਡਾਂ ਵਿਚ ਹੋਈ ਸੀ ਅਤੇ ਬਾਦ ਵਿਚ ਉਨ੍ਹਾਂ ਸਾਰਿਆਂ ਖੰਡਾਂ ਨੂੰ ਮਿਲਾ ਕੇ ਇਕ ਕਰ ਦਿੱਤਾ ਗਿਆ । ਨਤੀਜਾ ਇਹ ਹੋਇਆ ਕਿ ਹਰ ਇਕ

---

1. ਵਿਸਤਾਰ ਲਈ ਵੇਖੋ ਪ੍ਰਕਾਸ਼ 2, ਪੈਰਾ 1
2. ਰਾਮ, ਸ਼ਿਆਮ ਦੇ ਵਾਸਤਵਿਕ ਰੂਪ ਬਾਰੇ ਵਿਸਤਾਰ ਲਈ ਵੇਖੋ ਪ੍ਰਕਾਸ਼ 2, ਪੈਰਾ 13
3. ਵੇਖੋ ਪ੍ਰਕਾਸ਼ 6, ਪੈਰਾ 31-35

Digitized by Panjab Digital Library | www.panjabdigilib.org

ਖੰਡ ਦੇ ਅੰਤ ਵਿਚ ਲਿਖੇ ਰਚਨਾ-ਸੰਮਤਾਂ ਅਤੇ ਰਚਨਾ-ਸਥਾਨਾਂ ਵਿਚ ਗੜ-ਬੜ ਹੋ ਗਈ। ਉਪਲਬਧ 'ਕ੍ਰਿਸ਼ਨਾਵਤਾਰ' ਦੇ ਪਹਿਲੇ ਚਾਰ ਛੰਦ, ਜਿਨ੍ਹਾਂ ਨੂੰ ਆਧਾਰ ਮੰਨ ਕੇ ਗਿਆਨੀ ਜੀ ਨੇ ਆਪਣੀ ਮਾਨਤਾ ਸਥਾਪਿਤ ਕੀਤੀ ਹੈ; ਇਸ ਕ੍ਰਿਤੀ ਦੇ ਮੂਲ ਹਾਹ ਪੱਤ੍ਰਾ ਦੇ ਪਾਠ ਦੇ ਅੰਤਰਗਤ ਨਹੀਂ ਆਉਂਦੇ। ਸੰਗਰੂਰ ਅਤੇ ਪਟਨੇ ਵਾਲੀਆਂ ਬੀੜਾਂ ਵਿਚ ਸੰਕਲਿਤ 'ਕ੍ਰਿਸ਼ਨਾਵਤਾਰ' ਤੋਂ ਇਸ ਮੱਤ ਦੀ ਪੁਸ਼ਟੀ ਹੋ ਜਾਂਦੀ ਹੈ। ਇਸ ਸੰਬੰਧੀ ਵਿਸਤਾਰ ਪੂਰਣ ਵਿਵਰਣ ਚੌਥੇ ਪ੍ਰਕਾਸ਼, ਪੈਰਾ 9 (5) ਵਿਚ ਦਿਆਂਗੇ। ਇਨ੍ਹਾਂ ਚਾਰ ਛੰਦਾਂ ਦੇ ਵਿਸ਼ੇ-ਵਸਤੂ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਦੀ ਰਚਨਾ ਸ਼ਾਇਦ ਉਸ ਵੇਲੇ ਹੋਈ ਹੋਵੇਗੀ ਜਦੋਂ 'ਕ੍ਰਿਸਨਾਵਤਾਰ' ਨੂੰ 'ਚੌਬੀਸ ਅਵਤਾਰ' ਦੇ ਕ੍ਰਮ ਵਿਚ ਸਾਮਿਲ ਕੀਤਾ ਗਿਆ ਸੀ। ਇਸ ਲਈ ਗਿਆਨੀ ਜੀ ਦੀ ਇਹ ਗੱਲ ਠੀਕ ਨਹੀਂ ਜਚਦੀ।

(6) ਗਿਆਨੀ ਜੀ ਦੇ ਇਸ ਸਿੱਟੇ ਨਾਲ ਕੁਝ ਹੱਦ ਤਕ ਸਹਿਮਤ ਹੋਇਆ ਜਾ ਸਕਦਾ ਹੈ। ਇਸ ਸੰਬੰਧ ਵਿਚ ਵਿਸਤਾਰ ਸਹਿਤ ਵਿਚਾਰ ਅੱਠਵੇਂ ਪ੍ਰਕਾਸ਼ ਵਿਚ ਕਰਾਂਗੇ।

(7) ਗਿਆਨੀ ਜੀ ਦੇ ਇਸ ਮਤ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ, ਕਿਉਂਕਿ ਉਨ੍ਹਾਂ ਦੇ ਕਥਨ ਦੇ ਉਲਟ 'ਆਦਿ ਗ੍ਰੰਥ' ਵਿਚ ਪੌਰਾਣਿਕ ਸ਼ਬਦਾਵਲੀ, ਸੰਕੇਤ ਅਤੇ ਪ੍ਰਸੰਗ ਬਹੁਤ ਮਾਤ੍ਰਾ ਵਿਚ ਆਏ ਹਨ।[1]

ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਗਿਆਨੀ ਜੀ ਦੇ ਕੁਝ ਸਿੱਟੇ ਠੀਕ ਹਨ। ਉਨ੍ਹਾਂ ਦੀਆਂ ਉਪਰਲੀਆਂ ਭ੍ਰਾਂਤੀਆਂ ਦਾ ਆਧਾਰ ਇਕ ਤਾਂ ਭਾਈ ਮਨੀ ਸਿੰਘ ਦੀ ਚਿੱਠੀ ਹੈ ਅਤੇ ਦੂਜੇ, ਵਿਸ਼ੇ ਦੇ ਗੰਭੀਰ ਅਧਿਐਨ ਦੀ ਘਾਟ ਹੈ।

7. ਇਕ ਗੱਲ ਹੋਰ, ਡਾ. ਸੀ. ਐਚ. ਲੋਹਲੀਨ (C. H. Lochlin) ਨੂੰ, ਜੋ ਬਾਰਿੰਗ ਕ੍ਰਿਸਚੀਅਨ ਕਾਲਿਜ ਬਟਾਲਾ ਵਿਚ ਵਾਈਸ ਪ੍ਰਿੰਸੀਪਲ ਹਨ, ਸਨ 1958 ਵਿਚ ਹਾਰਟਫੋਰਡ ਸੇਮਰੀ ਫਾਊਂਡੇਸ਼ਨ, ਅਮਰੀਕਾ (Hartford Semmary Foundation, America) ਤੋਂ "ਦਸਮ ਗੁਰੂ ਦਾ ਪਵਿਤ੍ਰ ਗ੍ਰੰਥ" (The Holy Granth of the 10th Sovereign) ਵਿਸ਼ੇ ਉਤੇ ਖੋਜ-ਪ੍ਰਬੰਧ ਲਿਖਣ ਤੇ ਪੀ-ਐਚ. ਡੀ. ਦੀ ਡਿਗਰੀ ਮਿਲੀ ਸੀ। ਡਾ. ਲੋਹਲੀਨ ਦੇ ਕਥਨ ਅਨੁਸਾਰ ਆਪਣੇ ਖੋਜ-ਪ੍ਰਬੰਧ ਵਿਚ ਉਨ੍ਹਾਂ ਨੇ ਲਗਭਗ 25 ਪੰਨੇ ਦਸਮ ਗ੍ਰੰਥ ਦੇ ਕਰਤ੍ਰਿਤਵ ਬਾਰੇ ਲਿਖ ਕੇ ਇਹ ਸਿੱਧ ਕੀਤਾ ਹੈ ਕਿ ਜਾਪ, ਅਕਾਲ ਉਸਤਤਿ, ਬਚਿਤ੍ਰ ਨਾਟਕ (ਅਪਨੀ ਕਥਾ), ਚੰਡੀ ਦੀ ਵਾਰ, ਸਵੈਯੇ ੩੩, ਸ਼ਬਦ ਹਜ਼ਾਰੇ ਅਤੇ ਜ਼ਫਰਨਾਮੇ ਤੋਂ ਛੁਟ ਬਾਕੀ ਦੀ ਬਾਣੀ ਦਸਮ ਗੁਰੂ ਜੀ ਦੀ ਆਪਣੀ ਨਹੀਂ, ਦਰਬਾਰੀ

1. ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ (ਜੱਗੀ), ਪੰਨਾ 48-50

Digitized by Panjab Digital Library | www.panjabdigilib.org

ਕਵੀਆਂ ਦੀ ਹੈ। ਪਰ ਅਜੇ ਇਹ ਖੋਜ-ਪ੍ਰਬੰਧ ਪ੍ਰਕਾਸ਼ਿਤ ਨਹੀਂ ਹੋਇਆ, ਇਸ ਲਈ ਇਸ ਪ੍ਰਕਰਣ ਵਿਚ ਉਸ ਉਪਰ ਅਸੀਂ ਆਪਣਾ ਵਿਚਾਰ ਪ੍ਰਗਟ ਕਰਨ ਤੋਂ ਅਸਮਰਥ ਹਾਂ।

(7) 'ਉੱਤਰ ਪੱਖ' ਦਾ ਮਹੱਤਵ ਨਕਾਰਾਤਮਕ ਦ੍ਰਿਸ਼ਟੀਕੋਣ ਪੇਸ਼ ਕਰਨ ਵਿਚ ਹੈ, ਕਿਉਂਕਿ ਕਈ ਥਾਵਾਂ ਤੇ ਇਨ੍ਹਾਂ ਦੇ ਤਰਕ ਵੀ ਪੂਰਬ ਨਿਸਚਿਤ ਧਾਰਣਾ ਦੇ ਸਿੱਟੇ ਹਨ ਅਤੇ ਉਨ੍ਹਾਂ ਵਿਚ ਵਿਅਰਥ ਖਿਚ-ਤਾਣ ਮਿਲਦੀ ਹੈ। ਹਾਂ, 'ਅਸ਼ੋਕ' ਜੀ ਅਤੇ 'ਬੱਲਭ' ਜੀ ਦਾ ਮਹੱਤਵ ਅਧਿਕ ਹੈ, ਕਿਉਂਕਿ ਇਨ੍ਹਾਂ ਨੇ ਕੇਵਲ ਅਨੁਮਾਨਿਕ ਤਰਕਾਂ ਦੀ ਥਾਂ ਤੇ ਵਸਤੂ-ਨਿਸ਼ਠ ਦ੍ਰਿਸ਼ਟੀਕੋਣ ਨੂੰ ਜਿਆਦਾ ਅਪਣਾਇਆ ਹੈ।

Digitized by Panjab Digital Library | www.panjabdigilib.org

# ਪ੍ਰਾਚੀਨ ਬੀੜਾਂ

1. ਪੂਰਬ-ਪੱਖ ਅਤੇ ਉੱਤਰ-ਪੱਖ ਦੇ ਪ੍ਰਮਾਣਾਂ ਦੀ ਪਰਖ ਤੋਂ ਬਾਦ ਇਹ ਪ੍ਰਸ਼ਨ ਉਠਦਾ ਹੈ ਕਿ 'ਦਸਮ ਗ੍ਰੰਥ' ਦੀਆਂ ਉਪਲਬੱਧ ਪ੍ਰਾਚੀਨ ਬੀੜਾਂ ਇਸ ਦੇ ਕਰਤ੍ਰਿਤਵ ਸੰਬੰਧੀ ਨਿਰਣੇ ਵਿਚ ਕੀ ਸਹਿਯੋਗ ਦਿੰਦੀਆਂ ਹਨ। ਅਧਿਐਨ ਦੇ ਇਸ ਪੱਖ ਵਲ ਅਜੇ ਤਕ ਧਿਆਨ ਨਹੀਂ ਦਿੱਤਾ ਗਿਆ। ਇਸ ਸੰਬੰਧ ਵਿਚ ਕੇਵਲ ਚਾਰ ਪ੍ਰਾਚੀਨਤਮ ਅਤੇ ਇਤਿਹਾਸਿਕ ਬੀੜਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਪ੍ਰਕਾਸ਼ ਦਾ ਵਿਸ਼ਾ ਹੈ। ਇਹ ਬੀੜਾਂ ਹਨ —

(ੳ) ਭਾਈ ਮਨੀ ਸਿੰਘ ਵਾਲੀ,
(ਅ) ਮੋਤੀ ਬਾਗ ਗੁਰਦੁਆਰਾ ਵਾਲੀ,
(ੲ) ਸੰਗਰੂਰ ਦੀਵਾਨ-ਖਾਨੇ ਵਾਲੀ ; ਅਤੇ
(ਸ) ਪਟਨੇ ਵਾਲੀ।

ਇਸ ਤੋਂ ਛੁਟ, ਕਈ ਥਾਵਾਂ ਤੇ ਕੁਝ ਹੋਰ ਬੀੜਾਂ ਵੀ ਪਰਖੀਆਂ ਹਨ ਪਰ ਲਿਪੀ ਦਾ ਸਰੂਪ ਅਤੇ ਕਾਗਜ਼ ਦੀ ਆਯੂ ਆਦਿ ਤੱਥ ਉਨ੍ਹਾਂ ਨੂੰ 150 ਵਰ੍ਹੇ ਤੋਂ ਪੁਰਾਣਾ ਸਿੱਧ ਨਹੀਂ ਕਰਦੇ। ਅਸਲ ਵਿਚ, ਅਜਿਹੀਆਂ ਸਾਰੀਆਂ ਬੀੜਾਂ ਉਪਰੋਕਤ ਇਕ ਜਾਂ ਦੂਜੀ ਬੀੜ ਦੇ ਉੱਤਾਰੇ ਹੀ ਹਨ ਜਾਂ ਬਾਦ ਦੇ ਕਿਸੇ ਸੰਗ੍ਰਹਿ-ਕਰਤਾ ਜਾਂ ਉੱਤਾਰਾਕਾਰ ਦੀ ਆਪਣੀ ਰੁਚੀ ਅਨੁਸਾਰ ਕੁਝ ਵਾਧੇ-ਘਾਟੇ ਜਾਂ ਅਦਲਾ-ਬਦਲੀ ਨਾਲ ਸੰਪਾਦਿਤ ਹੋਈਆਂ ਹਨ। ਉਪਰੋਕਤ ਚਾਰ ਬੀੜਾਂ ਦੇ ਬਾਣੀ-ਕ੍ਰਮ, ਬਾਣੀ-ਸੰਖਿਆ ਅਤੇ ਛੰਦ-ਸੰਖਿਆ ਵਿਚ ਅਨ-ਮਾਨਤਾ, ਮੰਗਲਿਕ ਅਤੇ ਆਰੰਭਿਕ ਕਰਤ੍ਰਿਤਵ-ਸੂਚਕ ਉਕਤੀਆਂ ਵਿਚ ਭੇਦ ਤੇ ਪਾਠਾਂਤਰ ਅਤੇ ਕੁਝ ਰਚਨਾਵਾਂ ਦੇ ਕ੍ਰਮ ਜਾਂ ਖੰਡਾਂ ਦੀ ਵੰਡ ਵਿਚ ਫਰਕ, ਆਦਿ ਗੱਲਾਂ ਵੇਖਣ-ਯੋਗ ਹਨ। ਤੁਲਨਾਤਮਕ ਅਧਿਐਨ ਕਰਨ ਤੋਂ ਪਹਿਲਾਂ ਇਨ੍ਹਾਂ ਬੀੜਾਂ ਦੇ ਇਤਿਹਾਸ ਬਾਰੇ ਕੁਝ ਜਾਣ ਲੈਣਾ ਜ਼ਰੂਰੀ ਹੈ।

Digitized by Panjab Digital Library | www.panjabdigilib.org

## (ੳ) ਭਾਈ ਮਨੀ ਸਿੰਘ ਵਾਲੀ ਬੀੜ

2. ਇਹ ਬੀੜ ਰਾਜਾ ਗੁਲਾਬ ਸਿੰਘ ਸੇਠੀ, ਹਨੂਮਾਨ ਰੋਡ, ਨਵੀਂ ਦਿੱਲੀ, ਪਾਸ ਸੁਰਖਿਅਤ ਹੈ। ਰਾਜਾ ਸਾਹਿਬ ਦੇ ਕਥਨ ਅਨੁਸਾਰ ਇਹ ਬੀੜ ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਜਿਤ (1818 ਈ.) ਵੇਲੇ ਕਿਸੇ ਸਿੱਖ ਸੈਨਿਕ ਨੂੰ ਲੁਟ ਵਿਚ ਹੱਥ ਲਗੀ ਸੀ। ਬਾਦ ਵਿਚ ਮਹਾਰਾਜਾ ਨੇ ਉਸ ਸੈਨਿਕ ਨੂੰ ਆਪਣੀ 800 ਦੀ ਸੈਨਿਕ ਟੁਕੜੀ ਨਾਲ ਹੈਦਰਾਬਾਦ (ਦੱਖਣ) ਭੇਜ ਦਿੱਤਾ। ਉਹ ਸੈਨਿਕ ਆਪਣੇ ਨਾਲ ਇਸ ਬੀੜ ਨੂੰ ਵੀ ਲੈਂਦਾ ਗਿਆ। ਉਸ ਦੀ ਸੰਤਾਨ ਸਥਾਈ ਤੌਰ ਤੇ ਹੈਦਰਾਬਾਦ (ਹਜ਼ੂਰ ਸਾਹਿਬ) ਵਿਚ ਵਸ ਗਈ ਅਤੇ ਇਹ ਬੀੜ ਵੀ ਉਸ ਦੇ ਵਾਰਿਸਾਂ ਪਾਸ ਉਨ੍ਹਾਂ ਦੇ ਨਿਵਾਸ-ਅਸਥਾਨ (ਬੁੰਗਾ ਜਮਾਦਾਰ ਪਾਰਾ ਸਿੰਘ; ਹਜ਼ੂਰ ਸਾਹਿਬ) ਵਿਚ ਸੁਰਖਿਅਤ ਰਹੀ। ਸੰਨ 1944-45 ਈ. ਵਿਚ ਰਾਜਾ ਸਾਹਿਬ ਇਸ ਬੀੜ ਨੂੰ ਖ਼ਰੀਦ ਕੇ ਲਾਹੌਰ ਲੈ ਆਏ।[1] ਦੇਸ-ਵੰਡ ਤੋਂ ਬਾਦ ਰਾਜਾ ਗੁਲਾਬ ਸਿੰਘ ਸੇਠੀ, ਨਵੀਂ ਦਿੱਲੀ ਵਿਚ ਸਥਾਈ ਤੌਰ ਤੇ ਵਸ ਗਏ ਅਤੇ ਇਹ ਬੀੜ ਵੀ ਉਨ੍ਹਾਂ ਕੋਲ ਹੁਣ ਸੁਰਖਿਅਤ ਹੈ। ਇਸ ਤੋਂ ਪਹਿਲਾਂ ਦਾ ਇਤਿਹਾਸ ਗਿਆਤ ਨਹੀਂ ਹੋਇਆ।

ਇਸ ਬੀੜ ਵਿਚ 'ਆਦਿ ਗ੍ਰੰਥ' ਅਤੇ 'ਦਸਮ ਗ੍ਰੰਥ' ਦੋਹਾਂ ਦੀਆਂ ਬਾਣੀਆਂ ਸੰਕਲਿਤ ਹਨ, ਪਰ ਇਨ੍ਹਾਂ ਦਾ ਕ੍ਰਮ ਰਾਗਾਨੁਸਾਰ ਨਾ ਹੋ ਕੇ ਗੁਰੂ-ਅਨੁਸਾਰ ਹੈ। ਹਰ ਗੁਰੂ ਅਤੇ ਭਗਤ ਦੀ ਬਾਣੀ ਕ੍ਰਮਾਨੁਸਾਰ ਇਕੱਠੀ ਹੀ ਦਰਜ ਹੈ। ਇਸ ਤੋਂ ਛੁਟ, ਇਸ ਬੀੜ ਵਿਚ ਅਠ 'ਖ਼ਾਸ' ਪੱਤਰ ਵੀ ਸੁਰਖਿਅਤ ਹਨ ਜਿਨ੍ਹਾਂ ਨੂੰ ਦਸਮ ਗੁਰੂ ਦੁਆਰਾ ਲਿਖਿਆ ਦਸਿਆ ਜਾਂਦਾ ਹੈ। ਇਸ ਬੀੜ ਵਿਚ ਕੋਈ ਅਜਿਹਾ ਉੱਲੇਖ ਨਹੀਂ ਹੈ ਜਿਸ ਨਾਲ ਇਸ ਦੇ ਸੰਕਲਨ-ਕਰਤਾ ਜਾਂ ਸੰਕਲਨ-ਕਾਲ ਦੀ ਕੁਝ ਵਾਕਫ਼ੀ ਮਿਲ ਸਕੇ। ਅੰਤ ਵਿਚ ਉੱਤਾਰੇ ਦਾ ਸੰਮਤ 1770 ਬਿ. ਦਿੱਤਾ ਹੈ, ਪਰ ਵੱਖਰੇ ਹੱਥ ਲੇਖ ਵਿਚ ਹੋਣ ਕਰਕੇ ਸ਼ਕੀ ਪ੍ਰਤੀਤ ਹੁੰਦਾ ਹੈ। ਪਾਠਕਾਂ ਦੇ ਦਰਸ਼ਨ ਅਰਥ ਆਵੱਸ਼ਕ ਪੰਕਤੀਆਂ ਦਾ ਫੋਟੋ-ਸਟੇਟ ਚਿਤਰ ਨੰ. 9 ਤੇ ਦਿੱਤਾ ਹੈ। ਇਸ ਬਲਾਕ ਚਿਤਰ ਤੋਂ ਸਪੱਸ਼ਟ ਪ੍ਰਤੀਤ ਹੁੰਦਾ ਹੈ ਕਿ ਸੰਮਤ-ਸੂਚਕ ਪੰਕਤੀ ਦੇ ਸ਼ਬਦਾਂ ਦੀ ਲਿਖਾਵਟ ਬਾਕੀ ਬੀੜ ਦੀ ਲਿਖਾਵਟ ਨਾਲ ਮੇਲ ਨਹੀਂ ਖਾਂਦੀ, ਦੋਹਾਂ ਦੀ ਸਿਆਹੀ ਵਿਚ ਵੀ ਅੰਤਰ ਹੈ। ਉਂਜ ਕਾਗਜ਼, ਹਾਸੀਏ ਦੀ ਬਨਾਵਟ, ਅੱਖਰਾਂ ਦਾ ਸਰੂਪ, ਅੰਤ ਵਿਚ ਦਿੱਤੀ ਸਿਆਹੀ ਦੀ ਵਿੱਧੀ ਆਦਿ ਗੱਲਾਂ ਇਸ ਬੀੜ ਨੂੰ ਲਗ-ਭਗ 225 ਵਰ੍ਹੇ ਦੀ ਪੁਰਾਤਨ ਸਿੱਧ ਕਰਦੀਆਂ ਹਨ। ਕੁਝ ਇਕ ਥਾਵਾਂ ਨੂੰ ਛੱਡ ਕੇ ਬਾਕੀ ਸਾਰੀ ਬੀੜ ਇਕੋ ਹੀ ਲਿਖਾਰੀ ਦੀ ਲਿਖੀ ਹੈ। 'ਵਾਰ ਦੁਰਗਾ ਕੀ' (ਪੱਤਰ 838-842) ਵਿਚ ਹੋਈ ਹੜਤਾਲ ਦੀ ਬਹੁਤ ਜ਼ਿਆਦਾ ਵਰਤੋਂ ਇਹ ਸੰਕੇਤ ਅਵੱਸ਼ ਕਰਦੀ ਹੈ ਕਿ ਲਿਖਾਰੀ ਪੰਜਾਬੀ-ਭਾਸ਼ੀ ਨਹੀਂ; ਨਹੀਂ

---

1. ਇਕ ਨਿਜੀ ਮੁਲਾਕਾਤ (5—12—1959)

Digitized by Panjab Digital Library | www.panjabdigilib.org

ਤਾਂ ਉਹ ਪੰਜਾਬੀ ਬੋਲੀ ਵਾਲੀ ਰਚਨ ਦੀ ਪ੍ਰਤਿ-ਲਿਪੀ ਜਾਂ ਉੱਤਾਰਾ ਕਰਦਿਆਂ ਬਹੁਤ ਜ਼ਿਆਦਾ ਅਸ਼ੁਧੀਆਂ ਨਾ ਕਰਦਾ। 'ਰਾਮਾਵਤਾਰ' ਦਾ ਇਕ ਬਹੁਤ ਵੱਡਾ ਹਿੱਸਾ ਕਿਸੇ ਹੋਰ ਲਿਖਾਰੀ ਦਾ ਲਿਖਿਆ ਹੋਇਆ ਹੈ ਅਤੇ ਇਸ ਸੰਬੰਧੀ ਬੀੜ ਦੀ ਵਿਸ਼ੇ-ਸੂਚੀ ਵਿਚ ਸੰਕੇਤ ਵੀ ਕਰ ਦਿੱਤਾ ਗਿਆ ਹੈ। ਇਸ ਬੀੜ ਦੀ ਜਿਲਦ ਚੰਗੀ ਪੱਕੀ ਹੈ ਅਤੇ ਉਸ ਉਪਰ ਹਰੇ ਰੰਗ ਦੀ ਮਖ਼ਮਲ ਚੜ੍ਹੀ ਹੋਈ ਹੈ। ਪਰ ਵਰਤਮਾਨ ਜਿਲਦ ਇਸ ਦੀ ਮੂਲ ਜਿਲਦ ਨਹੀਂ, ਬਾਦ ਵਿਚ ਸੰਪੂਰਣ ਬੀੜ ਦੇ ਪੁਰਾਣੇ ਪੱਤਰਾਂ ਨੂੰ ਕਾਗ਼ਜ਼ ਦੇ ਬਾਰਡਰ ਲਗਾ ਕੇ ਫਿਰ ਤੋਂ ਜਿਲਦ ਬਧੀ ਗਈ ਹੈ।

ਆਮ ਕਰਕੇ ਇਸ ਬੀੜ ਨੂੰ ਭਾਈ ਮਨੀ ਸਿੰਘ ਵਾਲੀ ਬੀੜ ਆਖਿਆ ਜਾਂਦਾ ਹੈ।[1] ਪਰ ਗਿਆਨੀ ਗਿਆਨ ਸਿੰਘ ਦੇ ਕਥਨ ਦੇ ਆਧਾਰ ਤੇ ਇਹ ਬੀੜ ਭਾਈ ਮਨੀ ਸਿੰਘ ਦੀ ਸਿੱਧ ਨਹੀਂ ਹੁੰਦੀ, ਕਿਉਂਕਿ ਭਾਈ ਮਨੀ ਸਿੰਘ ਦੀ ਬੀੜ ਵਿਚ ਕੇਵਲ 'ਦਸਮ ਗ੍ਰੰਥ' ਵਾਲੀ ਬਾਣੀ ਸੰਕਲਿਤ ਹੈ ਅਤੇ ਅਜਿਹੀ ਬੀੜ ਦਾ ਅੰਤ ਹਕਾਇਤਾਂ ਤੇ ਹੁੰਦਾ ਹੈ।[2] ਵਿਚਾਰ-ਅਧੀਨ ਬੀੜ ਦਾ ਅੰਤ ਭਾਵੇਂ ਹਕਾਇਤਾਂ ਤੇ ਹੋਇਆ ਹੈ, ਪਰ ਇਸ ਵਿਚ ਕੇਵਲ ਦਸਮ ਗ੍ਰੰਥ ਵਾਲੀ ਬਾਣੀ ਹੀ ਨਹੀਂ, ਸਗੋਂ ਗੁਰੂਆਂ ਅਨੁਸਾਰ ਲਗ-ਭਗ ਸਾਰੇ ਬਾਣੀ-ਕਾਰ ਗੁਰੂਆਂ ਅਤੇ ਭਗਤਾਂ ਦੀ ਬਾਣੀ ਵੀ ਦਰਜ ਹੈ। ਇਤਿਹਾਸਿਕ ਤੱਥ ਚਾਹੇ ਕਿਸੇ ਠੋਸ ਨਿਰਣੇ ਤੇ ਨਹੀਂ ਪਹੁੰਚਾਂਦੇ, ਪਰ ਇਸ ਬੀੜ ਦਾ ਇਤਿਹਾਸਿਕ ਮਹੱਤਵ ਨਿਰਵਿਵਾਦ ਹੈ। ਅਧਿਐਨ ਦੀ ਸੁਵਿਧਾ ਲਈ ਇਸ ਬੀੜ ਨੂੰ 'ੳ' ਬੀੜ ਦਾ ਨਾਂ ਦਿੱਤਾ ਹੈ। ਇਸ ਦੇ ਪਹਿਲੇ ਪੰਨੇ ਦਾ ਫ਼ੋਟੋ-ਸਟੇਟ ਚਿਤਰ 2 ਤੇ ਦਿੱਤਾ ਹੈ।

## (ਅ) ਮੋਤੀ ਬਾਗ ਵਾਲੀ ਬੀੜ

3. ਗਿਆਨੀ ਗਿਆਨ ਸਿੰਘ ਨੇ ਇਸ ਬੀੜ ਦੇ ਸੰਬੰਧ ਵਿਚ ਆਪਣੇ ਸਿੱਖ-ਇਤਿਹਾਸ ਵਿਚ ਇੰਜ ਲਿਖਿਆ ਹੈ—

---

1. (1) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 11
   (2) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 41
   (3) ਮਹਾਨ ਕੋਸ਼, ਪੰਨਾ 2846 (ਫ਼ੁਟ-ਨੋਟ)
2. ਸਤ੍ਰਾਂ ਸੈ ਅਠਤ੍ਰੈ ਸਾਲ। ਪੰਥ ਇਕਠਾ ਭਯੋ ਬਿਸਾਲ।
   ... ... ... ...
   ਇਕ ਦਿਨ ਆਗਿਆ ਪੰਥ ਕੀ ਮਨੀ ਸਿੰਘ ਜੀ ਪਾਇ।
   ਬਾਣੀ ਦਸਮੇ ਗੁਰੂ ਕੀ ਸੰਗ੍ਰਹ ਕਰ ਧਰ ਭਾਇ ॥ ੨੦ ॥
   ਏਕ ਜਿਲਦ ਮੈ ਕੀਨੀ ਕਰ ਹੈ। ਤਿਸ ਦਾ ਭੋਗ ਹਕਾਇਤ ਪਰ ਹੈ ॥
   (ਪੰਥ ਪ੍ਰਕਾਸ਼, ਪੰਨਾ 305-6)

Digitized by Panjab Digital Library | www.panjabdigilib.org

ਸੁਖਾ ਸਿੰਘ ਗ੍ਰੰਥੀ ਔਰ। ਰਚੀ ਬੀੜ ਪਟਨੇ ਮੈ ਗੌਰ।
ਆਠਾਰਾ ਸੈ ਬਤੀ ਮਾਂਹੇ। ... ... ...
ਪੁਨਾ ਚੜਤ ਸਿੰਘ ਤਾਕੇ ਪੂਤ। ... ... ...
ਔਹ ਗ੍ਰੰਥ ਇਕ ਵੈਸਾ ਕੀਓ। ਸੋ ਬਾਬੇ ਹਾਕਮ ਸਿੰਘ ਲੀਓ।
ਸੋ ਗੁਰਦੁਆਰੇ ਮੋਤੀ ਬਾਗ। ਹੈ ਅਬ ਹਮਨੇ ਪਿਖਤੋ ਬਿਲਾਗ।

(ਪੰਥ ਪ੍ਰਕਾਸ਼, ਪੰਨਾ 306)

ਇਨ੍ਹਾਂ ਪੰਕਤੀਆਂ ਤੋਂ ਸਪੱਸ਼ਟ ਹੈ ਕਿ ਇਸ ਬੀੜ ਦੇ ਲਿਖੇ ਜਾਣ ਦਾ ਸਮਾਂ 1832 ਬਿ. ਦੇ ਬਾਦ ਦਾ ਹੈ ਅਤੇ ਇਸ ਦਾ ਲਿਖਣ ਵਾਲਾ ਭਾਈ ਸੁਖਾ ਸਿੰਘ, ਗ੍ਰੰਥੀ ਪਟਨੇ ਵਾਲੇ ਦਾ ਪੁੱਤਰ ਚੜਤ ਸਿੰਘ ਹੈ। ਤਦੁਪਰੰਤ ਇਹ ਬੀੜ ਬਾਬਾ ਹਾਕਮ ਸਿੰਘ ਨੇ ਪ੍ਰਾਪਤ ਕੀਤੀ।

ਬੇਦੀ ਨੱਥਾ ਸਿੰਘ (ਉਮਰ 85 ਵਰ੍ਹੇ) ਰਾਘੂ ਮਾਜਰਾ, ਪਟਿਆਲਾ ਨੇ ਇਕ ਮੁਲਾਕਾਤ (ਅਕਤੂਬਰ, 1959) ਵਿਚ ਦਸਿਆ ਹੈ ਕਿ ਉਹ ਬਾਬਾ ਹਾਕਮ ਸਿੰਘ ਦਾ ਵਾਰਿਸ ਹੈ ਅਤੇ ਬਾਬਾ ਹਾਕਮ ਸਿੰਘ ਨੇ ਇਹ ਬੀੜ ਪਟਿਆਲੇ ਦੇ ਮਹਾਰਾਜਾ ਮਹਿੰਦਰ ਸਿੰਘ (1862—1876 ਈ.) ਨੂੰ ਭੇਂਟ ਕੀਤੀ ਸੀ। ਤਦੁਪਰੰਤ ਮਹਾਰਾਜੇ ਨੇ ਇਸ ਬੀੜ ਨੂੰ ਮੋਤੀ ਬਾਗ ਗੁਰਦੁਆਰੇ ਵਿਚ ਸਥਾਪਿਤ ਕਰਵਾ ਦਿੱਤਾ ਅਤੇ ਬਾਬਾ ਹਾਕਮ ਸਿੰਘ ਦਾ 'ਬੰਧਾਨ' ਨਿਸਚਿਤ ਕੀਤਾ, ਜੋ ਉਸ ਤੋਂ ਬਾਦ ਉਸ ਦੇ ਵਾਰਿਸਾਂ ਬਾਬਾ ਰਾਮ ਸਿੰਘ ਅਤੇ ਬੇਦੀ ਨੱਥਾ ਸਿੰਘ ਨੂੰ ਲਗਾਤਾਰ ਮਿਲਦਾ ਰਿਹਾ ਹੈ।[1] ਬੇਦੀ ਨੱਥਾ ਸਿੰਘ ਨੇ ਅਸਾਨੂੰ ਇਹ ਵੀ ਦਸਿਆ ਹੈ ਕਿ ਇਹ ਬੀੜ ਅਸਲ ਵਿਚ ਭਾਈ ਨਾਹਰ ਸਿੰਘ ਨੇ ਚੜਤ ਸਿੰਘ ਤੋਂ ਪ੍ਰਾਪਤ ਕੀਤੀ ਅਤੇ ਫਿਰ ਇਸ ਨੂੰ ਉਹ ਮਹਾਰਾਜਾ ਰਣਜੀਤ ਸਿੰਘ ਪਾਸ ਲੈ ਗਿਆ। ਮਹਾਰਾਜਾ ਸਾਹਿਬ ਨੇ ਭਾਈ ਨਾਹਰ ਸਿੰਘ ਨੂੰ ਇਸ ਬੀੜ ਦਾ ਸਰਪ੍ਰਸਤ ਨਿਯੁਕਤ ਕੀਤਾ ਅਤੇ ਇਸ ਨੂੰ ਆਪਣੇ ਨਿਜੀ ਗੁਰਦੁਆਰੇ ਵਿਚ ਸਥਾਪਿਤ ਕਰਵਾ ਦਿੱਤਾ। ਭਾਈ ਨਾਹਰ ਸਿੰਘ ਨੂੰ ਇਸ ਦੇ ਬਦਲੇ 'ਪੰਡੋਰੀ' ਪਿੰਡ ਵਿਚ 500/- ਰੁਪਏ ਸਲਾਨਾ ਦੀ ਜਗੀਰ ਵੀ ਮਿਲੀ। ਲਾਹੌਰ ਦਰਬਾਰ ਦੀ ਸਮਾਪਤੀ ਤੋਂ ਬਾਦ ਭਾਈ ਨਾਹਰ ਸਿੰਘ ਇਸ ਬੀੜ ਨੂੰ ਆਪਣੇ ਨਾਲ ਘਰ ਲੈ ਆਇਆ ਅਤੇ ਉਸ ਦੇ ਮਰਨ ਪਿੱਛੋਂ ਉਸ ਦੇ ਪੋਤ੍ਰ-ਜਵਾਈ ਬਾਬਾ ਹਾਕਮ ਸਿੰਘ ਨੇ ਇਸ ਬੀੜ ਨੂੰ ਪ੍ਰਾਪਤ ਕੀਤਾ।

ਡਾ. ਤ੍ਰਿਲੋਚਨ ਸਿੰਘ ਨੇ ਇਸ ਬੀੜ ਦਾ ਸੰਕਲਨ-ਕਰਤਾ ਬਾਬਾ ਬਿਨੋਦ ਸਿੰਘ

---

1. ਬੇਦੀ ਨੱਥਾ ਸਿੰਘ ਦੇ ਪੁੱਤਰ ਬੇਦੀ ਹਰਭਜਨ ਸਿੰਘ ਨੇ ਆਪਣੇ ਇਕ ਨਿਜੀ ਦਸਤਾਵੇਜ਼ ਤੋਂ ਇਸ ਵਿਸ ਕਥਨ ਦੀ ਪੁਸ਼ਟੀ ਕੀਤੀ ਹੈ। ਉਸ ਦਸਤਾਵੇਜ਼ ਦਾ ਹਵਾਲਾ-ਅੰਕ ਇਹ ਹੈ—

$\frac{4\text{—A. R.}}{\text{D. M.}}$ dated $\frac{20\text{—}2\text{—}93}{1\text{—}6\text{—}36}$

Digitized by Panjab Digital Library | www.panjabdigilib.org

ਮੰਨਿਆ ਹੈ। ਉਨ੍ਹਾਂ ਦੇ ਇਸ ਕਥਨ ਦਾ ਆਧਾਰ ਭਾਈ ਮਨੀ ਸਿੰਘ ਦੀ ਤਥਾ-ਕਥਿਤ ਚਿੱਠੀ ਵਿਚ ਲਿਖਿਆ 'ਬਿਨੋਦ ਸਿੰਘ' ਨਾਂ ਹੈ।[1] ਅਸਲ ਵਿਚ, ਨਾ ਤਾਂ ਇਹ ਚਿੱਠੀ ਪ੍ਰਮਾਣਿਕ ਹੈ ਅਤੇ ਨਾ ਹੀ ਬਿਨੋਦ ਸਿੰਘ ਦੁਆਰਾ ਇਸ ਬੀੜ ਦਾ ਸੰਕਲਨ ਇਤਿਹਾਸ ਅਨੁਸਾਰ ਹੈ।

ਹੁਣ ਇਹ ਬੀੜ ਮੋਤੀ ਬਾਗ਼ ਗੁਰਦੁਆਰੇ ਦੇ ਉਪਰਲੇ ਗੁੰਬਦ ਵਿਚ ਪਈ ਹੈ। ਇਸ ਵਿਚ 7 'ਖ਼ਾਸ-ਪੱਤਰ' ਵੀ ਸੁਰਖਿਅਤ ਹਨ[2] ਜਿਨ੍ਹਾਂ ਨੂੰ ਦਸਮ ਗੁਰੂ ਦੇ ਸ੍ਵ-ਹੱਥ-ਲਿਖਿਤ ਮੰਨਿਆ ਜਾਂਦਾ ਹੈ। ਕਾਗਜ, ਹਾਸ਼ੀਆ, ਅੱਖਰਾਂ ਦਾ ਸਰੂਪ ਆਦਿ ਗੱਲਾਂ ਇਸ ਬੀੜ ਨੂੰ ਲਗਭਗ 150 ਵਰ੍ਹੇ ਪੁਰਾਣਾ ਸਿੱਧ ਕਰਦੀਆਂ ਹਨ। ਇਸ ਬੀੜ ਦੇ ਲਿਖਾਰੀ ਇਕ ਤੋਂ ਵਧੀਕ ਪ੍ਰਤੀਤ ਹੁੰਦੇ ਹਨ। ਇਸ ਦੀ ਲਿਖਾਵਟ 'ੳ' ਬੀੜ ਵਾਂਗ ਸੁੰਦਰ ਨਹੀਂ। ਇਸ ਵਿਚ ਸਿਆਹੀ ਦੀ ਵਿਧੀ ਵੀ ਨਹੀਂ ਦਿੱਤੀ ਹੋਈ। ਇਸ ਦੀ ਜਿਲਦ ਕਾਫ਼ੀ ਮਜਬੂਤ ਹੈ ਅਤੇ ਉਪਰ ਹਰੇ ਰੰਗ ਦੀ ਮਖਮਲ ਚੜ੍ਹੀ ਹੋਈ ਹੈ। ਇਹ ਬੀੜ ਚੰਗੀ ਹਾਲਤ ਵਿਚ ਹੈ। ਸੁਵਿਧਾ ਲਈ ਇਸ ਬੀੜ ਨੂੰ 'ਅ' ਨਾਂ ਦਿੱਤਾ ਹੈ। ਇਸ ਦੇ ਪਹਿਲੇ ਪੰਨੇ ਦਾ ਫੋਟੋ-ਸਟੇਟ ਚਿਤਰ 6 ਤੇ ਦਿੱਤਾ ਹੈ।

## (ੲ) ਸੰਗਰੂਰ ਵਾਲੀ ਬੀੜ

4. ਇਹ ਬੀੜ ਗੁਰਦੁਆਰਾ ਡਿਉਢੀ ਸਾਹਿਬ, ਦੀਵਾਨ ਖਾਨਾ, ਸੰਗਰੂਰ (ਹੁਣ ਦਫ਼ਤਰ ਡਿਪਟੀ ਕਮਿਸ਼ਨਰ) ਵਿਚ ਸਥਾਪਿਤ ਹੈ। ਗ੍ਰੰਥੀ ਭਾਈ ਨੰਦਨ ਸਿੰਘ ਹੋਰਾਂ ਨੇ ਦਸਿਆ ਹੈ ਕਿ ਜੀਂਦ-ਪਤੀ ਰਾਜਾ ਸਰੂਪ ਸਿੰਘ (1837—1864 ਈ.) ਸਨ 1857 ਈ. ਦੇ ਗ਼ਦਰ ਵੇਲੇ ਅੰਗ੍ਰੇਜ਼ੀ ਸਰਕਾਰ ਦੇ ਸਹਾਇਕ ਰੂਪ ਵਿਚ ਦਿੱਲੀ ਗਏ ਸਨ। ਜਦ ਦਿੱਲੀ ਜਿਤੀ ਗਈ ਤਾਂ ਉਸ ਵੇਲੇ ਇਕ ਪਠਾਣ ਨੇ ਰਾਜਾ ਸਾਹਿਬ ਨੂੰ 1 ਗੁਰਜ਼, 1 ਖੜਗ, 1 ਕਟਾਰ ਅਤੇ ਦੋ ਗ੍ਰੰਥ ਭੇਂਟ ਕੀਤੇ।

ਗ੍ਰੰਥਾਂ ਵਿਚੋਂ ਇਕ 'ਆਦਿ ਗ੍ਰੰਥ' ਦੀ ਬੀੜ ਸੀ, ਜਿਸ ਨੂੰ ਗੁਰਦੁਆਰਾ ਗੁਰੂ ਤੇਗ ਬਹਾਦੁਰ, ਜੀਂਦ ਨਗਰ ਵਿਚ ਸਥਾਪਿਤ ਕਰਵਾਇਆ ਗਿਆ, ਪਰ ਲਾਪਰਵਾਹੀ ਕਰਕੇ ਉਸ ਨੂੰ ਦੀਮਕ ਲਗ ਗਈ ਅਤੇ ਅੰਤ ਵਿਚ ਉਸ ਨੂੰ ਨਦੀ ਵਿਚ ਪ੍ਰਵਾਹਿਤ ਕਰ ਦਿੱਤਾ ਗਿਆ। ਦੂਜਾ ਗ੍ਰੰਥ 'ਦਸਮ ਗ੍ਰੰਥ' ਦੀ ਬੀੜ ਸੀ, ਜਿਸ ਨੂੰ ਰਾਜਾ ਸਾਹਿਬ ਨੇ ਸੰਗਰੂਰ ਦੀਵਾਨ-ਖਾਨੇ ਦੇ ਗੁਰਦੁਆਰੇ ਵਿਚ ਸਥਾਪਿਤ ਕਰਵਾਇਆ ਅਤੇ ਜੋ ਹੁਣ ਤਕ ਉਥੇ ਮੌਜੂਦ ਹੈ। ਇਹ ਦੋਵੇਂ ਗ੍ਰੰਥ ਅਸਲ ਵਿਚ ਇਕ ਵੱਡੇ ਗ੍ਰੰਥ ਦੇ ਦੋ ਹਿੱਸੇ ਸਨ। ਪਹਿਲੇ

---

1. ਸਿੱਖ ਰਿਵੀਊ (ਤ੍ਰਿਲੋਚਨ ਸਿੰਘ), ਅਪ੍ਰੈਲ, 1955, ਪੰਨਾ 58—59
2. ਡਾ. ਤ੍ਰਿਲੋਚਨ ਸਿੰਘ ਨੇ ਇਨ੍ਹਾਂ ਪੱਤਰਾਂ ਦੀ ਸੰਖਿਆ 28 ਮੰਨੀ ਹੈ, ਜੋ ਬਿਲਕੁਲ ਗ਼ਲਤ ਹੈ। (ਸਿੱਖ ਰਿਵੀਊ, ਅਪ੍ਰੈਲ, 1955, ਪੰਨਾ 58)

Digitized by Panjab Digital Library | www.panjabdigilib.org

ਹਿੱਸੇ ਦੀ ਪੰਨਾ-ਸੰਖਿਆ ਅੰਕ 1 ਤੋਂ 600 ਤਕ ਅਤੇ ਦੂਜੇ ਦਾ 601 ਤੋਂ 1166 ਤਕ ਹੈ। ਦੂਜੇ ਹਿੱਸੇ ਦਾ ਆਪਣਾ ਸੁਤੰਤਰ ਸੰਖਿਆ-ਅੰਕ (1 ਤੋਂ 565 ਤਕ) ਵੀ ਚਲਦਾ ਹੈ।

ਕਾਗਜ, ਜਿਲਦ, ਅੱਖਰਾਂ ਅਤੇ ਮਾਤ੍ਰਾਵਾਂ ਦੀ ਬਨਾਵਟ ਆਦਿ ਤੱਥ ਇਸ ਬੀੜ ਨੂੰ 180 ਵਰ੍ਹੇ ਪ੍ਰਾਚੀਨ ਸਿੱਧ ਕਰਦੇ ਹਨ। ਲਗਭਗ ਹਰ ਇਕ ਬਾਣੀ ਦੇ ਆਰੰਭਿਕ ਅਤੇ ਅੰਤਿਮ ਪੰਨੇ ਉਤੇ ਸੁੰਦਰ ਚਿਤਰਕਾਰੀ ਕੀਤੀ ਹੋਈ ਹੈ। ਇਸ ਦੇ ਪੰਨਿਆਂ ਦਾ ਹਾਸ਼ੀਆ ਕਰੀਬ ਇਕ ਇੰਚ ਚੌੜਾ ਹੈ ਅਤੇ ਉਸ ਵਿਚ ਭਿੰਨ ਭਿੰਨ ਰੰਗਾਂ ਵਾਲੀਆਂ ਵੇਲਾਂ ਬਣੀਆਂ ਹੋਈਆਂ ਹਨ। ਹਰ ਪੱਤਰੇ ਤੇ ਵੇਲ ਦਾ ਸਰੂਪ ਬਦਲਦਾ ਹੈ। ਇਸ ਦੀ ਜਿਲਦ ਬਹੁਤ ਪੁਰਾਣੀ ਅਤੇ ਲਕੜੀ ਤੇ ਚਮੜੇ ਦੀ ਬਣੀ ਹੋਈ ਹੈ। ਟੁਟ ਜਾਣ ਤੇ ਇਸਨੂੰ ਫਿਰ ਤੋਂ ਲੋਹੇ ਦੀਆਂ ਪਤਰੀਆਂ ਲਗਾ ਕੇ ਠੀਕ ਕੀਤਾ ਗਿਆ ਹੈ। ਇਹ ਬੀੜ ਚੰਗੀ ਹਾਲਤ ਵਿਚ ਹੈ।

ਡਾ. ਧਰਮ ਪਾਲ ਆਸ਼ਟਾ ਅਨੁਸਾਰ ਇਹ ਬੀੜ ਭਾਈ ਸੀਹਾਂ ਸਿੰਘ ਨੇ ਮਾਤਾ ਸੁੰਦਰੀ ਦੀ ਨਿਗਰਾਨੀ ਵਿਚ ਦਿੱਲੀ ਤਿਆਰ ਕੀਤੀ ਸੀ ਅਤੇ ਇਸ ਵਿਚ ਸੰਕਲਿਤ ਬਾਣੀਆਂ ਭਾਈ ਮਨੀ ਸਿੰਘ ਨੇ ਝੰਡਾ ਸਿੰਘ ਰਾਹੀਂ ਘਲੀਆਂ ਸਨ। ਇਹ ਬੀੜ ਅਤੇ ਭਾਈ ਮਨੀ ਸਿੰਘ ਵਾਲੀ ਬੀੜ, ਦੋਵੇਂ ਪਰਸਪਰ ਸਮਾਨ ਹਨ ਅਤੇ ਇਨ੍ਹਾਂ ਦੋਵਾਂ ਦੀ ਪੰਨਾ-ਸੰਖਿਆ 'ਆਦਿ ਗ੍ਰੰਥ' ਤੋਂ ਸ਼ੁਰੂ ਹੁੰਦੀ ਹੈ।[1] ਡਾ. ਸਾਹਿਬ ਦੇ ਇਸ ਕਥਨ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ, ਕਿਉਂਕਿ—

1. ਭਾਈ ਮਨੀ ਸਿੰਘ ਦੀ ਜਿਸ ਚਿੱਠੀ ਨੂੰ ਆਧਾਰ ਬਣਾ ਕੇ ਇਹ ਕਲਪਨਾ ਕੀਤੀ ਗਈ ਹੈ, ਉਹ ਚਿੱਠੀ ਅਸਲ ਵਿਚ ਅਪ੍ਰਮਾਣਿਕ ਹੈ।[2]

2. ਇਸ ਬੀੜ ਦੀ 'ੳ' ਬੀੜ ਨਾਲ ਕੁਝ ਵੀ ਸਮਾਨਤਾ ਨਹੀਂ ਹੈ। 'ੳ' ਬੀੜ 'ਆਦਿ ਗ੍ਰੰਥ' ਅਤੇ 'ਦਸਮ ਗ੍ਰੰਥ' ਦੋਹਾਂ ਦਾ ਮਿਲਵਾਂ ਰੂਪ ਹੈ ਅਤੇ ਬਾਣੀ ਰਾਗਾਨੁਸਾਰ ਨਹੀਂ; ਸਗੋਂ ਗੁਰੂ-ਅਨੁਸਾਰ ਹੈ। ਭਗਤ ਬਾਣੀ ਅੰਤ ਉਤੇ ਦਿੱਤੀ ਹੈ। ਪਰ ਵਿਚਾਰਾਧੀਨ ਬੀੜ ਵਿਚ ਕੇਵਲ 'ਦਸਮ ਗ੍ਰੰਥ' ਵਾਲੀ ਬਾਣੀ ਹੈ ਅਤੇ ਇਸ ਦਾ ਪਹਿਲਾ ਹਿੱਸਾ ਆਪਣੇ ਆਪ ਵਿਚ ਇਕ ਸੁਤੰਤਰ ਗ੍ਰੰਥ ਅਰਥਾਤ 'ਆਦਿ ਗ੍ਰੰਥ' ਕਿਹਾ ਜਾਂਦਾ ਹੈ। ਜੇ ਸੰਗਰੂਰ ਵਾਲੀਆਂ ਦੋਹਾਂ ਬੀੜਾਂ ਦਾ 'ੳ' ਬੀੜ ਦੇ ਸਮਾਨ ਸੂਚੀ-ਕ੍ਰਮ ਹੁੰਦਾ ਤਾਂ ਭਗਤ-ਬਾਣੀ ਉਪਲਬਧ ਦੂਜੇ ਹਿੱਸੇ ਵਾਲੀ ਬੀੜ ਦੇ ਅੰਤ ਉਤੇ ਆਣੀ ਚਾਹੀਦੀ ਸੀ; ਜੋ ਨਹੀਂ ਹੈ।

---

1. ਦੀ ਪੋਇਟ੍ਰੀ ਆਫ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 7
2. ਵੇਖੋ, ਪ੍ਰਕਰਣ 2, ਪੰਨਾ 9

Digitized by Panjab Digital Library | www.panjabdigilib.org

(3) ਇਸ ਬੀੜ ਵਿਚ ਸੰਕਲਿਤ 'ਦਸਮ ਗ੍ਰੰਥ' ਵਾਲੀ ਬਾਣੀ ਦਾ ਕ੍ਰਮ ਵੀ 'ੳ' ਬੀੜ ਵਿਚਲੀ 'ਦਸਮ ਗ੍ਰੰਥ' ਵਾਲੀ ਬਾਣੀ ਨਾਲ ਮੇਲ ਨਹੀਂ ਖਾਂਦਾ। 'ਕ੍ਰਿਸ਼ਨਾਵਤਾਰ' ਦੀ ਵਿਲੱਖਣਤਾ; ਪਾਰਸ ਨਾਥ, ਵਾਰ ਦੁਰਗਾ ਕੀ, ਚੰਡੀ ਚਰਿਤ੍ਰ (ਦੂਜਾ) ਆਦਿ ਬਾਣੀਆਂ ਦਾ ਇਸ ਵਿਚ ਉਕਾ ਹੀ ਨ ਹੋਣਾ; ਦੱਤਾਵਤਾਰ ਦਾ ਅਪੂਰਣ ਹੋਣਾ; ਅਤੇ ਸੰਸਾਹਰ ਸੁਖਮਨਾ, ਵਾਰ ਮਾਲਕੌਂਸ ਕੀ, ਛੱਕਾ ਭਗੌਤੀ ਜੀ ਕਾ, ਅਸਫੋਟਕ ਕਬਿੱਤ ਆਦਿ ਬਾਣੀਆਂ ਦਾ ਇਸ ਬੀੜ ਵਿਚ 'ੳ' ਬੀੜ ਤੋਂ ਵਧੀਕ ਹੋਣਾ—ਇਹ ਤੱਥ ਇਸ ਬੀੜ ਨੂੰ 'ੳ' ਬੀੜ ਤੋਂ ਇਕਦਮ ਭਿੰਨ ਸਿੱਧ ਕਰਦੇ ਹਨ।[1]

ਫਲਸਰੂਪ, ਡਾ. ਅਸ਼ਟਾ ਦਾ ਕਥਨ ਭ੍ਰਾਂਤੀਪੂਰਣ ਅਤੇ ਮੂਲ ਤੱਥਾਂ ਦੇ ਉਲਟ ਹੈ। ਇਸ ਬੀੜ ਦਾ ਉੱਲੇਖ ਇਤਿਹਾਸ ਵਿਚ ਨਹੀਂ ਮਿਲਦਾ। ਅਧਿਐਨ ਦੀ ਸੁਵਿਧਾ ਲਈ ਇਸ ਬੀੜ ਨੂੰ 'ਏ' ਨਾਂ ਦਿੱਤਾ ਹੈ। ਇਸ ਦੇ ਪਹਿਲੇ ਪੰਨੇ ਦਾ ਫੋਟੋ-ਸਟੇਟ ਚਿਤਰ 7 ਤੇ ਦਿੱਤਾ ਹੈ।

## (ਸ) ਪਟਨੇ ਵਾਲੀ ਬੀੜ

5. ਇਹ ਬੀੜ ਗੁਰਦੁਆਰਾ ਜਨਮ-ਸਥਾਨ, ਪਟਨਾ (ਬਿਹਾਰ) ਦੇ ਤੋਸ਼ਾ-ਖਾਨੇ ਵਿਚ ਸੁਰਖਿਅਤ ਹੈ। ਉੱਥੇ 'ਦਸਮ ਗ੍ਰੰਥ' ਦੀਆਂ ਕਈ ਬੀੜਾਂ ਪਈਆਂ ਹਨ, ਉਨ੍ਹਾਂ ਵਿਚੋਂ ਦੋ ਜ਼ਿਆਦਾ ਪ੍ਰਾਚੀਨ ਹਨ। ਪਰ ਉਨ੍ਹਾਂ ਦੋਹਾਂ ਦੇ ਲਿਖੇ ਜਾਣ ਦਾ ਸਮਾਂ ਗਿਆਤ ਨਹੀਂ ਹੈ। ਇਕ ਬੀੜ ਸਾਧਾਰਣ ਢੰਗ ਨਾਲ ਲਿਖੀ ਹੋਈ ਹੈ (ਇਸ ਦੇ ਕੇਵਲ ਪਹਿਲੇ ਪੰਨੇ ਅੰਕ 21 ਉੱਤੇ ਇਕ ਵੇਲ ਬਣੀ ਹੋਈ ਹੈ) ਅਤੇ ਦੂਜੀ ਬੀੜ ਦੀ ਹਰ ਇਕ ਕ੍ਰਿਤੀ ਦੇ ਆਰੰਭਿਕ ਪੱਤਰੇ ਚਿਤਰਮਈ ਹਨ। ਦੋਵੇਂ ਲਗ-ਭਗ ਸਮਕਾਲੀ ਹਨ, ਪਰ ਇਤਿਹਾਸਿਕ ਮਹੱਤਵ ਸਾਧਾਰਣ ਢੰਗ ਨਾਲ ਲਿਖੀ ਬੀੜ ਦਾ ਅਧਿਕ ਹੈ, ਕਿਉਂਕਿ ਇਸ ਬੀੜ ਵਿਚ ਖ਼ਾਸ-ਪੱਤਰਾਂ ਦੇ ਉੱਤਾਰੇ ਦੂਜੀ ਬੀੜ ਨਾਲੋਂ ਜ਼ਿਆਦਾ ਸੰਗ੍ਰਹਿਤ ਹਨ। ਦੂਜੀ ਬੀੜ ਨਾਲੋਂ ਇਸ ਵਿਚ ਕੁਝ ਕੁ ਜ਼ਿਆਦਾ ਬਾਣੀਆਂ ਦਰਜ ਹਨ, ਅਤੇ ਕਰਤ੍ਰਿਤਵ ਸੂਚਕ ਕੁਝ ਸੰਕੇਤ ਵੀ ਮਿਲਦੇ ਹਨ। ਇਸ ਬੀੜ ਦਾ ਪਿੱਛਲਾ ਇਤਿਹਾਸ ਉੱਥੇ ਕਿਸੇ ਨੂੰ ਵੀ ਗਿਆਤ ਨਹੀਂ ਹੈ। ਇਸ ਨੂੰ 'ਖ਼ਾਸ ਬੀੜ' (ਪਟਣਈ ਬੀੜ, ਜਿਸ ਨੂੰ ਗਿਆਨੀ ਗਿਆਨ ਸਿੰਘ ਅਨੁਸਾਰ ਭਾਈ ਸੁਖਾ ਸਿੰਘ ਨੇ ਤਿਆਰ ਕੀਤਾ ਸੀ)[2] ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਗਿਆਨੀ ਹੋਰਾਂ ਦੇ ਦਸੇ ਸੰਕੇਤਾਂ ਨਾਲ ਇਹ ਮੇਲ ਨਹੀਂ ਖਾਂਦੀ।

ਇਸ ਬੀੜ ਦੇ ਕੁਲ 713 ਪੱਤਰੇ ਹਨ। ਸ਼ੁਰੂ ਵਿਚ ਦੋ ਪੱਤਰੇ ਅੰਕ ਰਹਿਤ

1. ਵਿਸਤਾਰ ਲਈ ਵੇਖੋ ਪਰਿਸ਼ਿਸ਼ਟ 4
2. ਪੰਥ ਪ੍ਰਕਾਸ਼, ਪੰਨਾ 306

Digitized by Panjab Digital Library | www.panjabdigilib.org

ਹਨ । ਪੱਤਰ ਅੰਕ 1 ਤੋਂ 19 ਤਕ ਸੰਖਿਪਤ ਅਤੇ ਵਿਸਤ੍ਰਿਤ, ਦੋ ਤਰ੍ਹਾਂ ਦਾ ਤੱਤਕਰਾ ਦਿੱਤਾ ਹੈ । ਪੱਤਰ ਅੰਕ 20 ਖਾਲੀ ਹੈ ਅਤੇ ਪੱਤਰ ਅੰਕ 21 ਤੋਂ 'ਜਾਪੁ' ਦਾ ਪਾਠ ਸ਼ੁਰੂ ਹੁੰਦਾ ਹੈ,। ਇਸ ਬੀੜ ਦਾ ਪੱਤਰ ਅੰਕ 370 ਖਾਲੀ ਹੈ ਅਤੇ ਅੰਤ ਵਿਚ ਵੀ 4/5 ਅੰਕ-ਰਹਿਤ ਖਾਲੀ ਪੱਤਰੇ ਹਨ । ਜਿਲਦ ਦੇ ਬਾਹਰ ਵਾਲਾ ਕਪੜਾ ਪੀਲਾ-ਮਿਟੀਆਲਾ ਅਤੇ ਅੰਦਰ ਵਾਲਾ ਲਾਲ ਬੂਟੀ-ਦਾਰ ਹੈ । ਇਸ ਵਿਚ ਆਰੰਭਿਕ ਉਕਤੀਆਂ, ਪੁਸ਼ਪਿਕਾਵਾਂ ਅਤੇ ਛੰਦਾਂ ਦੇ ਸੰਖਿਅਕ ਅੰਕ ਲਾਲ ਸਿਆਹੀ ਨਾਲ ਦਿੱਤੇ ਹਨ । ਹੜਤਾਲ ਦੀ ਵਰਤੋਂ ਬਹੁਤ ਘਟ ਹੋਈ ਹੈ । ਉਪਰ ਹੇਠਾਂ ਹਾਸ਼ੀਏ ਦੀਆਂ ਲਕੀਰਾਂ ਲਗੀਆਂ ਹੋਈਆਂ ਨਹੀਂ ਹਨ, ਹਾਂ ਹਾਸ਼ੀਏ ਲਈ ਖ਼ਾਲੀ ਥਾਂ ਜ਼ਰੂਰ ਛੱਡੀ ਗਈ ਹੈ । ਸਜੇ ਅਤੇ ਖਬੇ ਚਾਰ ਲਕੀਰੀ ਹਾਸ਼ੀਆ ਲਗਿਆ ਹੈ, ਬਾਹਰ ਦੀਆਂ ਦੋਵੇਂ ਲਕੀਰਾਂ ਲਾਲ ਹਨ, ਅੰਦਰ ਦੀਆਂ ਨੀਲੀਆਂ ; ਕਾਗਜ਼ ਵੀ ਪੁਰਾਣਾ ਹੈ । ਇਸ ਬੀੜ ਦੀ ਲਿਪੀ ਦਾ ਸਰੂਪ ਅਤੇ ਕਾਗਜ਼ ਦੀ ਆਯੂ ਇਸ ਨੂੰ 150 ਵਰ੍ਹੇ ਪੁਰਾਣਾ ਸਿੱਧ ਕਰਦੇ ਹਨ । ਇਹ ਬੀੜ ਇਕੋ ਲਿਖਾਰੀ ਦੀ ਲਿਖੀ ਹੋਈ ਹੈ । ਇਸ ਨੂੰ ਅਧਿਐਨ ਦੀ ਸੁਵਿਧਾ ਲਈ 'ਸ' ਨਾਂ ਦਿੱਤਾ ਹੈ । ਇਸ ਦੇ ਪਹਿਲੇ ਪੰਨੇ ਦਾ ਫੋਟੋ-ਸਟੇਟ ਚਿਤਰ 8 ਤੇ ਦਿੱਤਾ ਹੈ ।

6. ਭਾਈ ਰਣਧੀਰ ਸਿੰਘ ਨੇ 'ਖ਼ਾਸ ਬੀੜ' ਦੇ ਜਿਸ ਉਤਾਰੇ ਦਾ ਜ਼ਿਕਰ ਆਪਣੀ ਪੁਸਤਕ ਵਿਚ ਕੀਤਾ ਹੈ,[1] ਯਤਨ ਕਰਨ ਤੇ ਵੀ 'ਅਕਾਲ ਤਖ਼ਤ' ਤੋਂ ਉਹ ਬੀੜ ਪ੍ਰਾਪਤ ਨਹੀਂ ਹੋ ਸਕੀ । ਤਾਂ ਵੀ ਪ੍ਰਾਚੀਨ ਬੀੜਾਂ ਦੀ ਇਤਨੀ ਵਾਕਫ਼ੀ ਕਾਫ਼ੀ ਹੋਵੇਗੀ । ਇਨ੍ਹਾਂ ਦਾ ਤੁਲਨਾਤਮਕ ਅਧਿਐਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ—

(1) ਬਾਣੀਆਂ ਦੀ ਸੰਖਿਆ ਅਤੇ ਕ੍ਰਮ,
(2) ਛੰਦਾਂ ਦੀ ਸੰਖਿਆ,
(3) ਮੰਗਲਿਕ ਅਤੇ ਕਰਤ੍ਰਿਤਵ-ਸੂਚਕ ਉਕਤੀਆਂ,
(4) ਪਾਠਾਂਤਰ ਆਦਿ ।

## (1) ਬਾਣੀਆਂ ਦੀ ਸੰਖਿਆ ਅਤੇ ਕ੍ਰਮ

7. ਪ੍ਰਾਚੀਨ ਬੀੜਾਂ ਵਿਚ ਸੰਗ੍ਰਹਿਤ ਕ੍ਰਿਤੀਆਂ ਦੀ ਸੰਖਿਆ ਅਤੇ ਕ੍ਰਮ ਦੀ 'ਤੁਲਨਾਤਮਕ ਤਾਲਿਕਾ' ਪਰਿਸ਼ਿਸ਼ਟ 4 ਵਿਚ ਦਿੱਤੀ ਹੈ । ਉਸ ਤਾਲਿਕਾ ਦਾ ਅਧਿਐਨ ਇਸ ਨਿਰਣੇ ਤੇ ਪਹੁੰਚਾਂਦਾ ਹੈ ਕਿ ਦਸਮ ਗ੍ਰੰਥ ਦੀਆਂ ਪ੍ਰਾਚੀਨਤਮ ਅਤੇ ਇਤਿਹਾਸਿਕ ਬੀੜਾਂ ਵਿਚ ਬਾਣੀਆਂ ਦਾ ਕ੍ਰਮ ਅਤੇ ਸੰਖਿਆ ਸਮਾਨ ਨਹੀਂ ਹੈ । ਅਜਿਹੀ ਹਾਲਤ ਵਿਚ ਇਹ ਦ੍ਰਿੜ੍ਹਤਾ ਪੂਰਵਕ ਕਿਹਾ ਜਾ ਸਕਦਾ ਹੈ ਕਿ ਉਪਲਬਧ 'ਦਸਮ ਗ੍ਰੰਥ' ਦਾ

1. ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ, ਪੰਨਾ 44—45

Digitized by Panjab Digital Library | www.panjabdigilib.org

ਭਿੰਨ-ਭਿੰਨ ਸੰਕਲਨ ਦਾ ਗੁਰੂ ਦੇ ਸਮੇਂ ਨਹੀਂ ਹੋਇਆ ਸੀ, ਨਹੀਂ ਤਾਂ ਇਤਨੀਆਂ ਅਸਮਾਨਤਾਵਾਂ ਨਾ ਹੁੰਦੀਆਂ। ਅਸਲ ਵਿਚ, ਦਸਮ ਗੁਰੂ ਦੇ ਦਰਬਾਰ ਵਿਚ ਜੋ ਕਾਵਿ-ਕ੍ਰਿਤੀਆਂ ਰਚੀਆਂ ਗਈਆਂ ਸਨ, ਉਨ੍ਹਾਂ ਵਿਚੋਂ ਜਿਨ੍ਹਾਂ ਦੇ ਉੱਤਾਰੇ ਗੁਰੂ ਜੀ ਦੇ ਜੋਤਿ-ਜੋਤ ਸਮਾਉਣ ਤੋਂ ਉਪਰੰਤ ਜਿਵੇਂ ਜਿਵੇਂ ਪ੍ਰਾਪਤ ਹੁੰਦੇ ਗਏ, ਉਨ੍ਹਾਂ ਨੂੰ ਵੱਖ ਵੱਖ ਸੰਕਲਨ-ਕਰਤਿਆਂ ਨੇ ਆਪਣੀ ਆਪਣੀ ਰੁਚੀ ਅਨੁਸਾਰ ਵੱਖ ਵੱਖ ਕ੍ਰਮ ਬੰਨ੍ਹ ਕੇ ਬੀੜਾਂ ਵਿਚ ਸੰਕਲਿਤ ਕਰ ਦਿੱਤਾ। ਸੰਕਲਿਤ ਬਾਣੀਆਂ ਵਿਚੋਂ ਕੁਝ ਅਜਿਹੀਆਂ ਵੀ ਹਨ, (ਜਿਵੇਂ 'ਹ' ਅਤੇ 'ਸ' ਬੀੜਾਂ ਦੀਆਂ ਵਾਧੂ ਬਾਣੀਆਂ) ਜਿਨ੍ਹਾਂ ਦਾ ਗੁਰੂ-ਦਰਬਾਰ ਨਾਲ ਕੋਈ ਸੰਬੰਧ ਹੀ ਨਹੀਂ ਸੀ ਅਤੇ ਜੋ ਪਰਵਰਤੀ ਕਵੀਆਂ ਦੀਆਂ ਰਚਨਾਵਾਂ ਹਨ।

8. ਵੱਖ ਵੱਖ ਬੀੜਾਂ ਵਿਚ ਦਰਜ ਬਾਣੀਆਂ ਦੀ ਛੰਦ-ਸੰਖਿਆ ਦਾ ਤੁਲਨਾਤਮਕ ਅਧਿਐਨ ਵੀ ਇਸ ਗ੍ਰੰਥ ਦੇ ਕਰਤ੍ਰਿਤਵ ਤੇ ਕਈ ਪੱਖਾਂ ਤੋਂ ਪ੍ਰਕਾਸ਼ ਪਾਂਦਾ ਹੈ। ਅਜਿਹੀ ਤੁਲਨਾਤਮਕ ਤਾਲਿਕਾ ਪੰਨਾ 100-101 ਉਪਰ ਦਿੱਤੀ ਹੈ ਅਤੇ ਤਦੁਪਰੰਤ ਪੈਰਾ 9 ਦੇ 10 ਪਰਿਛੇਦਾਂ ਵਿਚ ਆਵੱਸ਼ਕ ਟਿੱਪਣੀ ਦੇ ਕੇ ਵਸਤੂ-ਸਥਿਤੀ ਦਾ ਯਥਾਰਥ ਬੋਧ ਕਰਾਇਆ ਹੈ।

Digitized by Panjab Digital Library | www.panjabdigilib.org

## (2) ਬਾਣੀਆਂ ਦੀ ਛੰਦ-ਸੰਖਿਆ : ਤੁਲਨਾਤਮਕ-ਤਾਲਿਕਾ

| ਕ੍ਰਮਾਂਕ | ਬਾਣੀ | ਪ੍ਰਕਾਸ਼ਿਤ ਬੀੜ | 'ੳ' ਬੀੜ | 'ਅ' ਬੀੜ | 'ੲ' ਬੀੜ | 'ਸ' ਬੀੜ |
|---|---|---|---|---|---|---|
| 1 | 2 | 3 | 4 | 5 | 6 | 7 |
| 1. | ਜਾਪੁ | 198 | 198 | 198 | 198 | 199 |
| 2. | ਅਕਾਲ ਉਸਤਤਿ | 271½ | 271½ | 271½ | 270½ | 272 (200—471) |
| 3. | ਬਚਿਤ੍ਰ ਨਾਟਕ | 471 | 471 | 471 | 471 | 471 (504—974) |
| 4. | ਚੰਡੀ-ਚਰਿਤ੍ਰ (ਉਕਤਿ ਬਿਲਾਸ)[1] | 233 | 233 | 233 | 233 | 233 (3954—4186) |
| 5. | ਚੰਡੀ-ਚਰਿਤ੍ਰ (ਦੂਜਾ) | 262 | 262 | 262 | — | 262 (6129—6390) |
| 6. | ਵਾਰ ਦੁਰਗਾ ਕੀ | 55 | 55 | 55 | — | 55 |
| 7. | ਗਿਆਨ ਪ੍ਰਬੋਧ[2] | 336 | 335½ | 336 | 336 | 336 (5793—6128) |
| 8. | (1) ਚੌਬੀਸ ਅਵਤਾਰ[3] | ਅਫਜੂ ਨਹੀਂ ਹੈ | ਅਫਜੂ 1382 | ਅਫਜੂ 1383 | ਅਫਜੂ ਨਹੀਂ ਹੈ | ਅਫਜੂ ਸੰਬੰਧੀ ਬਹੁਤ ਹੇਰ-ਫੇਰ ਹੈ। ਉਂਜ ਪਾਠ ਪ੍ਰਕਾਸ਼ਿਤ ਬੀੜ ਅਨੁਸਾਰ ਹੀ ਹੈ, ਕੇਵਲ 'ਕ੍ਰਿਸ਼ਨਾਵਤਾਰ' ਵਿਚ ਅੰਤਰ ਹੈ, ਜਿਸਦਾ ਵਿਸਤਾਰ ਸਹਿਤ ਵਿਵਰਣ ਇਸੇ ਪ੍ਰਕਾਸ਼ ਵਿਚ ਪੈਰਾ 9 (5) ਤੇ ਦਿੱਤਾ ਹੈ। |
| | (2) ਰਾਮਾਵਤਾਰ[4] | 864 | 860 | 865 | 863 | |
| | (3) ਕ੍ਰਿਸ਼ਨਾਵਤਾਰ[5] | 2492 | 2447 | 2451 | 2559 | |
| | (4) 22ਵਾਂ ਤੇ 23ਵਾਂ ਅਵਤਾਰ | 10 | 10 | 10 | 10 | |
| | (5) ਕਲਕੀ | 588 | 588 | 588 | 588 | |
| | (6) ਮੀਰ-ਮਹਿਦੀ | 11 | 11 | 11 | 11 | |
| 9. | ਬ੍ਰਹਮਾ-ਅਵਤਾਰ[6] | 323 | 343 | 343 | 343 | |

Digitized by Panjab Digital Library | www.panjabdigilib.org

| 1 | 2 | 3 | 4 | 5 | 6 | | 7 |
|---|---|---|---|---|---|---|---|
| 10. | (1) ਰੁਦ੍ਰ ਅਵਤਾਰ (ਦੱਤ)[7] | 498 | 494 | 494 | 368 | 495 | (6684—7178) |
| | (2) ,, ,, (ਪਾਰਸਨਾਥ) | 358 | 358 | 358 | — | 390 | (7179—7568) |
| 11. | ਸਵੈਯੇ ੩੩[8] | 33 | — | 33 | 33 | 32 | (472—503) |
| 12. | (1) ਸ਼ਬਦ-ਹਜ਼ਾਰੇ | 10 | — | 11 | 10 | 9+2 | |
| | (2) ਸਦ | — | ਬਾਦ ਵਿਚ ਦਿੱਤਾ ਹੈ | 1 | — | — | |
| 13. | ਖਾਲਸਾ-ਮਹਿਮਾ | 4 | — | — | — | — | |
| 14. | ਸ਼ਸਤ੍ਰ ਨਾਮ ਮਾਲਾ | 1318 | 1318 | 1318 | 1318 | 1318 | (138—1455) |
| 15. | ਚਰਿਤ੍ਰੋਪਾਖਿਆਨ[9] | 7555 | 7560 | 7537 | 7530 | 7537 | |
| 16. | ਜ਼ਫ਼ਰ-ਨਾਮਾ[10] | ਯੋਗ ਅੰਕ ਕਿਸੇ ਵੀ ਬੀੜ ਵਿਚ ਨਹੀਂ ਦਿੱਤਾ ਹੋਇਆ। | | | | | |
| 17. | ਅਸਫੋਟਕ ਕਬਿਤ | — | — | 54 | 56 ਅਸਪੱਸ਼ਟ | 54+1 | |
| 18. | ਸੰਸਾਹਰ ਸੁਖਮਨਾ | — | — | — | 43 | 43 | |
| 19. | ਵਾਰ ਭਗੌਤੀ ਜੁ ਕੀ | — | — | — | 3 | 3 | |
| 20. | ਮਾਲਕੌਂਸ ਕੀ ਵਾਰ | — | — | — | 11 | 11 | |
| 21. | ਭਗਵੰਤ ਗੀਤਾ | — | — | — | — | 1800 | (18 ਅਧਿਆਇ) |
| 22. | ਛੱਕਾ ਭਗੌਤੀ | — | — | — | — | 137 | (7 ਛੱਕੇ) |

Digitized by Panjab Digital Library | www.panjabdigilib.org

## ਉਪਰੋਕਤ ਛੰਦ-ਸੰਖਿਆ ਸੰਬੰਧੀ ਟਿੱਪਣੀ

9. (1) ਪ੍ਰਾਚੀਨ ਬੀੜਾਂ ਵਿਚ ਪ੍ਰਕਾਸ਼ਿਤ ਬੀੜ ਦਾ ਛੰਦ ਅੰਕ 231 ਆਪਣੀ ਥਾਂ ਤੇ ਨਾ ਹੋ ਕੇ ਛੰਦ ਅੰਕ 233 ਤੇ ਹੈ ਅਤੇ ਪ੍ਰਕਾਸ਼ਿਤ ਬੀੜ ਦੇ ਛੰਦ ਅੰਕ 232 ਅਤੇ 233 ਪ੍ਰਾਚੀਨ ਬੀੜਾਂ ਵਿਚ ਕ੍ਰਮਵਾਰ ਛੰਦ ਅੰਕ 231 ਅਤੇ 232 ਤੇ ਹਨ।

(2) 'ੳ' ਬੀੜ ਵਿਚ ਪਹਿਲੇ 335 ਛੰਦਾਂ ਤਕ ਦਾ ਪਾਠ ਪ੍ਰਕਾਸ਼ਿਤ ਬੀੜ ਅਨੁਸਾਰ ਹੈ, ਪਰ ਤਦੁਪਰੰਤ 336 ਛੰਦ ਦੇ ਕੇਵਲ ਪਹਿਲੇ ਦੋ ਚਰਣ ਦਿੱਤੇ ਹਨ, ਇਥੋਂ ਦੇ ਦੋ ਲੁਪਤ ਚਰਣਾਂ ਦਾ ਪਾਠ ਇਹ ਹੈ—

ਤੈਸਹੀ ਮਖ ਮਾਰ ਕੈ ਸਿਰਿ ਇੰਦ੍ਰ ਛਤ੍ਰ ਫਿਰਾਇ।
ਜੈਸੇ ਸੁਰ ਸੁਖੁ ਪਾਇਓ ਤਿਵ ਸੰਤ ਹੋਇ ਸਹਾਇ।

(ਪ੍ਰਕਾਸ਼ਿਤ ਬੀੜ, ਪੰਨਾ 155)

(3) 'ੳ' ਅਤੇ 'ਅ' ਬੀੜਾਂ ਵਿਚ ਅਫਜੂ ਅੰਕ[1] ਦਿੱਤਾ ਹੋਇਆ ਹੈ, ਪਰ 'ੲ' ਬੀੜ ਵਿਚ ਨਹੀਂ। ਇਹ ਅਫਜੂ ਚਾਰ ਬਾਣੀਆਂ (ਬਚਿਤ੍ਰ ਨਾਟਕ, ਚੰਡੀ ਚਰਿਤ੍ਰ 'ਉਕਤਿ-ਬਿਲਾਸ', ਚੰਡੀ ਚਰਿਤ੍ਰ ਦੂਜਾ ਅਤੇ ਵਿਸ਼ਨੂੰ ਦੇ ਪਹਿਲੇ 19 ਅਵਤਾਰਾਂ ਦੇ ਪ੍ਰਸੰਗ ਤਕ) ਦਾ ਹੈ। ਉਂਜ ਹਰ ਇਕ ਅਵਤਾਰ ਕਥਾ ਨਾਲ ਆਪਣਾ ਅੰਕ ਚਲਦਾ ਹੈ ਅਤੇ 'ਰਾਮਾਵਤਾਰ' ਤੋਂ ਪਹਿਲੇ ਅਵਤਾਰ ਪ੍ਰਸੰਗਾਂ ਦੇ ਛੰਦਾਂ ਦਾ ਯੋਗ-ਅੰਕ 417 ਹੈ। ਇਹ ਅੰਕ ਪ੍ਰਸਤੁਤ ਅਫਜੂ ਅਨੁਸਾਰ ਠੀਕ ਹੈ, ਪਰ 'ਸ' ਬੀੜ ਵਿਚ ਕ੍ਰਿਤੀਆਂ ਦੀ ਨਿਜੀ ਛੰਦ-ਸੰਖਿਆ ਨਹੀਂ ਚਲਦੀ ; ਹਰ ਇਕ ਛੰਦ ਦੇ ਪਾਠ ਦੀ ਸਮਾਪਤੀ ਉਪਰੰਤ ਕੇਵਲ ਅਫਜੂ ਅੰਕ ਹੀ ਦਿੱਤਾ ਹੈ। ਕਾਰਣ ਇਹ ਹੈ ਕਿ ਵਿਚਾਰਾਧੀਨ ਬੀੜ (ਸ) ਦੇ ਸੰਕਲਨ-ਕਰਤਾ ਨੇ ਬਾਣੀਆਂ ਦੇ ਕ੍ਰਮ ਨੂੰ ਇਸ ਢੰਗ ਨਾਲ ਰਖਿਆ ਹੈ ਕਿ 'ਖਾਸ-ਦਸਖਤੀ ਪੱਤਰਾਂ' ਦੇ ਉਤਾਰੇ ਜਦ ਆਪਣੀ ਥਾਂ ਅਤੇ ਕ੍ਰਮ ਵਿਚ ਲਗਾਏ ਜਾਣ ਤਾਂ ਇਨ੍ਹਾਂ ਦਾ ਅਫਜੂ-ਅੰਕ ਸਾਧਾਰਣ ਪਾਠ ਦੇ ਅਫਜੂ-ਅੰਕ ਨਾਲ ਮੇਲ ਖਾਏ। ਇਹ ਸੰਕਲਨ-ਕਰਤਾ ਜ਼ਰੂਰ ਇਸ ਪੱਖ ਤੋਂ ਸਫਲ ਰਿਹਾ ਹੈ।

(4) ਕੁਝ ਥਾਵਾਂ ਤੇ ਛੰਦ ਅਗੇ ਪਿਛੇ ਹਨ ਅਤੇ ਕਿਤੇ ਕਿਤੇ ਲੁਪਤ ਵੀ ਹਨ, ਜਿਵੇਂ ਪ੍ਰਕਾਸ਼ਿਤ ਬੀੜ ਦਾ 536ਵਾਂ ਛੰਦ 'ੳ' ਬੀੜ ਵਿਚ ਹੈ ਹੀ ਨਹੀਂ, ਆਦਿ। 'ੳ' ਬੀੜ ਦੇ ਅੰਤਿਮ ਛੇ ਛੰਦ, ਜੋ ਪ੍ਰਕਾਸ਼ਿਤ ਬੀੜ ਦੇ ਅੰਕ 859 ਤੋਂ 864 ਤਕ ਹਨ, 'ਖ਼ਾਸ-ਪੱਤਰਾਂ' ਦੇ ਅੰਤਰਗਤ ਆ ਹੀ ਨਹੀਂ ਸਕਦੇ, ਕਿਉਂਕਿ ਪੰਕਤੀਆਂ ਦੀ ਸੰਖਿਆ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦੇ ਆਉਣ ਦੀ ਉਸ ਵਿਚ ਗੁੰਜਾਇਸ਼ ਨਹੀਂ ਹੈ।

---

1. ਅਫਜੂ ਫ਼ਾਰਸੀ ਭਾਸ਼ਾ ਦੇ ਅਫ਼ਜ਼ੂੰ ਸ਼ਬਦ ਦਾ ਪੰਜਾਬੀ ਤਦਭਵ ਰੂਪ ਹੈ। ਇਥੇ ਇਸ ਤੋਂ ਮਤਲਬ ਯੋਗ-ਅੰਕ ਹੈ।

Digitized by Panjab Digital Library | www.panjabdigilib.org

(5) ਪ੍ਰਕਾਸ਼ਿਤ ਬੀੜ ਅਤੇ 'ੳ' ਬੀੜ ਦੇ 'ਕ੍ਰਿਸ਼ਨਾਵਤਾਰ' ਦੇ ਪਾਠ ਵਿਚ 43 ਛੰਦਾਂ ਦਾ ਅੰਤਰ ਹੈ। 'ੳ' ਬੀੜ ਵਿਚ ਇਹ ਘਾਟ ਵਿਚਾਰਯੋਗ ਹੈ। ਪ੍ਰਕਾਸ਼ਿਤ ਬੀੜ ਦੇ ਵਧੀਕ ਛੰਦਾਂ ਦਾ 'ੳ' ਬੀੜ ਵਿਚ ਕਿਥੇ ਕਿਥੇ ਲੋਪ ਹੋਇਆ ਹੈ, ਇਸ ਦਾ ਵੇਰਵਾ ਇਸ ਪ੍ਰਕਾਰ ਹੈ—

ਪ੍ਰਕਾਸ਼ਿਤ ਬੀੜ ਦੇ ਛੰਦ ਅੰਕ 59, 60, 61, 62, 384, 796, 797 ਤੋਂ 811 ਤਕ, 866 ਤੋਂ 878 ਤਕ, 985, 1360, 1361, 1373, 1385, 1808, 1825, 1856, 2072, 2305, 2489, 2490, 2491, 2492 'ੳ' ਬੀੜ ਵਿਚ ਲੁਪਤ ਹਨ। ਇਹ ਕੁਲ 48 ਛੰਦ ਹਨ।

ਪ੍ਰਕਾਸ਼ਿਤ ਬੀੜ ਦਾ ਛੰਦ ਅੰਕ 2317 ਵੀ 'ੳ' ਬੀੜ ਵਿਚ ਨਹੀਂ ਹੈ। ਕਿਸੇ ਹੋਰ ਲਿਖਾਰੀ ਨੇ ਇਸ ਨੂੰ ਬਿਨਾ ਅੰਕ ਦਿੱਤੇ ਹਾਸ਼ੀਏ ਵਿਚ ਲਿਖ ਦਿੱਤਾ ਹੈ। 'ੳ' ਬੀੜ ਵਿਚ ਇਸ ਲੋਪ ਨਾਲ 49 ਛੰਦਾਂ ਦੀ ਘਾਟ ਹੋ ਜਾਂਦੀ ਹੈ, ਪਰ ਇਸ ਬੀੜ ਦੇ ਛੰਦ ਅੰਕ 1857 ਅਤੇ 1858, ਜੋ ਪ੍ਰਕਾਸ਼ਿਤ ਬੀੜ ਦੇ ਛੰਦ ਅੰਕ 1898 ਤੋਂ ਬਾਦ ਆਉਂਦੇ ਹਨ, ਉੱਥੇ ਲੁਪਤ ਹਨ। ਇਨ੍ਹਾਂ ਦਾ ਪਾਠ ਇਹ ਹੈ—

ਐਸੇ ਕ੍ਰਿਸਨ ਬਿਤੀਤ ਬਹੁ ਕਿਯੋ ਸਕੀਯੋ ਸੁਖ ਮਾਨ।
ਤਉ ਲਗ ਪੇਤ ਭੂਪ ਇਕ ਹਲੀ ਪਹਿ ਰਹੇ ਆਨ ॥1857॥
ਨਾਮ ਰੇਵਤੀ ਜਾਹਿ ਕੋ ਮਮ ਕੰਨਿਯਾ ਹੈ ਧਾਮ।
ਦੀਨੋ ਚਾਹ ਸੱਤੁ ਮੈ ਤਾਹਿ ਬਰੋ ਬਲਿ ਰਾਮ ॥1858॥

ਫਲਸਰੂਪ, 'ੳ' ਬੀੜ ਵਿਚ 47 ਛੰਦਾਂ ਦੀ ਘਾਟ ਰਹੀ ਹੈ। ਇਸ ਤੋਂ ਛੁੱਟ, 'ੳ' ਬੀੜ ਵਿਚ ਛੰਦ ਅੰਕ 2336 ਤੋਂ ਅਗਲੇ ਛੰਦ ਨੂੰ 2339 ਅੰਕ ਦਿੱਤਾ ਗਿਆ ਹੈ। ਪਾਠ-ਕ੍ਰਮ ਪ੍ਰਕਾਸ਼ਿਤ ਬੀੜ ਨਾਲ ਮੇਲ ਖਾਂਦਾ ਹੈ। ਅਸਾਵਧਾਨੀ ਨਾਲ 'ੳ' ਬੀੜ ਵਿਚ ਅੰਕ ਸੰਖਿਆ ਵਧਾ ਦਿੱਤੀ ਗਈ ਹੈ। ਇਸ ਨਾਲ ਦੋਹਾਂ ਬੀੜਾਂ ਵਿਚ 'ਕ੍ਰਿਸ਼ਨਾਵਤਾਰ' ਦੇ ਛੰਦਾਂ ਦੀ ਗਿਣਤੀ ਦਾ ਅੰਤਰ ਕੇਵਲ 43 ਰਹਿ ਜਾਂਦਾ ਹੈ। 'ੳ' ਬੀੜ ਦਾ ਛੰਦ ਅੰਕ 1859 ਪ੍ਰਕਾਸ਼ਿਤ ਬੀੜ ਵਿਚ ਆਪਣੀ ਥਾਂ ਤੇ ਨਹੀਂ ਹੈ। ਉੱਥੇ ਇਹ ਛੰਦ ਅੰਕ 1898 ਦੇ ਬਾਦ ਆਉਣਾ ਸੀ, ਪਰ ਇਹ ਛੰਦ ਅੰਕ 1967 ਤੇ ਆਇਆ ਹੈ।

43 ਛੰਦਾਂ ਦਾ ਇਹ ਅੰਤਰ ਹੱਥ-ਲਿਖਿਤ ਬੀੜਾਂ ਨੂੰ ਵੀ ਕਈ ਵਾਰ ਸ਼ੱਕੀ ਬਣਾ ਦਿੰਦਾ ਹੈ। 'ੳ' ਬੀੜ ਦੇ 'ਕ੍ਰਿਸ਼ਨਾਵਤਾਰ' ਦੇ ਪਾਠ ਦੀ ਸਮਾਨਤਾ 'ਅ' ਬੀੜ ਨਾਲ ਹੈ, ਕੇਵਲ ਅੰਤਲੇ ਚਾਰ ਛੰਦ (2448, 2449, 2450, 2451) 'ਅ' ਬੀੜ ਵਿਚ ਅਧਿਕ ਹਨ। ਉੱਥੇ ਇਹ ਛੰਦ ਹੜਤਾਲ ਨਾਲ ਆਖੀਰਲੇ ਅੱਖਰਾਂ ਨੂੰ ਮਿਟਾ ਕੇ ਵਖਰੀ ਸਿਆਹੀ ਨਾਲ ਲਿਖੇ ਹਨ। 'ੳ' ਬੀੜ ਵਿਚ ਨਾ ਤਾਂ ਆਪਣੀ ਪੁਸ਼ਪਿਕਾ ਲਿਖੀ ਹੋਈ ਹੈ ਅਤੇ ਨਾ ਹੀ ਅਗਲੀ ਬਾਣੀ ਨੂੰ ਤੁਰੰਤ ਸ਼ੁਰੂ ਕੀਤਾ ਗਿਆ ਹੈ; ਉੱਥੇ ਇਹ ਥਾਂ ਖ਼ਾਲੀ ਪਈ ਹੈ। ਕਰਤ੍ਰਿਤਵ ਸੰਬੰਧੀ ਬਹੁਤ ਮਹੱਤਵਪੂਰਣ ਇਨ੍ਹਾਂ ਦੋਹਾਂ ਛੰਦਾਂ ਦਾ 'ੳ' ਬੀੜ ਵਿਚ

Digitized by Panjab Digital Library | www.panjabdigilib.org

ਨਾ ਹੋਣਾ ਅਤੇ 'ਅ' ਬੀੜ ਵਿਚ ਇਨ੍ਹਾਂ ਦਾ ਸੰਦਿਗਧ ਰੂਪ ਵਿਚ ਲਿਖਿਆ ਹੋਣਾ ਇਨ੍ਹਾਂ ਦੀ ਪ੍ਰਮਾਣਿਕਤਾ ਨੂੰ ਕਾਫ਼ੀ ਠੇਸ ਪਹੁੰਚਾਂਦਾ ਹੈ। ਪ੍ਰਕਾਸ਼ਿਤ ਬੀੜਾਂ ਵਿਚ ਇਹ ਚਾਰ ਛੰਦ ਅੰਕ 2489, 2490, 2491 ਅਤੇ 2492 ਤੇ ਮਿਲਦੇ ਹਨ।

'ਏ' ਅਤੇ 'ਸ' ਬੀੜਾਂ 'ਕ੍ਰਿਸ਼ਨਾਵਤਾਰ' ਦੇ ਇਕ ਨਵੇਂ ਸਰੂਪ ਨੂੰ ਸਾਹਮਣੇ ਲਿਆਉਂਦੀਆਂ ਹਨ। ਇਨ੍ਹਾਂ ਦਾ 'ਕ੍ਰਿਸਨਾਵਤਾਰ' ਚਾਰ ਖੰਡਾਂ, ਯਥਾ—'ਦਸਮ-ਕਥਾ' 'ਰਾਸ-ਮੰਡਲ', 'ਵਿਰਹ-ਨਾਟਕ' ਅਤੇ 'ਯੁੱਧ-ਪ੍ਰਬੰਧ' ਵਿਚ ਵੰਡਿਆ ਹੈ ਅਤੇ ਸ਼ੁਰੂ ਵਿਚ 34 ਛੰਦ "ਉਸਤਤਿ ਸ੍ਰੀ ਭਵਾਨੀ ਜੀ ਕੀ" ਦੇ ਦਿੱਤੇ ਹਨ। ਇਨ੍ਹਾਂ ਚੌਹਾਂ ਖੰਡਾਂ ਦਾ ਵੇਰਵਾ ਇਸ ਤਰ੍ਹਾਂ ਹੈ—

**'ਏ' ਬੀੜ**

| ਪੱਤਰ ਸੰਖਿਆ-ਅੰਕ | ਪਾਠ/ਖੰਡ | ਛੰਦ-ਸੰਖਿਆ |
|---|---|---|
| 719/119 ਤੋਂ 720/120 | ਉਸਤਤਿ ਸ੍ਰੀ ਭਵਾਨੀ ਜੀ ਕੀ | 34 |
| 720/120 ਤੋਂ 781/181 | ਕਥਾ-ਬਾਲਪਨ | 1187 |
| 782/182 ਤੋਂ 800/200 | ਰਾਸ-ਮੰਡਲ | 328 |
| 801/201 ਤੋਂ 808/208 | ਬਿਰਹ-ਨਾਟਕ | 133 |
| 809/209 ਤੋਂ 851/251 | ਜੁੱਧ-ਪ੍ਰਬੰਧ | 877 |
| | ਯੋਗ-ਅੰਕ | 2559 |

**'ਸ' ਬੀੜ**

| | | |
|---|---|---|
| 94 ਤੋਂ 95 | ਉਸਤਤਿ ਸ੍ਰੀ ਭਵਾਨੀ ਜੀ ਕੀ | 34 |
| 95 ਤੋਂ 157 | ਦਸਮ-ਕਥਾ | 1193 (2266—3458) |
| 157 ਤੋਂ 175 | ਰਾਸ-ਮੰਡਲ | 329 (3459—3787) |
| 175 ਤੋਂ 183 | ਬਿਰਹ-ਨਾਟਕ | 132 (3788—3919) |
| 194 ਤੋਂ 238 | ਜੁੱਧ-ਪ੍ਰਬੰਧ | 892 (3909—4800) |
| | ਯੋਗ-ਅੰਕ | 2580 |

ਉਪਰੋਕਤ ਵਿਵਰਣ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਦੋਹਾਂ ਬੀੜਾਂ ਦੇ 'ਕ੍ਰਿਸ਼ਨਾਵਤਾਰ' ਦਾ ਪਾਠ-ਕ੍ਰਮ ਜਾਂ ਖੰਡਾਤਮਕ ਵੰਡ ਸਮਾਨ ਹੈ, ਕੇਵਲ ਛੰਦਾਂ ਦੀ ਗਿਣਤੀ ਵਿਚ ਕਿਤੇ

Digitized by Panjab Digital Library | www.panjabdigilib.org

ਕਿਤੇ ਅੰਤਰ ਜ਼ਰੂਰ ਹੈ। 'ਕ੍ਰਿਸ਼ਨਾਵਤਾਰ' ਦਾ ਇਹ ਸਰੂਪ 'ਬਾਣੀ-ਵੇਰਵਾ' ਵਾਲੇ ਖ਼ਾਸ-ਪੱਤਰ ਦੇ ਲਗਭਗ ਅਨੁਕੂਲ ਹੈ। ਪ੍ਰਕਾਸ਼ਿਤ 'ਕ੍ਰਿਸ਼ਨਾਵਤਾਰ' ਅਤੇ 'ੳ' ਅਤੇ 'ਅ' ਬੀੜਾਂ ਦੇ 'ਕ੍ਰਿਸ਼ਨਾਵਤਾਰ' ਦੇ ਅੰਦਰਲੇ ਪ੍ਰਮਾਣਾਂ (ਅਧਿਆਵਾਂ, ਸਿਰਲੇਖਾਂ, ਖੰਡ-ਅੰਤਾਂ ਤੇ ਦਿੱਤੇ ਸੰਮਤਾਂ, ਆਦਿ) ਤੋਂ ਵੀ ਇਹੀ ਸੰਕੇਤ ਮਿਲਦਾ ਹੈ ਕਿ ਮੂਲ ਰੂਪ ਵਿਚ 'ਕ੍ਰਿਸ਼ਨਾਵਤਾਰ' ਚਾਰ ਖੰਡਾਂ ਵਿਚ ਤਿਆਰ ਕੀਤਾ ਗਿਆ ਸੀ। ਕਿਹਾ ਨਹੀਂ ਜਾ ਸਕਦਾ ਕਿ ਉਨ੍ਹਾਂ ਚੌਹਾ ਖੰਡਾਂ ਨੂੰ ਪ੍ਰਸੰਗ ਅਤੇ ਕ੍ਰਮ ਅਨੁਸਾਰ ਮਿਲਾ ਕੇ ਕਦ ਇਕ ਇਕਾਈ ਦਾ ਰੂਪ ਦੇ ਦਿੱਤਾ ਗਿਆ, ਪਰ ਅਜਿਹਾ ਹੋਣਾ 'ੳ' ਅਤੇ 'ਅ' ਬੀੜਾਂ ਦੇ ਲਿਖੇ ਜਾਣ ਤੋਂ ਪਹਿਲਾਂ ਹੀ ਮੰਨਿਆ ਜਾਵੇਗਾ ਅਤੇ 'ੲ' ਤੇ 'ਸ' ਬੀੜਾਂ ਦੇ 'ਕ੍ਰਿਸ਼ਨਾਵਤਾਰ' ਦਾ ਉਤਾਰਾ ਸ਼ਾਇਦ ਚਾਰ ਖੰਡਾਂ ਵਾਲੇ 'ਕ੍ਰਿਸ਼ਨਾਵਤਾਰ' ਵਾਲੀਆਂ ਮੂਲ ਪੋਥੀਆਂ ਜਾਂ ਉਨ੍ਹਾਂ ਦੇ ਉਤਾਰਿਆਂ ਤੋਂ ਤਿਆਰ ਕੀਤਾ ਗਿਆ ਹੋਵੇਗਾ।

ਪ੍ਰਕਾਸ਼ਿਤ ਬੀੜਾਂ ਦੇ ਕਿਹੜੇ ਕਿਹੜੇ ਛੰਦ 'ਕ੍ਰਿਸ਼ਨਾਵਤਾਰ' ਦੇ ਕਿਸ ਕਿਸ ਖੰਡ ਵਿਚ ਸਨ, ਇਸ ਪੱਖ ਤੇ ਵਿਚਾਰ ਕਰਨਾ ਵੀ ਜ਼ਰੂਰੀ ਹੈ। 'ਸ' ਬੀੜ ਵਿਚ 'ੲ' ਬੀੜ ਤੋਂ ਕੁਝ ਛੰਦ ਅਧਿਕ ਲਿਖੇ ਹਨ, ਇਸ ਲਈ 'ਸ' ਬੀੜ ਦਾ ਹੀ ਪ੍ਰਕਾਸ਼ਿਤ ਬੀੜ ਨਾਲ ਤੁਲਨਾਤਮਕ ਅਧਿਐਨ ਉਚਿਤ ਹੋਵੇਗਾ—

(ਕ) **ਉਸਤਤਿ ਸ੍ਰੀ ਭਵਾਨੀ ਜੀ ਦੀ** (ਛੰਦ 1 ਤੋਂ 34 ਤਕ)

ਇਹ 34 ਛੰਦ ਪ੍ਰਕਾਸ਼ਿਤ ਬੀੜ ਅਤੇ 'ੳ' ਤੇ 'ਅ' ਬੀੜਾਂ ਵਿਚ 'ਕ੍ਰਿਸ਼ਨਾਵਤਾਰ' ਦੇ ਸ਼ੁਰੂ ਵਿਚ ਨਹੀਂ ਹਨ, ਸਗੋਂ 'ਚੰਡੀ ਚਰਿਤ੍ਰ' ਦੂਜੇ (ਅਧਿਆਇ 7/ਛੰਦ 223-256) ਵਿਚ ਸੰਕਲਿਤ ਹਨ।

(ਖ) **ਦਸਮ-ਕਥਾ** (ਅਰਜੁ ਅੰਕ 2266 ਤੋਂ 3458 ਤਕ)

| 'ਸ' ਬੀੜ | ਪ੍ਰਕਾਸ਼ਿਤ ਬੀੜ |
|---|---|
| 2266--2647[1] | 1—383 |
| 2648—2683 | 385—420 |
| 2684—2690 | 441--447 |
| 2691—2729 | 457—795 |
| 2730—2784 | 812—865 |
| 2785—2809 | 879—903 |
| 2810—2811 | 926—927 |
| 2812 | 932 |
| 2813—2817 | 955—959 |
| 2818 | 961 |

1. ਛੰਦ ਅੰਕ 2622 ਦੋ ਛੰਦਾਂ ਨੂੰ ਦਿੱਤਾ ਹੋਇਆ ਹੈ, ਜਿਸ ਨਾਲ ਇਕ ਛੰਦ ਵੱਧਦਾ ਤਾਂ ਹੈ ਪਰ ਅੰਕ ਉਹੀ ਰਹਿੰਦਾ ਹੈ।

Digitized by Panjab Digital Library | www.panjabdigilib.org

| 'ਸ' ਬੀੜ | ਪ੍ਰਕਾਸ਼ਿਤ ਬੀੜ |
|---|---|
| 2819 | 963 |
| 2820 | 967 |
| 2821 | 971 |
| 2822—2823 | 975—976 |
| 2824—2828 | 978—982 |
| 2829—2868 | 985-1024 |
| 2869 | ਹੈ ਨਹੀਂ |
| 2870—2933 | 1903-1966 |
| 2934—3458 | 1968-2492 |

(ਗ) ਰਾਮ-ਮੰਡਲ (ਅਫਜ਼ੂ ਅੰਕ 3459 ਤੋਂ 3787 ਤਕ)

| 'ਸ' ਬੀੜ | ਪ੍ਰਕਾਸ਼ਿਤ ਬੀੜ |
|---|---|
| 3459—3478 | 421—440 |
| 3479—3787 | 448—756 |

(ਘ) ਬਿਰਹ-ਨਾਟਕ (ਅਫਜ਼ੂ ਅੰਕ 3788 ਤੋਂ 3919 ਤਕ)

| 'ਸ' ਬੀੜ | ਪ੍ਰਕਾਸ਼ਿਤ ਬੀੜ |
|---|---|
| 3788—3793 | ਹੈ ਨਹੀਂ |
| 3794—3809 | 796—811 |
| 3810[1] | 859 |
| 3811—3829 | 861—879 |
| 3830—3862 | 893—925 |
| 3863—3882 | 927—946 |
| 3883[2] | — |
| 3884 - 3902 | 948—966 |
| 3904—3919 | 968—984 |

(ਙ) ਜੁੱਧ-ਪ੍ਰਬੰਧ (ਅਫਜ਼ੂ ਅੰਕ 3909 ਤੋਂ 4800 ਤਕ)

| 'ਸ' ਬੀੜ | ਪ੍ਰਕਾਸ਼ਿਤ ਬੀੜ |
|---|---|
| 3909—3919 | ਹੈ ਨਹੀਂ |
| 3920—4800 | 1025—1902 |

---

1. ਇਥੇ ਦੋਹਾਂ ਛੰਦਾਂ ਵਿਚ ਬਹੁਤ ਪਾਠਾਂਤਰ ਹੈ, ਜਿਵੇਂ—

ਪਟਨੇ ਵਾਲੀ ਬੀੜ :

ਨੰਦ ਆਇ ਬ੍ਰਿਜ ਪੁਰ ਬਿਖੈ ਕਹੀ ਕ੍ਰਿਸਨ ਕੀ ਬਾਤ ।
ਗ੍ਵਾਰਨਿ ਸੁਨਿ ਦੁਖਿ ਭਈ ਨਿਸ ਦਿਨ ਰੁਦਨ ਕਰਾਤ ॥ ੩੮੧੦ ॥

ਪ੍ਰਕਾਸ਼ਿਤ ਬੀੜ :

ਨੰਦ ਆਇ ਬ੍ਰਿਜ ਪੁਰ ਬਿਖੈ ਕਹੀ ਕ੍ਰਿਸਨ ਕੀ ਬਾਤ ।
ਸੁਨਤ ਸੋਕ ਕੀਨੋ ਸਭੈ ਰੋਦਨ ਕੀਨੋ ਮਾਤ ॥ ੮੫੯ ॥

2. ਇਹ ਛੰਦ ਅੰਕ ਲੁਪਤ ਹੈ, 3882 ਵਾਲੇ ਛੰਦ ਤੋਂ ਉਪਰੰਤ 3884 ਅੰਕ ਦੇ ਦਿੱਤਾ ਗਿਆ ਹੈ ।

Digitized by Panjab Digital Library | www.panjabdigilib.org

ਬਿਰਹ-ਨਾਟਕ ਅਤੇ ਦਸਮ-ਕਥਾ ਦੇ ਸਮਾਨ ਛੰਦ :

| ਦਸਮ-ਕਥਾ | ਬਿਰਹ-ਨਾਟਕ | ਪ੍ਰਕਾਸ਼ਿਤ ਕ੍ਰਿਸ਼ਨਾਵਤਾਰ |
|---|---|---|
| 2778 | 3810 | 859 |
| 2780—2784 | 3811—3815 | 861—865 |
| 2785 | 3829 | 879 |
| 2799—2809 | 3830—3840 | 893—903 |
| 2811 | 3863 | 927 |
| 2812 | 3868 | 932 |
| 2813—2817 | 3891—3895 | 955—959 |
| 2818 | 3896 | 961 |
| 2819 | 3898 | 963 |
| 2821 | 3906 | 971 |
| 2822—2823 | 3910—3911 | 975—976 |
| 2824—2828 | 3913—3917 | 978—982 |

ਪ੍ਰਕਾਸ਼ਿਤ ਬੀੜ ਦੇ 'ਸ' ਬੀੜ ਵਿਚ ਲੁਪਤ ਛੰਦ :

384,[1] 947=2

'ਸ' ਬੀੜ ਵਿਚ ਪ੍ਰਕਾਸ਼ਿਤ ਬੀੜ ਤੋਂ ਵਾਧੂ ਛੰਦ :

(ੳ) ਦਸਮ-ਕਥਾ ਦੀ ਦੇਵੀ-ਉਸਤਤਿ =34 ਛੰਦ

(ਅ) ਬਿਰਹ-ਨਾਟਕ ਦੀ ਦੇਵੀ-ਉਸਤਤਿ =6 ਛੰਦ (3788—3793)

(ੲ) ਜੁੱਧ-ਪ੍ਰਬੰਧ ਦੀ ਦੇਵੀ-ਉਸਤਤਿ =11 ਛੰਦ (3909—3920)

ਯੋਗ-ਅੰਕ= 51 ਛੰਦ

(6) ਪ੍ਰਕਾਸ਼ਿਤ ਬੀੜ ਦਾ ਆਖ਼ਰੀ ਅਫ਼ਜੂ 323 ਹੈ, ਪਰ ਸਾਰੇ ਅਧਿਆਵਾਂ ਦੇ ਛੰਦਾਂ ਦਾ ਯੋਗ-ਅੰਕ 347 ਹੈ । ਪ੍ਰਾਚੀਨ ਬੀੜਾਂ ਤੋਂ ਇਸ ਬੀੜ ਵਿਚ ਚਾਰ ਛੰਦ ਜਿਆਦਾ ਹਨ। ਕਿਹਾ ਨਹੀਂ ਜਾ ਸਕਦਾ ਕਿ ਗੜ-ਬੜ ਕਿਥੇ ਹੈ, ਪਰ ਜ਼ਿਆਦਾ ਸੰਭਾਵਨਾ 'ਮਨੁ ਰਾਜਾ' ਵਾਲੇ ਅਧਿਆਇ ਵਿਚ ਹੈ, ਕਿਉਂਕਿ ਪ੍ਰਕਾਸ਼ਿਤ ਬੀੜਾਂ ਵਿਚ ਇਸ ਪ੍ਰਸੰਗ ਦੇ 22 ਛੰਦ ਹਨ ਅਤੇ ਪੁਰਾਤਨ ਬੀੜਾਂ ਵਿਚ 18 ।

(7) 'ੲ' ਬੀੜ ਵਿਚ 'ਰੁਦ੍ਰ ਅਵਤਾਰ' (ਦੱਤ) ਦਾ ਪਾਠ 368 ਛੰਦ ਅੰਤ

1. ਇਹ ਛੰਦ ਪ੍ਰਕਾਸ਼ਿਤ ਬੀੜ ਦੇ ਅੰਕ 381 ਤੇ ਵੀ ਆ ਚੁਕਾ ਹੈ ।

Digitized by Panjab Digital Library | www.panjabdigilib.org

ਤਕ ਹੈ ਜਿਥੇ 17ਵੇਂ ਗੁਰੂ 'ਦੁਧੀਰਾ' ਦਾ ਪ੍ਰਸੰਗ ਸਮਾਪਤ ਹੁੰਦਾ ਹੈ। ਇਸ ਤੋਂ ਅਗਲਾ ਪੰਨਾ ਖ਼ਾਲੀ ਹੈ। ਪ੍ਰਕਾਸ਼ਿਤ ਬੀੜ ਵਿਚ ਚਾਰ ਛੰਦ ਹੋਰਨਾਂ ਬੀੜਾਂ ਤੋਂ ਵਾਧੂ ਹਨ।

(8) 'ਸ' ਬੀੜ ਦਾ ਇਕ ਸਵੈਯਾ (ਜਾਗਤ ਜੋਤ ਜਪੈ......) ਇਸ ਥਾ ਤੇ ਨਾ ਹੋ ਕੇ ਅਸਫੋਟਕ ਕਬਿਤਾਂ ਤੋਂ ਪਹਿਲਾ ਦਿੱਤਾ ਹੈ।

(9) 'ਚਰਿਤ੍ਰੋਪਾਖਿਆਨ' ਦਾ ਸਾਰੀਆਂ ਬੀੜਾਂ ਵਿਚ ਅੰਤਰ ਹੈ। ਪ੍ਰਕਾਸ਼ਿਤ ਬੀੜਾਂ ਵਿਚ ਕੁਲ ਚਰਿਤ੍ਰ 405 ਹਨ, ਪਰ ਪ੍ਰਾਚੀਨ ਬੀੜਾਂ ਵਿਚ 404 ਹਨ। 'ਦ' ਅਤੇ 'ਸ' ਬੀੜਾਂ ਵਿਚ 325ਵੇਂ ਚਰਿਤ੍ਰ ਦੀ ਥਾ ਖਾਲੀ ਨਹੀਂ ਹੈ, ਪਰ 'ੳ' ਅਤੇ 'ਅ' ਬੀੜਾਂ ਵਿਚ ਇਹ ਥਾਂ ਖਾਲੀ ਪਈ ਹੈ। ਪ੍ਰਕਾਸ਼ਿਤ ਬੀੜਾਂ ਵਿਚ ਇਸ ਚਰਿਤ੍ਰ ਦਾ ਪਾਠ ਨਹੀਂ ਹੈ, ਪਰ ਅੰਕ ਜ਼ਰੂਰ ਛਡ ਦਿੱਤਾ ਗਿਆ ਹੈ।

(10) 'ਜ਼ਫ਼ਰਨਾਮੇ' ਦਾ ਅਤਜ਼ੂ ਕਿਸੇ ਵੀ ਬੀੜ ਵਿਚ ਨਹੀਂ ਦਿੱਤਾ ਹੋਇਆ। ਕਿਤੇ ਕਿਤੇ ਪਾਠਾਂਤਰ ਵੀ ਵੇਖਣ ਵਿਚ ਆਏ ਹਨ। ਕਈ ਇਕ ਬੀੜਾਂ ਵਿਚ ਕੁਝ ਛੰਦ ਲੁਪਤ ਵੀ ਹਨ।

ਸਰਾਂਸ਼ ਇਹ ਕਿ ਵੱਖ ਵੱਖ ਲਿਖਾਰੀਆਂ ਅਤੇ ਸੰਕਲਨ-ਕਰਤਿਆਂ ਦੇ ਹੱਥ ਚੜ੍ਹ ਕੇ 'ਦਸਮ ਗ੍ਰੰਥ' ਦੀਆਂ ਰਚਨਾਵਾਂ ਦੀ ਛੰਦ-ਸੰਖਿਆ ਵਿਚ ਬਹੁਤ ਗੜ-ਬੜ ਹੋ ਗਈ ਹੈ।

## (3) ਮੰਗਲਿਕ ਅਤੇ ਕਰਤ੍ਰਿਤਵ-ਸੂਚਕ ਉਕਤੀਆਂ

10. ਇਨ੍ਹਾਂ ਉਕਤੀਆ ਦੇ ਆਧਾਰ ਤੇ ਕਈ ਵਾਰ 'ਦਸਮ ਗ੍ਰੰਥ' ਦੇ ਕਰਤ੍ਰਿਤਵ ਸੰਬੰਧੀ ਨਿਰਣੇ ਦਿੱਤੇ ਜਾਂਦੇ ਹਨ, ਪਰ ਇਹ ਉਕਤੀਆਂ ਵੱਖ ਵੱਖ ਸੰਕਲਨ-ਕਰਤਿਆਂ ਦੀ ਮਨ-ਮਰਜ਼ੀ ਅਨੁਸਾਰ ਦਿੱਤੀਆਂ ਹੋਈਆਂ ਹਨ, ਕਿਉਂਕਿ ਇਨ੍ਹਾਂ ਉਕਤੀਆਂ ਵਿਚ ਨਾ ਇਕਰੂਪਤਾ ਹੈ ਅਤੇ ਨਾ ਹੀ ਇਕਕ੍ਰਮਤਾ। ਕਿਸੇ ਬੀੜ ਵਿਚ ਮੰਗਲ ਦਾ ਰੂਪ ਕੁਝ ਹੈ ਅਤੇ ਕਿਸੇ ਵਿਚ ਕੁਝ। "ਸ੍ਰੀ ਮੁਖਵਾਕ ਪਾਤਿਸ਼ਾਹੀ ੧੦" ਆਦਿ ਉਕਤੀਆਂ ਦੀ ਵਰਤੋਂ ਸਭ ਥਾਵਾਂ ਤੇ ਇਕੋ ਜਿਹੀ ਨਹੀਂ ਹੈ, ਕਿਤੇ ਕਿਤੇ ਇਹ ਉਕਤੀਆਂ ਦਿੱਤੀਆਂ ਹੀ ਨਹੀਂ ਹਨ। ਇਨ੍ਹਾਂ ਦਾ ਵਿਸ਼ੇਸ਼ ਤੁਲਨਾਤਮਕ ਵਿਵਰਣ ਪਰਿਸ਼ਿਸ਼ਟ 5 ਵਿਚ ਦਿੱਤਾ ਹੈ। ਇਤਨਾ ਹੀ ਨਹੀਂ, ਕੁਝ ਅਜਿਹੇ ਗ੍ਰੰਥ ਵੀ ਮਿਲੇ ਹਨ ਜਿਨ੍ਹਾਂ ਦੇ ਸ਼ੁਰੂ ਵਿਚ ਦਸਮ ਗ੍ਰੰਥ ਵਾਂਗ ਮੰਗਲਿਕ ਅਤੇ "ਸ੍ਰੀ ਮੁਖਵਾਕ ਪਾਤਿਸ਼ਾਹੀ ੧੦" ਆਦਿ ਉਕਤੀਆਂ ਲਿਖੀਆਂ ਹਨ, ਪਰ ਉਹ ਗ੍ਰੰਥ ਨਿਸਚਿਤ ਰੂਪ ਵਿਚ ਦਸਮ ਗੁਰੂ ਜੀ ਦੀਆਂ ਰਚਨਾਵਾਂ ਨਹੀਂ ਹਨ। ਉਨ੍ਹਾਂ ਵਿਚੋਂ ਕੁਝਕੁ ਗ੍ਰੰਥਾਂ ਦਾ ਆਵੱਸ਼ਕ ਵਿਵਰਣ ਪਰਿਸ਼ਿਸ਼ਟ 6 ਵਿਚ ਦਿੱਤਾ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਪਰਸਪਰ ਭਿੰਨ ਉਕਤੀਆਂ 'ਦਸਮ ਗ੍ਰੰਥ'

Digitized by Panjab Digital Library | www.panjabdigilib.org

ਦੇ ਕਰਤ੍ਰਿਤਵ ਸੰਬੰਧੀ ਨਿਰਣੇ ਵਿਚ ਸਹਾਇਕ ਨਹੀਂ, ਸਗੋਂ ਭੁਲੇਖਾ ਪਾਉਣ ਵਾਲੀਆਂ ਹਨ ।

## (4) ਪਾਠਾਂਤਰ, ਬਚਨਿਕਾਵਾਂ ਤੇ ਪੁਸ਼ਪਿਕਾਵਾਂ ਅਤੇ ਅਧਿਆਇ-ਵੰਡ

11. 'ਦਸਮ ਗ੍ਰੰਥ' ਵਿਚ ਪਾਠਾਂਤਰ ਬਹੁਤ ਹਨ । ਬ੍ਰਜ-ਭਾਸ਼ਾ ਅਤੇ ਰਾਜਸਥਾਨੀ ਭਾਸ਼ਾ ਤੋਂ ਅਗਿਆਤ ਲਿਖਾਰਿਆਂ ਨੇ ਬੀੜਾਂ ਲਿਖਣ ਵੇਲੇ ਕਿਤਨੇ ਪਾਠਾਂਤਰ ਉਪਜਾਇਤ ਕਰ ਦਿੱਤੇ ਹਨ । ਅਧਿਆਇ-ਵੰਡ ਵਿਚ ਵੀ ਕਾਫ਼ੀ ਅੰਤਰ ਮਿਲਦੇ ਹਨ ਅਤੇ ਬਚਨਿਕਾਵਾਂ ਤੇ ਪੁਸ਼ਪਿਕਾਵਾਂ ਵਿਚ ਵੀ ਬਹੁਤ ਘਟ ਸਮਾਨਤਾ ਹੈ । ਇਨ੍ਹਾਂ ਚੋਹਾਂ ਪੁਰਾਤਨ ਬੀੜਾਂ ਦੇ ਇਕ ਸਮੇਂ, ਇਕ ਸਥਾਨ ਤੇ ਉਪਲਬਧ ਨਾ ਹੋ ਸਕਣ ਦੇ ਕਾਰਣ ਇਨ੍ਹਾਂ ਦਾ ਸਮੁੱਚਾ ਤੁਲਨਾਤਮਕ ਅਧਿਐਨ ਨਹੀਂ ਹੋ ਸਕਿਆ, ਇਸ ਦਾ ਦੁਖ ਸਾਨੂੰ ਹੈ, ਪਰ ਫਿਰ ਵੀ ਹੇਠਾਂ ਕੁਝਕੁ ਉਦਾਹਰਣ ਦੇ ਕੇ ਇਸ ਗੰਭੀਰ ਗੜਬੜ ਵਲ ਸੰਕੇਤ ਜ਼ਰੂਰ ਕਰ ਦੇਣਾ ਚਾਹੁੰਦੇ ਹਾਂ ।

### (i) ਪਾਠਾਂਤਰ

ਹੇਠਾਂ 'ਕ੍ਰਿਸ਼ਨਾਵਤਾਰ' ਪ੍ਰਸੰਗ ਵਿਚੋਂ ਕੁਝ ਟੂਕਾਂ ਦੇ ਪਾਠਾਂਤਰ ਵੇਖੋ—

| | 'ੳ' ਬੀੜ | ਪ੍ਰਕਾਸ਼ਿਤ ਬੀੜ |
|---|---|---|
| (ੳ) | ਕੋਪ ਕ੍ਰਿਤਾ ਸਤ੍ਰ ਸਿੰਘ ਬਲੀ ਹਰਿ ਕੀ<br>ਦਿਖਤੇਂ ਨ੍ਰਿਪ ਚਾਰ ਸੰਘਾਰੇ ॥੧੩੨੫॥ | ਸਿੰਘ ਕ੍ਰਿਤਾਸ ਅਯੋਧਨ ਮੈ ਹਰਿ ਕੀ<br>ਇਸ ਨੇ ਨ੍ਰਿਪ ਚਾਰ ਸੰਘਾਰੇ ॥੧੩੬੨॥ |
| (ਅ) | ਬ੍ਰਿਜਰਾਜ ਸਰਾਸਨ ਕਰ ਦਯੋ ਤਬ<br>ਭੂਪਤ ਕੋਪੁ ਕੀਯੋ ਮਨ ਮੈ ॥੧੯੧੫॥ | ਛਤ੍ਰ ਕਟਿਯੋ ਨ੍ਰਿਪ ਕੋ ਜਬ ਹੀ ਤਬ<br>ਭੂਪਤ ਕੋਪ ਕੀਯੋ ਮਨ ਮੈ ॥੧੯੫੭॥ |
| (ੲ) | ਘਾਇਲੁ ਹ੍ਵੈ ਇਕ ਘੂਮਤ ਬੀਰ ਫਿਰੈ<br>ਸ੍ਰਉਨ ਭਰੇ ਭਭਕਾਤ ॥੧੯੧੬॥ | ਘੂਮਤ ਘਾਇਲ ਹੁਇ ਇਕ ਬੀਰ ਫਿਰੈ<br>ਇਕ ਸ੍ਰਉਨ ਭਰੇ ਭਭਕਾਤੇ ॥੧੯੫੮॥ |

ਇਨ੍ਹਾਂ ਪਾਠਾਂਤਰਾ ਨੇ ਕਿਤਨੇ ਭੁਲੇਖੇ ਪਾਏ ਹਨ, ਇਸ ਦੀ ਇਕ ਮਿਸਾਲ ਕਾਫ਼ੀ ਹੋਵੇਗੀ । 'ੳ' ਬੀੜ (ਪਤਰਾ 954) ਵਿਚ 224ਵੇਂ ਚਰਿਤ੍ਰ ਦੇ ਪਹਿਲੇ ਛੰਦ ਦਾ ਪਹਿਲਾ ਚਰਣ ਇਸ ਪ੍ਰਕਾਰ ਹੈ—

ਬਾਰਾਣਸੀ ਨਗਰ ਇਕ ਬ੍ਰਿਜੈ ।

ਪ੍ਰਕਾਸ਼ਿਤ ਬੀੜ (ਚਰਿਤ੍ਰ 225/ਛੰਦ ੧) ਵਿਚ ਇਹ ਚਰਣ ਇੰਜ ਹੈ—

ਬਾਰਾਣਸੀ ਨਗਰਿਕਬਿਰਾਜੈ ।

ਪ੍ਰਕਾਸ਼ਿਤ ਪਾਠ ਨੂੰ ਆਧਾਰ ਬਣਾ ਕੇ ਗਿਆਨੀ ਹਰਨਾਮ ਸਿੰਘ 'ਬੱਲਭ' ਨੇ ਇਸ ਚਰਿਤ੍ਰ ਦੇ ਕਵੀ ਨੂੰ ਬਨਾਰਸ ਦੇ ਰਹਿਣ ਵਾਲਾ (ਬਾਰਾਣਸੀ ਨਗਰਿ ਕਬਿ ਰਾਜੈ) ਸਿੱਧ ਕੀਤਾ ਹੈ ।[1] ਇਸ ਪਾਠਾਂਤਰ ਨਾਲ ਅਰਥ ਦਾ ਕਿਤਨਾ ਅਨਰਥ ਹੋਇਆ ਹੈ, ਇਸ ਦਾ ਸਹਿਜ

1. 'ਪੰਜਾਬੀ ਦੁਨੀਆ', ਜੁਲਾਈ 1960, 'ਚਰਿਤ੍ਰੋਪਾਖਿਆਨ', ਪੰਨਾ 17

Digitized by Panjab Digital Library | www.panjabdigilib.org

ਹੀ ਅਨੁਮਾਨ ਲਗਾਇਆ ਜਾ ਸਕਦਾ ਹੈ।

(ii) ਬਚਨਿਕਾਵਾਂ ਤੇ ਪੁਸ਼ਪਿਕਾਵਾਂ : ਇਨ੍ਹਾਂ ਉਕਤੀਆਂ ਵਿਚ ਕਿਸੇ ਵੀ ਪੁਰਾਤਨ ਬੀੜ ਅੰਦਰ ਪਰਸਪਰ ਸਮਾਨਤਾ ਨਹੀਂ ਹੈ। ਪ੍ਰਕਾਸ਼ਿਤ ਬੀੜ ਤਾਂ ਇਨ੍ਹਾਂ ਸਾਰੀਆਂ ਤੋਂ ਭਿੰਨ ਹੈ। ਉਦਾਹਰਣ ਵਜੋਂ 'ੳ' ਬੀੜ ਦੇ 'ਕ੍ਰਿਸਨਾਵਤਾਰ' ਦੇ ਛੰਦ ਅੰਕ 2135 ਤੋਂ ਬਾਦ ਹੇਠ ਲਿਖੀ ਪੁਸ਼ਪਿਕਾ ਹੈ—

"ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰਿੰਥੇ ਸ੍ਰੀ ਕਿਸਨਾਵਤਾਰੇ
ਪਉਤ੍ਰ ਬਿਯਾਹੇ ਰੁਕਮੀ ਬਧਹ ਬਰਨਨੰ ॥"

ਪਰ ਪ੍ਰਕਾਸ਼ਿਤ ਬੀੜ ਵਿਚ 'ਕਿਸ਼ਨਾਵਤਾਰ' ਦੇ ਇਸ ਛੰਦ (2176) ਉਪਰੰਤ ਕੋਈ ਪੁਸ਼ਪਿਕਾ ਨਹੀਂ ਹੈ। ਪ੍ਰਕਾਸ਼ਿਤ ਬੀੜ ਦੇ ਛੰਦ 2358 ਤੋਂ ਬਾਦ ਜੋ ਪੁਸ਼ਪਿਕਾ ਮਿਲਦੀ ਹੈ, ਉਹ ਅਸਲ ਵਿਚ ਛੰਦ ਅੰਕ 2357 ਦੇ ਬਾਦ ਆਉਣੀ ਚਾਹੀਦੀ ਸੀ। 'ੳ' ਬੀੜ ਵਿਚ ਇਹ ਆਪਣੀ ਉਚਿਤ ਥਾਂ (ਛੰਦ ਅੰਕ 2314 ਤੋਂ ਬਾਦ) ਉੱਤੇ ਹੈ। ਪ੍ਰਕਾਸਿਤ ਬੀੜ ਦੇ ਛੰਦ 2430 ਤੋਂ ਬਾਦ ਦੀ ਪੁਸਪਿਕਾ 'ੳ' ਬੀੜ ਵਿਚ ਸਥਾਨ-ਕ੍ਰਮ ਤੋਂ ਦੋ ਛੰਦ ਟਪਾ ਕੇ ਦਿੱਤੀ ਗਈ ਹੈ। ਪ੍ਰਕਾਸਿਤ ਬੀੜ ਦੇ ਛੰਦ ਅੰਕ 2447 ਤੋਂ ਬਾਦ ਦੀ ਪੁਸ਼ਪਿਕਾ 'ੳ' ਬੀੜ ਵਿਚ ਆਪਣੀ ਥਾਂ (ਛੰਦ ਅੰਕ 2406) ਤੇ ਹੈ ਹੀ ਨਹੀਂ। ਪ੍ਰਕਾਸ਼ਿਤ ਬੀੜ ਵਿਚ ਛੰਦ ਅੰਕ 2479 ਤੋਂ ਬਾਦ ਆਉਣ ਵਾਲੀ ਪੁਸ਼ਪਿਕਾ ਉੱਥੇ ਨਹੀਂ ਹੈ, ਆਦਿ।

ਪ੍ਰਕਾਸ਼ਿਤ ਬੀੜ ਵਿਚ 'ਮਨੁਰਾਜਾ' ਅਵਤਾਰ (ਚੌਬੀਸ ਅਵਤਾਰ ਪ੍ਰਸੰਗ ਵਿਚੋਂ) ਦੀ ਕਥਾ ਸ਼ੁਰੂ ਹੋਣ ਤੋਂ ਪਹਿਲਾਂ ਹੇਠ ਲਿਖੀ ਬਚਨਿਕਾ ਦਿੱਤੀ ਹੋਈ ਹੈ—

ਅਥ ਮਨੁ ਰਾਜਾ ਅਵਤਾਰ ਕਥਨੰ ॥ ਸ੍ਰੀ ਭਗਉਤੀ ਜੀ ਸਹਾਇ ॥

ਇਹ ਬਚਨਿਕਾ 'ਅ' ਬੀੜ ਵਿਚ ਨਹੀਂ ਹੈ। 'ਅ' ਬੀੜ ਦੀਆਂ ਪੁਸ਼ਪਿਕਾਵਾਂ ਵੀ ਪ੍ਰਕਾਸ਼ਿਤ ਬੀੜ ਤੋਂ ਕੁਝ ਭਿੰਨ ਹਨ, ਜਿਵੇਂ —

ਪ੍ਰਕਾਸ਼ਿਤ ਬੀੜ : ਇਤਿ ਸ੍ਰੀ ਬਚਿਤ੍ਰ ਨਾਟਕੇ ਮਛ ਅਵਤਾਰ ਕਥਨੰ ॥ਸੰਖਾਸੁਰ ਬਧਹ॥

(ਦਸਮ ਗ੍ਰੰਥ, ਪੰਨਾ 160)

'ਅ' ਬੀੜ : ਇਤ ਸ੍ਰੀ ਬਚਿਤ੍ਰ ਨਾਟਕ ਗ੍ਰਿੰਥੇ ਮਛ ਅਵਤਾਰ ਪ੍ਰਥਮ ਸੰਖਾਸੁਰ
ਬਧਹ ਪ੍ਰਿਥਮ ਅਵਤਾਰ ਬਰਨਨੰ ॥੧॥੧੦੨੦॥ ਅਫਜੂ ॥ (ਪੱਤਰਾ 28)

ਪ੍ਰਕਾਸ਼ਿਤ ਬੀੜ :

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਨਰਨਾਰਾਇਣ ਅਵਤਾਰ ਚਤੁਰਥ ਸਪੂਰਨੰ ॥੪॥

(ਦਸਮ ਗ੍ਰੰਥ, ਪੰਨਾ 162)

Digitized by Panjab Digital Library | www.panjabdigilib.org

'ਅ' ਬੀੜ : ਇਤ ਸ੍ਰੀ ਬਚਿਤ੍ਰ ਨਾਟਕ ਗ੍ਰਿੰਥੇ ਨਰ ਨਾਰਾਇਣ ਅਵਤਾਰ ਦ੍ਵੈ
ਰੂਪ ਧਾਰਤ ਭਏ ਚਤੁਰਥੋ ਅਵਤਾਰ ਸੰਪੂਰਨ ਸਮਤੁ ਸੁਭਮਸਤੁ ॥
(ਪੱਤਰਾ 29)

'ਸ' ਬੀੜ ਇਸ ਸੰਬੰਧ ਵਿਚ ਕੁਝ ਅਧਿਕ ਵਿਲੱਖਣ ਪ੍ਰਤੀਤ ਹੁੰਦੀ ਹੈ। ਪ੍ਰਕਾਸ਼ਿਤ ਬੀੜ (ਪੰਨਾ 55) ਦੀ "ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ"—ਇਹ ਉਕਤੀ ਉੱਥੇ (ਪੱਤਰਾ 46) ਕੇਵਲ "ਅਕਾਲ ਪੁਰਖ ਬਾਚ" ਹੈ। 'ੳ' ਬੀੜ ਦੀ 'ਸ' ਬੀੜ ਨਾਲ ਇਸ ਸੰਬੰਧ ਵਿਚ ਸਮਾਨਤਾ ਹੈ। ਪ੍ਰਕਾਸ਼ਿਤ ਬੀੜ (ਪੰਨਾ 59) ਦੀ "ਅਥ ਕਵਿ ਜਨਮ ਕਥਨੰ" 'ਸ' ਬੀੜ ਵਿਚ (ਪੱਤਰਾ 48) ਕੇਵਲ "ਕਵੀ ਜਨਮ" ਹੈ। 'ੳ' ਬੀੜ ਵਿਚ (ਪੱਤਰਾ 547) ਇਹ ਪਾਠ "ਕਵਿ ਜਨਮ ਬਰਨਨੰ" ਹੈ। ਪ੍ਰਕਾਸ਼ਿਤ ਬੀੜ (ਪੰਨਾ 557) ਦੇ ਛੰਦ ਅੰਕ 2383 ਤੋਂ ਬਾਦ ਲਿਖੀ "ਕਬਿਯੋਬਾਚ" ਉਕਤੀ ਦੀ ਥਾਂ ਤੇ 'ਸ' ਬੀੜ ਵਿਚ (ਪੱਤਰਾ 152) "ਬਲਿਭਦ੍ਰ ਬਾਚ" ਪਾਠ ਹੈ।

'ਰਾਮਾਵਤਾਰ' ਦੀ ਅੰਤਿਮ ਪੁਸ਼ਪਿਕਾ ਪ੍ਰਕਾਸ਼ਿਤ ਬੀੜ ਵਿਚ ਪ੍ਰਾਚੀਨ ਬੀੜਾਂ ਤੋਂ ਬਿਲਕੁਲ ਭਿੰਨ ਹੈ, ਜਿਵੇਂ—

ਪ੍ਰਕਾਸ਼ਿਤ ਬੀੜ : 'ਇਤਿ ਸ੍ਰੀ ਰਾਮਾਇਣ ਸਮਾਪਤ ਮਸਤੁ'

'ੳ' ਅਤੇ 'ਸ' ਬੀੜਾਂ : 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰਿੰਥੇ ਰਾਮਾਵਤਾਰੇ ਬੀਸਵੋ ਅਵਤਾਰ ਬਰਨਨੰ ਸੰਪੂਰਣ ਮਸਤੁ ਸੁਭ ਮਸਤੁ ॥੨੦॥
('ੳ' ਬੀੜ, ਪਤੱਰਾ 616 ਅਤੇ 'ਸ' ਬੀੜ, ਪੱਤਰਾ 92)

ਪ੍ਰਕਾਸ਼ਿਤ ਬੀੜ ਵਿਚ 'ਚੰਡੀ ਚਰਿਤ੍ਰ' (ਉਕਤਿ ਬਿਲਾਸ) ਦੀ ਅੰਤਿਮ ਪੁਸ਼ਪਿਕਾ ਅੰਕਿਤ ਨਹੀਂ ਹੈ, ਪਰ 'ੳ' ਅਤੇ 'ਸ' ਬੀੜਾਂ ਵਿਚ ਇਹ ਪੁਸ਼ਪਿਕਾ ਇੰਜ ਹੈ —

'ੳ' ਬੀੜ : ਇਤਿ ਸ੍ਰੀ ਮਾਰਕੰਡੇ ਪੁਰਾਨੇ ਸ੍ਰੀ ਚੰਡੀ ਚਰਿਤ੍ਰ ਉਕਤਿ ਬਿਲਾਸ ਸੁੰਭ ਬਧਹ ਨਾਮੋਧਿਆਇ ਪੂਰਨ ਸੁਭ ਮਸਤੁ ॥੮॥੨੦॥੭੦੩॥ (ਪੱਤਰਾ 561)

'ਸ' ਬੀੜ : ਇਤਿ ਸ੍ਰੀ ਮਾਰਕੰਡੇ ਪੁਰਾਣੇ ਚੰਡੀ ਚਰਿਤ੍ਰ ਉਕਤਿ ਬਿਲਾਸ ਸੁੰਭ ਬਧ : ਨਾਮ ਖਸਟਮੋ ਧਿਆਯ ਸੰਪੂਰਣੰ ਸੁਭੰ ਮਸਤੂ ॥ ੬ ॥ ਸੰਮਤੁ ੧੭੫੨,
ਮਿਤਿ ਫਾਗਣ ੨੮ ॥

'ਪਾਰਸ ਨਾਥ' ਦੀ ਆਖਰੀ ਪੁਸ਼ਪਿਕਾ ਪ੍ਰਕਾਸ਼ਿਤ ਬੀੜ ਵਿਚ ਹੈ ਹੀ ਨਹੀਂ, ਪਰ [illegible] ਹੈ —
[illegible]
[illegible]
[illegible]

(iii) ਅਧਿਆਇ-ਵੰਡ : 'ਸ' ਬੀੜ ਵਿਚ ਅਧਿਆਇ-ਵੰਡ [illegible] ਭਿੰਨ ਹੈ। 'ਵਾਰ ਦੁਰਗਾ ਕੀ' ਆਮ ਕਰਕੇ ਅਧਿਆਵਾਂ ਵਿਚ ਵੰਡੀ ਹੋਈ ਨਹੀਂ ਮਿਲਦੀ, ਪਰ ਇਸ ਬੀੜ ਵਿਚ ਉਸਦੇ ਛੇ ਅਧਿਆਇ ਹਨ ਅਤੇ ਹਰ ਇਕ ਅਧਿਆਇ ਦੀ ਆਪਣੀ

Digitized by Panjab Digital Library | www.panjabdigilib.org

ਪੁਸ਼ਪਿਕਾ ਵੀ ਹੈ । ਅਧਿਆਇ-ਵੰਡ ਇੰਜ ਹੈ—

| ਅਧਿਆਇ | ਛੰਦ |
|---|---|
| 1 | 1—20 |
| 2 | 21-29 |
| 3 | 30-32 |
| 4 | 33-43 |
| 5 | 44-50 |
| 6 | 51-55 |

'ਸ਼ਸਤ੍ਰ ਨਾਮ ਮਾਲਾ' ਨਾਮਕ ਰਚਨਾ ਦੇ 'ਸ' ਬੀੜ ਵਿਚ ਪੰਜ ਅਧਿਆਇ ਹਨ, ਪਰ ਆਮ ਬੀੜਾਂ ਵਿਚ ਤਿੰਨ ਹਨ । ਹੋਰਨਾਂ ਬੀੜਾਂ ਵਿਚ ਇਸ ਦੀ ਅੰਤਿਮ ਪੁਸ਼ਪਿਕਾ ਨਹੀਂ ਦਿੱਤੀ ਹੋਈ, ਪਰ 'ਸ' ਬੀੜ ਵਿਚ ਇਸ ਪ੍ਰਕਾਰ ਹੈ—

ਇਤਿ ਸ੍ਰੀ ਨਾਮ ਮਾਲਾ ਪੁਰਾਣੇ ਸ੍ਰੀ ਤੁਪਕ ਨਾਮ ਬਰਨਨੰ : ਸ੍ਰੀ ਸਸਤ੍ਰ ਨਾਮ ਮਾਲ ਸੰਪੂਣੰ ਪਚਮੋਧਿਆਇ ਸਮਾਪਤਮ ਮਤੁ ਸੁਭ ਮਸਤੁ ।

'ਸ' ਬੀੜ ਵਿਚ ਚੰਡੀ ਚਰਿਤ੍ਰ (ਉਕਤਿ ਬਿਲਾਸ) ਦੀ ਵੰਡ ਅੱਠ ਅਧਿਆਇ ਦੀ ਥਾਂ ਤੇ ਕੇਵਲ ਛੇ ਵਿਚ ਹੋਈ ਹੈ । ਉਥੇ ਅਧਿਆਵਾਂ ਦੀ ਵੰਡ ਇਸ ਪ੍ਰਕਾਰ ਹੈ—

| ਅਧਿਆਇ | ਛੰਦ |
|---|---|
| 1 | 1—12 |
| 2 | 13-52 |
| 3 | 53-102 |
| 4 | 103-172 |
| 5 | 173-202 |
| 6 | 203-233 |

12. ਸਾਰਾਂਸ਼ ਇਹ ਕਿ 'ਦਸਮ ਗ੍ਰੰਥ' ਦੀਆਂ ਪ੍ਰਾਚੀਨ ਬੀੜਾਂ ਵਿਚ ਬਾਣੀ ਕ੍ਰਮ ਦੀ ਅਸਮਾਨਤਾ, ਬਾਣੀ-ਸੰਖਿਆ ਵਿਚ ਘਾਟ-ਵਾਧ, ਛੰਦ-ਸੰਖਿਆ ਅਤੇ ਪਾਠਾਂ ਵਿਚ ਅੰਤਰ, ਕ੍ਰਮ ਅਤੇ ਖੰਡਾਤਮਕ ਵੰਡ ਵਿਚ ਭੇਦ, ਮੰਗਲਿਕ ਅਤੇ ਕਰਤ੍ਰਿਤਵ-ਸੂਚਕ ਉਕਤੀਆ ਵਿਚ ਵਿਭਿੰਨਤਾ, ਬਚਨਿਕਾਵਾਂ ਅਤੇ ਪੁਸ਼ਪਿਕਾਵਾਂ ਵਿਚ ਭਿੰਨਤਾ ਤੇ ਅਧਿਆਇ-ਵੰਡ ਵਿਚ ਇਕ-ਰੂਪਤਾ ਦਾ ਅਭਾਵ ਭਲੀ ਭਾਂਤ ਸਪੱਸ਼ਟ ਹੈ । ਫਲਸਰੂਪ, ਇਨ੍ਹਾਂ ਨੂੰ ਆਧਾਰ ਬਣਾ ਕੇ ਕਰਤ੍ਰਿਤਵ ਸੰਬੰਧੀ ਨਿਰਣਾ ਦੇਣਾ ਉਚਿਤ ਨਹੀਂ ਹੈ । ਇਨ੍ਹਾਂ ਤੱਥਾਂ ਤੋਂ ਇਹ ਵੀ ਸੰਕੇਤ ਮਿਲਦਾ ਹੈ ਕਿ ਸੰਬੰਧਿਤ ਰਚਨਾਵਾਂ ਗੁਰੂ-ਕ੍ਰਿਤੀਆਂ ਨਹੀਂ ਹਨ । ਜੇ ਇੰਜ ਨਾ ਹੁੰਦਾ ਤਾ ਗੁਰੂ ਜੀ ਦੇ ਨਿਕਟਵਰਤੀ ਸੰਕਲਨ-ਕਰਤਾ ਜਾਂ ਨਿਕਟ-ਉੱਤਰਵਰਤੀ ਲਿਖਾਰੀ ਗੁਰਬਾਣੀ ਦੀ ਪਰੰਪਰਾ ਦੇ ਵਿਰੁਧ ਕਦੇ ਵੀ ਇਹ ਅੰਤਰ ਅਤੇ ਭਿੰਨਤਾ ਉਪਸਥਿਤ ਕਰਨ ਦਾ ਹਠ ਨਾ ਕਰਦੇ ।

Digitized by Panjab Digital Library | www.panjabdigilib.org

# ਖ਼ਾਸ ਦਸਖ਼ਤੀ ਪੱਤਰ

1. 'ਦਸਮ ਗ੍ਰੰਥ' ਦੀਆਂ 'ੳ' ਅਤੇ 'ਅ' ਬੀੜਾਂ ਵਿਚ ਸਥਾਨ-ਕ੍ਰਮ ਅਨੁਸਾਰ ਸੰਕਲਿਤ ਕੁਝ 'ਖ਼ਾਸ ਪੱਤਰ' ਉਪਲਬਧ ਹਨ, ਜਿਨ੍ਹਾਂ ਉੱਤੇ ਦਸਮ ਗ੍ਰੰਥ ਦੀ ਕਿਸੇ ਨਾ ਕਿਸੇ ਰਚਨਾ ਦਾ ਕੁਝ ਅੰਸ਼ ਲਿਖਿਆ ਹੋਇਆ ਹੈ। ਇਹ ਪੱਤਰ ਅਜਿਹੀ ਲਿਪੀ ਵਿਚ ਲਿਖੇ ਹਨ, ਜਿਸ ਨੂੰ ਸਾਧਾਰਣ ਗੁਰਮੁਖੀ ਲਿਪੀ ਜਾਣਨ ਵਾਲੇ ਪੜ੍ਹ ਨਹੀਂ ਸਕਦੇ। ਇਸ ਨੂੰ ਆਮ ਕਰ ਕੇ 'ਖ਼ਾਸ ਲਿਪੀ' ਆਖਿਆ ਜਾਂਦਾ ਹੈ ਅਤੇ ਇਨ੍ਹਾਂ ਪੱਤਰਾਂ ਨੂੰ ਦਸਮ ਗੁਰੂ ਦੀ ਆਪਣੀ ਹੱਥ-ਲਿਖਤ ਮੰਨਿਆ ਜਾਂਦਾ ਹੈ।[1] ਇਸ ਲਈ ਇਨ੍ਹਾਂ ਦੀ ਪ੍ਰਮਾਣਿਕਤਾ ਤੇ ਵਿਚਾਰ ਕਰਨਾ ਜ਼ਰੂਰੀ ਹੈ।

2. ਖ਼ਾਸ-ਲਿਪੀ : ਇਹ ਲਿਪੀ ਗੁਰਮੁਖੀ ਅਤੇ ਦੇਵਨਾਗਰੀ ਦੋਹਾਂ ਲਿਪੀਆਂ ਦਾ ਮਿਲਗੋਭਾ ਹੈ। ਸਾਧਾਰਣ ਵਿਸ਼ਵਾਸ ਅਨੁਸਾਰ ਇਹ ਲਿਪੀ 'ਤੀਰ ਦੀ ਮੁਖੀ' ਨਾਲ ਲਿਖੀ ਹੋਈ ਹੈ,[2] ਪਰ ਉਸ ਸਮੇਂ ਤਕ ਜਦੋਂ ਇਹ ਪੱਤਰੇ ਲਿਖੇ ਗਏ ਸਨ, ਭਾਰਤ ਵਿਚ ਪੁਰਤਗਾਲੀ ਨਿਬ ਪਹੁੰਚ ਚੁਕੀ ਸੀ। ਇਹ ਲਿਪੀ ਉਸੇ ਨਿਬ ਜਾਂ ਉਸ ਪ੍ਰਕਾਰ ਦੀ ਕਿਸੇ ਹੋਰ ਨਿਬ ਨਾਲ ਲਿਖੀ ਲਗਦੀ ਹੈ, ਕਲਮ ਨਾਲ ਇਹ ਘਟ ਹੀ ਲਿਖੀ ਜਾਂਦੀ ਸੀ। ਇਸ ਦੇ ਲਿਖਣ ਦਾ ਢੰਗ ਉਪਰੋਕਤ ਦੋਹਾਂ ਲਿਪੀਆਂ ਤੋਂ ਕੁਝ ਭਿੰਨ ਅਤੇ ਲੰਡਿਆਂ ਦੀ ਲਿਖਾਵਟ ਦੇ ਅਨੁਰੂਪ ਹੈ। ਇਸ ਲਿਪੀ ਨੂੰ ਲਿਖਣ ਵੇਲੇ ਪਹਿਲਾਂ ਦੋ ਸਿਰੀਆਂ ਜਿਹੇ-

---

1. (1) ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 8-10
   (2) ਦੀ ਪੋਇਟ੍ਰੀ ਆਫ਼ ਦੀ ਦਸਮ ਗ੍ਰੰਥ (ਆਸ਼ਟਾ), ਪੰਨਾ 11—12
   (3) ਜੀਉਂਦੀ ਜਨਤਾ (ਗੁਰਦਿਤ ਸਿੰਘ), ਜੁਲਾਈ 1947—"ਦਸਮ ਗ੍ਰੰਥ ਦੀਆਂ ਕੁਝ ਬੀੜਾਂ ਅਤੇ ਦਸਖ਼ਤੀ ਪੱਤਰੇ"
   (4) ਜੀਉਂਦੀ ਜਨਤਾ (ਤ੍ਰਿਲੋਚਨ ਸਿੰਘ), ਅਗਸਤ 1947—"ਮੋਤੀ ਬਾਗ਼ ਪਟਿਆਲਾ ਵਾਲਾ ਦਸਮ ਗ੍ਰੰਥ"
2. ਮਹਾਨ ਕੋਸ਼, ਪੰਨਾ 1252 (ੲ)

Digitized by Panjab Digital Library | www.panjabdigilib.org

ਰੇਖਾਵਾਂ ਖਿਚ ਕੇ ਫਿਰ ਉਨ੍ਹਾਂ ਨਾਲ ਅੱਖਰਾਂ ਨੂੰ ਟਾਂਗਿਆ ਜਾਂਦਾ ਹੈ। ਕਿਤੇ ਕਿਤੇ ਕੇਵਲ ਇਕੋ ਹੀ ਸ਼ਿਰੋ-ਰੇਖਾ ਲਗੀ ਵੇਖਣ ਵਿਚ ਆਈ ਹੈ। ਇਸ ਵਿਚ 'ਆ' ਦੀ ਮਾਤ੍ਰਾ ਲਈ ਕੇਵਲ ਇਕ ਬਿੰਦੀ ਹੀ ਲਗਾਈ ਜਾਂਦੀ ਹੈ, ਕਿਤੇ ਇਹ ਬਿੰਦੀ ਅੱਖਰਾਂ ਦੇ ਵਿਚਕਾਰ 'ਆ' ਮਾਤ੍ਰਾ ਵਾਲੀ ਨਿਸਚਿਤ ਥਾਂ ਤੇ ਲਗੀ ਹੁੰਦੀ ਹੈ ਅਤੇ ਕਿਤੇ ਸਿਰੋ-ਰੇਖਾ ਉਤੇ। ਬਾਕੀ ਮਾਤ੍ਰਾਂ ਵੀ ਕੁਝ ਵਟੇ ਹੋਏ ਰੂਪ ਵਿਚ ਵਰਤੀਂਦੀਆਂ ਹਨ। ਲਿਖਣ ਵੇਲੇ ਹਰ ਇਕ ਅੱਖਰ ਨੂੰ ਅਤੇ ਖ਼ਾਸ ਕਰ ਇਸ ਦੀ ਪੂਛਲ ਨੂੰ ਖਬੇ ਪਾਸੇ ਵਲ ਕਾਫ਼ੀ ਖਿਚ ਦਿੱਤਾ ਜਾਂਦਾ ਹੈ। ਇਸ ਲਈ ਇਸ ਨੂੰ 'ਚਲੰਤ-ਲਿਪੀ' ਵੀ ਆਖਿਆ ਜਾਦਾ ਹੈ। ਸੋਢੀ ਮਨੋਹਰ ਸਿੰਘ (ਆਨੰਦਪੁਰ ਵਾਸੀ) ਇਸ ਲਿਪੀ ਦਾ ਨਾਂ 'ਕਰਪਲੀ' ਦਸਦੇ ਹਨ।

ਭਾਈ ਕਾਨ੍ਹ ਸਿੰਘ ਅਨੁਸਾਰ ਇਸ ਲਿਪੀ ਦੀ ਕਾਢ ਦਸਮ ਗੁਰੂ ਨੇ ਕੱਢੀ ਸੀ,[1] ਪਰ ਇਹ ਕਥਨ ਨਿਰਾਧਾਰ ਹੈ ਕਿਉਂਕਿ ਗੁਰੂ ਤੇਗ ਬਹਾਦੁਰ ਜੀ ਦੇ ਹੁਕਮ-ਨਾਮਿਆਂ ਵਿਚ ਵੀ ਅਜਿਹੀ ਲਿਪੀ ਵਰਤੀ ਹੋਈ ਮਿਲਦੀ ਹੈ।[2] ਇਸ ਤੋਂ ਛੁਟ, ਸੰਮਤ 1710 ਬਿ. ਵਿਚ ਲਿਖੀ 'ਆਦਿ ਗ੍ਰੰਥ' ਦੀ ਇਕ ਬੀੜ ਦੇ ਆਰੰਭ ਵਿਚ ਗੁਰੂ ਤੇਗ ਬਹਾਦੁਰ ਜੀ ਦਾ ਨੀਸਾਨ ਵੀ ਇਸੇ ਲਿਪੀ ਵਿਚ ਲਿਖਿਆ ਮਿਲਦਾ ਹੈ। ਇਸ ਨੀਸਾਨ ਦਾ ਬਲਾਕ-ਚਿਤਰ ਪ੍ਰਕਾਸ਼ਿਤ ਹੋ ਚੁਕਾ ਹੈ।[3] ਅਜਿਹੀ ਹਾਲਤ ਵਿਚ ਵਧ ਤੋਂ ਵਧ ਇਹ ਮੰਨਿਆ ਜਾ ਸਕਦਾ ਹੈ ਕਿ ਦਸਮ ਗੁਰੂ ਨੇ ਇਸ ਲਿਪੀ ਨੂੰ ਸੰਵਾਰਿਆ ਸੀ ਜਾਂ ਇਸ ਵਿਚ ਗ੍ਰੰਥ ਲਿਖਣ ਦੀ ਪ੍ਰੇਰਨਾ ਦਿੱਤੀ ਸੀ ਜਾਂ ਆਪਣੇ ਨੀਸਾਨ ਗੁਰੂ ਪਰੰਪਰਾ ਅਨੁਸਾਰ ਇਸੇ ਲਿਪੀ ਵਿਚ ਦੇਣੇ ਜਾਰੀ ਰਖੇ ਹਨ। ਇਸ ਲਿਪੀ ਵਿਚ ਦਸਮ ਗੁਰੂ ਤੋਂ ਬਾਦ ਵੀ ਜਾਅਲੀ ਰੂਪ ਵਿਚ ਲਿਖਿਆ ਜਾਂਦਾ ਰਿਹਾ ਜਿਸ ਦਾ ਪ੍ਰਯੋਜਨ ਦਸਮ ਗੁਰੂ ਦੀ ਲਿਖਿਤ ਦਾ ਭਰਮ ਪਾਣਾ ਸੀ।[4] ਉਦਾਹਰਣ ਵਜੋਂ—

(1) ਭਾਈ ਜੀਵਨ ਸਿੰਘ (ਮਹੱਲਾ ਡੋਗਰਿਆਂ, ਹਿਸਾਰ) ਪਾਸ ਸੰਮਤ 1777 ਬਿ. ਦਾ ਇਕ ਹੁਕਮਨਾਮਾ ਸੁਰਖਿਅਤ ਹੈ, ਜਿਸ ਉੱਤੇ ਇਸ ਲਿਪੀ ਵਿਚ 'ਨੀਸਾਨ' ਅੰਕਿਤ ਹੈ। ਇਹ ਤਿਥੀ ਦਸਵੇਂ ਗੁਰੂ ਤੋਂ 13 ਵਰ੍ਹੇ ਬਾਦ ਦੀ ਹੈ।

(2) ਅਨੇਕਾਂ ਜਾਅਲੀ ਹੁਕਮਨਾਮੇ, ਜਿਨ੍ਹਾਂ ਵਿਚੋਂ ਇਕ ਦਾ ਉਲੇਖ ਇਸੇ ਪ੍ਰਕਾਸ਼ (ਪੈਰਾ 29) ਵਿਚ ਕੀਤਾ ਹੈ ਅਤੇ ਹੋਰ ਅਪ੍ਰਮਾਣਿਕ ਸਾਮਗ੍ਰੀ।

---

1. ਮਹਾਨ ਕੋਸ਼, ਪੰਨਾ 1252 (ਦ)
2. ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ (ਜੀ. ਬੀ. ਸਿੰਘ), ਪੰਨਾ 143
3. 'ਖ਼ਾਲਸਾ ਸਮਾਚਾਰ', ਅਰਧਸ਼ਤਾਬਦੀ ਅੰਕ, 13-9-1950
4. ਇਸ ਸੰਬੰਧ ਵਿਚ 1954 ਬਿ. ਵਿਚ ਲਿਖੀ ਇਕ ਪੋਥੀ 'ਗੁਰੂ ਨਾਨਕ ਸੂਰਜੋਦਯ' (ਗਣੇਸ਼ਾ ਸਿੰਘ ਬੇਦੀ), ਹੱਥ-ਲਿਖਿਤ ਅੰਕ 40, ਭਾਸ਼ਾ ਵਿਭਾਗ, ਪਟਿਆਲਾ ਦੇ ਪੰਨੇ 88 ਤੋਂ ਅਗੇ ਵਾਲਾ ਪੰਨਾ ਖ਼ਾਸ ਵੇਖਣ ਜੋਗ ਹੈ। ਉਥੇ ਇਸ ਲਿਪੀ ਵਿਚ ਲਿਖੀ ਕੁਝ ਸਾਮਗ੍ਰੀ ਮਿਲਦੀ ਹੈ।

Digitized by Panjab Digital Library | www.panjabdigilib.org

ਅਸਲ ਵਿਚ, ਇਹ ਲਿਪੀ ਉਸ ਸਮੇਂ ਮੰਡੀ ਸੁਕੇਤ ਅਤੇ ਉਸਦੇ ਨਾਲ ਲਗਦੀਆਂ ਪਹਾੜੀ ਰਿਆਸਤਾਂ ਵਿਚ ਆਮ ਪ੍ਰਚਲਿਤ ਸੀ ਅਤੇ ਜਿਸ ਨੂੰ 'ਟਣੂ ਲਿਪੀ' ਕਿਹਾ ਜਾਂਦਾ ਸੀ।

## ਖ਼ਾਸ ਲਿਪੀ ਵਿਚ ਪ੍ਰਾਪਤ ਸਾਮਗ੍ਰੀ

3. (ਕ) 'ੳ' ਬੀੜ ਵਿਚ ਸੁਰਖਿਤ ਅੱਠ ਪੱਤਰ,
   (ਖ) 'ਅ' ਬੀੜ ਵਿਚ ਸੁਰਖਿਅਤ ਸੱਤ ਪੱਤਰ,
   (ਗ) ਰਾਜਾ ਫਰੀਦ ਕੋਟ ਦੇ ਪਾਸ ਸੁਰਖਿਅਤ ਇਕ ਪੱਤਰ,
   (ਘ) 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਇਕ ਪੱਤਰ,
   (ਙ) 'ਆਦਿ ਗ੍ਰੰਥ' ਦੀ ਇਕ ਪੂਰੀ ਬੀੜ,
   (ਚ) ਸ਼ਸਤ੍ਰ ਨਾਮ ਮਾਲਾ,
   (ਛ) ਜਪੁ, ਜਾਪੁ, 'ਕਰਨੀ-ਨਾਮਾ' ਅਤੇ 'ਰਾਜਾ ਹਰਿ ਚੰਦ ਦੀ ਕਥਾ' ਆਦਿ,
   (ਜ) 'ਚਰਿਤ੍ਰੋਪਾਖਿਆਨ' ਦੀ ਇਕ ਪੋਥੀ, ਅਤੇ
   (ਝ) ਹੁਕਮਨਾਮੇ।

ਇਸ ਤੋਂ ਛੁਟ, ਗੁਰੂ ਤੇਗ ਬਹਾਦੁਰ ਅਤੇ ਦਸਮ ਗੁਰੂ ਦੇ ਹੁਕਮਨਾਮੇ ਜਾਂ ਉਨ੍ਹਾਂ ਦੇ ਪਾਏ 'ਨੀਸਾਨ' ਇਸ ਲਿਪੀ ਵਿਚ ਪ੍ਰਾਪਤ ਹੋਏ ਹਨ। ਖ਼ਾਸ-ਪੱਤਰਾਂ ਦੇ ਕੁਝ ਉਤਾਰੇ ਵੀ ਕਈ ਥਾਵਾਂ ਤੇ ਸੁਰਖਿਅਤ ਪ੍ਰਾਚੀਨ ਬੀੜਾਂ ਵਿਚ ਸਥਾਨ-ਕ੍ਰਮ ਅਨੁਸਾਰ ਸੰਗ੍ਰਹਿਤ ਹਨ, ਜਿਨ੍ਹਾਂ ਦਾ ਉੱਲੇਖ ਕਿਤੇ-ਕਿਤੇ ਪ੍ਰਸੰਗਵਸ ਕੀਤਾ ਗਿਆ ਹੈ।[1]

## (ਕ) 'ੳ' ਬੀੜ ਵਿਚ ਸੁਰਖਿਅਤ 'ਖਾਸ ਪੱਤਰ'

4. ਇਹ ਪੱਤਰ ਸੰਖਿਆ ਵਿਚ ਅੱਠ ਹਨ। ਹਰ ਇਕ ਦੀ ਨਕਲ ਜਾਂ ਉਤਾਰਾ ਵੀ ਇਸ ਗ੍ਰੰਥ ਵਿਚ ਲਗਿਆ ਹੈ। ਅਸਲ ਵਿਚ, ਇਸ ਬੀੜ ਵਿਚ ਨੌਂ 'ਖ਼ਾਸ-ਪੱਤਰ' ਸਨ, ਪਰ ਚੌਥੇ ਖ਼ਾਸ ਪੱਤਰ ਤੋਂ ਬਾਦ ਦਾ ਇਕ ਖ਼ਾਸ-ਪੱਤਰਾ ਹੁਣ ਵਿਦਮਾਨ ਨਹੀਂ ਹੈ। ਹਾਂ, ਉਸ ਦਾ ਉੱਤਾਰਾ ਪੱਤਰ ਅੰਕ 741 ਤੇ ਮੌਜੂਦ ਹੈ। ਇਹ ਪੱਤਰੇ ੧, ੫, ੩ ਦੇ ਅਨੁਪਾਤ ਵਿਚ ਤਿੰਨ ਵੱਖ ਵੱਖ ਥਾਵਾਂ ਤੇ ਲਗੇ ਹਨ। ਇਨ੍ਹਾਂ ਦੇ ਦੋਹਾਂ ਪਾਸੇ ਕਾਗਜ਼ ਦਾ ਬਾਰਡਰ ਲਗਾ ਹੋਇਆ ਹੈ ਅਤੇ ਇਨ੍ਹਾਂ ਦੇ ਉੱਤਾਰੇ ਵਾਲੇ ਪੰਨਿਆਂ ਉਤੇ "ਪੰਨੇ ਖ਼ਾਸ ਦਾ ਉੱਤਾਰਾ"—ਕੇਵਲ ਇਤਨਾ ਲਿਖਿਆ ਹੈ। ਉੱਤਾਰਾ ਕਰਨ ਵਾਲੇ ਦਾ ਕੋਈ ਸੰਕੇਤ ਨਹੀਂ ਦਿੱਤਾ ਗਿਆ। ਹਰ ਇਕ ਖ਼ਾਸ ਪੰਨੇ ਉੱਤੇ 24/25

1. ਵੇਖੋ ਇਹੀ ਪ੍ਰਕਾਸ਼, ਪੈਰਾ 20—21 ਅਤੇ ਪਰਿਸ਼ਿਸ਼ਟ 7

Digitized by Panjab Digital Library | www.panjabdigilib.org

ਪੰਕਤੀਆਂ ਹਨ ਅਤੇ ਹਰ ਪੰਨੇ ਦੀ ਪਹਿਲੀ ਪੰਕਤੀ ਵਿਚ ਅਸਿ, ਤੇਗ, ਸਾਗ ਆਦਿ ਸ਼ਸਤ੍ਰਾਂ ਦੇ ਮੰਗਲ ਦਿੱਤੇ ਹਨ, ਜਿਵੇਂ—

"ਸ੍ਰੀ ਅਸਤੇਗ ਅਸਸਾਂਗ ਅਸਤੇਗ ਅਸਧਾਰਾਧਰਣੀ ਅਸ
ਅਸਤੇਗ ਤਬਰ ਤਰਵਾਰ ਤੀਰ ਕਮਾਨ ਤਬਰ ਤਰਵਾਰ..."

ਇਨ੍ਹਾਂ ਵਿਚ ਅੰਤਰ ਉਥੇ ਹੈ ਜਿਥੇ ਸ਼ਸਤ੍ਰ ਦਾ ਨਾਂ ਬਦਲਦਾ ਹੈ। ਹਰ ਇਕ ਪੱਤਰ ਉੱਤੇ ਸਜੇ-ਖਬੇ ਪੰਕਤੀ-ਸੰਖਿਆ ਵੀ ਲਿਖੀ ਹੈ। ਇਨ੍ਹਾਂ ਲਈ ਵਰਤਿਆ ਕਾਗ਼ਜ਼ ਪੁਰਾਣਾ ਅਤੇ ਪਤਲਾ ਹੈ ; ਰੰਗ ਜ਼ਹਿਰ ਮਿਟੀਆਲਾ ਜਾਂ ਹਲਕਾ ਨਸਵਾਰੀ ਹੈ। ਹਰ ਪੱਤਰੇ ਦੇ ਉਪਰਲੇ ਹਿੱਸੇ ਵਿਚ ਕੁਝ ਵਲੱਖਣ ਜਿਹੇ ਚਿੰਨ੍ਹ ਚਾਰ ਚਾਰ ਦੇ ਗੁਟਾਂ ਵਿਚ ਅੰਕਿਤ ਹਨ। ਕਈ ਪੱਤਰਾਂ ਉੱਤੇ ਸਜੇ-ਖਬੇ ਵੀ ਅਜਿਹਾ ਇਕ-ਅਧ ਚਿੰਨ੍ਹ ਲਗਾ ਹੋਇਆ ਹੈ।

ਇਹ ਪੱਤਰ ਆਪਣੀ ਆਪਣੀ ਥਾਂ ਤੇ ਬਾਣੀ-ਕ੍ਰਮ ਅਨੁਸਾਰ ਹੀ ਸੰਗ੍ਰਹਿਤ ਹਨ। ਵਿਚਕਾਰੋਂ ਇਹ ਸਾਰੇ ਪੱਤਰ ਮੁੜੇ ਹੋਏ ਹਨ, ਸ਼ਾਇਦ ਕਿਸੇ ਨੇ ਇਨ੍ਹਾਂ ਨੂੰ ਸੰਭਾਲ ਕੇ ਰਖਣ ਲਈ ਦੋਹਰਾ ਕੀਤਾ ਹੋਵੇਗਾ। ਇਨ੍ਹਾ ਪੱਤਰਾਂ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ 'ਅ' ਬੀੜ ਦੇ ਖ਼ਾਸ-ਪੱਤਰਾਂ ਦੀਆਂ ਵਿਸ਼ੇਸਤਾਵਾ ਨਾਲ ਮੇਲ ਖਾਦੀਆਂ ਹਨ। ਇਹ ਸਾਰੇ ਕਿਸੇ ਇਕੋ ਸਰੋਤ ਤੋਂ ਪ੍ਰਾਪਤ ਹੋਏ ਲਗਦੇ ਹਨ। ਇਸ ਬੀੜ ਦੀ ਜਿਲਦ ਦੇ ਦੋਬਾਰਾ ਬੰਨ੍ਹੇ ਜਾਣ ਦੇ ਕਾਰਣ ਹੁਣ ਇਹ ਕਹਿਣਾ ਕਠਿਨ ਹੈ ਕਿ ਇਸ ਬੀੜ ਦੇ ਲਿਖੇ ਜਾਣ ਵੇਲੇ ਇਹ ਪੱਤਰ ਮੌਜੂਦ ਸਨ ਜਾਂ ਨਹੀਂ ? ਪਰ ਇਨ੍ਹਾਂ ਦੇ ਉੱਤਾਰੇ ਪ੍ਰਸਤੁਤ ਬੀੜ ਦੇ ਮੂਲ ਲਿਖਾਰੀ ਦੀ ਹੱਥ-ਲਿਖਿਤ ਵਿਚ ਨਹੀਂ ਹਨ। ਇਹ ਕਿਸੇ ਹੋਰ ਪਰੰਤੂ ਬਾਦ ਦੇ ਲਿਖਾਰੀ ਦੇ ਲਿਖੇ ਹਨ। ਇਸ ਤੋਂ ਛੁਟ, 'ਰਾਮਾਵਤਾਰ' ਦੇ ਅੰਤ ਵਿਚ ਬਾਣੀ-ਵੇਰਵਾ ਵਾਲਾ ਪੱਤਰ (ਅੰਕ 615) ਆਪਣੀ ਥਾਂ ਅਤੇ ਕ੍ਰਮ ਤੋਂ ਕੁਝ ਹਟਿਆ ਹੋਇਆ ਹੈ। ਇਸ ਪੱਤਰ ਵਿਚ ਆਏ 'ਕ੍ਰਿਸ਼ਨਾਵਤਾਰ' ਦੇ ਪਹਿਲੇ ਚਾਰ ਛੰਦ ਅਤੇ 'ਰਾਮਾਵਤਾਰ' ਦਾ ਅੰਤਲਾ ਦੋਹਰਾ ਇਸ ਬੀੜ ਦੇ ਸਾਧਾਰਣ ਪੱਤਰ ਅੰਕ 616 ਉੱਤੇ ਵੀ ਲਿਖੇ ਹਨ। ਇਨ੍ਹਾਂ ਅਨਮੋਲ ਤੱਥਾਂ ਤੋਂ ਇਹ ਸਪੱਸ਼ਟ ਹੈ ਕਿ ਇਸ ਬੀੜ ਵਿਚ ਖ਼ਾਸ-ਪੱਤਰਾਂ ਨੂੰ ਸੁਰਖਿਅਤ ਕਰਨ ਦੀ ਯੋਜਨਾ ਇਸ ਬੀੜ ਦੇ ਲਿਖੇ ਜਾਣ ਤੋਂ ਬਾਦ ਦੀ ਹੈ, ਨਹੀਂ ਤਾਂ ਅਜਿਹੀਆ ਉਕਾਈਆਂ ਨਾ ਹੁੰਦੀਆਂ। ਇਨ੍ਹਾਂ ਪੱਤਰਾਂ ਦੀ ਆਵੱਸ਼ਕ ਤੁਲਨਾਤਮਕ ਤਾਲਿਕਾ ਪੰਨਾ 117 ਤੇ ਦਿੱਤੀ ਹੈ।

Digitized by Panjab Digital Library | www.panjabdigilib.org

## 'ੳ' ਬੀੜ ਦੇ ਖ਼ਾਸ-ਪੱਤਰਾਂ ਦਾ ਵੇਰਵਾ ਅਤੇ ਪ੍ਰਕਾਸ਼ਿਤ ਬੀੜ

## ਨਾਲ ਥਾਂ ਕ੍ਰਮ ਦੀ ਤੁਲਨਾਤਮਕ-ਤਾਲਿਕਾ

| ਖ਼ਾਸ-ਪੱਤਰ ਕ੍ਰਮਾਂਕ | ਖ਼ਾਸ-ਪੱਤਰ ਸੰਖਿਆ-ਅੰਕ | ਉੱਤਾਰਾ ਪੱਤਰ-ਅੰਕ | ਅਫ਼ਜ਼ੂ-ਅੰਕ | ਰਚਨਾ | ਪ੍ਰਕਾਸ਼ਿਤ ਬੀੜ ਛੰਦ ਅੰਕ | ਪ੍ਰਕਾਸ਼ਿਤ ਬੀੜ ਪੰਨਾ ਅੰਕ |
|---|---|---|---|---|---|---|
| 1 | 615 | 614 | 2229—2258<br>ਅਫ਼ਜ਼ੂ ਵੇਰਵਾ, ਕੁਝ ਛੰਦ<br>ਕ੍ਰਿਸ਼ਨ ਅਤੇ ਨਰ ਅਵਤਾਰ ਦੇ | ਰਾਮਾਵਤਾਰ<br>ਕ੍ਰਿਸ਼ਨਾਵਤਾਰ<br>ਨਰਾਵਤਾਰ | 837—864<br>+? | 252—254 |
| 2 | 744 | 733 | 5346—5377 | ਕਲਕੀ ਅਵਤਾਰ | 497—527 | 604—606 |
| 3 | 745 | 739 | 5378—5408 | ਕਲਕੀ ਅਵਤਾਰ | 528—558 | 606—608 |
| 4 | 746 | 740 | 5409 - 5445 | ਕਲਕੀ, ਮੀਰ ਮਹਿਦੀ | 559—588 | 608—610 |
| 5 | 747 | 742 | 5489—5518 | ਬ੍ਰਹਮਾਵਤਾਰ | 1—8<br>40—41<br>1—9<br>1—22 | 613—616 |
| 6 | 748 | 743 | 5519—5556 | ,, | 23—60 | 616—618 |
| 7 | 755 | 753 | 5716—5755 | ,, | 43—73 | 629—631 |
| 8 | 756 | 754 | 5756—5774 | ,, | 74—102 | 631—634 |

Digitized by Panjab Digital Library | www.panjabdigilib.org

## ਖ਼ਾਸ-ਪੱਤਰਾਂ ਦੀ ਪਰੀਖਿਆ

### 5. ਖ਼ਾਸ ਪੱਤਰ 1 :

(1) ਇਸ ਪੱਤਰ ਵਿਚ ਅਫ਼ਜੂ-ਅੰਕ 2231 ਹੇਠ ਲਿਖੇ ਛੇ ਚਰਣਾਂ ਤੋਂ ਬਾਦ ਅੰਕਿਤ ਹੈ—

ਸੁਦ੍ਰ ਸਬਨ ਕੀ ਸੇਵ ਕਮਾਵੈ । ਜਹ ਕੋਈ ਕਹੈ ਤਹੀ ਵਹ ਧਾਵੈ ।
ਜੈਸਕ ਹੁਤੀ ਬੇਦ ਸਾਸ਼ਨਾ । ਨਿਕਸਾ ਤੈਸ ਰਾਮ ਕੀ ਰਸਨਾ ।
ਭਾਂਤ ਭਾਂਤ ਸੇਵਕ ਗਣ ਤਾਰੇ । ਰਾਵਣਾਦਿ ਰਣ ਹਾਂਕ ਸੰਘਾਰ ॥ ੨੨੩੧ ॥

ਪ੍ਰਕਾਸ਼ਿਤ ਬੀੜ ਵਿਚ ਪਹਿਲੇ ਚਾਰ ਚਰਣਾਂ ਤੋਂ ਬਾਦ ਛੰਦ ਅੰਕ 839 ਦਿੱਤਾ ਹੈ ਅਤੇ ਅਗਲੇ ਦੋ ਚਰਣਾਂ ਦੇ ਨਾਲ ਹੇਠ ਲਿਖੇ ਦੋ ਚਰਣ ਮਿਲਾਕੇ ਅਗਲਾ ਛੰਦ ਅੰਕ (840) ਦਿੱਤਾ ਹੈ—

ਲੰਕਾ ਦਈ ਟੇਕ ਜਨੁ ਦੀਨੋ ।
ਇਹ ਬਿਧ ਰਾਜ ਜਗਤ ਮੈ ਕੀਨੋ ॥ ੮੪੦ ॥

ਇਸ ਪੱਤਰੇ ਦੇ ਉਤਾਰੇ ਵਿਚ ਅਫ਼ਜੂ-ਅੰਕ 2231 ਪਹਿਲੇ ਚਾਰ ਚਰਣਾਂ ਤੋਂ ਬਾਦ ਦਿੱਤਾ ਹੈ । ਬਾਕੀ ਦੋ ਚਰਣ ਅੰਕ-ਹੀਨ ਹਨ, ਪਰ ਫਿਰ ਸੰਕੇਤ-ਚਿੰਨ੍ਹ ਲਗਾ ਕੇ ਹਾਸ਼ੀਏ ਵਿਚ ਉਪਰੋਕਤ ਦੋ ਲੁਪਤ ਚਰਣ ਵੀ ਲਿਖੇ ਹਨ । ਇਹ ਕਹਿਣਾ ਕਠਿਨ ਹੈ ਕਿ ਉਤਾਰਾ ਕਰਨ ਵਾਲੇ ਨੇ ਇਹ ਦੋ ਚਰਣ ਕਿਥੋਂ ਲਏ ਹਨ । ਪਰ ਇਸ ਲੋਪ ਨਾਲ 'ਖ਼ਾਸ-ਪੱਤਰ' ਦਾ ਪਾਠ ਅਪ੍ਰਮਾਣਿਕ ਅਵੱਸ਼ ਸਿੱਧ ਹੋ ਜਾਂਦਾ ਹੈ ।

(2) ਇਸ ਪੱਤਰ ਵਿਚ ਅਫ਼ਜੂ-ਅੰਕ 2236 ਅੱਠਾਂ ਚਰਣਾਂ ਤੋਂ ਬਾਦ ਲਿਖਿਆ ਹੈ ।

(3) ਪ੍ਰਕਾਸ਼ਿਤ ਬੀੜ ਦੇ ਛੰਦ ਅੰਕ 849 ਤੋਂ ਬਾਦ ਦੀ ਉਕਤੀ "ਰਾਮ ਬਾਚ ਮਨ ਮੇ" 'ਖ਼ਾਸ-ਪੱਤਰ' ਦੇ ਅਫ਼ਜੂ-ਅੰਕ 2235 ਤੋਂ ਬਾਦ ਹੋਣੀ ਚਾਹੀਦੀ ਸੀ, ਪਰ ਉਥੇ ਨਹੀਂ ਹੈ ।

(4) ਅਫ਼ਜੂ-ਅੰਕ 2239 ਦੋ ਵਾਰ ਲਿਖਿਆ ਹੈ ।

(5) ਪ੍ਰਕਾਸ਼ਿਤ ਬੀੜ ਦੇ ਛੰਦ ਅੰਕ 850 ਤੋਂ ਬਾਦ ਦੀ ਪੁਸ਼ਪਿਕਾ 'ਖ਼ਾਸ-ਪੱਤਰ' ਵਿਚ (ਅਫ਼ਜੂ-ਅੰਕ 2240 ਤੋਂ ਬਾਦ) ਨਹੀਂ ਹੈ । ਇਸ ਤੋਂ ਇਹ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਆਰੰਭਿਕ ਉਕਤੀਆਂ, ਵਰਣਿਕਾਵਾਂ ਜਾਂ ਪੁਸ਼ਪਿਕਾਵਾਂ ਸੰਪਾਦਕਾਂ ਜਾਂ ਸੰਕਲਨ-ਕਰਤਿਆਂ ਦੀ ਵਿਅਕਤੀਗਤ ਰੁਚੀ ਅਨੁਸਾਰ ਲਿਖੀਆਂ ਗਈਆਂ ਹਨ ।

Digitized by Panjab Digital Library | www.panjabdigilib.org

(6) ਇਸ ਪੱਤਰ ਵਿਚ 'ਰਾਮਾਵਤਾਰ' ਦੇ ਅੰਤਿਮ ਛੇ ਛੰਦਾਂ ਦੇ ਲਿਖਣ ਦੀ ਗੁੰਜਾਇਸ਼ ਨਹੀਂ ਹੈ।

(7) ਇਸ ਪੱਤਰ ਦੇ ਪਿਛਲੇ ਪਾਸੇ ਬਾਣੀ-ਵੇਰਵਾ ਦਾ ਪਾਠ ਹੈ। ਜਿਸ ਦੀ ਇਕ ਨਕਲ ਕੁਝ ਅੰਤਰ ਸਹਿਤ 'ੲ' ਬੀੜ ਵਿਚ ਵੀ ਆਪਣੀ ਉਚਿਤ ਥਾਂ ਤੇ ਲਗੀ ਹੈ, ਪਰ 'ੲ' ਬੀੜ ਅਤੇ 'ੳ' ਬੀੜ ਆਪਸ ਵਿਚ ਬਿਲਕੁਲ ਭਿੰਨ ਹਨ। 'ਸ' ਬੀੜ ਵਿਚ ਵੀ ਪ੍ਰਸੰਗ-ਕ੍ਰਮ ਅਨੁਸਾਰ ਇਸ ਪੱਤਰ ਦੇ ਪਿਛਲੇ ਪਾਸੇ ਦਾ ਉੱਤਾਰਾ ਅੰਕਿਤ ਹੈ, ਜਿਸ ਦਾ ਪਾਠ ਇਸ ਤੋਂ ਕਾਫ਼ੀ ਭਿੰਨ ਹੈ। 'ਸ' ਬੀੜ ਦੀ ਵੀ 'ੳ' ਬੀੜ ਨਾਲ ਕੋਈ ਸਮਾਨਤਾ ਨਹੀਂ। ਅਜਿਹੀ ਅਵਸਥਾ ਵਿਚ ਵਿਸ਼ਵਾਸ ਕਰਨਾ ਪੈਂਦਾ ਹੈ ਕਿ ਬਾਣੀ-ਵੇਰਵਾ ਦੇ ਇਕ ਨਹੀਂ, ਅਨੇਕ ਪੱਤਰ ਸਨ, ਜਿਨ੍ਹਾਂ ਦੇ ਉਤਾਰੇ ਪਰਸਪਰ ਭਿੰਨਤਾ ਸਹਿਤ ਵਿਭਿੰਨ ਬੀੜਾਂ ਵਿਚ ਲਗੇ ਮਿਲਦੇ ਹਨ। ਫਲਸਰੂਪ, ਇਸ ਖ਼ਾਸ-ਪੱਤਰ ਦੀ ਪ੍ਰਮਾਣਿਕਤਾ ਸੰਦਿਗਧ ਹੈ।

6. **ਖ਼ਾਸ-ਪੱਤਰ 2 :**

(1) ਇਸ ਪੱਤਰ ਤੋਂ ਪਹਿਲਾਂ ਦਾ ਅਫਜ਼ੂ-ਅੰਕ 'ੳ' ਬੀੜ ਦੇ ਪਾਠ-ਕ੍ਰਮ ਅਨੁਸਾਰ 5242 (4746+496) ਹੋਣਾ ਚਾਹੀਦਾ ਸੀ, ਪਰ ਇਥੇ ਅਫਜ਼ੂ-ਅੰਕ 5346 ਦਿੱਤਾ ਹੈ। ਇਸ ਅਨਮੇਲ ਦੁਆਰਾ ਪਾਠ ਵਿਚ ਕੁਝ ਗੜਬੜ ਦਾ ਸੰਕੇਤ ਮਿਲਦਾ ਹੈ।

(2) ਇਸ ਪੱਤਰ ਦੇ ਕੁਲ ਛੰਦ 31 ਹਨ, ਪਰ ਪ੍ਰਕਾਸ਼ਿਤ ਬੀੜ ਦੇ ਇਸੇ ਪਾਠ-ਭਾਗ ਵਿਚ 30 ਛੰਦ ਹਨ। ਇਸ ਦੇ ਬਾਵਜੂਦ ਇਨ੍ਹਾਂ ਦੋਹਾਂ ਦਾ ਪਾਠ ਸਮਾਨ ਹੈ। ਅਸਲ ਵਿਚ, ਇਸ ਪੱਤਰ ਦੇ ਲਿਖਾਰੀ ਨੇ ਅਫਜ਼ੂ-ਅੰਕ 5359 ਤੋਂ ਬਾਦ 5361 ਅੰਕ ਦੇ ਦਿੱਤਾ ਹੈ। ਸਿਟੇ ਵਜੋਂ, ਇਸ ਪੱਤਰ ਵਿਚ ਇਕ ਅੰਕ ਅਧਿਕ ਹੋ ਗਿਆ ਹੈ।

7. **ਖ਼ਾਸ-ਪਤਰ 3 :** ਇਸ ਪੱਤਰ ਦੇ ਪਾਠ ਦੀ ਪ੍ਰਕਾਸ਼ਿਤ ਬੀੜ ਦੇ ਪਾਠ ਨਾਲ ਸਮਾਨਤਾ ਹੈ। ਕਿਤੇ ਕਿਤੇ ਥੋੜਾ ਜਿਹਾ ਅੰਤਰ ਜ਼ਰੂਰ ਨਜ਼ਰ ਪੈਂਦਾ ਹੈ।

8. **ਖ਼ਾਸ ਪੱਤਰ 4 :**

(1) ਇਸ ਪੱਤਰ ਵਿਚ ਅਫਜ਼ੂ-ਅੰਕ 5409 ਅਤੇ 5410 ਦੋਵੇਂ ਇਕੋ ਹੀ ਛੰਦ ਤੋਂ ਬਾਦ ਲਿਖੇ ਹਨ। ਇਸ ਲਈ ਪ੍ਰਕਾਸ਼ਿਤ ਪਾਠ-ਕ੍ਰਮ ਨਾਲ ਛੰਦ-ਸੰਖਿਆ ਸੰਬੰਧੀ ਅੰਤਰ ਉਪਸਥਿਤ ਹੋ ਗਿਆ ਹੈ।

(2) ਅਫਜ਼ੂ-ਅੰਕ 5431 ਅਤੇ 5432 ਦਾ ਗਿਣਤੀ ਅੰਕ ਦੋ ਦੋ ਵਾਰ ਦਿੱਤਾ ਹੋਇਆ ਹੈ।

(3) ਇਸ ਪੱਤਰ ਵਿਚ ਪ੍ਰਕਾਸ਼ਿਤ ਪਾਠ ਤੋਂ ਕਈਆਂ ਥਾਵਾਂ ਤੇ ਅੰਤਰ ਵੀ

Digitized by Panjab Digital Library | www.panjabdigilib.org

ਹੈ, ਜਿਵੇਂ—

| ਪ੍ਰਕਾਸ਼ਿਤ ਪਾਠ | ਖ਼ਾਸ ਪਾਠ |
|---|---|
| ਬਾਨ ਤੁਰੰਗਮ ਛੰਦ : | |
| ਅਖੰਡ ਬਾਹੁ ਹੈ ਬਲੀ। | ਅਖੰਡ ਬਾਹੂ ਹੈ ਬਲੀ। |
| ਸੁਭੰਤ ਜੋਤ ਨਿਰਮਲੀ। | ਸੁਭੰਤ ਜੋਤ ਨਿਰਮਲੀ। |
| ਸੁ ਹੋਮ ਜਗ ਕੋ ਕਰੈਂ। | ਹੋਮ ਜਗ ਕਰੈ। |
| ਪਰਮ ਪਾਪ ਕੋ ਹਰੈਂ ॥੫੯੨॥ | ਪਰਮ ਪਾਪ ਹਰੈ। |

'ਬਾਨ ਤੁਰੰਗਮ' ਛੰਦ ਦੇ ਲੱਛਣ[1] ਇਨ੍ਹਾਂ ਦੋਹਾਂ ਪਾਠਾਂ ਉੱਤੇ ਨਹੀਂ ਘਟਦੇ, ਪਰ ਖ਼ਾਸ-ਪਾਠ ਤਾਂ ਛੰਦ-ਲੱਛਣ ਦੀ ਦ੍ਰਿਸ਼ਟੀ ਤੋਂ ਵਧੇਰੇ ਵਿਗੜਿਆ ਹੋਇਆ ਹੈ। ਕਿਹਾ ਨਹੀਂ ਜਾ ਸਕਦਾ ਕਿ ਇਨ੍ਹਾਂ ਦੋਹਾਂ ਵਿਚੋਂ ਮੂਲ ਰੂਪ ਕੇਹੜਾ ਹੈ।

9. ਖ਼ਾਸ-ਪੱਤਰ 5 :

(1) ਇਸ ਪੱਤਰ ਦਾ ਅਫ਼ਜੂ-ਅੰਕ 2489 ਆਪਣੀ ਥਾਂ ਤੇ ਵੀ ਹੈ ਅਤੇ ਅਫ਼ਜੂ-ਅੰਕ 5490 ਤੋਂ ਪਹਿਲਾਂ ਵੀ ਲਿਖਿਆ ਹੈ।

(2) ਅਫ਼ਜੂ-ਅੰਕ 5501 ਨੂੰ ਛੰਦ-ਅੰਤ ਤੋਂ ਬਾਦ ਨਾ ਲਿਖ ਕੇ ਅਗਲੇ ਛੰਦ ਦੇ ਆਰੰਭ ਵਿਚ "ਪਾਧਰੀ ਛੰਦ, ਤ੍ਵਪ੍ਰਸਾਦਿ ਕਥਤੋ"—ਇਨ੍ਹਾਂ ਸ਼ਬਦਾਂ ਤੋਂ ਬਾਦ ਲਿਖਿਆ ਗਿਆ ਹੈ, ਜਿਥੋਂ ਕਿ ਅਗਲੇ ਛੰਦ ਦਾ ਪਾਠ ਸ਼ੁਰੂ ਹੋਣਾ ਚਾਹੀਦਾ ਸੀ। ਇਹ ਉਕਾਈ ਇਨ੍ਹਾਂ ਪੱਤਰਾਂ ਦੇ ਲਿਖਾਰੀ ਦਾ ਕਵੀ ਹੋਣਾ ਪ੍ਰਮਾਣਿਤ ਨਹੀਂ ਕਰਦੀ।

(3) ਅਫ਼ਜੂ-ਅੰਕ 5503 ਅਤੇ 5504 ਦੇ ਛੰਦ-ਚਰਣਾਂ ਦਾ ਪ੍ਰਕਾਸ਼ਿਤ ਬੀੜ ਨਾਲ ਸਥਾਨ ਅਤੇ ਕ੍ਰਮ ਦਾ ਭੇਦ ਹੈ।

(4) ਅਫ਼ਜੂ-ਅੰਕ 5498 ਦਾ ਪਾਠ ਖ਼ਾਸ-ਪੱਤਰ ਅਨੁਸਾਰ ਇੰਜ ਹੈ—

ਪਾਧਰੀ : ਤ੍ਵ ਪ੍ਰਸਾਦ ॥ ਕਹੰ ਭਾਂਤ ਕੀਨ ਦੂਸਰਵਤਾਰ।
ਅਬ ਕਹੋ ਤੋਹਿ ਤੀਸਰ ਬਿਚਾਰ ॥੨॥

ਦੂਜਾ ਅੁਤਾਰ ਸਮਾਪਤ :

ਪਾਧਰੀ :

ਪੁਨ ਧਰਾ ਤੀਸਰਿਹਿ ਭਾਂਤ ਰੂਪ।
ਜਗ ਭਯੋ ਆਨ ਕਰ ਦਈਤ ਭੂਪ ॥੫੪੯੮॥

---

1. ਲੱਛਣ : ਚਾਰ ਚਰਣ, ਪ੍ਰਤਿ ਚਰਣ ਨਗਣ, ਰਗਣ, ਗੁਰੂ
111 SIS S
(ਗੁਰੁ ਛੰਦ ਦਿਵਾਕਰ, ਕਾਨ੍ਹ ਸਿੰਘ, ਪੰਨਾ 264)

Digitized by Panjab Digital Library | www.panjabdigilib.org

ਪ੍ਰਕਾਸ਼ਿਤ ਅਤੇ 'ਟ' ਬੀੜਾਂ ਅਨੁਸਾਰ ਇਥੇ ਪਾਠ ਹੈ—

ਇਹ ਭਾਂਤਿ ਕੀਨ ਦੂਸਰਵਤਾਰ ।
ਅਬ ਕਹੋ ਤੋਹ ਤੀਸਰ ਬਿਚਾਰ ।
ਜਿਹ ਭਾਂਟਿ ਧਰਯੋ ਬਪੁ ਬ੍ਰਹਮ ਰਾਇ ।
ਸਬ ਕਹਯੋ ਤਾਹਿ ਨੀਕੇ ਸੁਭਾਇ ॥੯॥

ਇਤ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਦੁਤੀਯ ਅਵਤਾਰੇ ਬ੍ਰਹਮਾ ਕਸਪ ਸਮਾਪਤੰ ।
ਅਥ ਤ੍ਰਿਤੀਆ ਅਵਤਾਰ ਸੁਕ੍ਰ ਕਥਨੰ ।

ਪਾਧੜੀ ਛੰਦ ॥ ਪੁਨਿ ਧਰਾ ਤੀਸਰ ਇਹ ਭਾਂਤਿ ਰੂਪ ।
ਜਗਿ ਭਯੋ ਆਨ ਕਰਿ ਦੈਤ ਭੂਪ ।
ਤਬ ਦੇਵ ਬੰਸ ਪ੍ਰਚੁਰਯੋ ਅਪਾਰ ।
ਕੀਨੇ ਸੁ ਰਾਜ ਪ੍ਰਿਥਮੀ ਸੁਧਾਰਿ ॥੧॥

ਇਨ੍ਹਾਂ ਦੋਹਾਂ ਪਾਠਾਂ ਦੇ ਤੁਲਨਾਤਮਕ ਅਧਿਐਨ ਤੋਂ ਇਹ ਸਪੱਸ਼ਟ ਹੈ ਕਿ ਖਾਸ-ਪੱਤਰ ਦੇ ਲਿਖਾਰੀ ਨੇ ਅਰਜ਼ੁ-ਅੰਕ 5498 ਵਾਲੇ ਛੰਦ ਦੇ ਪਹਿਲੇ ਦੋ ਚਰਣਾਂ ਤੇ ਹੀ ਪ੍ਰਸੰਗ ਸਮਾਪਤ ਕਰ ਦਿੱਤਾ ਹੈ ਅਤੇ ਸੰਖਿਪਤ ਪੁਸ਼ਪਿਕਾ ਅਤੇ ਛੰਦ-ਨਾਂ ਦੋਬਾਰਾ ਦੇ ਕੇ ਅਗਲੇ ਛੰਦ ਦੇ ਪਹਿਲੇ ਦੋ ਚਰਣ ਲਿਖ ਕੇ ਛੰਦ ਅੰਕ ਦਿੱਤਾ ਹੈ। ਅਜਿਹਾ ਕਰਨਾ ਕਵਿਤਾ ਦੀ ਪ੍ਰਣਾਲੀ ਤੋਂ ਬਿਲਕੁਲ ਉਲਟ ਤਾਂ ਹੈ ਹੀ, ਪਰ ਪ੍ਰਕਾਸ਼ਿਤ ਅਤੇ ਪੁਰਾਤਨ ਬੀੜਾਂ ਵਿਚ ਇਸ ਛੰਦ ਦੀ ਥਾਂ ਤੇ ਦੋ ਛੰਦ ਕਿਧੋਂ ਆ ਗਏ, ਇਸ ਦਾ ਸੰਤੋਸ਼ਜਨਕ ਉੱਤਰ ਚਾਹੇ ਅਜ ਪ੍ਰਾਪਤ ਨਾ ਹੋ ਸਕੇ, ਪਰ ਇਨ੍ਹਾਂ ਤ੍ਰੁਟੀਆਂ ਨਾਲ ਖ਼ਾਸ-ਪੱਤਰਾਂ ਦੀ ਪ੍ਰਮਾਣਿਕਤਾ ਅਵੱਸ਼ ਸ਼ੰਕਿਤ ਹੋ ਜਾਂਦੀ ਹੈ। ਉਂਜ ਖ਼ਾਸ-ਪੱਤਰ ਦੀ ਨਿਸਬਤ ਪੁਰਾਤਨ ਅਤੇ ਪ੍ਰਕਾਸ਼ਿਤ ਬੀੜਾਂ ਦਾ ਪਾਠ ਅਧਿਕ ਸ਼ੁੱਧ ਅਤੇ ਕਥਾ-ਕ੍ਰਮ ਅਨੁਸਾਰ ਹੈ। ਇਸ ਖ਼ਾਸ-ਪੱਤਰ ਦਾ ਇਕ ਬਲਾਕ ਚਿੱਤਰ ਵਿਚਾਰਵਾਨਾਂ ਦੇ ਅਵਲੋਕਨ ਲਈ ਚਿਤਰ 11 ਤੇ ਦਿੱਤਾ ਹੈ।

10. **ਖਾਸ ਪੱਤਰ** 6 : ਇਸ ਪੱਤਰ ਦੇ ਅਰਜ਼ੁ-ਅੰਕ 5520 ਨੂੰ ਇਕੋ ਹੀ ਥਾਂ ਤੇ ਦੋ ਵਾਰ ਲਿਖਿਆ ਗਿਆ ਹੈ। ਅਰਜ਼ੁ-ਅੰਕ 5543 (ਹਰਬੋਲ-ਮਨਾ ਛੰਦ) ਦੇ ਚਾਰ ਚਰਣਾਂ ਦੀ ਥਾਂ ਤੇ ਛੇ ਚਰਣ ਦਿੱਤੇ ਹਨ, ਜਿਵੇਂ—

ਹਨਿ ਭੂਪ ਬਲੀ । ਜਿਣ ਭੂਪ ਬਲੀ ।
ਰਿਖ ਬੋਲਿ ਰਜੀ । ਬਿਧ ਜਗਿ ਸਜੀ ।
ਸਭ ਕਰੰਮ ਕਰੈ । ਅਰਿ ਪੁੰਜ ਹਰੇ ॥ ੫੫੪੩ ॥

'ਟ' ਅਤੇ ਪ੍ਰਕਾਸ਼ਿਤ ਬੀੜਾਂ ਵਿਚ ਇਹ ਪਾਠ ਅੱਠ ਚਰਣਾਂ (ਅਤੇ ਦੋ ਛੰਦਾਂ) ਦਾ

Digitized by Panjab Digital Library | www.panjabdigilib.org

ਹੈ। ਰਹਿੰਦੇ ਦੋ ਚਰਣ ਇਹ ਹਨ—

ਅਤਿ ਸੂਰ ਮਹਾਂ।
ਨਹਿ ਔਰ ਲਹਾਂ ॥ ੪੭ ॥

ਸਪੱਸ਼ਟ ਹੈ ਕਿ ਖ਼ਾਸ-ਪੱਤਰ ਦਾ ਲਿਖਾਰੀ ਦੋ ਦੋ ਚਰਣਾਂ ਦਾ ਲੋਪ ਕਰਕੇ ਚਾਰ ਚਾਰ ਚਰਣਾਂ ਦੇ ਦੋ ਛੰਦਾਂ ਦੀ ਥਾਂ ਤੇ ਛੇ ਚਰਣਾਂ ਦਾ ਇਕ ਛੰਦ ਬਣਾ ਰਿਹਾ ਹੈ। ਇਹ ਸਭ ਕਵਿਤਾ ਅਤੇ ਪਿੰਗਲ ਦੇ ਸਿੱਧਾਂਤਾ ਦੇ ਉਲਟ ਤਾਂ ਹੈ ਹੀ, ਪਰ ਨਾਲ ਹੀ ਇਹ ਤਰੁਟੀ ਇਨ੍ਹਾਂ ਪੱਤਰਾਂ ਦੇ ਲਿਖਾਰੀ ਨੂੰ ਇਸ ਹਦਨਾ ਦੇ ਮੂਲ-ਲੇਖਕ ਦੇ ਪਦ ਤੋਂ ਵੀ ਵੰਚਿਤ ਕਰਦੀ ਹੈ।

11. **ਖਾਸ ਪੱਤਰ 7 :**

(1) ਇਸ ਪੱਤਰ ਵਿਚ ਅਫਜੂ-ਅੰਕ 5728 ਤੋਂ ਬਾਦ ਦੇ ਦੋ ਛੰਦਾ ਨੂੰ ਇਕੱਠਾ ਹੀ ਅਫਜੂ-ਅੰਕ 5730 ਦਿੱਤਾ ਹੈ। ਅਫਜੂ-ਅੰਕ 5729 ਦਾ ਪਾਠ ਅੰਕ-ਹੀਨ ਹੈ।

(2) ਅਫਜੂ-ਅੰਕ 5740 ਅਤੇ 5741 ਦੀ ਪ੍ਰਕਾਸ਼ਿਤ ਬੀੜ ਦੇ ਇਨ੍ਹਾਂ ਛੰਦਾਂ ਨਾਲ ਸਥਾਨ ਸੰਬੰਧੀ ਅਦਲਾ-ਬਦਲੀ ਹੈ।

(3) ਅਫਜੂ-ਅੰਕ 5745 ਤੋਂ ਬਾਦ ਅਫਜੂ-ਅੰਕ 5746 ਨਾ ਦੇ ਕੇ ਅਫਜ-ਅੰਕ 5755 ਅੰਕਿਤ ਹੈ। ਸਿੱਟੇ ਵਜੋਂ, ਬਿਨਾ ਪਾਠ ਦਿੱਤੇ ਗਿਣਤੀ ਵਿਚ ਨੌਂ ਅੰਕਾਂ ਦਾ ਫ਼ਰਕ ਪੈ ਗਿਆ ਹੈ। ਪਰ ਇਸ ਪੱਤਰ ਦੇ ਉੱਤਾਰੇ ਵਿਚ ਛੰਦਾਂ ਦੇ ਅੰਕ ਠੀਕ ਹਨ। ਹੋਰ ਵੀ ਕਈ ਉਕਾਈਆਂ ਸਪੱਸ਼ਟ ਦ੍ਰਿਸ਼ਟੀ-ਗੋਚਰ ਹੁੰਦੀਆਂ ਹਨ।

12. **ਖ਼ਾਸ-ਪੱਤਰ 8 :**

(1) ਇਸ ਪੱਤਰ ਵਿਚ ਅਫਜੂ-ਅੰਕ 5761 ਤੋਂ ਬਾਦ ਚਾਰ ਛੰਦਾਂ (5762, 5763, 5764, 5765) ਦਾ ਪਾਠ ਲਿਖ ਕੇ ਅਫਜੂ-ਅੰਕ 5765 ਚੌਹਾਂ ਨੂੰ ਇਕੱਠਾ ਹੀ ਦਿੱਤਾ ਹੈ। ਇਥੇ ਛੰਦ ਅੰਕਣ ਦੀ ਤਰਤੀਬ ਦਾ ਸਪੱਸ਼ਟ ਵਿਰੋਧ ਹੈ।

(2) ਅਫਜੂ-ਅੰਕ 5765 ਤੋਂ ਬਾਦ ਅਫਜੂ-ਅੰਕ 5757 ਸ਼ੁਰੂ ਹੁੰਦਾ ਹੈ, ਜੋ ਨਿਰਸੰਦੇਹ ਅਨੁਚਿਤ ਹੈ। ਸ਼ਾਇਦ ਇਥੇ ਆ ਕੇ ਖ਼ਾਸ-ਪੱਤਰ ਦੇ ਲਿਖਾਰੀ ਨੇ ਉਪਰੋਕਤ ਖ਼ਾਸ-ਪੱਤਰ 7 ਦੇ ਨੌਂ ਛੰਦਾਂ ਦਾ ਵਾਧਾ ਬਰਾਬਰ ਕੀਤਾ ਹੋਵੇ।

(3) ਅਫਜੂ-ਅੰਕ 5769 ਅਤੇ 5771 ਆਪਣੀਆਂ ਥਾਵਾਂ ਤੇ ਵੀ ਅੰਕਿਤ ਹਨ ਅਤੇ ਅਗਲੇ ਛੰਦਾਂ ਦੇ ਅਫਜੂ-ਅੰਕਾਂ ਨਾਲ ਵੀ ਆਏ ਹਨ।

## (ਖ) 'ਅ' ਬੀੜ ਵਿਚ ਸੁਰਖਿਅਤ 'ਖ਼ਾਸ-ਪੱਤਰ'

13. ਇਹ ਪੱਤਰ ਗਿਣਤੀ ਵਿਚ ਸੱਤ ਹਨ। ਹਰ ਇਕ ਪੱਤਰ ਦਾ ਸਾਧਾਰਣ

Digitized by Panjab Digital Library | www.panjabdigilib.org

ਗੁਰਮੁਖੀ ਵਿਚ ਉੱਤਰਾ ਦੀ ਬੀੜ ਵਿਚ ਸੰਕਲਿਤ ਹੈ। ਇਨ੍ਹਾਂ ਪੱਤਰਾਂ ਦੀਆਂ ਵਿਸ਼ੇਸ਼ਤਾਵਾਂ 'ੳ' ਬੀੜ ਦੇ ਖ਼ਾਸ ਪੱਤਰਾਂ ਨਾਲ ਮੇਲ ਖਾਂਦੀਆਂ ਹਨ। ਪੱਤਰ ਅੰਕ ੫, 6 ਅਤੇ 7 ਉੱਤੇ ਪਾਠ ਦੀ ਆਰੰਭਿਕ ਪੰਕਤੀ (ਦੂਜੀ ਪੰਕਤੀ) ਵਿਚ ਬਾਣੀ ਦਾ ਮੂਲ-ਪਾਠ ਆਰੰਭ ਹੋਣ ਤੋਂ ਪਹਿਲਾਂ ਹੇਠ ਲਿਖੀਆਂ ਉਕਤੀਆਂ ਅੰਕਿਤ ਹਨ—

ਪਤਰਾ 5 : ਮੈਂ ਮੂੰਗਾ ਕਹਤਾ ਹੋ ਤੇਰੈ ਬਲ ਕਰ ਕੈ।

ਪਤਰਾ 6 : ਛਪੈ ਛੰਦ ॥ ਤਵ ਪ੍ਰਸਾਦਿ ਕਹ੍ਤ ਮੈ ਗੰਗਾ ਬਾਣੀ

ਉਚਰਤਾ ਹੋ ਤੇਰੇ ਪ੍ਰਸਾਦਿ ਤੇ ॥

ਪਤਰਾ 7 : ਰੁਆਲ। ਤਵ ਪ੍ਰਸਾਦਿ ਮੈਂ ਮੂੰਗਾ ਕਹਤਾ......ਤਰੈ ਬਲ੍ਤ।

ਇਸ ਤੋਂ ਛੁਟ, ਬਾਕੀ ਪਾਠ ਵਿਚ ਵੀ ਅਜਿਹੀਆਂ ਉਕਤੀਆਂ ਮਿਲ ਜਾਂਦੀਆਂ ਹਨ, ਜਿਵੇਂ ਪੱਤਰ 7 ਵਿਚ ਅਟਜੁ-ਅੰਕ 7435 ਤੋਂ ਬਾਦ ਦੀ ਉਕਤੀ—

"ਛਪੈ ॥ ਤਵਪ੍ਰਸਾਦਿ ਕਰ ਮੂੰਗ ਜੁ ਹਾ ਸੁ ਕਹਤਾ ਹੋ ॥"

ਪਰ ਪ੍ਰਕਾਸ਼ਿਤ ਬੀੜ ਵਿਚ ਛੰਦ ਅੰਕ 227 ਤੋਂ ਬਾਦ ਅਜਿਹੀ ਉਕਤੀ ਨਹੀਂ ਹੈ। ਉਥੇ ਤਾਂ ਇਹ ਲਿਖਿਆ ਹੈ—

"ਅਥ ਨ੍ਰਿਪ ਬਿਬੇਕ ਕੇ ਦਲ ਕਥਨੰ ॥ ਛਪਯ ਛੰਦ ॥"

ਖ਼ਾਸ-ਪੱਤਰਾਂ ਦੀਆਂ ਇਨ੍ਹਾਂ ਉਕਤੀਆਂ ਦਾ ਪਾਠ ਵਿਚ ਬਾਰ ਬਾਰ ਆਉਣਾ ਠੀਕ ਨਹੀਂ ਹੈ। ਪ੍ਰਕਾਸ਼ਿਤ ਬੀੜਾਂ ਵਿਚ ਅਜਿਹੀਆਂ ਉਕਤੀਆਂ ਦਾ ਲਗਭਗ ਅਭਾਵ ਹੈ। ਪ੍ਰਾਚੀਨ ਬੀੜਾਂ ਵਿਚ ਵੀ ਇਨ੍ਹਾਂ ਉਕਤੀਆਂ ਦਾ ਇਤਨਾ ਵਿਸਤ੍ਰਿਤ ਰੂਪ ਨਹੀਂ ਮਿਲਦਾ। 'ੳ' ਬੀੜ ਦੇ ਖ਼ਾਸ-ਪੱਤਰਾਂ ਵਿਚ ਤਾਂ ਇਨ੍ਹਾਂ ਉਕਤੀਆਂ ਦਾ ਬਿਲਕੁਲ ਅਭਾਵ ਹੈ।

ਇਸ ਬੀੜ ਵਿਚ ਇਹ ਖ਼ਾਸ-ਪੱਤਰ ਬਾਦ ਵਿਚ ਬੜੀ ਸਾਵਧਾਨੀ ਨਾਲ ਗੋਂਦ ਦੁਆਰਾ ਚਿਪਕਾਏ ਗਏ ਹਨ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਜਿਲਦ ਬੰਨ੍ਹੇ ਜਾਣ ਵੇਲੇ ਇਹ ਪੱਤਰ ਮੌਜੂਦ ਨਹੀਂ ਸਨ। 'ਅ' ਬੀੜ ਦੇ ਖ਼ਾਸ ਪੱਤਰਾਂ ਦਾ ਵੇਰਵਾ ਅਤੇ ਪ੍ਰਕਾਸ਼ਿਤ ਬੀੜ ਨਾਲ ਥਾਂ-ਕ੍ਰਮ ਦੀ ਤੁਲਨਾਤਮਕ-ਤਾਲਿਕਾ ਪੰਨਾ 124 ਤੇ ਦਿੱਤੀ ਹੈ।

Digitized by Panjab Digital Library | www.panjabdigilib.org

## 'ਅ' ਬੀੜ ਦੇ ਖ਼ਾਸ-ਪੱਤਰਾਂ ਦਾ ਵੇਰਵਾ ਅਤੇ ਪ੍ਰਕਾਸ਼ਿਤ ਬੀੜ ਨਾਲ ਥਾਂ ਕ੍ਰਮ ਦੀ ਤੁਲਨਾਤਮਕ-ਤਾਲਿਕਾ

| ਖ਼ਾਸ-ਪੱਤਰ ਕ੍ਰਮਾਂਕ | ਖ਼ਾਸ-ਪੱਤਰ ਸੰਖਿਆ-ਅੰਕ | ਉਤਾਰਾ ਪੱਤਰ-ਅੰਕ | ਅਣਸੂ-ਅੰਕ | ਰਚਨਾ | ਪ੍ਰਕਾਸ਼ਿਤ ਬੀੜ ਛੰਦ ਅੰਕ | ਪ੍ਰਕਾਸ਼ਿਤ ਬੀੜ ਪੰਨਾ ਅੰਕ |
|---|---|---|---|---|---|---|
| 1 | 190 | 191 | 7071—7117 | ਰੁਦ੍ਰਾਵਤਾਰ (ਦੱਤ) | 389—437 | 662—664 |
| 2 | 198 | 204 | 7333—7355 | ਰੁਦ੍ਰਾਵਤਾਰ (ਪਾਰਸਨਾਥ) | 122—145 | 684—686 |
| 3 | 199 | 205 | 7356—7379 | ,, | 146—170 | 686—689 |
| 4 | 200 | 206 | 7380—7393 | ,, | 171—184 | 689—691 |
| 5 | 201 | 207 | 7394—7407 | , | 185—198 | 692—694 |
| 6 | 202 | 208 | 7408—7429 | , | 199—220 | 694—696 |
| 7 | 203 | 209 | 7430—7444 | ,, | 221—237 | 696—699 |

Digitized by Panjab Digital Library | www.panjabdigilib.org

## ਖ਼ਾਸ-ਪੱਤਰਾਂ ਦੀ ਪਰੀਖਿਆ

14. ਇਨ੍ਹਾਂ ਖ਼ਾਸ-ਪੱਤਰਾਂ ਵਿਚੋਂ ਚੌਥੇ, ਪੰਜਵੇਂ ਅਤੇ ਛੇਵੇਂ ਵਿਚ ਮਾਮੂਲੀ ਜਿਹੀਆਂ ਤਰੁਟੀਆਂ ਹਨ। ਬਾਕੀਆਂ ਦਾ ਵਿਵਰਣ ਇਸ ਤਰ੍ਹਾਂ ਦਿੱਤਾ ਜਾ ਸਕਦਾ ਹੈ :

15. **ਖ਼ਾਸ-ਪੱਤਰ** 1 : ਪ੍ਰਕਾਸ਼ਿਤ ਬੀੜ ਵਿਚ ਇਸ ਪਾਠ-ਭਾਗ ਅੰਦਰ 49 ਛੰਦ ਹਨ, ਪਰ ਇਸ ਖ਼ਾਸ-ਪੱਤਰ ਵਿਚ 47 ਛੰਦ ਹਨ। ਅਸਲ ਵਿਚ, ਪ੍ਰਕਾਸ਼ਿਤ ਬੀੜ ਵਿਚਲੇ ਤਿੰਨ ਛੰਦਾਂ (ਛੰਦ ਅੰਕ 432, 434, 436) ਨੂੰ ਖ਼ਾਸ-ਪੱਤਰ ਵਿਚ ਅੰਕ ਨਹੀਂ ਦਿੱਤੇ ਗਏ, ਜਿਸ ਨਾਲ ਦੋਹਾਂ ਬੀੜਾਂ ਦੇ ਪਾਠ-ਭਾਗਾਂ ਦੀ ਛੰਦ-ਸੰਖਿਆ ਵਿਚ 3 ਦਾ ਅੰਤਰ ਪੈ ਗਿਆ ਹੈ। ਪਰ ਇਸ ਖ਼ਾਸ-ਪੱਤਰ ਦਾ ਅਰਜ਼ੂ-ਅੰਕ 7111 ਵਾਲਾ ਪਾਠ ਪ੍ਰਕਾਸ਼ਿਤ ਬੀੜ ਵਿਚ ਨਹੀਂ ਹੈ, ਜਿਸ ਨੇ ਪ੍ਰਕਾਸ਼ਿਤ ਬੀੜ ਦੇ ਛੰਦ-ਅੰਕ 428 ਤੋਂ ਬਾਦ ਆਉਣਾ ਸੀ। ਇਸ ਦਾ ਪਾਠ ਇੰਜ ਹੈ—

ਬਜਿਤੰ ਤਾਲੰ । ਚਲਿਤੰ ਦਿਆਲੰ ।
ਲਖਿਤੰ ਰੂਪੰ । ਭ੍ਰਿਮਤੰ ਭੂਪੰ ॥ ੭੧੧੧ ॥

'ੳ' ਬੀੜ (ਪੱਤਰ 765) ਵਿਚ ਇਹ ਛੰਦ ਕਿਸੇ ਵਖ ਲਿਖਾਰੀ ਦੁਆਰਾ ਹਾਸ਼ੀਏ ਵਿਚ ਬਿਨਾ ਅੰਕ ਦਿੱਤੇ ਲਿਖਿਆ ਹੈ।

16. **ਖ਼ਾਸ-ਪੱਤਰ** 2 : ਦੋਹਾਂ ਪਾਠਾਂ ਵਿਚ ਕਿਤੇ ਕਿਤੇ ਕੁਝ ਅੰਤਰ ਹਨ, ਪਰ ਇਸ ਪੱਤਰ ਦਾ ਅਰਜ਼ੂ-ਅੰਕ 7354 ਦਾ ਚੌਥਾ ਚਰਣ ਪ੍ਰਕਾਸ਼ਿਤ ਬੀੜ ਤੋਂ ਬਹੁਤ ਭਿੰਨ ਹੈ—

ਖ਼ਾਸ-ਪੱਤਰ : ਦਿਸਟ ਜੁਤਿ ਪਰੇ ਮੁਨੀਸਰ ਧਿਆਨ ਕੈ ਪੁਨ ਸਾਧ ॥ ੭੩੫੪ ॥
ਪ੍ਰਕਾਸ਼ਿਤ ਬੀੜ : ਦਿਸਟ ਜਾਤ ਪਰੇ ਮੁਨੀਸ੍ਰਹ ਸਰੇ ਹਮਾਰੇ ਕਾਜ ॥ ੧੨੩ ॥

ਕਥਾ-ਪ੍ਰਸੰਗ ਅਨੁਸਾਰ ਪ੍ਰਕਾਸ਼ਿਤ ਬੀੜ ਦਾ ਪਾਠ ਠੀਕ ਹੈ। ਇਸ ਤੋਂ ਛੁਟ, ਪ੍ਰਕਾਸ਼ਿਤ ਪਾਠ ਦੇ ਅੰਤਿਮ ਸ਼ਬਦ 'ਕਾਜ' ਦਾ ਅਨੁਪ੍ਰਾਸ ਤੀਜੇ ਚਰਣ ਦੇ ਆਖ਼ਰੀ ਸ਼ਬਦ 'ਆਜ' ਨਾਲ ਮੇਲ ਖਾਂਦਾ ਹੈ, ਪਰ ਖ਼ਾਸ-ਪੱਤਰ ਦੇ ਪਾਠ ਵਿਚਲਾ 'ਸਾਧ' ਸ਼ਬਦ ਅਨੁਪ੍ਰਾਸ ਦੇ ਨਿਯਮ ਦੀ ਪਾਲਨਾ ਨਹੀਂ ਕਰਦਾ। ਸਿੱਟੇ ਵਜੋਂ, ਪ੍ਰਕਾਸ਼ਿਤ ਬੀੜ ਦਾ ਪਾਠ ਵਧੇਰੇ ਪ੍ਰਮਾਣਿਕ ਹੈ। ਸ਼ਾਇਦ ਇਹ ਕਿਸੇ ਸ਼ੁੱਧ ਪੋਥੀ ਤੋਂ ਉਤਾਰਿਆ ਗਿਆ ਹੋਵੇ ਅਤੇ ਖ਼ਾਸ-ਪੱਤਰ ਦੇ ਲਿਖਾਰੀ ਨੇ ਸੰਬੰਧਿਤ ਪਾਠ ਕਿਸੇ ਅਸ਼ੁੱਧ ਪੋਥੀ ਤੋਂ ਲਿਆ ਹੋਵੇ। ਇਹ ਵੀ ਸੰਭਵ ਹੈ ਕਿ ਇਸ ਪੱਤਰ ਦੇ ਲਿਖਾਰੀ ਨੇ ਆਪਣੀ ਅਣਗਹਿਲੀ ਕਾਰਣ ਇਹ ਬੇਤੁਕਾ ਪਾਠ-ਅੰਤਰ ਉਪਸਥਿਤ ਕਰ ਦਿੱਤਾ ਹੋਵੇ।

17. **ਖ਼ਾਸ-ਪੱਤਰ** 3 : ਇਸ ਖ਼ਾਸ-ਪੱਤਰ ਵਿਚ ਕੁਲ ਛੰਦ 24 ਹਨ ਅਤੇ ਪ੍ਰਕਾਸ਼ਿਤ ਬੀੜ ਦਾ ਇਹੋ ਪਾਠ-ਭਾਗ 25 ਛੰਦਾਂ ਦਾ ਹੈ। ਤਰੁਟੀ ਖ਼ਾਸ-ਪੱਤਰ ਦੇ

Digitized by Panjab Digital Library | www.panjabdigilib.org

ਅਫ਼ਜ਼ੂ-ਅੰਕ 7361 ਤੇ ਹੈ। ਇਹ ਅੰਕ ਹੇਠ ਲਿਖੇ ਛੇ ਚਰਣਾਂ ਤੋਂ ਬਾਦ ਦਿੱਤਾ ਗਿਆ ਹੈ—

ਤੋਟਕ : ਸਤ ਧਾਤ ਪੁਤ੍ਰਾ ਕੀਨ। ਸੁਨਿ ਦ੍ਰਿਸਟ ਤਰ ਧਰ ਦੀਨ।
ਜਬ ਛੁਟਿ ਰਿਖ ਕੇ ਧਿਆਨ। ਤਬ ਭਏ ਭਸਮ ਪ੍ਰਮਾਨ।
ਜੋ ਅਉਰ ਦ੍ਰਿਗ ਤਰ ਆਉ। ਸੋਊ ਜੀਅਤ ਜਾਨ ਨ ਪਾਉ॥ ੭੩੬੧॥

ਛੇ ਚਰਣਾਂ ਦਾ ਤੋਟਕ ਛੰਦ ਬਣਾਉਣਾ ਪਿੰਗਲ ਦੇ ਨਿਯਮਾਂ ਦੇ ਬਿਲਕੁਲ ਵਿਰੁਧ ਹੈ। ਅਸਲ ਵਿਚ, ਖ਼ਾਸ-ਪੱਤਰ ਦੇ ਲਿਖਾਰੀ ਨੇ ਅਸਾਵਧਾਨੀ ਨਾਲ ਦੋ ਛੰਦਾਂ ਦੇ ਅੱਠ ਚਰਣਾਂ ਵਿਚੋਂ ਛੇ ਚਰਣਾਂ ਨੂੰ ਇਕ ਛੰਦ-ਅੰਕ ਦੇ ਕੇ ਬਾਕੀ ਦੋ ਦਾ ਲੋਪ ਕਰ ਦਿੱਤਾ ਹੈ। ਖ਼ਾਸ-ਪੱਤਰ ਦੇ ਲਿਖਾਰੀ ਦੁਆਰਾ ਲੁਪਤ ਦੋ ਚਰਣ ਇਹ ਹਨ—

ਸੋ ਭਸਮ ਹੋਵਤ ਜਾਨ।
ਬਿਨੁ ਪ੍ਰੀਤਿ ਭਗਤਿ ਨ ਮਾਨ॥ ੧੫੨॥
(ਦਸਮ-ਗ੍ਰੰਥ, ਪੰਨਾ 687)

'ੳ' ਬੀੜ (ਪੱਤਰ ਅੰਕ 775) ਵਿਚ ਇਨ੍ਹਾਂ ਦੋਹਾਂ ਚਰਣਾਂ ਲਈ ਥਾਂ ਨੂੰ ਖ਼ਾਲੀ ਛਡਿਆ ਗਿਆ ਹੈ। ਸਿੱਟਾ ਇਹ ਕਿ ਖ਼ਾਸ-ਪੱਤਰ ਦਾ ਪਾਠ ਸ਼ੱਕੀ ਹੈ। ਅਜਿਹੀ ਤਰੁਟੀ 'ੳ' ਬੀੜ ਦੇ ਖ਼ਾਸ-ਪੱਤਰ 6 ਵਿਚ ਵੀ ਮਿਲਦੀ ਹੈ, ਜਿਸ ਦਾ ਪਿਛੇ ਉੱਲੇਖ ਹੋ ਚੁਕਾ ਹੈ।

## 18. ਖ਼ਾਸ-ਪੱਤਰ 7

(1) ਇਸ ਪੱਤਰ ਵਿਚ ਕੁਲ 15 ਛੰਦ ਹਨ, ਪਰ ਪ੍ਰਕਾਸ਼ਿਤ ਬੀੜ ਦੇ ਇਸ ਪਾਠ-ਭਾਗ ਵਿਚ 17 ਛੰਦ ਹਨ। ਦੋਵੇਂ ਪਾਠ ਅਸਲ ਵਿਚ ਸਮਾਨ ਹਨ, ਸਿਰਫ਼ ਖ਼ਾਸ-ਪੱਤਰ ਦੇ ਅਫ਼ਜ਼ੂ-ਅੰਕ ਅਸਾਵਧਾਨੀ ਨਾਲ ਲਿਖੇ ਗਏ ਹਨ। ਅਫ਼ਜ਼ੂ-ਅੰਕ 7430 ਚਾਰ ਚਰਣਾਂ ਤੋਂ ਬਾਦ ਨਾ ਆ ਕੇ ਅੱਠ ਚਰਣਾਂ ਤੋਂ ਬਾਦ ਆਇਆ ਹੈ। ਪ੍ਰਕਾਸ਼ਿਤ ਬੀੜ ਵਿਚ ਇਥੇ ਦੋ ਛੰਦ 221 ਅਤੇ 222 ਹਨ। ਅਫ਼ਜ਼ੂ-ਅੰਕ 7439 ਵੀ 8 ਚਰਣਾਂ ਤੋਂ ਬਾਦ ਆਇਆ ਹੈ। ਫਲਸਰੂਪ, ਖ਼ਾਸ-ਪਾਠ ਦੀ ਛੰਦ-ਸੰਖਿਆ ਪ੍ਰਕਾਸ਼ਿਤ ਪਾਠ ਤੋਂ ਦੋ ਘਟ ਹੋ ਗਈ ਹੈ।

(2) ਇਸ ਖ਼ਾਸ-ਪੱਤਰ ਵਿਚ ਪਾਠਾਂਤਰ ਵੀ ਬਹੁਤ ਹਨ, ਜਿਵੇਂ—

ਖ਼ਾਸ-ਪੱਤਰ :

ਇਹ ਛਬਿ ਬਬੇਕ ਰਾਜ ਨ੍ਰਿਪਤਿ **ਅਤਿ ਬਲਿਸਟ ਤਿਹ** ਮਾਨੀਐ।
ਮੁਨ ਗਨ ਮਹੀਪ ਬਦੰਤ ਜਿਨੈ ਸੁ **ਅਤਿ ਬਲਿਸਟ** ਤਹਿ ਜਾਨੀਐ॥੭੪੩੯॥

ਪ੍ਰਕਾਸ਼ਿਤ ਬੀੜ :

ਇਹ ਛਬਿ ਬਿਬੇਕ ਰਾਜਾ ਨ੍ਰਿਪਤਿ **ਅਤਿ ਬਲਿਸਟ ਤਿਹ** ਮਾਨੀਐ।
ਮੁਨਿ ਗਨ ਮਹੀਪ ਬਦੰਤ ਸਕਲ ਤੀਨਿ ਲੋਕ ਮਹਿ ਜਾਨੀਐ॥ ੨੩੦॥

Digitized by Panjab Digital Library | www.panjabdigilib.org

ਇਨ੍ਹਾਂ ਦੋਹਾਂ ਪਾਠਾਂ ਦੇ ਤੁਲਨਾਤਮਕ ਅਧਿਐਨ ਤੋਂ ਸਪੱਸ਼ਟ ਹੈ ਕਿ ਖ਼ਾਸ-ਪੱਤਰ ਵਿਚ 'ਅਤਿ ਬਲਿਸਟ ਤਿਹ' ਸ਼ਬਦਾਂ ਦੀ ਪੁਨਰ ਆਵ੍ਰਿਤੀ ਹੋਈ ਹੈ, ਇਹ ਕਾਵਿ-ਦੋਸ਼ ਹੈ। ਇਹੀ ਨਹੀਂ, ਇਹ ਸ਼ਬਦ ਅਗਲੇ ਅੰਕ-ਅੰਕ 7439 ਵਿਚ ਫਿਰ ਆਏ ਹਨ—

ਖ਼ਾਸ-ਪੱਤਰ :

ਜਲ ਥਲ ਅਜੇਅ ਅਨਭੇਅ ਭਟ ਅਤਿ ਬਲਿਸਟ ਤਿਹ ਜਾਨੀਐ।
ਧੀਰਜ ਸੁਨਾਮ ਜੋਧਾ ਬਿਕਟ ਅਤਿ ਸੁਬਾਹ ਤਿਹ ਜਾਨੀਐ ॥ ੭੪੩੯ ॥

ਪ੍ਰਕਾਸ਼ਿਤ ਬੀੜ :

ਜਲ ਥਲ ਅਜੇਅ ਅਨਭੇਅ ਭਟ ਅਤਿ ਉਤਮ ਪਰਮਾਨੀਐ।
ਧੀਰਜੁ ਸੁ ਨਾਮ ਜੋਧਾ ਬਿਕਟ ਅਤਿ ਸੁਬਾਹੁ ਜਗ ਜਾਨੀਐ ॥ ੨੩੨ ॥

ਸਾਰਾਂਸ਼ ਇਹ ਕਿ "ਅਤਿ ਬਲਿਸਟ ਤਿਹ" ਆਦਿ ਸ਼ਬਦ ਅੰਕ-ਅੰਕ 7438–39 ਵਿਚ ਤਿੰਨ ਵਾਰ ਆਏ ਹਨ ਅਤੇ ਪ੍ਰਕਾਸ਼ਿਤ ਬੀੜ ਵਿਚ ਇਕ ਵਾਰ। ਪ੍ਰਕਾਸ਼ਿਤ ਪਾਠ ਜ਼ਿਆਦਾ ਠੀਕ ਜਚਦਾ ਹੈ।[1] ਇਸ ਖ਼ਾਸ-ਪੱਤਰ ਦਾ ਫੋਟੋ-ਸਟੇਟ ਚਿਤਰ 12 ਤੇ ਦਿੱਤਾ ਹੈ।

ਖ਼ਾਸ-ਪੱਤਰਾਂ ਦੇ ਇਸ ਸਾਰੇ ਵਿਵੇਚਨ ਤੋਂ ਹੇਠ ਲਿਖੇ ਸਿੱਟੇ ਨਿਕਲਦੇ ਹਨ—

(ੳ) ਅਨੇਕ ਪਾਠਾਂ ਦਾ ਇਨ੍ਹਾਂ ਖ਼ਾਸ-ਪੱਤਰਾਂ ਵਿਚ ਨਿਰਾਧਾਰ ਰੂਪ ਵਿਚ ਲੋਪ ਹੋਇਆ ਹੈ।

(ਅ) ਛੰਦਾਂ ਦੇ ਪ੍ਰਸਿੱਧ ਨਿਯਮਾਂ ਦੀ ਉਲੰਘਨਾ ਕੀਤੀ ਹੋਈ ਹੈ।

(ੲ) ਛੰਦਾਂ ਨੂੰ ਸੰਖਿਆ ਅੰਕ ਦੇਣ ਵਿਚ ਬਹੁਤ ਗੜਬੜ ਹੋਈ ਹੈ।

(ਸ) ਅਨੇਕਾਂ ਪਾਠ ਅਸ਼ੁੱਧ ਦਿੱਤੇ ਗਏ ਹਨ।

(ਹ) ਦੋਹਾਂ ਬੀੜਾਂ ਦੇ ਖ਼ਾਸ-ਪੱਤਰਾਂ ਦੀਆਂ ਤਰੁਟੀਆਂ ਲਗਭਗ ਸਮਾਨ ਹਨ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਦੋਹਾਂ ਬੀੜਾਂ ਦੇ ਖ਼ਾਸ-ਪੱਤਰਾਂ ਦਾ ਲਿਖਾਰੀ ਇਕੋ ਹੀ ਵਿਅਕਤੀ ਹੈ।

ਸਾਰਾਂਸ਼ ਇਹ ਕਿ ਇਨ੍ਹਾਂ ਖ਼ਾਸ-ਪੱਤਰਾਂ ਦਾ ਲਿਖਾਰੀ ਨਾ ਤਾਂ ਆਪ ਕਵੀ ਮੰਨਿਆ ਜਾ ਸਕਦਾ ਹੈ ਅਤੇ ਨਾ ਹੀ ਉਹ ਕੋਈ ਸਾਵਧਾਨ ਲਿਖਾਰੀ ਹੈ, ਨਹੀਂ ਤਾਂ ਅਜਿਹੀਆਂ ਭੱਦੀਆਂ ਤਰੁਟੀਆਂ ਉਪਸਥਿਤ ਨਾ ਕਰਦਾ। ਫਲਸਰੂਪ, ਇਨ੍ਹਾਂ ਖ਼ਾਸ-ਦਸਖ਼ਤੀ ਪੱਤਰਾਂ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਮਹੱਤਵਪੂਰਣ ਨਹੀਂ ਮੰਨਿਆ ਜਾ ਸਕਦਾ।

## (ਗ) ਰਾਜਾ ਫ਼ਰੀਦ ਕੋਟ ਵਾਲਾ ਖ਼ਾਸ-ਪੱਤਰ

19. ਖ਼ਾਸ-ਲਿਪੀ ਵਿਚ ਲਿਖਿਆ ਇਕ ਪੱਤਰ ਫ਼ਰੀਦ ਕੋਟ ਰਿਆਸਤ ਦੇ ਤੋਸ਼ਾ-

1. 'ੳ' ਬੀੜ (ਪੱਤਰ ਅੰਕ 780) ਵਿਚ ਵੀ ਇਨ੍ਹਾਂ ਸ਼ਬਦਾਂ ਦੀ ਤਿੰਨ ਵਾਰ ਆਵ੍ਰਿਤੀ ਹੋਈ ਹੈ।

Digitized by Panjab Digital Library | www.panjabdigilib.org

ਖਾਨੇ ਵਿਚ ਵੀ ਪਿਆ ਸੀ ।[1] ਪਰ ਹੁਣ ਇਹ, ਅਧਿਕਾਰੀ ਸੂਤਰਾਂ ਅਨੁਸਾਰ, ਉਥੇ ਨਹੀਂ ਹੈ । ਲਗ-ਭਗ ਸਨ 1951 ਵਿਚ ਹੋਰਨਾਂ ਮਹੱਤਵ-ਪੂਰਣ ਕਾਗਜ਼ਾਂ ਸਹਿਤ ਇਸ ਪੱਤਰ ਨੂੰ ਵੀ ਮਸ਼ੋਬਰਾ ਰਾਜ-ਭਵਨ (ਸ਼ਿਮਲਾ ਹਿਲਜ਼) ਵਿਚ ਭਿਜਵਾ ਦਿੱਤਾ ਗਿਆ ਸੀ । ਰਾਜਾ ਸਾਹਿਬ ਨਾਲ ਮੇਲ ਨਾ ਹੋ ਸਕਣ ਕਰਕੇ ਇਸ ਖ਼ਾਸ-ਪੱਤਰ ਦੀ ਪਰੀਖਿਆ ਕਰਨ ਦੀ ਆਗਿਆ ਪ੍ਰਾਪਤ ਨਹੀਂ ਹੋ ਸਕੀ, ਪਰ ਭਾਈ ਕਾਨ੍ਹ ਸਿੰਘ ਦੇ ਦਸੇ ਸੰਕੇਤਾਂ ਦੇ ਆਧਾਰ ਤੇ ਪੜਤਾਲ ਕਰਦੀਆਂ ਗਿਆਤ ਹੋਇਆ ਹੈ ਕਿ ਇਸ ਪੱਤਰ[2] ਦੇ ਪਾਠ ਦਾ ਸੰਬੰਧ 'ਦਸਮ ਗ੍ਰੰਥ' ਦੇ ਬ੍ਰਹਮਾਵਤਾਰ (ਅਜ ਰਾਜਾ /43—73) ਪ੍ਰਸੰਗ ਨਾਲ ਹੈ । ਪਰ ਅਸਚਰਜ ਦੀ ਗੱਲ ਇਹ ਹੈ ਕਿ ਬਿਲਕੁਲ ਇਸੇ ਪਾਠ ਦਾ ਇਕ ਖ਼ਾਸ-ਪੱਤਰ 'ੳ' ਬੀੜ (ਪੱਤਰ ਅੰਕ 755) ਵਿਚ ਵੀ ਸੁਰਖਿਅਤ ਹੈ, ਜਿਸ ਦਾ ਵਿਵਰਣ ਪਿੱਛੇ ਦਿੱਤਾ ਜਾ ਚੁਕਾ ਹੈ ।[3] ਮਹਾਨ ਕੋਸ਼ ਵਿਚ ਦਸੀ ਵਿਚਾਰਾਧੀਨ ਖ਼ਾਸ-ਪੱਤਰ ਦੀ ਲੰਬਾਈ, ਵਿਚਕਾਰੋਂ ਮੁੜਿਆ ਹੋਣਾ, ਆਦਿ ਵਿਸ਼ੇਸ਼ਤਾਵਾਂ ਇਸ ਪੱਤਰੇ ਦੀ 'ੳ' ਅਤੇ 'ਅ' ਬੀੜਾਂ ਵਿਚ ਸੁਰਖਿਅਤ ਖ਼ਾਸ-ਪੱਤਰਾਂ ਨਾਲ ਸਮਾਨਤਾ ਸਿੱਧ ਕਰਦੀਆਂ ਹਨ । 'ੳ' ਬੀੜ ਦੇ ਖ਼ਾਸ-ਪੱਤਰ ਨਾਲ ਇਸ ਪੱਤਰ ਦਾ ਆਰੰਭਿਕ ਅਫਜੂ-ਅੰਕ ਤਾਂ ਮੇਲ ਖਾਂਦਾ ਹੈ, ਪਰ ਅੰਤਲੇ ਅਫਜੂ-ਅੰਕ ਸੰਬੰਧੀ ਦੋਹਾਂ ਪੱਤਰਾਂ ਵਿਚ ਅੰਤਰ ਹੈ । ਇਹ ਅੰਤਰ 'ੳ' ਬੀੜ ਦੇ ਖ਼ਾਸ-ਪੱਤਰ ਦੀਆਂ ਉਕਾਈਆਂ ਕਰਕੇ ਹੈ ।

ਸੰਖੇਪ ਵਿਚ, ਇਕ ਹੀ ਪਾਠ ਦੇ ਦੋ ਖ਼ਾਸ-ਪੱਤਰ ਪ੍ਰਾਪਤ ਹੁੰਦੇ ਹਨ । ਬਾਣੀ-ਵੇਰਵਾ ਵਾਲੇ ਖ਼ਾਸ-ਪੱਤਰ ਦਾ ਇਕ ਤੋਂ ਵਧ ਹੋਣਾ ਪਿੱਛੇ ਦਸਿਆ ਜਾ ਚੁਕਾ ਹੈ । ਇਸ ਤੱਥ ਦੇ ਪ੍ਰਕਾਸ਼ ਵਿਚ ਇਨ੍ਹਾਂ ਖ਼ਾਸ-ਪੱਤਰਾਂ ਦੀ ਪ੍ਰਮਾਣਿਕਤਾ ਪੂਰਣ ਰੂਪ ਵਿਚ ਸੰਦਿਗਧ ਹੈ ।

20. ਅਕਾਲ-ਤਖਤ (ਅੰਮ੍ਰਿਤਸਰ) ਵਿਚ ਦਸਮ ਗ੍ਰੰਥ ਦੀ ਲਗਭਗ 150 ਵਰ੍ਹੇ ਪੁਰਾਣੀ ਇਕ ਅਜਿਹੀ ਬੀੜ ਵੀ ਪਈ ਹੈ, ਜਿਸ ਦੇ ਪੱਤਰ ਅੰਕ 191, 192 ਅਤੇ 193 ਉੱਤੇ "ਉਤਾਰ ਖ਼ਾਸ ਦਸਖਤ ਕਾ"—ਇਹ ਸ਼ਬਦ ਅੰਕਿਤ ਹਨ । ਖ਼ਾਸ-ਪੱਤਰਾਂ ਦੇ ਇਨ੍ਹਾਂ ਉਤਾਰਿਆਂ ਦਾ ਪਾਠ 'ੳ' ਬੀੜ ਦੇ ਖ਼ਾਸ-ਪੱਤਰ ਅੰਕ 2, 3 ਅਤੇ 4 ਦੇ ਸਮਾਨ ਹੈ, ਪਰ ਇਹ ਬੀੜ 'ੳ' ਦਾ ਉੱਤਾਰਾ ਨਹੀਂ ਹੈ, ਕਿਉਂਕਿ ਦੋਹਾਂ ਦਾ ਬਾਣੀ-ਕ੍ਰਮ ਅਸਮਾਨ ਹੈ । ਇਸ ਤੋਂ ਛੁਟ, ਇਸ ਬੀੜ ਵਿਚ ਪੱਤਰ ਅੰਕ 214 ਤੋਂ 219 ਤਕ ਵੀ "ਉਤਾਰ ਦਸਖਤਾਂ ਕਾ"—ਇਹ ਸ਼ਬਦ ਲਿਖੇ ਹਨ । ਇਨ੍ਹਾਂ ਦਾ ਪਾਠ 'ਪਾਰਸਨਾਥ' ਅਵਤਾਰ ਦੇ ਆਰੰਭ ਤੋਂ 167 ਛੰਦ ਤਕ ਦਾ ਹੈ । ਇਨ੍ਹਾਂ ਵਿਚੋਂ 218 ਅਤੇ 219

1. ਮਹਾਨ ਕੋਸ਼, ਪੰਨਾ 1292 (ਝ)
2. ਮਹਾਨ ਕੋਸ਼, ਪੰਨਾ 2433
3. ਵੇਖੋ ਇਹੀ ਪ੍ਰਕਾਸ਼ ਪੰਨਾ 11.

Digitized by Panjab Digital Library | www.panjabdigilib.org

ਵਾਲੇ ਮੂਲ ਖ਼ਾਸ-ਪੱਤਰ 'ਅ' ਬੀੜ ਦੇ ਦੂਜੇ ਅਤੇ ਤੀਜੇ ਖ਼ਾਸ-ਪੱਤਰਾਂ ਦੇ ਸਮਾਨ ਹਨ, ਪਰ ਬਾਕੀ ਦੇ ਮੂਲ ਖ਼ਾਸ-ਪੱਤਰ ਹੁਣ ਪ੍ਰਾਪਤ ਨਹੀਂ ਹਨ। ਇਨ੍ਹਾਂ ਵਿਚੋਂ ਇਕ ਖ਼ਾਸ-ਪੱਤਰ ਅੰਕ 217 ਦਾ ਬਲਾਕ-ਚਿਤਰ 'ਖ਼ਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਹੋ ਚੁਕਾ ਹੈ।[1] ਵਿਚਾਰ-ਅਧੀਨ ਬੀੜ 'ੳ' ਅਤੇ 'ਅ' ਬੀੜਾਂ ਨਾਲ ਕਈ ਕਾਰਣਾਂ ਕਰਕੇ ਸਮਾਨਤਾ ਨਹੀਂ ਰਖਦੀ। ਇਹ ਵੀ ਸੰਭਾਵਨਾ ਨਹੀਂ ਹੋ ਸਕਦੀ ਕਿ ਇਸ ਬੀੜ ਦੇ ਲਿਖਾਰੀ ਦੇ ਸਾਹਮਣੇ 'ੳ', 'ਅ' ਅਤੇ ਹੋਰ ਕਈ ਬੀੜਾਂ (ਜਿਨ੍ਹਾਂ ਵਿਚ ਬਾਕੀ ਦੇ ਮੂਲ ਖ਼ਾਸ-ਪੱਤਰ ਸੰਗ੍ਰਹਿਤ ਸਨ) ਰਹੀਆਂ ਹੋਣਗੀਆਂ। ਅਨੁਮਾਨ ਹੈ ਕਿ ਇਸ ਬੀੜ ਦੇ ਲਿਖਾਰੀ ਸਾਹਮਣੇ ਕੋਈ ਅਜਿਹੀ ਬੀੜ ਰਹੀ ਹੋਵੇਗੀ ਜਿਸ ਵਿਚ ਇਨ੍ਹਾਂ ਬਾਦਾ ਤੇ ਖ਼ਾਸ-ਪੱਤਰ ਲਗੇ ਸਨ। ਸਿੱਟਾ ਇਹ ਕਿ 'ੳ' ਬੀੜ ਦੇ ਦੂਜੇ, ਤੀਜੇ ਅਤੇ ਚੌਥੇ ਪੱਤਰ ਅਤੇ 'ਅ' ਬੀੜ ਦੇ ਦੂਜੇ ਅਤੇ ਤੀਜੇ ਪੱਤਰ ਦੇ ਸਮਾਨ ਪਾਠ ਵਾਲੇ ਹੋਰ ਖ਼ਾਸ-ਪੱਤਰ ਵੀ ਕਿਸੇ ਵੇਲੇ ਕਿਸੇ ਹੋਰ ਬੀੜ ਵਿਚ ਸੰਕਲਿਤ ਸਨ, ਜੋ ਹੁਣ ਕਾਲ-ਗ੍ਰਸਤ ਹੋ ਚੁਕੀ ਹੈ।

21. 'ਸ' ਬੀੜ ਵਿਚ ਵੀ ਅਤਜੂ ਕ੍ਰਮ ਅਨੁਸਾਰ 16 ਖ਼ਾਸ-ਪੱਤਰਾਂ ਦੇ ਉਤਾਰੇ (ਪੰਕਤੀ ਅੰਕ ਸਹਿਤ) ਸੰਕਲਿਤ ਹਨ। ਇਨ੍ਹਾਂ ਦਾ ਵੇਰਵਾ ਪਰਿਸ਼ਿਸ਼ਟ 7 ਵਿਚ ਦਿੱਤਾ ਹੈ। ਇਨ੍ਹਾਂ ਉਤਾਰਿਆਂ ਵਿਚੋਂ ਸੱਤ ਤਾਂ 'ਅ' ਬੀੜ ਦੇ ਖ਼ਾਸ-ਪੱਤਰਾਂ ਨਾਲ ਮੇਲ ਖਾਂਦੇ ਹਨ, ਅਤੇ ਅੱਠ 'ੳ' ਬੀੜ ਦੇ ਖ਼ਾਸ-ਪੱਤਰਾਂ ਨਾਲ। ਬਾਕੀ ਇਕ ਉਤਾਰੇ ਦੇ ਮੂਲ ਖ਼ਾਸ-ਪੱਤਰ ਦੀ ਕੋਈ ਸੂਹ ਨਹੀਂ ਲਗੀ, ਪਰ 'ਸ' ਬੀੜ 'ੳ' ਅਤੇ 'ਅ' ਬੀੜਾਂ ਤੋਂ ਭਿੰਨ ਅਤੇ ਵਿਲੱਖਣ ਹੈ। 'ਸ' ਬੀੜ ਦੇ ਲਿਖਾਰੀ ਦੇ ਸਾਹਮਣੇ 'ੳ' ਅਤੇ 'ਅ' ਦੋਵੇਂ ਬੀੜਾਂ ਇਕ ਹੀ ਸਮੇਂ ਰਹੀਆਂ ਹੋਣਗੀਆਂ, ਅਜਿਹਾ ਹੋਣਾ ਕਦਾਚਿਤ ਅਸੰਭਵ ਹੈ। ਇਹ ਹੋ ਸਕਦਾ ਹੈ ਕਿ 'ਸ' ਬੀੜ ਦੇ ਲਿਖਾਰੀ ਦੇ ਸਾਹਮਣੇ ਕੋਈ ਅਜਿਹੀ ਬੀੜ ਰਹੀ ਸੀ, ਜਿਸ ਵਿਚ ਸਥਾਨ ਕ੍ਰਮ ਅਨੁਸਾਰ 16 ਖ਼ਾਸ-ਪੱਤਰ ਲਗੇ ਸਨ ਅਤੇ ਜੋ ਹੁਣ ਅਪ੍ਰਾਪਤ ਹੈ। ਇਹ ਤੱਥ ਵੀ ਖ਼ਾਸ-ਪੱਤਰਾਂ ਦੀ ਪ੍ਰਮਾਣਿਕਤਾ ਦੇ ਵਿਰੁਧ ਗਵਾਹੀ ਦਿੰਦੇ ਹਨ।

## (ਘ) 'ਖ਼ਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਖ਼ਾਸ-ਪੱਤਰ

22. 'ਖ਼ਾਲਸਾ ਸਮਾਚਾਰ' (ਅਰਧ ਸ਼ਤਾਬਦੀ ਅੰਕ 1950 ਈ.) ਵਿਚ ਵੀ ਇਕ ਖ਼ਾਸ-ਪੱਤਰ ਦਾ ਬਲਾਕ-ਚਿਤਰ ਪ੍ਰਕਾਸ਼ਿਤ ਹੋਇਆ ਹੈ। ਇਸ ਪੱਤਰ ਦਾ ਪ੍ਰਾਪਤੀ-ਸਰੋਤ ਦਸਣ ਤੋਂ ਸੰਪਾਦਕ ਨੇ ਇਨਕਾਰ ਕਰ ਦਿੱਤਾ ਹੈ। ਇਸ ਲਈ ਅਸਲ ਦੀ ਪੜਤਾਲ ਨਹੀਂ ਕੀਤੀ ਜਾ ਸਕੀ। ਇਸ ਪੱਤਰ ਦਾ ਪਾਠ (ਅਨੁ-ਅੰਕ 7320 ਤੋਂ 7332 ਤਕ) ਪ੍ਰਕਾਸ਼ਿਤ 'ਦਸਮ ਗ੍ਰੰਥ' (ਪਾਰਸਨਾਥ/ਛੰਦ 115—121) ਨਾਲ ਮੇਲ ਖਾਂਦਾ ਹੈ, ਪਰ ਖ਼ਾਸ-ਪੱਤਰ ਵਿਚ ਪ੍ਰਕਾਸ਼ਿਤ ਬੀੜ ਦੇ ਪੰਜ ਛੰਦਾਂ (ਛੰਦ 115 ਤੋਂ

1. ਖ਼ਾਲਸਾ ਸਮਾਚਾਰ; ਅਰਧ-ਸ਼ਤਾਬਦੀ ਅੰਕ, 1950

Digitized by Panjab Digital Library | www.panjabdigilib.org

119 ਤਕ) ਨੂੰ 10 ਛੰਦ (7321—7330) ਬਣਾ ਕੇ ਲਿਖਿਆ ਗਿਆ ਹੈ, ਛੰਦ ਅੰਕ 7325 ਦਿੱਤਾ ਹੀ ਨਹੀਂ ਗਿਆ ਅਤੇ ਛੰਦ ਅੰਕ 7322 ਇਕੋ ਹੀ ਥਾਂ ਤੇ ਦੋ ਵਾਰ ਦਿੱਤਾ ਹੈ। ਹੋਰ ਵੀ ਕਈ ਪਾਠਾਂਤਰ ਹਨ। ਇਸ ਦੀਆਂ ਤਰੁਟੀਆਂ ਵੀ ਹੋਰਨਾਂ ਖ਼ਾਸ-ਪੱਤਰਾਂ ਵਾਂਗ ਹੀ ਹਨ। ਫਲਸਰੂਪ, ਇਨ੍ਹਾਂ ਸਭ ਦਾ ਲਿਖਾਰੀ ਇਕੋ ਹੀ ਵਿਅਕਤੀ ਹੈ।

**ਖ਼ਾਸ-ਪੱਤਰਾਂ ਦੀ ਅਪ੍ਰਮਾਣਿਕਤਾ : ਬਾਹਰਲੇ ਪ੍ਰਮਾਣ**

23. ਇਸ ਸੰਬੰਧ ਵਿਚ ਗਿਆਨੀ ਗਿਆਨ ਸਿੰਘ ਦੀਆਂ ਹੇਠ ਲਿਖੀਆਂ ਪੰਕਤੀਆਂ ਖ਼ਾਸ ਵਿਚਾਰਯੋਗ ਹਨ—

ਸੁਖਾ ਸਿੰਘ ਗ੍ਰੰਥੀ ਔਰ। ਰਚੀ ਬੀੜ ਪਟਨੇ ਮੈਂ ਗੌਰ।
... ... ... ... ...
ਪੁਨਾ ਚੜਤ ਸਿੰਘ ਤਾਕੇ ਪੂਤ। ਅਖਰ ਦਸਮ ਗੁਰੂ ਸਮਸੂਤ।
ਧਰ ਕੇ ਪਾਂਚ ਪਤ੍ਰੇ ਔਰ। ਗੁਰ ਤਰਫੋਂ ਲਿਖ ਪਾਏ ਠੌਰ।
ਔਰ ਗ੍ਰੰਥ ਇਕ ਵੈਸਾ ਕੀਓ। ਸੋ ਬਾਵੇ ਹਾਕਮ ਸਿੰਘ ਲੀਓ।
ਸੋ ਗੁਰਦ੍ਵਾਰੇ ਮੋਤੀ ਬਾਗ। ਹੈ ਅਬ ਹਮ ਨੇ ਪਿਖਯੋ ਬਿਲਾਗ।
ਔਰੋਂ ਗ੍ਰੰਥ ਕਈ ਉਨ ਲਿਖੇ। ਅਖਰ ਗੁਰ ਸਮ ਹੈ ਹਮ ਪਿਖੇ।
ਦਸਖਤ ਦਸਮ ਗੁਰ ਕੇ ਕਹਿ ਕੈ। ਕੀਮਤ ਲਈ ਚੌਗੁਨੀ ਚਹਿ ਕੈ।

(ਪੰਥ ਪ੍ਰਕਾਸ਼, 36ਵਾਂ ਨਿਵਾਸ, ਪੰਨਾ 306)

ਇਨ੍ਹਾਂ ਪੰਕਤੀਆਂ ਦੇ ਅਧਾਰ ਤੇ ਹੇਠ ਲਿਖੇ ਤੱਥ ਸਾਹਮਣੇ ਆਉਂਦੇ ਹਨ—

(1) ਸੁਖਾ ਸਿੰਘ ਗ੍ਰੰਥੀ (ਪਟਨਾ) ਨੇ (ਦਸਮ ਗ੍ਰੰਥ ਦੀ) ਇਕ ਬੀੜ ਸੰਮਤ 1832 ਬਿ. ਵਿਚ ਤਿਆਰ ਕੀਤਾ ਸੀ।

(2) ਸੁਖਾ ਸਿੰਘ ਦਾ ਪੁੱਤਰ ਚੜਤ ਸਿੰਘ ਸੀ। ਉਸ ਦੇ ਹੱਥ ਦੀ ਲਿਖਾਵਟ ਦਸਮ ਗੁਰੂ ਜੀ ਵਰਗੀ ਸੀ।

(3) ਚੜਤ ਸਿੰਘ ਨੇ ਗੁਰੂ ਜੀ ਵਲੋਂ ਪੰਜ ਪੱਤਰੇ ਲਿਖ ਕੇ ਉਪਰੋਕਤ ਬੀੜ ਵਿਚ ਪਾਏ ਸਨ।

(4) ਉਸੇ ਕਿਸਮ ਦਾ ਉਸ ਨੇ ਇਕ ਹੋਰ ਗ੍ਰੰਥ ਲਿਖਿਆ, ਜਿਸ ਨੂੰ ਬਾਬਾ ਹਾਕਮ ਸਿੰਘ ਲੈ ਗਿਆ। ਇਹ ਗ੍ਰੰਥ ਹੁਣ ਮੋਤੀ-ਬਾਗ ਗੁਰਦੁਆਰੇ ਵਿਚ ਪਿਆ ਹੈ।

(5) ਚੜਤ ਸਿੰਘ ਨੇ ਹੋਰ ਵੀ ਕਈ ਗ੍ਰੰਥ ਲਿਖੇ ਅਤੇ ਉਨ੍ਹਾਂ ਨੂੰ ਦਸਮ ਗੁਰੂ ਦੀ ਆਪਣੀ ਹੱਥ-ਲਿਖਿਤ ਵਿਚ ਦਸ ਕੇ ਚੌਗੁਣੀ ਕੀਮਤ ਵਸੂਲ ਕੀਤੀ।

ਉਪਰੋਕਤ ਤੱਥਾਂ ਦੇ ਆਧਾਰ ਤੇ ਇਹ ਸਪੱਸ਼ਟ ਹੈ ਕਿ ਗੁਰਦੁਆਰਾ ਮੋਤੀ-ਬਾਗ ਵਾਲੀ ਬੀੜ [illegible]

Digitized by Panjab Digital Library | www.panjabdigilib.org

ਖ਼ਾਸ ਪੱਤਰ ਚੜਤ ਸਿੰਘ ਦੁਆਰਾ ਬਣਾਏ ਹੋਏ ਜਾਅਲੀ ਹਨ। ਉਸ ਦੁਆਰਾ ਹੋਰ ਅਜਿਹੇ ਗ੍ਰੰਥਾਂ ਦਾ ਲਿਖਿਆ ਜਾਣਾ ਅਤੇ ਉਨ੍ਹਾਂ ਨੂੰ ਚੰਗਣੇ ਮੁਲ ਤੇ ਵੇਚਿਆ ਜਾਣਾ— ਇਨ੍ਹਾਂ ਤੱਥਾਂ ਦੇ ਪ੍ਰਕਾਸ਼ ਵਿਚ 'ੳ' ਬੀੜ ਦੇ ਖ਼ਾਸ-ਪੱਤਰ, ਹੋਰਨਾਂ ਥਾਵਾਂ ਤੇ ਉਪਲਬਧ ਖ਼ਾਸ-ਪੱਤਰ ਅਤੇ ਖ਼ਾਸ-ਲਿਪੀ ਵਿਚ ਇਸ ਪ੍ਰਕਾਰ ਦੀ ਲਿਖਾਵਟ ਵਾਲੀ ਸਾਰੀ ਸਾਮਗ੍ਰੀ ਸੰਦਿਗਧ ਹੋ ਜਾਂਦੀ ਹੈ।

ਇਨ੍ਹਾਂ ਅੰਦਰਲੇ ਅਤੇ ਬਾਹਰਲੇ ਪ੍ਰਮਾਣਾਂ ਤੋਂ ਛੁਟ ਖ਼ਾਸ-ਪੱਤਰਾਂ ਦੀ ਪ੍ਰਮਾਣਿਕਤਾ ਨਿਸਚਿਤ ਕਰਨ ਦਾ ਤੀਜਾ ਸਾਧਨ ਹੈ—ਦਸਮ ਗੁਰੂ ਦੀ ਕਿਸੇ ਪ੍ਰਮਾਣਿਕ ਹੱਥ-ਲਿਖਤ ਨਾਲ ਇਨ੍ਹਾਂ ਦਾ ਮਿਲਾਨ। ਅਜਿਹਾ ਕਰਨ ਦਾ ਅਵਸਰ ਵੀ ਇਸ ਪ੍ਰਸੰਗ ਦੇ ਅੰਤ ਤੇ ਆਵੇਗਾ।[1]

## (ਙ) 'ਆਦਿ ਗ੍ਰੰਥ' ਦੀ ਇਕ ਬੀੜ[2]

24. ਇਹ ਬੀੜ ਅਸਾਨੂੰ ਆਨੰਦਪੁਰ ਤੋਂ ਪ੍ਰਾਪਤ ਹੋਈ ਹੈ ਅਤੇ ਇਸ ਨੂੰ ਦਸਮ ਗੁਰੂ ਦੁਆਰਾ ਲਿਖਿਤ ਮੰਨਿਆ ਜਾਂਦਾ ਹੈ। ਇਸ ਕਥਨ ਦੀ ਪੁਸ਼ਟੀ ਇਹ ਅਦਰਲੀ ਗਵਾਹੀ ਤੋਂ ਵੀ ਹੁੰਦੀ ਹੈ ਜਿਸ ਦੇ ਸੰਬੰਧਿਤ ਅੰਸ਼ ਦਾ ਫ਼ੋਟੋ-ਸਟੇਟ ਚਿਤਰ 13 ਤੇ ਦਿੱਤਾ ਹੈ। ਇਸ ਬੀੜ ਦੀ ਸਮਾਪਤੀ ਸੰ. 1744 ਬਿ. ਵਿਚ ਹੋਈ ਸੀ, ਜਿਵੇਂ—

ਕੀਨੋ ਗ੍ਰੰਥ ਸੰਪੂਰਣੋ
ਸੁਭਵੇਲਾ ਠਾਨੋ
੧੭੪੪ ਬਸਾਖ
ਸੁਦੀ ੩ ਤਿਥ ਕੌ ਭੋਗ ਪਾਇਅ ਜੀ

ਇਸ ਅੰਸ਼ ਦਾ ਫ਼ੋਟੋ-ਸਟੈਟ ਚਿਤਰ 5 ਤੇ ਦਿੱਤਾ ਹੈ।

ਖ਼ਾਸ-ਪੱਤਰਾਂ ਅਤੇ ਦਸਮ ਗੁਰੂ ਦੇ ਹੁਕਮਨਾਮਿਆਂ ਦੇ 'ਨੀਸਾਨਾਂ' ਦੀ ਲਿਖਾਵਟ ਤੋਂ ਇਹ ਲਿਪੀ ਕੁਝ ਭਿੰਨ ਹੈ। ਵਿਚਾਰਾਧੀਨ ਬੀੜ ਦਾ ਸਿੱਖ-ਇਤਿਹਾਸ ਵਿਚ ਕਿਤੇ ਵੀ ਜ਼ਿਕਰ ਨਹੀਂ ਹੈ। ਇਹ ਬੀੜ ਕਿਸ ਹੱਦ ਤਕ ਪ੍ਰਮਾਣਿਕ ਹੈ, ਇਹ ਨਿਰਣਾ ਕਰਨਾ ਪ੍ਰਸਤੁਤ ਖੋਜ-ਪ੍ਰਬੰਧ ਦੇ ਵਿਸ਼ੇ-ਖੇਤਰ ਤੋਂ ਬਾਹਰ ਦੀ ਗੱਲ ਹੈ। ਪਰ ਦਸਮ ਗੁਰੂ ਦੀ ਸ੍ਵ-ਹੱਥ-ਲਿਖਤ ਵਿਚ ਦਸੀ ਜਾਣ ਵਾਲੀ ਸਾਮਗ੍ਰੀ ਵਿਚ ਇਸ ਬੀੜ ਦੀ ਵੀ ਆਪਣੀ ਮਹੱਤਵਪੂਰਣ ਥਾਂ ਹੈ। ਸੁਵਿਧਾ ਲਈ ਇਸ ਬੀੜ ਨੂੰ 'ਹ' ਨਾਂ ਦਿੱਤਾ ਹੈ।

## (ਚ) ਸ਼ਸਤ੍ਰ ਨਾਮ ਮਾਲਾ

25. ਖ਼ਾਸ-ਲਿਪੀ ਵਿਚ ਲਿਖੀ ਇਹ ਰਚਨਾ 'ਹ' ਬੀੜ ਦੇ ਨਾਲ ਹੀ

---

1. ਵੇਖੋ ਪੈਰਾ 31-32

2. ਇਸ ਗ੍ਰੰਥ ਦਾ ਇਤਿਹਾਸ ਪਰਿਸ਼ਿਸ਼ਟ 8 ਵਿਚ ਵੇਖੋ

Digitized by Panjab Digital Library | www.panjabdigilib.org

ਪ੍ਰਾਪਤ ਹੋਈ ਹੈ। ਇਸ ਵਿਚ ਵਰਤੀ ਖ਼ਾਸ-ਲਿਪੀ ਦਾ ਸਰੂਪ ਅਤੇ ਲਿਖਾਵਟ 'ਹ' ਬੀੜ ਵਾਲੀ ਹੀ ਹੈ। ਇਸ ਵਿਚ 'ਸ਼ਸਤ੍ਰ ਨਾਮ ਮਾਲਾ' ਦੇ ਪ੍ਰਾਪਤ ਸਾਧਾਰਣ ਸਰੂਪ ਤੋਂ ਅੰਤਰ ਇਹ ਹੈ ਕਿ ਇਸ ਦੇ ਅਧਿਆਵਾਂ ਦੀ ਛੰਦ-ਸੰਖਿਆ ਵਾਧੇ ਤੋਂ ਘਾਟੇ ਵਲ ਹੈ, ਅਰਥਾਤ ਦਹਾਈਆਂ ਤੋਂ ਇਕਾਈਆਂ ਵਲ ਹੈ ਤੇ ਇਹੋ ਪ੍ਰਕ੍ਰਿਆ ਸਾਰੇ ਅਧਿਆਵਾਂ ਵਿਚ ਵਿਦਮਾਨ ਹੈ।

## (ਛ) ਜਪੁ, ਜਾਪੁ, ਕਰਨੀ-ਨਾਮਾ ਅਤੇ ਰਾਜਾ ਹਰਿਚੰਦ ਦੀ ਕਥਾ, ਆਦਿ[1]

26. ਇਹ ਚਾਰੇ ਕ੍ਰਿਤੀਆਂ ਆਨੰਦਪੁਰੀ ਸੋਢੀਆਂ ਪਾਸ ਪਈਆਂ ਹਨ। ਇਸ ਖ਼ਾਸ-ਲਿਪੀ ਦਾ ਸਰੂਪ 'ਹ' ਬੀੜ ਨਾਲ ਮੇਲ ਖਾਂਦਾ ਹੈ। ਇਨ੍ਹਾਂ ਕ੍ਰਿਤੀਆਂ ਨੂੰ ਪ੍ਰਮਾਣਿਕ ਨਾ ਮੰਨਣ ਦੇ ਇਹ ਕਾਰਣ ਹਨ—ਇਕ ਤਾਂ ਇਨ੍ਹਾਂ ਦਾ ਇਤਿਹਾਸ ਸੰਦਿਗਧ ਹੈ ਅਤੇ ਇਨ੍ਹਾਂ ਦੇ ਅਸਤਿਤਵ ਦੀ ਸਿੱਖ-ਪਰੰਪਰਾ ਤੇ ਇਤਿਹਾਸ ਤੋਂ ਪੁਸ਼ਟੀ ਨਹੀਂ ਹੁੰਦੀ। ਦੂਜੇ, ਕਾਗ਼ਜ਼ ਇਤਨਾ ਪੁਰਾਣਾ ਨਹੀਂ ਕਿ ਉਸ ਨੂੰ ਦਸਮ ਗੁਰੂ ਦੇ ਸਮੇਂ ਦਾ ਮੰਨ ਲਿਆ ਜਾਵੇ। ਤੀਜੇ, ਸੋਢੀ ਮਨੋਹਰ ਸਿੰਘ ਹੇਠ ਲਿਖੇ ਸ਼ਬਦ ਗੁਰੂ ਜੀ ਦੇ ਆਪਣੇ ਦਸਖ਼ਤਾਂ ਵਿਚ ਅੰਕਿਤ ਦਸਦੇ ਹਨ—

"ਦੇਗ ਤੇਗੋਂ ਫਤੇ
ਨਸੁਰਤ ਬੇਦਰੰਗ ਯਾਫਤ
ਅਜ ਨਾਨਕ ਸਾਹ ਗੁਰੂ। ਗੋਬਿੰਦ ਸਿੰਘ ੧੦
ਸਤਿਗੁਰੂ"

ਇਸ ਟੂਕ ਦਾ ਅੰਤਲਾ ਸ਼ਬਦ 'ਸਤਿਗੁਰੂ' ਦਸਮ ਗੁਰੂ ਦੁਆਰਾ ਆਪਣੇ ਲਈ ਲਿਖਿਆ ਜਾਂ ਵਰਤਿਆ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਸਿੱਖ ਗੁਰੂਆਂ ਦੀਆਂ ਆਪਣੇ ਪ੍ਰਤਿ ਭਾਵਨਾਵਾਂ 'ਹਮ ਨੀਚ ਕਮੀਨਾ, ਜਗਤ ਕਾ ਦਾਸ' ਦੀ ਪਰੰਪਰਾ ਦੁਆਰਾ ਇਸ ਦੀ ਪੁਸ਼ਟੀ ਨਹੀਂ ਹੁੰਦੀ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਸ਼ਬਦਾਂ ਦੀ ਸਭ ਤੋਂ ਪਹਿਲੀ ਵਰਤੋਂ ਦਸਮ ਗੁਰੂ ਤੋਂ ਬਾਦ ਬਾਬਾ ਬੰਦਾ ਬਹਾਦੁਰ ਨੇ ਆਪਣੀ ਰਾਜਸੀ ਮੋਹਰ ਲਈ ਕੀਤੀ ਸੀ।[2] ਅਜਿਹੀ ਸਥਿਤੀ ਵਿਚ ਇਨ੍ਹਾਂ ਰਚਨਾਵਾਂ ਨੂੰ ਦਸਮ ਗੁਰੂ ਦੇ ਹੱਥ ਲੇਖ ਵਿਚ ਮੰਨਣ ਤੋਂ ਸੰਕੋਚ ਕਰਨਾ ਪਵੇਗਾ। ਖ਼ਾਸ-ਲਿਪੀ ਵਿਚ ਦਸਮ ਗੁਰੂ ਤੋਂ ਬਾਦ ਲਿਖੀ ਗਈ ਇਸ ਸਾਮਗ੍ਰੀ ਤੋਂ ਇਹ ਧਾਰਣਾ ਹੋਰ ਵੀ ਪੱਕੀ ਹੁੰਦੀ ਹੈ ਕਿ ਇਹ ਲਿਪੀ ਦਸਮ ਗੁਰੂ ਤੋਂ ਬਾਦ ਵੀ ਲਿਖਣ ਲਈ ਵਰਤੀ ਜਾਂਦੀ ਰਹੀ ਸੀ।

1. ਇਨ੍ਹਾਂ ਦਾ ਇਤਿਹਾਸ ਪਰਿਸ਼ਿਸ਼ਟ 9 ਵਿਚ ਵੇਖੋ।
2. ਦੇ ਸ਼ਾਰਟ ਹਿਸਟ੍ਰੀ ਆਫ਼ ਦੀ ਸਿਖਸ (ਗੰਡਾ ਸਿੰਘ, ਤੇਜਾ ਸਿੰਘ), ਪੰਨਾ 87

Digitized by Panjab Digital Library | www.panjabdigilib.org

## (ਜ) 'ਚਰਿਤ੍ਰੋਪਾਖਿਆਨ' ਦੀ ਪੋਥੀ

27. ਇਸ ਪੋਥੀ ਵਿਚ ਦਸਮ ਗ੍ਰੰਥ ਦੀ 'ਚਰਿਤ੍ਰੋਪਾਖਿਆਨ' ਨਾਮਕ ਰਚਨਾ ਦਾ ਪਾਠ ਹੈ। ਇਹ ਪੁਸਤਕ ਭਾਈ ਤਾਰਾ ਸਿੰਘ ਕਵੀ ਦੇ ਪਾਸ ਸੀ। ਉਸ ਨੇ ਇਸ ਨੂੰ ਨਾਭਾ-ਪਤੀ ਰਾਜਾ ਭਰਪੂਰ ਸਿੰਘ ਪਾਸ 2000 ਰੁਪਏ ਨਕਦ ਅਤੇ 200 ਰੁਪਏ ਦੀ ਸਾਲਾਨਾ ਜਾਗੀਰ ਤੇ ਵੇਚ ਦਿੱਤਾ। ਤਾਰਾ ਸਿੰਘ ਕਵੀ ਅਨੁਸਾਰ ਇਹ ਪੋਥੀ ਦਸਮ ਗੁਰੂ ਦੀ ਲਿਖੀ ਹੋਈ ਸੀ।[1] ਕਿਸੇ ਰਾਜਸੀ ਝਗੜੇ ਦੇ ਕਾਰਣ ਹੋਰ ਸਾਮਾਨ ਸਹਿਤ ਇਹ ਪੋਥੀ ਮੋਹਰ-ਬੰਦ ਕਮਰੇ ਵਿਚ ਪਈ ਹੈ। ਇਸ ਲਈ ਯਤਨ ਕਰਨ ਤੇ ਵੀ ਇਸ ਦੀ ਪਰੀਖਿਆ ਨਹੀਂ ਕੀਤੀ ਜਾ ਸਕੀ। ਪਰ ਅਧਿਕਾਰੀ ਸਾਧਨਾਂ[2] ਤੋਂ ਗਿਆਤ ਹੋਇਆ ਹੈ ਕਿ ਇਸ ਪੋਥੀ ਵਿਚੋਂ ਕੋਈ ਅਜਿਹੀ ਅੰਦਰਲੀ ਗਵਾਹੀ ਨਹੀਂ ਮਿਲਦੀ ਜੋ ਇਸ ਨੂੰ ਦਸਮ ਗੁਰੂ ਦੀ ਸ੍ਵ-ਹੱਥ-ਲਿਖਿਤ ਪ੍ਰਮਾਣਿਤ ਕਰ ਸਕੇ। ਭਾਈ ਕਾਨ੍ਹ ਸਿੰਘ ਨੇ ਵੀ ਇਸ ਨੂੰ ਸਪੱਸ਼ਟ ਰੂਪ ਵਿਚ ਦਸਮ ਗੁਰੂ ਦੀ ਸ੍ਵ-ਹੱਥ-ਲਿਖਿਤ ਨਹੀਂ ਮੰਨਿਆ, ਪਰ ਇਸ ਦੀ ਲਿਖਾਵਟ ਨੂੰ ਹੋਰਨਾਂ ਖ਼ਾਸ-ਪੱਤਰਾਂ ਵਰਗਾ ਹੀ ਕਿਹਾ ਹੈ। ਸ਼ਾਇਦ ਇਹ ਪੋਥੀ ਵੀ ਚੜ੍ਹਤ ਸਿੰਘ ਵਰਗੇ ਕਿਸੇ ਲਾਲਚੀ ਵਿਅਕਤੀ ਦੇ ਹੋਛੇ ਯਤਨ ਦਾ ਸਾਕਾਰ ਰੂਪ ਹੋਵੇ।

## (ਝ) ਹੁਕਮਨਾਮੇ

28. ਦਸਮ ਗੁਰੂ ਦੇ ਕਈ ਹੁਕਮਨਾਮੇ ਮਿਲਦੇ ਹਨ। ਇਨ੍ਹਾਂ ਵਿਚੋਂ ਪਟਿਆਲੇ ਅਤੇ ਮਾਛੀਵਾੜੇ ਵਾਲੇ ਕੁਝ ਹੁਕਮਨਾਮਿਆਂ ਨੂੰ ਛੱਡ ਕੇ ਬਾਕੀਆਂ ਦੇ ਸੰਬੰਧ ਵਿਚ ਇਹ ਕਹਿਣਾ ਬਹੁਤ ਔਖਾ ਹੈ ਕਿ ਉਹ ਸਾਰੇ ਪ੍ਰਮਾਣਿਕ ਹਨ ਜਾਂ ਨਹੀਂ, ਕਿਉਂਕਿ ਉਨ੍ਹਾਂ ਵਿਚ ਕਈ ਨਿਰਾਧਾਰ ਅਤੇ ਜਾਅਲੀ ਵੀ ਹਨ। ਇਥੇ ਕੇਵਲ ਇਕ ਅਜਿਹੇ ਹੁਕਮਨਾਮੇ ਦੀ ਵਾਕਫ਼ੀ ਦਿੱਤੀ ਜਾ ਰਹੀ ਹੈ ਜਿਸ ਉਤੇ ਦਸਵੇਂ ਗੁਰੂ ਦੇ 'ਨਿਸ਼ਾਨ' ਪਏ ਦਸੇ ਜਾਂਦੇ ਹਨ, ਪਰ ਉਸ ਹੁਕਮਨਾਮੇ ਵਿਚ ਲਿਖੀਆਂ ਗੱਲਾਂ ਸਿੱਖ-ਪਰੰਪਰਾਵਾਂ ਦੇ ਬਿਲਕੁਲ ਵਿਰੁਧ ਹਨ।

28. **ਪਟਨੇ ਵਾਲਾ ਹੁਕਮ-ਨਾਮਾ:** ਇਹ ਹੁਕਮਨਾਮਾ ਹਰਿਮੰਦਿਰ ਤਖ਼ਤ-ਸਾਹਿਬ (ਪਟਨਾ) ਵਿਚ ਸੁਰੱਖਿਅਤ ਹੈ ਅਤੇ ਇਸ ਨੂੰ ਪਟਨੇ ਦੀ ਸੰਗਤ ਦੇ ਨਾਂ ਤੇ ਜਾਰੀ ਕੀਤਾ ਗਿਆ ਕਿਹਾ ਜਾਂਦਾ ਹੈ। ਇਸ ਹੁਕਮਨਾਮੇ ਦਾ ਇਸ ਤੋਂ ਅਧਿਕ ਇਤਿਹਾਸ ਦਸਣ ਵਿਚ ਉਥੋਂ ਦੇ ਪ੍ਰਬੰਧਕ ਅਸਮਰਥ ਹਨ। ਇਸ ਦਾ ਪਾਠ ਇਸ ਪ੍ਰਕਾਰ ਹੈ[3]—

1. ਮਹਾਨ ਕੋਸ਼, ਪੰਨਾ 2086, 1252 (ੲ)
2. ਸ. ਭਗਵੰਤ ਸਿੰਘ 'ਹਰੀ ਜੀ' ਸਪੁੱਤਰ ਭਾਈ ਕਾਨ੍ਹ ਸਿੰਘ, ਨਾਭਾ।
3. ਇਸ ਹੁਕਮਨਾਮੇ ਦਾ ਫੋਟੋ-ਸਟੈਟ ਚਿਤਰ 15 ਤੇ ਦਿੱਤਾ ਹੈ।

Digitized by Panjab Digital Library | www.panjabdigilib.org

(ਨੀਸਾਨ)

੧੦੦੦) ਹਜ਼ਾਰ ਰੁਪਏ ਦੀ ਹੁੰਡੀ ਕਰਕੇ ਨੰਰਵਰ ਭੇਜਣੀ ਧੰਦੂਕਾਂ ਦੇ ੧੦੦੦)
ਹੁੰਡੀ ਹਜ਼ੂਰ ਭੇਜਣੀ ਹਜ਼ਾਰ ਰੁਪਏ ਦੀ ਨਰਵਰ ਬੰਦਣੀ ਹੈ ਹੀਰਾ ਸਤ ਤੇ ਲੈਕੇ ਸਤਾਬ
ਭੇਜਣੀ ਤੁਸੀ

੧ੳ

ਸਰਬਤ ਸੰਗਤ ਪਟਨੇ ਦੀ ਗੁਰੂ ਰਖੇਗਾ ੧੦੦੦) ਅਪਣੀ ਹਜਾਰ ਰੁਪਯਾ ਹੁੰਡੀ ਕਰ
ਭੇਜੋ ਹੁਕੇ ਚਲਮਾ...ਸ਼ਿਤਾਬੀ ਭੇਜੋ

ਹੁਕੇ ਹੁੰਡੀ ਸ਼ਤਾਬ ਭੇਜਣੇ ਨਿਹਾਲ ਹੋਵੇ ਕਤਕ 16 ਸਤਾਂ 8
20. ਸਵੇੜੇ ਨੂੰ ਸਿਖ ਨੂੰ

੧ੳ ਸਤਿਗੁਰ

ਸਿਰੀ ਸਤਿਗੁਰੂ ਜੀ ਦੀ ਆਗਿਆ ਹੈ ਸਰਬ ਸੰਗਤ ਪਟਣੇ ਦੀ ਅਕਾਲ ਪੁਰਖ ਦਾ ਖਾਲਸਾ ਹੈ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਵਰੈਗਾ ਪਾਸ ਜੋ ਫਰਮਾਇਸ ਹੁਕਿਆਂ ਦੀ ਸੋ ਤਰਾ ਤਰਾ ਦੇ ਰੰਗ ਰੰਗ ਦੇ ਹੁਕੇ ਸੀਸੇ ਕੇ ਵਾ ਚਿਲਮਾਂ ਵਾ ਚਿਲਮਚੀ ਵਾਂ ਆਫਖੋਰੇ ਹੁਕੇ ਨੀਲੇ ਰੰਗ ਕੇ ਬਹੁਤ ਹੋਵਨ ਸੰਗਤ ਜੀ ਹੁਕਮ ਦੇਖਦੇ ਦੇਣੇ ਜੋ ਸਿਖ ਭੇਜੇ ਗਾ ਸੋ ਨਿਹਾਲ ਹੋਵੇਗਾ ਸੰਗਤ ਜੀ ਹੁਕੇ ਸ਼ਤਾਬ ਭੇਜਣੇ ਨੀਲੇ ਸੁਨਹਰੀ ਭੇਜਣੇ ਅਗੇ ਵੀ ਹੁਕਮ ਭੇਜਾ ਥਾ ਢਿਲ ਨਾਹੀ ਕਰਨੀ ਨਿਹਾਲ ਹੋਏ ਬਾਹੁੜੀ ਹੋਵੇ ਗੀ। ੯੫ ਕਤਕ ਤੇ ੧੦ ਸੁਰ..."

Digitized by Panjab Digital Library | www.panjabdigilib.org

ਇਸ ਹੁਕਮਨਾਮੇ ਵਿਚ ਦਸਮ ਗੁਰੂ ਵਲੋਂ ਕੁਝ ਘਿਰਣਿਤ ਅਤੇ ਵਰਜਿਤ ਪਦਾਰਥਾਂ (ਹੁਕਿਆਂ ਅਤੇ ਚਿਲਮਾਂ) ਦੀ ਫ਼ੁਰਮਾਇਸ਼ ਭੇਜਣਾ ਇਕਦਮ ਇਤਿਹਾਸ ਅਤੇ ਸਿੱਖ-ਪਰੰਪਰਾ ਦੇ ਵਿਰੁੱਧ ਹੈ।[1] ਇਸ ਨੂੰ ਕਦੇ ਵੀ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ। ਇਹ ਹੁਕਮਨਾਮਾ ਸੁਰਖਿਅਤ ਵੀ ਉਸੇ ਗੁਰੂ-ਧਾਮ ਵਿਚ ਹੈ ਜਿਥੇ ਸੁਖਾ ਸਿੰਘ ਅਤੇ ਚੜਤ ਸਿੰਘ ਵਰਗੇ ਲੋਕ ਪੁਜਾਰੀ ਅਤੇ ਗ੍ਰੰਥੀ ਰਹੇ ਸਨ। ਇਸ ਹੁਕਮਨਾਮੇ ਉੱਤੇ ਪਿਆ 'ਨੀਸਾਨ' 'ੳ' ਅਤੇ 'ਅ' ਬੀੜਾ ਦੇ ਖ਼ਾਸ-ਪੱਤਰਾਂ ਨਾਲ ਕਾਫ਼ੀ ਹੱਦ ਤਕ ਮੇਲ ਖਾਂਦਾ ਹੈ। ਸ਼ਾਇਦ ਇਹ ਹੁਕਮਨਾਮਾ ਵੀ ਚੜਤ ਸਿੰਘ ਆਦਿ ਦੀ ਦੁਰ-ਚੇਸ਼ਟਾ ਦਾ ਫਲ ਹੋਵੇ। ਇਸ ਲਈ ਇਨ੍ਹਾਂ ਸਾਰੀਆਂ ਹੱਥ-ਲਿਖਤਾਂ ਦਾ ਪਰਸਪਰ ਮਿਲਾਨ ਕਰ ਲੈਣਾ ਅਤਿ ਆਵੱਸ਼ਕ ਹੈ।

30. ਹੁਣ ਦਸਮ ਗੁਰੂ ਦੇ ਤਥਾ-ਕਥਿਤ ਕੇਵਲ ਚਾਰ ਕਿਸਮ ਦੇ ਹੱਥ-ਲੇਖਾਂ ਦਾ ਕਿਸੇ ਪ੍ਰਮਾਣਿਕ ਹੁਕਮਨਾਮੇ ਦੇ ਪ੍ਰਕਰਣ ਵਿਚ ਪਰਸਪਰ ਮਿਲਾਨ ਕਰਨਾ ਬਾਕੀ ਹੈ। ਇਸ ਅਧਿਐਨ ਲਈ ਹੇਠ ਲਿਖੀ ਸਾਮਗ੍ਰੀ ਵਰਤੀ ਹੈ—

(1) ਖ਼ਾਸ-ਪੱਤਰ 'ੳ' ਬੀੜ, ਇਸ ਦਾ ਫ਼ੋਟੋ-ਸਟੇਟ ਚਿਤਰ 11 ਤੇ ਦਿੱਤਾ ਹੈ ;
(2) ਖ਼ਾਸ-ਪੱਤਰ 'ਅ' ਬੀੜ, ਫੋਟੋ-ਸਟੇਟ ਅੰਕ 12 ;
(3) ਪਟਨੇ ਵਾਲਾ ਹੁਕਮਨਾਮ, ਫੋਟੋ-ਸਟੇਟ ਅੰਕ 15 ;
(4) ਖ਼ਾਸ-ਪੱਤਰ 'ਹ' ਬੀੜ, ਫੋਟੋ ਸਟੇਟ ਅੰਕ 13 ; ਅਤੇ
(5) ਮਾਛੀਵਾੜੇ ਵਾਲਾ ਹੁਕਮਨਾਮਾ, ਫੋਟੋ-ਸਟੇਟ ਅੰਕ 10।

## ਹੱਥ-ਲੇਖਾਂ ਦਾ ਪਰਸਪਰ-ਮਿਲਾਨ

31. (1) ਹੱਥ-ਲੇਖਾਂ ਦੇ ਤੁਲਨਾਤਮਕ ਅਧਿਐਨ ਵਿਚ ਪਹਿਲੀ ਗੱਲ ਵੇਖੀ ਜਾਂਦੀ ਹੈ ਉਨ੍ਹਾਂ ਦਾ ਬਾਹਰਲਾ-ਸਰੂਪ (Layout)। ਬਾਹਰਲੇ ਸਰੂਪ ਤੋਂ ਭਾਵ ਹੈ ਹੱਥ-ਲੇਖਾਂ ਦੀ ਉਸ ਬਾਹਰਲੀ ਆਕ੍ਰਿਤੀ ਤੋਂ ਜੋ ਪਹਿਲੀ ਤਕਣੀ ਨਾਲ ਕਿਸੇ ਖ਼ਾਸ ਧਾਰਣਾ ਨੂੰ ਬਣਾਉਣ ਵਿਚ ਪ੍ਰੇਰਣਾ ਦੇਵੇ। ਇਸ ਦ੍ਰਿਸ਼ਟੀ ਤੋਂ ਜਦ ਇਕ ਤੋਂ ਪੰਜ ਤਕ ਦੇ ਹੱਥ-ਲੇਖਾਂ ਦੀ ਪਰਸਪਰ ਤੁਲਨਾ ਕਰੀਏ ਤਾਂ ਇੰਜ ਲਗਦਾ ਹੈ ਕਿ ਪਹਿਲਾ ਅਤੇ ਦੂਜਾ ਬਿਲਕੁਲ ਸਮਾਨ ਹਨ, ਤੀਜਾ ਇਨ੍ਹਾਂ ਦੋਹਾਂ ਦੇ ਬਹੁਤ ਨੇੜੇ ਹੈ, ਚੌਥਾ ਇਨ੍ਹਾਂ ਤਿੰਨਾਂ ਤੋਂ ਵਖਰਾ ਹੈ ਅਤੇ ਪੰਜਵੇਂ ਦੀ ਕਿਸੇ ਨਾਲ ਵੀ ਸਮਾਨਤਾ ਨਹੀਂ ਹੈ।

(2) ਦੂਜੀ ਗੱਲ ਹੱਥ-ਲੇਖਾਂ ਦੇ ਮਿਲਾਨ ਵਿਚ ਵੇਖੀ ਜਾਂਦੀ ਹੈ—ਲਿਖਾਰੀ ਦੀ ਮਾਨਸਿਕ ਅਵਸਥਾ। ਮਾਨਸਿਕ ਅਵਸਥਾ ਤੋਂ ਮਤਲਬ ਹੈ ਲਿਖਾਰੀ ਦੇ ਮਨ ਦੀ ਉਸ ਵੇਲੇ ਦੀ ਅਵਸਥਾ, ਜਦੋਂ ਉਹ ਲਿਖ ਰਿਹਾ ਹੁੰਦਾ ਹੈ। ਇਸ ਪੱਖ ਤੋਂ ਜਦ ਪਹਿਲੇ

1. ਕੁਝ ਲੋਕ 'ਹੁਕੇ' ਦਾ ਅਰਥ ਅਰਬੀ ਭਾਸ਼ਾ ਦੇ ਕੋਸ਼ ਅਨੁਸਾਰ 'ਡੱਬਾ' ਜਾਂ 'ਮਰਤਬਾਨ' ਕਰਦੇ ਹਨ, ਪਰ 'ਚਿਲਮਾਂ' ਸ਼ਬਦ ਨਾਲ ਵਸਤੂ-ਪ੍ਰਕ੍ਰਿਤੀ ਆਪਣੇ ਆਪ ਵਿਚ ਸਪੱਸ਼ਟ ਹੋ ਜਾਂਦੀ ਹੈ।

Digitized by Panjab Digital Library | www.panjabdigilib.org

ਤੋਂ ਪੰਜਵੇਂ ਤਕ ਦੇ ਹੱਥ-ਲੇਖਾਂ ਦੀ ਤੁਲਨਾ ਕਰੀਏ ਤਾਂ ਪਤਾ ਲਗਦਾ ਹੈ ਕਿ ਪਹਿਲੇ ਤੋਂ ਚੌਥੇ ਤਕ ਦੀ ਲਿਖਾਵਟ ਪੂਰੀ ਸਾਵਧਾਨੀ ਨਾਲ ਹੋਈ ਹੈ। ਪਰ ਪੰਜਵੇਂ ਵਿਚ ਕਿਸੇ ਵੀ ਸਾਵਧਾਨਤਾ ਜਾਂ ਉਚੇਚ ਦਾ ਪਾਲਨ ਨਹੀਂ ਹੋਇਆ।

(3) ਹੱਥ-ਲੇਖਾਂ ਦੇ ਵਿਸਲੇਸ਼ਣ ਦਾ ਤੀਜਾ ਢੰਗ ਹੈ, ਉਨ੍ਹਾਂ ਦੀ ਗਤਿ (movement) ਦੀ ਪਰਖ। ਇਸ ਪੱਖ ਤੋਂ ਹੱਥ-ਲੇਖ 5 ਦੀ ਗਤਿ-ਵਿਧਿ ਮੁਕਾਬਲੇ ਵਿਚ ਜ਼ਿਆਦਾ ਸੁਤੰਤਰ ਅਤੇ ਤੀਬਰ ਹੈ। ਹੱਥ-ਲੇਖ 3 ਵਿਚ ਕੁਝ ਸੁਤੰਤਰਤਾ ਹੈ ਪਰ ਪਹਿਲੇ, ਦੂਜੇ ਅਤੇ ਚੌਥੇ ਦੀ ਗਤਿ ਮੰਦ, ਵਿਵਸਥਿਤ ਅਤੇ ਨਿਯਮਿਤ ਹੈ।

(4) ਅੱਖਰਾਂ ਦੇ ਅਕਾਰ ਦੀ ਤੁਲਨਾ ਕਰਨਾ ਹੱਥ-ਲੇਖਾਂ ਦੇ ਮਿਲਾਨ ਦਾ ਚੌਥਾ ਤਰੀਕਾ ਹੈ। ਇਸ ਪੱਖ ਤੋਂ ਹੱਥ-ਲੇਖ 5 ਦੇ ਅੱਖਰਾਂ ਦਾ ਆਕਾਰ ਬਹੁਤ ਵੱਡਾ ਹੈ। ਬਾਕੀਆਂ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਹੱਥ-ਲੇਖ ਸਮਾਨ ਅਤੇ ਬਾਰੀਕ ਹਨ, ਪਰ ਚੌਥੇ ਦੀ ਲਿਖਾਵਟ ਇਨ੍ਹਾਂ ਤੋਂ ਕੁਝ ਮੋਟੀ ਹੈ।

(5) ਹੱਥ-ਲੇਖ ਵਿਸ਼ਲੇਸ਼ਣ ਦਾ ਪੰਜਵਾਂ ਢੰਗ ਹੈ ਉਨ੍ਹਾਂ ਦੇ ਵਿਚਾਲੇ ਵਾਲਾ ਫਾਸਲਾ ਪਰਖਣਾ। ਇਸ ਦ੍ਰਿਸ਼ਟੀ ਤੋਂ ਪਹਿਲਾ, ਦੂਜਾ ਅਤੇ ਚੌਥਾ ਹੱਥ-ਲੇਖ ਮਿਲਾਕੇ ਲਿਖਵੇਂ ਲਿਖੇ ਗਏ ਹਨ ਅਤੇ ਤੀਜਾ ਕੁਝ ਭਿੰਨ, ਪਰ ਪੰਜਵੇਂ ਦੀ ਕਿਸੇ ਨਾਲ ਵੀ ਕੋਈ ਸਮਾਨਤਾ ਨਹੀਂ ਹੈ। ਪਹਿਲੇ ਦੂਜੇ ਅਤੇ ਚੌਥੇ ਦੀਆਂ ਪੰਕਤੀਆ ਦੇ ਵਿਚਾਲੇ ਵਾਲੀ ਥਾਂ ਵੀ ਨਿਯਮਿਤ ਹੈ, ਤੀਜੇ ਦਾ ਇਹ ਅੰਤਰ ਕੁਝ ਜ਼ਿਆਦਾ ਹੈ ਪਰ ਪੰਜਵਾਂ ਤਾਂ ਬਿਲਕੁਲ ਅਨੁਪਾਤਹੀਨ ਹੈ।

(6) ਹੱਥ-ਲੇਖਾਂ ਦੇ ਮਿਲਾਨ ਦਾ ਛੇਵਾਂ ਤਰੀਕਾ ਹੈ—ਅੱਖਰਾਂ ਦੀਆਂ ਸ਼ਿਰੋਰੇਖਾਵਾਂ ਦੀ ਤੁਲਨਾ। ਇਸ ਪੱਖ ਤੋਂ ਹੱਥ-ਲੇਖ 4 ਦੀਆ ਸ਼ਿਰੋਰੇਖਾਵਾਂ ਅਖੰਡਿਤ ਅਤੇ ਫੁਟੇ ਨਾਲ ਲਗੀਆਂ ਹਨ। ਹੱਥ-ਲੇਖ 1, 2 ਅਤੇ 3 ਦੀਆਂ ਇਹ ਰੇਖਾਵਾਂ ਸਾਵਧਾਨੀ ਪੂਰਵਕ ਹੱਥ ਨਾਲ ਵਾਹੀਆਂ ਗਈਆਂ ਹਨ ਅਤੇ ਕਿਤੇ ਕਿਤੇ ਟੁੱਟਦੀਆਂ ਹਨ, ਇਨ੍ਹਾਂ ਦੀਆਂ ਦੋਹਾਂ ਸ਼ਿਰੋਰੇਖਾਵਾਂ ਦਾ ਪਰਸਪਰ ਅੰਤਰ ਵੀ ਨਿਯਮਿਤ ਅਤੇ ਸਮਾਨ ਹੈ। ਹੱਥ-ਲੇਖ 5 ਦੀਆਂ ਇਹ ਰੇਖਾਵਾਂ ਨਾ ਤਾਂ ਪੂਰੀ ਤਰ੍ਹਾਂ ਸਿਧੀਆਂ ਹਨ ਅਤੇ ਨਾ ਹੀ ਉਨ੍ਹਾ ਦੇ ਵਿਚਾਲੇ ਵਾਲੇ ਅੰਤਰ ਵਿਚ ਸਮਾਨਤਾ ਹੈ।

(7) ਲਿਖਾਰੀ ਸ਼ਿਰੋਰੇਖਾਵਾਂ ਨਾਲ ਅੱਖਰਾਂ ਨੂੰ ਕਿਤਨੇ ਕੋਣ ਤੇ ਰਖਦਾ ਹੈ—ਹੱਥ ਲੇਖਾਂ ਦੇ ਮਿਲਾਨ ਦਾ ਇਹ ਸੱਤਵਾਂ ਤਰੀਕਾ ਹੈ। ਇਸ ਪੱਖ ਤੋਂ ਹੱਥ-ਲੇਖ 5 ਦੇ ਅੱਖਰ ਸਮਕੋਣ ਤੇ ਹਨ। ਹੱਥ-ਲੇਖ 1, 2 ਅਤੇ 3 ਦੇ ਅੱਖਰ ਅੰਦਰ ਵਲ 80° ਦੇ ਕੋਣ ਤੇ ਹਨ ਅਤੇ ਹੱਥ-ਲੇਖ 4 ਦੇ 70° ਦੇ ਕੋਣ ਤੇ।

(8) ਹੱਥ-ਲੇਖਾਂ ਦੇ ਮਿਲਾਨ ਦਾ ਅੱਠਵਾਂ ਤਰੀਕਾ ਹੈ ਉਨ੍ਹਾਂ ਵਿਚ ਵਰਤੇ ਅੱਖਰਾਂ ਦੇ ਮੋੜਾਂ (curves) ਦੀ ਪੜਤਾਲ ਕਰਨੀ। ਇਸ ਦ੍ਰਿਸ਼ਟੀਕੋਣ ਤੋਂ ਹੱਥ-ਲੇਖ 1, 2

Digitized by Panjab Digital Library | www.panjabdigilib.org

ਅਤੇ 3 ਦੇ ਮੋੜ ਜ਼ਿਆਦਾ ਵਿਵਸਥਿਤ ਅਤੇ ਨਿਯਮਿਤ ਹਨ ਅਤੇ ਇਨ੍ਹਾਂ ਦੀਆਂ ਪੂਛਾਂ ਸਿਰੋਰੇਖਾਵਾਂ ਦੇ ਸਮਾਨਾਂਤਰ ਇਕ ਦੂਜੀ ਨੂੰ ਛੋਂਹਦੀਆਂ ਚਲਦੀਆਂ ਹਨ। ਹਾਂ, ਤੀਜੇ ਹੱਥ-ਲੇਖ ਦੇ ਮੋੜ ਇਸ ਨਿਯਮ ਦਾ ਇੰਨ ਬਿੰਨ ਪਾਲਨ ਨਹੀਂ ਕਰਦੇ। ਹੱਥ-ਲੇਖ 4 ਬਿਲਕੁਲ ਵਖਰੀ ਲਿਖਾਵਟ ਵਿਚ ਹੈ। ਇਸ ਵਿਚ ਅੱਖਰਾਂ ਦੀਆਂ ਪੂਛਲਾਂ ਨਾ ਤਾਂ ਸਿਰੋ-ਰੇਖਾਵਾਂ ਦੇ ਸਮਾਨਾਂਤਰ ਚਲਦੀਆਂ ਹਨ ਅਤੇ ਨਾ ਹੀ ਪਰਸਪਰ ਛੋਂਹਦੀਆਂ ਹਨ, ਸਗੋਂ ਕੁੱਤੇ ਦੀ ਪੂਛਲ ਵਾਂਗ ਅੰਦਰ ਨੂੰ ਮੁੜੀਆਂ ਹੋਈਆਂ ਹਨ। ਹੱਥ-ਲੇਖ 5 ਵਿਚ ਉਪਰੋਕਤ ਸਾਰੀਆਂ ਲੇਖ-ਸ਼ੈਲੀਆਂ ਵਿਚੋਂ ਕਿਸੇ ਦਾ ਵੀ ਪਾਲਨ ਨਹੀਂ ਹੋਇਆ।

(9) ਹੱਥ-ਲੇਖਾਂ ਦੇ ਵਿਸ਼ਲੇਸ਼ਣ ਦਾ ਜ਼ਿਆਦਾ ਪ੍ਰਚਲਿਤ ਅਤੇ ਸਵੀਕ੍ਰਿਤ ਢੰਗ ਇਹ ਹੈ ਕਿ ਵੱਖ ਵੱਖ ਨਮੂਨਿਆਂ ਦੇ ਅੱਖਰਾਂ ਅਤੇ ਮਾਤ੍ਰਾਵਾਂ ਨੂੰ ਕਟ ਕਟ ਕੇ ਆਹਮਣੇ-ਸਾਹਮਣੇ ਇਕੱਠਾ ਚਿਪਕਾ ਕੇ ਤੁਲਨਾਤਮਕ ਮਾਨ ਚਿਤਰ ਤਿਆਰ ਕਰਨਾ, ਤਾਂ ਜੋ ਅੱਖਰਾਂ ਅਤੇ ਮਾਤ੍ਰਾਵਾਂ ਦੀ ਬਨਾਵਟ ਦਾ ਅੰਤਰ ਸਫਲਤਾ ਪੂਰਵਕ ਸਪੱਸ਼ਟ ਹੋ ਜਾਵੇ ਪਰ ਯਤਨ ਕਰਨ ਤੇ ਵੀ ਇਨ੍ਹਾਂ ਪੂਛਲ ਵਾਲੇ ਅਤੇ ਵਿੰਗੇ-ਟੇਢੇ ਅੱਖਰਾਂ ਤੋਂ ਅਜਿਹਾ ਚਿਤਰ ਤਿਆਰ ਨਹੀਂ ਹੋ ਸਕਿਆ। ਫਿਰ ਵੀ ਸਾਰਿਆਂ ਨਮੂਨਿਆਂ ਦੀਆਂ ਤਿੰਨ ਤਿੰਨ ਪੰਕਤੀਆਂ ਕਟ ਕੇ ਅਤੇ ਕ੍ਰਮਵਾਰ ਇਕ ਦੂਜੇ ਦੇ ਹੇਠਾਂ ਚਿਪਕਾ ਕੇ ਇਕ ਤੁਲਨਾਤਮਕ ਮਾਨ-ਚਿਤਰ ਤਿਆਰ ਕੀਤਾ ਹੈ (ਚਿਤਰ ਅੰਕ 16) ਜਿਸ ਦੇ ਦੇਖਣ ਤੇ ਪ੍ਰਤੀਤ ਹੁੰਦਾ ਹੈ ਕਿ ਹੱਥ-ਲੇਖ 1, 2 ਅਤੇ 3 ਦੇ ਅੱਖਰਾਂ ਅਤੇ ਮਾਤ੍ਰਾਵਾਂ ਵਿਚ ਸਮਾਨਤਾ ਹੈ। ਹੱਥ-ਲੇਖ ਚਾਰ ਦੀ ਲਿਪੀ ਦਾ ਸਰੂਪ ਅਤੇ ਮਾਤ੍ਰਾਵਾਂ ਬਿਲਕੁਲ ਭਿੰਨ ਹਨ। ਹੱਥ-ਲੇਖ ਪੰਜ ਦੀ ਲਿਪੀ ਦੇ ਸਰੂਪ ਦੀ ਭਾਵੇਂ ਪਹਿਲੇ ਤਿੰਨਾਂ ਨਮੂਨਿਆਂ ਨਾਲ ਕੁਝ ਸਮਾਨਤਾ ਹੈ, ਪਰ ਫਿਰ ਵੀ ਇਨ੍ਹਾਂ ਤਿੰਨ ਹੱਥ-ਲੇਖਾਂ ਨਾਲ ਇਸ ਹੱਥ-ਲੇਖ ਦੀ ਨਿਕਟ ਸਮਾਨਤਾ ਸਿੱਧ ਨਹੀਂ ਕੀਤੀ ਜਾ ਸਕਦੀ।

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ਤੇ ਇਹ ਦ੍ਰਿੜ੍ਹਤਾ ਪੂਰਵਕ ਕਿਹਾ ਜਾ ਸਕਦਾ ਹੈ ਕਿ ਹੱਥ-ਲੇਖ 1 ਅਤੇ 2 ਬਿਲਕੁਲ ਸਮਾਨ ਹਨ ਅਤੇ ਹੱਥ-ਲੇਖ 3 ਇਨ੍ਹਾਂ ਦੋਹਾਂ ਦੇ ਬਹੁਤ ਨੇੜੇ ਹੈ। ਹੱਥ-ਲੇਖ 4 ਬਿਲਕੁਲ ਵੱਖ ਹੈ ਅਤੇ ਪੰਜਵੇਂ ਨਮੂਨੇ ਦੀ ਇਨ੍ਹਾਂ ਚੋਹਾਂ ਨਾਲ ਕੋਈ ਸਮਾਨਤਾ ਨਹੀਂ ਹੈ। ਸਿੱਟਾ ਇਹ ਕਿ ਹੱਥ-ਲੇਖ 1, 2, 3 ਅਤੇ 4 ਦੀ ਦਸਮ ਗੁਰੂ ਦੇ ਹੱਥ-ਲੇਖ ਨਾਲ ਕੋਈ ਸਮਾਨਤਾ ਨਹੀਂ ਹੈ।

32. ਹੱਥ-ਲੇਖ 1, 2 ਅਤੇ 3 ਉੱਤੇ ਇਕ ਹੋਰ ਦ੍ਰਿਸ਼ਟੀ ਤੋਂ ਵੀ ਵਿਚਾਰ ਕਰ ਲੈਣਾ ਜ਼ਰੂਰੀ ਹੈ। ਪਿੱਛੇ ਦਸਿਆ ਜਾ ਚੁਕਾ ਹੈ ਕਿ—

(1) ਹੱਥ-ਲੇਖ 2 ਚੜ੍ਹਤ ਸਿੰਘ ਦਾ ਹੈ ;

(2) ਹੱਥ-ਲੇਖ 1 ਹੱਥ-ਲੇਖ 2 ਨਾਲ ਮੇਲ ਖਾਂਦਾ ਹੈ ; ਅਤੇ

(3) ਹੱਥ-ਲੇਖ 3 [illegible]

Digitized by Panjab Digital Library | www.panjabdigilib.org

ਹੁਣ ਅਸੀਂ ਹੱਥ-ਲੇਖ 1 ਅਤੇ 3 ਦਾ ਪਰਸਪਰ ਮਿਲਾਨ ਕਰਾਂਗੇ। ਇਨ੍ਹਾਂ ਦੋਹਾਂ ਹੱਥ-ਲੇਖਾਂ ਦਾ ਤੁਲਨਾਤਮਕ ਮਾਨ-ਚਿਤਰ 14 ਤੇ ਦਿੱਤਾ ਹੈ। ਹੱਥ-ਲੇਖ 3 ਦੇ ਅੱਖਰ 'A' ਪੰਕਤੀ ਵਿਚ ਰਖੇ ਹਨ ਅਤੇ 'B' ਪੰਕਤੀ ਵਿਚ ਹੱਥ-ਲੇਖ 1 ਵਾਲੇ ਖ਼ਾਸ-ਪੱਤਰ ਵਿਚੋਂ ਪੂਰੇ ਅੱਖਰ ਕੱਟ ਕੇ ਹੱਥ-ਲੇਖ 3 ਦੇ ਅੱਖਰਾਂ ਦੇ ਹੇਠਾਂ ਚਿਪਕਾਏ ਹਨ। ਇਨ੍ਹਾਂ ਦੋਹਾਂ ਹੱਥ-ਲੇਖਾਂ ਦਾ ਪਰਸਪਰ ਮਿਲਾਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ—

| ਅੱਖਰ ਅੰਕ | ਖ਼ਾਸ ਅੱਖਰ | ਗੁਰਮੁਖੀ ਅੱਖਰ | ਟਿੱਪਣੀ |
|---|---|---|---|
| 1 |  | ਸਰਬ | ਸਮਾਨ |
| 2 | | ਤ | ,, |
| 3 | | ਣ | ,, |
| 4 | | ਖ | ,, |
| 5 | | ਧ | ,, |
| 6 | | ਙ | ,, |
| 7 | | — | ,, |
| 8 | | ਭ | ,, |
| 9 | | ਸ | ,, |
| 10 | | ਲ | ,, |
| 11 | | ਵ | ,, |
| 12 | | ਸ | ,, |

ਇਸ ਵਿਸ਼ਲੇਸ਼ਣ ਤੋਂ ਬਿਲਕੁਲ ਸਪੱਸ਼ਟ ਹੈ ਕਿ ਹੱਥ-ਲੇਖ 3 ਅਤੇ 1 ਇਕੋ ਹੀ ਲਿਖਾਰੀ ਦੇ ਹਨ। ਹੱਥ-ਲੇਖ 1 ਅਤੇ 2 ਪੂਰੀ ਤਰ੍ਹਾਂ ਸਮਾਨ ਹਨ। ਇਸ ਲਈ ਇਹ ਤਿੰਨੇ ਹੱਥ-ਲੇਖ (੧, ੨ ਅਤੇ ੩) ਚੜਤ ਸਿੰਘ ਦੇ ਲਿਖੇ ਸਿੱਧ ਹੁੰਦੇ ਹਨ। ਦਸਮ ਗੁਰੂ ਦੇ ਹੱਥ-ਲੇਖ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ।

33. ਇਸ ਸਾਰੇ ਵਿਚਾਰ ਉਪਰੰਤ ਇਹ ਤੱਥ ਸਾਹਮਣੇ ਆਉਂਦੇ ਹਨ ਕਿ 'ਖ਼ਾਸ-ਲਿਪੀ' ਦਸਮ ਗੁਰੂ ਤੋਂ ਪਹਿਲਾਂ ਅਤੇ ਪਿਛੋਂ ਪੰਜਾਬ, ਵਿਸ਼ੇਸ਼ਕਰ ਮੰਡੀ ਸੁਕੇਤ ਦੇ ਇਲਾਕੇ ਵਿਚ, ਪ੍ਰਚਲਿਤ ਸੀ ਅਤੇ ਇਸ ਦੇ ਦੋ ਰੂਪ ਰਹੇ ਸਨ—ਇਕ ਖ਼ਾਸ-ਪੱਤਰਾਂ ਵਾਲਾ ਅਤੇ ਦੂਜਾ 'ਹ' ਬੀੜ ਵਾਲਾ। ਖ਼ਾਸ-ਪੱਤਰਾਂ ਦੇ ਲਿਖਾਰੀ ਆਪ ਕਵੀ ਨਹੀਂ ਸਨ, ਕਿਉਂਕਿ ਤੱਥਾਂ, ਪਾਠਾਂ ਅਤੇ ਕ੍ਰਮ ਸੰਬੰਧੀ ਅਨੇਕ ਪ੍ਰਕਾਰ ਦੀਆਂ ਤਰੁਟੀਆਂ ਇਨ੍ਹਾਂ ਵਿਚ ਮਿਲਦੀਆਂ ਹਨ ਅਤੇ ਇਨ੍ਹਾਂ ਤੋਂ ਪ੍ਰਾਚੀਨ ਅਤੇ ਪ੍ਰਕਾਸ਼ਿਤ ਬੀੜਾਂ ਦੇ ਪਾਠ ਵਧੇਰੇ ਸ਼ੁੱਧ

Digitized by Panjab Digital Library | www.panjabdigilib.org

ਹਨ। ਇਕ ਹੀ ਪਾਠ ਦੇ ਇਕ ਤੋਂ ਅਧਿਕ ਖ਼ਾਸ-ਪੱਤਰ ਭਿੰਨ ਭਿੰਨ ਸਥਾਨਾਂ ਤੇ ਉਪਲਬਧ ਹਨ ਜਾਂ ਉਨ੍ਹਾਂ ਦੀ ਹੋਂਦ ਦਾ ਸੰਕੇਤ ਮਿਲਦਾ ਹੈ, ਜਿਸ ਨਾਲ ਉਨ੍ਹਾਂ ਦੀ ਪ੍ਰਮਾਣਿਕਤਾ ਸੰਦਿਗਧ ਹੋ ਜਾਂਦੀ ਹੈ। ਵਾਸਤਵ ਵਿਚ, ਧਨ ਅਤੇ ਸੰਪਤੀ ਦੇ ਲਾਲਚੀ ਲੋਕਾਂ ਨੇ ਅਨੇਕਾਂ ਖ਼ਾਸ-ਪੱਤਰ, ਹੁਕਮਨਾਮੇ ਅਤੇ ਹੋਰ ਨਿਸ਼ਾਨੀਆਂ ਵਾਲੀਆਂ ਪੋਥੀਆਂ ਤਿਆਰ ਕਰਕੇ ਉਨ੍ਹਾਂ ਨੂੰ ਚੌਗੁਣੇ ਮੁਲ ਤੇ ਵੇਚਿਆ। ਮਨੀ ਸਿੰਘ ਅਤੇ ਮੋਤੀ ਬਾਗ ਵਾਲੀਆਂ ਬੀੜਾਂ ਵਿਚ ਸੰਕਲਿਤ ਖ਼ਾਸ-ਪੱਤਰ ਅਤੇ ਪਟਨਾ ਵਾਲਾ ਜਾਅਲੀ ਹੁਕਮਨਾਮਾ (ਨੀਸਾਣ) ਇਕੋ ਹੀ ਵਿਅਕਤੀ ਦੇ ਹੱਥ-ਲੇਖ ਵਿਚ ਸਿੱਧ ਹੁੰਦੇ ਹਨ ਅਤੇ ਉਹ ਲਿਖਾਰੀ ਹੈ ਚੜਤ ਸਿੰਘ। ਇਨ੍ਹਾਂ ਹੱਥ-ਲੇਖਾਂ ਦੀ ਸਮਾਨਤਾ ਦਸਮ ਗੁਰੂ ਦੇ ਹੱਥ-ਲੇਖ ਨਾਲ ਨਹੀਂ ਹੈ। ਇਹ ਸੰਭਵ ਹੈ ਕਿ 'ਹ' ਬੀੜ 1744 ਬਿ. ਵਿਚ ਲਿਖੀ ਗਈ ਹੋਵੇ, ਪਰ ਇਸ ਦੀ ਲਿਖਾਵਟ ਵੀ ਦਸਮ ਗੁਰੂ ਦੇ ਹੱਥ-ਲੇਖ ਤੋਂ ਭਿੰਨ ਹੈ। ਫਲਸਰੂਪ, ਅੰਦਰਲੀਆਂ ਤੇ ਬਾਹਰਲੀਆਂ ਗਵਾਹੀਆਂ ਅਤੇ ਵਿਗਿਆਨਿਕ ਤੇ ਤੁਲਨਾਤਮਕ ਅਧਿਐਨ ਦੇ ਆਧਾਰ ਤੇ, ਸਾਰੇ ਖ਼ਾਸ-ਪੱਤਰ ਜਾਅਲੀ ਸਾਬਤ ਹੁੰਦੇ ਹਨ ਅਤੇ ਦਸਮ ਗੁਰੂ ਨਾਲ ਉਨ੍ਹਾਂ ਦਾ ਕੋਈ ਵੀ ਸੰਬੰਧ ਸਿੱਧ ਨਹੀਂ ਹੁੰਦਾ।

Digitized by Panjab Digital Library | www.panjabdigilib.org

ਪ੍ਰਕਾਸ਼ ੬

# ਅੰਦਰਲੇ ਪ੍ਰਮਾਣ

ਕਰਤ੍ਰਿਤਵ ਸੰਬੰਧੀ ਦਸਮ ਗ੍ਰੰਥ ਵਿਚ ਦਰਜ ਰਚਨਾਵਾਂ ਦੇ ਅੰਦਰਲੇ ਪ੍ਰਮਾਣ ਜਿਨ੍ਹਾਂ ਵਲ ਅਜੇ ਤਕ ਪੁਰਬ-ਵਰਤੀ ਵਿਦਵਾਨਾ ਦਾ ਧਿਆਨ ਨਹੀਂ ਗਿਆ, ਇਸ ਪ੍ਰਕਾਸ਼ ਵਿਚ ਅਸੀਂ ਦੋ ਸਿਰ-ਲੇਖਾਂ ਦੇ ਅਧੀਨ ਪ੍ਰਸਤੁਤ ਕਰਦੇ ਹਾਂ—

[1] ਪੌਰਾਣਿਕ ਰਚਨਾਵਾਂ, ਅਤੇ

[2] ਦੂਜੀਆਂ ਰਚਨਾਵਾਂ।

## (1) ਪੌਰਾਣਿਕ ਰਚਨਾਵਾਂ

### ਬਚਿਤ੍ਰ ਨਾਟਕ (ਅਪਨੀ ਕਥਾ) :

1. ਇਸ ਪ੍ਰਸੰਗ ਵਿਚ ਵਰਤੇ ਉੱਤਮ-ਪੁਰਖੀ ਪੜਨਾਵਾਂ ਤੋਂ ਕਈ ਵਾਰ ਇਹ ਭੁਲੇਖਾ ਪੈਂਦਾ ਹੈ ਕਿ ਇਸ ਪ੍ਰਸੰਗ ਦੇ ਰਚਨਹਾਰ ਦਸਮ ਗੁਰੂ ਆਪ ਹਨ, ਪਰ ਅਸਲੀਅਤ ਇਸ ਤੋਂ ਬਿਲਕੁਲ ਉਲਟ ਹੈ। ਕਿਉਂਕਿ ਇਨ੍ਹਾਂ ਪੜਨਾਵਾਂ ਦੀ ਵਰਤੋਂ ਦੁਆਰਾ ਅਸੰਦਿਗਧ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਭਾਵਨਾਵਾਂ ਅਤੇ ਵਿਅਕਤਿਤਵ ਨਾਲ ਇਸ ਰਚਨਾ ਦੀ ਪਰਸਪਰ ਇਕਰੂਪਤਾ ਜਾਂ ਇਕਾਤਮਕਤਾ ਪ੍ਰਮਾਣਿਤ ਨਹੀਂ ਹੁੰਦੀ। ਇਸ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕਰ ਲੈਣਾ ਅਨੁਚਿਤ ਨਹੀਂ ਹੋਵੇਗਾ। ✓ਇਸ ਪ੍ਰਸੰਗ ਦੇ ਛੇਵੇਂ ਅਧਿਆਇ ਅੰਦਰ ਚਰਿਤ੍ਰ ਨਾਇਕ ਗੁਰੂ ਗੋਬਿੰਦ ਸਿੰਘ ਜੀ ਪੂਰਬ-ਜਨਮ ਵਿਚ ਆਪਣੇ ਆਪ ਨੂੰ 'ਮਹਾਕਾਲ' ਅਤੇ 'ਕਾਲਿਕਾ' ਦਾ ਉਪਾਸਕ ਮੰਨਦੇ ਹਨ—

ਤਹ ਹਮ ਅਧਿਕ ਤਪਸਿਆ ਸਾਧੀ।<br>
**ਮਹਾਕਾਲ ਕਾਲਕਾ** ਅਰਾਧੀ ॥੨॥ (ਦਸਮ ਗ੍ਰੰਥ, ਪੰਨਾ 55)

ਚੌਦਵੇਂ ਅਧਿਆਇ ਅੰਦਰ ਚਰਿਤ੍ਰ ਨਾਇਕ ਦਸਮ ਗੁਰੂ ਨੇ ਆਪਣੇ ਵਰਤਮਾਨ ਜਨਮ ਦੇ ਇਸ਼ਟ-ਦੇਵ ਵੀ ਉਹੀ ਦਸੇ ਹਨ—

**ਸਰਬਕਾਲ** ਹੈ ਪਿਤਾ ਅਪਾਰਾ।<br>
**ਦੇਵੀ ਕਾਲਕਾ** ਮਾਤ ਹਮਾਰਾ ॥੫॥ (ਦਸਮ ਗ੍ਰੰਥ, ਪੰਨਾ 73)

Digitized by Panjab Digital Library | www.panjabdigilib.org

2. ਸੰਪ੍ਰਦਾਈ ਗਿਆਨੀਆਂ ਨੇ ਇਸ ਕ੍ਰਿਤੀ ਨੂੰ ਗੁਰੂ-ਰਚਿਤ ਸਿੱਧ ਕਰਨ ਹਿਤ ਸੋਚ-ਸਮਝ 'ਮਹਾਕਾਲ' ਅਤੇ 'ਕਾਲਿਕਾ' ਦੇ ਅਰਥ ਭਾਵੇਂ ਦੂਰ ਕੀਤੇ ਹੋਣ, ਪਰ ਵਸਤੂ-ਸਥਿਤੀ ਅਨੁਸਾਰ 'ਮਹਾਕਾਲ' ਜਾਂ 'ਸਰਬਕਾਲ' ਅਤੇ 'ਕਾਲਿਕਾ' ਜਾਂ 'ਕਾਲੀ' ਦੀ ਇਸਟ-ਕਲਪਨਾ ਦਾ ਸੰਬੰਧ 'ਸਾਕਤ ਮਤ' ਨਾਲ ਹੈ। ਇਸ ਦਾ ਜਥਾਰਥ ਰੂਪ 'ਚਰਿਤ੍ਰੋਪਾਖਿਆਨ' ਪ੍ਰਸੰਗ ਦੇ ਚਰਿਤ੍ਰ ਅੰਕ 266 ਤੋਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ, ਜਿੱਥੇ 'ਮਹਾਕਾਲ' ਦੀ ਉਪਾਸਿਕਾ ਸ੍ਰੀ ਰਨ ਖੰਭਕਲਾ ਆਪਣੇ ਮਿਥਿਆਵਾਦੀ, ਸਾਲਗ੍ਰਾਮ-ਮੂਰਤੀ ਦੇ ਉਪਾਸਕ ਬ੍ਰਾਹਮਣ ਨੂੰ ਅਨੇਕ ਉਕਤੀਆਂ-ਯੁਕਤੀਆਂ ਦੁਆਰਾ ਮੂਰਤੀ-ਪੂਜਾ ਨੂੰ ਛੱਡਣ ਅਤੇ ਮਹਾਕਾਲ ਦਾ ਉਪਾਸਕ ਬਣਨ ਲਈ ਕਹਿੰਦੀ ਹੈ। ਇਸ ਪ੍ਰਸੰਗ ਵਿਚ ਉਹ 'ਮਹਾਕਾਲ' ਦੀ ਉਪਾਸਨਾ ਪ੍ਰਣਾਲੀ ਵਿਚ ਭੰਗ ਦਾ ਮਹੱਤਵ ਪ੍ਰਤਿਪਾਦਿਤ ਕਰਦੇ ਹੋਇਆ ਬ੍ਰਾਹਮਣ ਨੂੰ ਕਹਿੰਦੀ ਹੈ—

(1) ਭਾਂਗ ਪੀਏ ਬੁਧਿ ਜਾਤ ਨ ਹਰੀ।
ਬਿਨੁ ਪੀਏ ਤਵ ਬੁੱਧਿ ਕਹ ਪਰੀ ॥੩੭॥
(2) ਤੁਮ ਆਪਨ ਸਯਾਨੇ ਕਹਲਾਵਤ।
ਕਬ ਹੀਂ ਭੂਲਿ ਨ ਭਾਂਗ ਚੜ੍ਹਾਵਤ ॥......॥੩੮॥
(3) ਪਾਹਨ ਕੀ ਪੂਜਾ ਕਰੈ ਜੇ ਹੈ ਅਧਿਕ ਅਚੇਤ।
ਭਾਂਗ ਨ ਏਤੇ ਪਰ ਭਖੈ ਜਾਨਤ ਆਪੁ ਸੁਚੇਤ ॥੫੮॥
(4) ਕਹਾ ਭਯੋ ਜੋ ਭਾਂਗ ਭੂਲਿ ਭੇਦੂ ਨਹਿ ਖਾਈ ॥੯੦॥

ਅੰਤ ਵਿਚ ਜਦ ਉਹ ਆਪਣੇ ਚਰਿਤ੍ਰ ਦੁਆਰਾ ਬ੍ਰਾਹਮਣ ਨੂੰ ਮਹਾਕਾਲ ਦਾ ਸਿੱਖ ਬਣਨ ਲਈ ਮਜਬੂਰ ਕਰ ਦਿੰਦੀ ਹੈ ਤਾਂ ਦੀਖਿਆ ਇਸ ਪ੍ਰਕਾਰ ਦਿੱਤੀ ਹੈ—

ਇਹ ਛਲ ਸੋਂ ਮਿਸਰਹਿ ਛਲਾ ਪਾਹਨ ਦਏ ਬਹਾਇ।
ਮਹਾਕਾਲ ਕੋ ਸਿਖ੍ਯ ਕਰਿ ਮਦਰਾ ਭਾਂਗ ਪਿਵਾਇ ॥੧੨੫॥

ਬ੍ਰਾਹਮਣ ਨੂੰ ਭੰਗ ਅਤੇ ਸ਼ਰਾਬ ਪਿਲਾ ਕੇ ਜਿਸ ਇਸ਼ਟ-ਦੇਵ (ਮਹਾਕਾਲ) ਦਾ ਸਿੱਖ ਬਣਾਇਆ ਗਿਆ ਹੈ, ਕੀ ਉਹ 'ਆਦਿ ਗ੍ਰੰਥ' ਵਿਚ ਵਰਣਿਤ 'ਅਕਾਲ ਪੁਰਖ' ਜਾਂ 'ਵਾਹਿਗੁਰੂ' ਦਾ ਧਾਰਣੀ ਹੈ? ਇਸ਼ਟ-ਬੁੱਧੀ ਸੰਬੰਧੀ ਅਜਿਹਾ ਸੰਕਲਪ ਧਾਰਣ ਕਰਨ ਵਾਲੇ ਕਵੀ ਕੀ ਨਿਰਗੁਣੀ ਸਾਧਕ ਗੁਰੂ ਗੋਬਿੰਦ ਸਿੰਘ ਜੀ ਹਨ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਸੰਪ੍ਰਦਾਈ ਗਿਆਨੀ ਦੇਣ ਵਿਚ ਅਸਮਰਥ ਹਨ। ਸਪੱਸ਼ਟ ਹੈ ਕਿ ਇਸ ਕ੍ਰਿਤੀ ਵਿਚ ਚਰਿਤ੍ਰ-ਨਾਇਕ ਦੇ ਪ੍ਰਸਿੱਧ ਅਤੇ ਪਰੰਪਰਾਗਤ ਵਿਅਕਤਿਤਵ ਨਾਲ ਇਨ੍ਹਾਂ ਦੁਆਰਾ ਪ੍ਰਗਟ ਕਰਵਾਈ ਭਾਵਨਾ ਮੇਲ ਨਹੀਂ ਖਾਂਦੀ। ਇਸ ਦਾ ਅਧਿਕ ਵਿਸ਼ਲੇਸ਼ਣ ਅੱਠਵੇਂ ਪ੍ਰਕਾਸ਼ ਵਿਚ ਕੀਤਾ ਹੈ।

3. ਕਿਸੇ ਨਾਟਕੀ ਰਚਨਾ ਵਿਚ ਉੱਤਮ-ਪੁਰਖੀ ਪੜਨਾਂਵਾਂ ਦੀ ਵਰਤੋਂ ਕੋਈ ਵੀ ਕਵੀ ਆਪਣੇ ਚਰਿਤ੍ਰਾਂ ਦੇ ਸੰਵਾਦ ਦੁਆਰਾ ਕਰਵਾ ਸਕਦਾ ਹੈ। ਅਜਿਹਾ ਕਰਨ

Digitized by Panjab Digital Library | www.panjabdigilib.org

ਨਾਲ ਨਾ ਚਰਿਤ੍ਰ-ਨਾਇਕ ਆਪ ਕਵੀ ਬਣ ਸਕਦਾ ਹੈ ਅਤੇ ਨਾ ਹੀ ਕਵੀ ਚਰਿਤ੍ਰ-ਨਾਇਕ ਬਣ ਸਕਦਾ ਹੈ, ਜਦ ਤਕ ਕਿ ਅਜਿਹਾ ਪ੍ਰਮਾਣਿਤ ਕਰਨ ਲਈ ਕੋਈ ਹੋਰ ਦ੍ਰਿੜ੍ਹ ਅਤੇ ਅਸੰਦਿਗਧ ਅੰਦਰਲਾ ਜਾਂ ਬਾਹਰਲਾ ਪ੍ਰਮਾਣ ਇਸ ਦੀ ਪੁਸ਼ਟੀ ਨਾ ਕਰੇ, ਜਿਸ ਦਾ ਇਸ ਪ੍ਰਸੰਗ ਵਿਚ ਸਪੱਸ਼ਟ ਅਭਾਵ ਹੈ। ਫਲਸਰੂਪ, 'ਅਪਨੀ-ਕਥਾ' ਦੇ ਨਾਇਕ ਦਸਮ ਗੁਰੂ ਇਸ ਕ੍ਰਿਤੀ ਦੇ ਰਚਨਹਾਰ ਪ੍ਰਮਾਣਿਤ ਨਹੀਂ ਹੋ ਸਕਦੇ। ਅਸਲ ਵਿਚ, ਆਸਰਾਦਾਤੇ ਦੇ ਨਾਂ ਤੇ ਲਿਖੀ ਇਹ ਕਿਸੇ ਦਰਬਾਰੀ ਕਵੀ ਦੀ ਰਚਨਾ ਹੈ।

4. 'ਬਚਿਤ੍ਰ ਨਾਟਕ' ਸਿਰਲੇਖ ਅਧੀਨ ਸੰਕਲਿਤ ਜਿਨ੍ਹਾਂ ਕ੍ਰਿਤੀਆਂ ਦੀ ਰਚਨਾ ਪਾਉਂਟਾ ਸਾਹਿਬ ਹੋਈ ਮੰਨੀ ਗਈ ਹੈ, ਜੇ ਉਹ ਦਸਮ ਗੁਰੂ ਦੀਆਂ ਨਿਜੀ ਕ੍ਰਿਤੀਆਂ ਹੁੰਦੀਆਂ ਤਾਂ 'ਅਪਨੀ-ਕਥਾ' (ਅਧਿਆਇ ਅੱਠਵਾਂ) ਵਿਚ ਜਿਥੇ ਪਾਉਂਟਾ ਸਾਹਿਬ ਸਥਿਤ ਦਸਮ ਗੁਰੂ ਦੇ ਦੈਨਿਕ ਕੰਮ-ਕਾਰ ਦਾ ਵਿਵਰਣ ਦਿੱਤਾ ਗਿਆ ਹੈ, ਉੱਥੇ ਇਤਨੀ ਮਿਹਨਤ ਨਾਲ ਲਿਖੀਆਂ ਉਨ੍ਹਾਂ ਰਚਨਾਵਾਂ ਦਾ ਅਵੱਸ਼ ਉੱਲੇਖ ਹੁੰਦਾ। ਅਜਿਹਾ ਅਭਾਵ ਆਪਣੇ ਆਪ ਵਿਚ ਇਕ ਪ੍ਰਮਾਣ ਹੈ।

5. ਗਿਆਨੀ ਹਰਨਾਮ ਸਿੰਘ 'ਬੱਲਭ' ਨੇ 'ਪ੍ਰਿਥਵੀ ਰਾਜ ਰਾਸੋ ਅਤੇ ਦਸਮ ਗ੍ਰੰਥ' ਨਾਮਕ ਇਕ ਲੇਖ ਵਿਚ 'ਅਪਨੀ-ਕਥਾ' ਦੇ 'ਭੰਗਾਣੀ ਜੁੱਧ' ਪ੍ਰਸੰਗ ਦੀ ਲੜਾਈ ਦੀ ਤੁਲਨਾ 'ਰਾਸੋ' ਵਿਚ ਵਰਣਿਤ ਪ੍ਰਿਥੀ ਰਾਜ ਅਤੇ ਮੁਹੰਮਦ ਗੋਰੀ ਦੀ ਇਕ ਯੁੱਧ-ਘਟਨਾ ਨਾਲ ਕਰਦੇ ਹੋਇਆਂ ਦਸਿਆ ਹੈ ਕਿ ਦੋਹਾਂ ਪ੍ਰਸੰਗਾਂ ਦੀ ਭਾਸ਼ਾ, ਸ਼ੈਲੀ, ਛੰਦ, ਵਸਤੂ ਅਤੇ ਵਾਤਾਵਰਣ ਸਮਾਨ ਹਨ। ਦੋਹਾਂ ਵਿਚ ਬੋਲੀ ਰਾਜਸਥਾਨੀ, ਛੰਦ 'ਭੁਜੰਗ ਪ੍ਰਯਾਤ', ਯੁੱਧ ਦੀ ਅਵਸਥਾ ਭਿਆਨਕ, ਮਰੇ ਹੋਇਆਂ ਦੀ ਗਿਣਤੀ ਸਮਾਨ ਅਤੇ ਛੰਦ-ਸੰਖਿਆ ਬਰਾਬਰ ਹੈ।[1] ਇੰਜ ਲਗਦਾ ਹੈ ਕਿ 'ਅਪਨੀ-ਕਥਾ' ਦੇ ਲੇਖਕ ਦੇ ਸਾਹਮਣੇ 'ਪ੍ਰਿਥੀ ਰਾਜ ਰਾਸੋ' ਜ਼ਰੂਰ ਰਿਹਾ ਹੋਵੇਗਾ, ਜਿਸ ਦਾ ਅਨੁਕਰਣ 'ਭੰਗਾਣੀ ਜੁੱਧ' ਦੇ ਪ੍ਰਸੰਗ ਵਿਚ ਹੋਇਆ ਹੈ। ਅਜਿਹਾ ਅਨੁਕਰਣ ਇਸ ਰਚਨਾ ਦੇ ਕਵੀ ਨੂੰ ਕੋਈ ਖ਼ਾਸ ਮਹਾਨਤਾ ਪ੍ਰਦਾਨ ਨਹੀਂ ਕਰਦਾ।

6. ਪੂਰਬ-ਜਨਮ ਦੀਆਂ ਘਟਨਾਵਾਂ ਦਾ ਨਾਇਕ (ਦਸਮ ਗੁਰੂ) ਦੁਆਰਾ ਹੋਇਆ ਉੱਲੇਖ ਇਸ ਰਚਨਾ ਨੂੰ ਉਨ੍ਹਾਂ ਦੀ ਆਪਣੀ ਕ੍ਰਿਤੀ ਪ੍ਰਮਾਣਿਤ ਨਹੀਂ ਕਰ ਸਕਦਾ, ਕਿਉਂਕਿ ਪੂਰਬ-ਜਨਮ ਦੀਆਂ ਘਟਨਾਵਾਂ ਦਾ ਅਜਿਹਾ ਕਥਨ ਭਾਰਤੀ ਸਾਹਿਤ ਵਿਚ ਕੋਈ ਨਵੀਂ ਗੱਲ ਨਹੀਂ, ਸਗੋਂ ਇਹ ਪਰੰਪਰਾਗਤ ਅਤੇ ਲੋਕ-ਆਸ਼ਰਿਤ ਕਥਾਨਕ ਰੂੜ੍ਹੀ ਹੈ। ਬੁਧੀ 'ਜਾਤਕ' ਅਤੇ 'ਅਵਦਾਨ' ਸਫਲਤਾ ਪੂਰਵਕ ਇਸ ਕਥਨ ਦੀ ਪੁਸ਼ਟੀ ਕਰ ਸਕਦੇ ਹਨ। 'ਕਥਾਸਾਰਿਤਸਾਗਰ' ਆਦਿ ਵਿਚ ਵੀ ਕਈ ਪਾਤਰ ਅਜਿਹੇ ਆਏ ਹਨ, ਜੋ ਆਪਣੇ ਪੂਰਬ-ਜਨਮ ਦਾ ਵਿਵਰਣ ਦਿੰਦੇ ਹਨ। 'ਪ੍ਰਿਥੀ ਰਾਜ ਰਾਸੋ' ਅਤੇ ਕੁਝ ਕੁ

1. 'ਗਿਆਨ ਅੰਮ੍ਰਿਤ' (ਬੱਲਭ); ਜਨਵਰੀ, 1960

Digitized by Panjab Digital Library | www.panjabdigilib.org

ਅਪਭ੍ਰੰਸ਼ ਗ੍ਰੰਥਾਂ ਵਿਚ ਵੀ ਪੂਰਬ-ਜਨਮ ਦੇ ਬ੍ਰਿਤਾਂਤ ਉਪਲਬਧ ਹਨ। ਪਰ ਕਿਤੇ ਵੀ ਅਜਿਹੇ ਬ੍ਰਿਤਾਂਤਾਂ ਦੇ ਆਧਾਰ ਤੇ ਚਰਿਤ੍ਰ-ਨਾਇਕਾ ਨੂੰ ਉਨ੍ਹਾਂ ਕ੍ਰਿਤੀਆਂ ਦਾ ਲੇਖਕ-ਪਦ ਪ੍ਰਦਾਨ ਨਹੀਂ ਕੀਤਾ ਗਿਆ। ਇਸ ਲਈ ਇਹ ਅੰਦਰਲਾ ਪ੍ਰਮਾਣ ਵੀ ਸੰਕੇਤ ਕਰਦਾ ਹੈ ਕਿ ਚਰਿਤ੍ਰ ਨਾਇਕ ਗੁਰੂ ਗੋਬਿੰਦ ਸਿੰਘ ਜੀ ਦੇ ਪਿੱਛਲੇ ਜੀਵਨ ਦੀਆਂ ਘਟਨਾਵਾਂ ਕਵੀ-ਕਲਪਿਤ ਹਨ, ਦਸਮ ਗੁਰੂ ਦੁਆਰਾ ਵਰਣਿਤ ਨਹੀਂ। ਨਹੀਂ ਤਾਂ ਇਸਟ-ਭਾਵਨਾ ਸੰਬੰਧੀ ਭੁਲੇਖਾ ਪਾਉਣ ਵਾਲੀਆਂ ਗੱਲਾਂ ਇਸ ਰਚਨਾ ਵਿਚ ਦਾਖਿਲ ਹੋ ਕੇ ਗੁਰੂ ਜੀ ਨੂੰ ਪੂਰਬ-ਜਨਮ ਵਿਚ 'ਮਹਾਕਾਲ' ਅਤੇ 'ਕਾਲਿਕਾ' ਦਾ ਆਰਾਧਕ ਸਿੱਧ ਨਾ ਕਰਦੀਆਂ। ਫਲਸਰੂਪ, ਅਜਿਹੀ ਕਲਪਨਾ ਸੰਬੰਧਿਤ ਕਵੀ ਨੇ ਆਪਣੀ ਇਸਟ-ਭਾਵਨਾ ਨੂੰ ਚਰਿਤ੍ਰ ਨਾਇਕ ਉੱਤੇ ਆਰੋਪਿਤ ਕਰਨ ਲਈ ਕੀਤੀ ਹੈ।

**ਚੰਡੀ ਚਰਿਤ੍ਰ** (ਉਕਤਿ-ਬਿਲਾਸ):

7. 'ਚੰਡੀ ਚਰਿਤ੍ਰ' (ਉਕਤਿ ਬਿਲਾਸ) ਅਤੇ 'ਕ੍ਰਿਸਨਾਵਤਾਰ' ਨਾਮਕ ਦੋਵੇਂ ਰਚਨਾਵਾਂ ਸਮਾਨ ਪ੍ਰਕਾਰ ਦੀ ਭਾਸ਼ਾ-ਸ਼ੈਲੀ ਵਿਚ ਲਿਖੀਆਂ ਹਨ ਅਤੇ ਦੋਹਾਂ ਵਿਚ ਅਪ੍ਰਸਤੁਤ-ਵਿਧਾਨ ਵੇਲੇ 'ਕਵੀ ਕਹੈ' ਸੂਚਕ ਸ਼ਬਦਾਂ ਦਾ ਆਮ ਪ੍ਰਯੋਗ ਹੋਇਆ ਹੈ। ਪਰ 'ਕ੍ਰਿਸ਼ਨਾਵਤਾਰ' ਵਿਚ 'ਕਵੀ' ਸ਼ਬਦ ਦੇ ਨਾਲ ਨਾਲ 'ਸਿਆਮ' (ਪਾਠਾਂਤਰ 'ਰਾਮ') ਕਵੀ-ਛਾਪ ਵੀ ਵਰਤੀ ਗਈ ਹੈ, ਜਦ ਕਿ ਪ੍ਰਸਤੁਤ 'ਚੰਡੀ ਚਰਿਤ੍ਰ' ਵਿਚ ਕਵੀ-ਛਾਪ ਬਿਲਕੁਲ ਨਹੀਂ ਵਰਤੀ ਗਈ। ਜੇ ਇਹ ਦੋਵੇਂ ਕ੍ਰਿਤੀਆਂ ਇਕੋ ਹੀ ਕਵੀ ਦੀਆਂ ਰਚਨਾਵਾਂ ਹੁੰਦੀਆਂ, ਤਾਂ ਦੋਹਾਂ ਵਿਚ ਕਵੀ-ਛਾਪ ਸਮਾਨ ਰੂਪ ਵਿਚ ਵਰਤੀ ਹੁੰਦੀ। 'ਕ੍ਰਿਸਨਾਵਤਾਰ' ਵਿਚ ਕਵੀ-ਛਾਪ ਦਾ ਸੈਂਕੜੇ ਵਾਰ ਵਰਤਿਆ ਹੋਣਾ ਅਤੇ 'ਚੰਡੀ ਚਰਿਤ੍ਰ' ਵਿਚ ਇਸ ਦਾ ਇਕਦਮ ਅਭਾਵ ਇਨ੍ਹਾਂ ਦੋਹਾਂ ਨੂੰ ਇਕੋ ਰਚਨਹਾਰ ਦੀਆਂ ਰਚਨਾਵਾਂ ਸਿੱਧ ਨਹੀਂ ਕਰਦੇ।

✓8. ਇਸ ਪ੍ਰਸੰਗ ਨੂੰ ਗੁਰੂ ਰਚਿਤ ਮੰਨ ਕੇ ਕਈ ਸੰਪ੍ਰਦਾਈ ਗਿਆਨੀ 'ਸਿਵਾ' ਦਾ ਅਰਥ ਭਾਵੇਂ 'ਵਾਹਿਗੁਰੂ' ਕਰਦੇ ਹਨ, ਪਰ ਇਹ ਸ਼ਬਦ ਨਿਰਦੁਅੰਦ ਰੂਪ ਵਿਚ ਦੇਵੀ ਦੁਰਗਾ, ਕਾਲੀ ਜਾਂ ਕਾਲਿਕਾ ਦਾ ਪ੍ਰਯਾਯ ਹੈ। ਇਸ ਕਥਨ ਦੀ ਪੁਸ਼ਟੀ 'ਦਸਮ ਗ੍ਰੰਥ' ਤੋਂ ਹੀ ਹੋ ਜਾਂਦੀ ਹੈ, ਜਿਵੇਂ—

(1) ਚਰਿਤ੍ਰੋਪਾਖਿਆਨ ਦੇ ਪਹਿਲੇ ਮੰਗਲ ਰੂਪ 'ਚੰਡੀ ਚਰਿਤ੍ਰ' ਵਿਚ ਲਿਖਿਆ ਹੈ—

ਦੁਰਗਾ ਤੂੰ ਛਿਮਾ ਤੂੰ ਸਿਵਾ ਰੂਪ ਤੇਰੋ।
ਤੁ ਧਾਤ੍ਰੀ ਸ੍ਵਾਹਾ ਨਮਸਕਾਰ ਮੇਰੋ ॥੧੨॥ (ਪੰਨਾ 810)

(2) ਚੰਡੀ ਚਰਿਤ੍ਰ (2) ਵਿਚ ਦੇਵੀ ਦੀ ਉਸਤਤ ਕਰਨ ਵੇਲੇ ਉਸ ਦਾ ਨਾਂ ਸਿਵਾ ਵੀ ਗਿਣਾਇਆ ਗਿਆ ਹੈ—

ਨਮੋ ਹਿੰਗੁਲਾ ਪਿੰਗੁਲਾ ਤੋਤਲਾਯੰ।
ਨਮੋ ਕਰਤਿਕਯਾਨੀ ਸਿਵਾ ਸੀਤਲਾਯੰ ॥੨੨੬॥ (ਪੰਨਾ 116)

Digitized by Panjab Digital Library | www.panjabdigilib.org

ਸਾਰਾਂਸ਼ ਇਹ ਕਿ ਪ੍ਰਸਤੁਤ ਪ੍ਰਕਰਣ ਵਿਚ ਵੀ ਇਹ ਸ਼ਬਦ ਦੇਵੀ ਲਈ ਹੀ ਵਰਤਿਆ ਗਿਆ ਹੈ, ਕਿਉਂਕਿ ਉਸੇ ਦਾ ਚਰਿਤ੍ਰ ਵਰਣਿਤ ਹੈ ਅਤੇ ਉਸੇ ਤੋਂ ਵਰ-ਕਾਮਨਾ ਕੀਤੀ ਗਈ ਹੈ। ਪਰਮਾਤਮਾ ਲਈ ਇਸ ਨਾਂ ਦੀ ਵਰਤੋਂ ਨਾ ਪ੍ਰਸਤੁਤ ਪ੍ਰਸੰਗ ਵਿਚ ਹੋਈ ਹੈ ਅਤੇ ਨਾ ਹੀ ਕਿਸੇ ਨਿਰਗੁਣੀ ਅਥਵਾ ਸਗੁਣੀ ਸਾਧਕ ਨੇ ਕਿਸੇ ਹੋਰ ਪ੍ਰਸੰਗ ਵਿਚ ਵੀ ਕੀਤੀ ਹੈ।

9. ਇਸ ਪਦ ਵਿਚ 'ਅਰ ਸਿਖ ਹੌ......' ਪੰਕਤੀ ਦੇ 'ਸਿੱਖ' ਸ਼ਬਦ ਦਾ ਭਾਵ ਗੁਰੂ ਨਾਨਕ ਦਾ ਸਿੱਖ ਜਾਂ ਕੇਸ਼ਧਾਰੀ ਸਿੱਖ ਸਮਝ ਕੇ ਕਈ ਵਾਰ ਇਸ ਦੇ ਕਰਤ੍ਰਿਤਵ ਦਾ ਸੰਬੰਧ ਗੁਰੂ ਜੀ ਨਾਲ ਜੋੜਨ ਦਾ ਯਤਨ ਕੀਤਾ ਜਾਂਦਾ ਹੈ, ਪਰ ਅਜਿਹਾ ਕਰਨਾ ਭੁਲ ਹੈ, ਕਿਉਂਕਿ ਇਥੇ ਇਹ ਸ਼ਬਦ ਸਿੱਖ ਸੰਪ੍ਰਦਾਇ ਦੇ ਵਿਅਕਤੀ ਲਈ ਰੂੜ੍ਹ ਅਰਥਾਂ ਵਿਚ ਨਹੀਂ ਆਇਆ ਸਗੋਂ ਸਾਮਾਨਯ ਅਰਥ 'ਸ਼ਿਸ਼ਯ' ਰੂਪ ਵਿਚ ਆਇਆ ਹੈ। ਇਹ ਸ਼ਬਦ 'ਦਸਮ ਗ੍ਰੰਥ' ਵਿਚ ਅਨੇਕ ਥਾਵਾਂ ਤੇ ਵਰਤਿਆ ਗਿਆ ਹੈ, ਪਰ ਕਿਤੇ ਵੀ ਸਾਮਾਨਯ ਅਰਥ ਤੋਂ ਭਿੰਨ ਕਿਸੇ ਵਿਸ਼ਿਸ਼ਟ ਰੂਪ ਵਿਚ ਪ੍ਰਯੁਕਤ ਨਹੀਂ ਹੋਇਆ। ਉਦਾਹਰਣ ਵਜੋਂ—

(1) ਮਹਾਕਾਲ ਕੋ **ਸਿਖਯ** ਕਰਿ ਮਦਰਾ ਭਾਂਗ ਪਿਵਾਇ ॥੧੨੫॥ (ਪੰਨਾ 1210)

(2) ਮੰਤ੍ਰ ਦੇਤ **ਸਿਖ** ਅਪਨ ਕਰਨ ਹਿਤ।
ਜਯੋਂ ਤਯੋਂ ਭੇਟ ਲੈਤ ਤਾਤੇ ਬਿਤ।
ਸਤਿ ਬਾਤ ਤਾਕਹ ਨ ਸਿਖਾਵਹੁ।
ਤਾਹਿ ਲੋਕ ਪਰਲੋਕ ਗਵਾਵਹ ॥੨੮॥ (ਪੰਨਾ 1202)

(3) ਸੁਨਤ ਰਾਵ ਕੇ ਬਚ ਸ੍ਰਵਨ ਤ੍ਰਿਯ ਮਨਿ ਅਧਿਕ ਰਿਸਾਇ।
ਚੋਰ ਚੋਰ ਕਹਿ ਕੇ ਉਠੀ **ਸਿਖਯਨ** ਦਿਯੋ ਜਗਾਇ ॥੫੯॥ (ਪੰਨਾ 842)

ਇਨ੍ਹਾਂ ਕਥਨਾਂ ਵਿਚ 'ਸਿੱਖ' ਕੇਸਧਾਰੀ ਵਿਅਕਤੀ ਲਈ ਪ੍ਰਯੁਕਤ ਨਹੀਂ ਹੋਇਆ। ਕੁਲ ਮਿਲਾ ਕੇ ਇਨ੍ਹਾਂ ਪ੍ਰਯੋਗਾਂ ਵਿਚ 'ਸਿੱਖ' ਦਾ ਅਰਥ ਸ਼ਿਸ਼ਯ (ਚੇਲਾ), ਦਾਸ ਜਾਂ ਨੌਕਰ ਹੀ ਹੈ। ਅਜਿਹੇ ਹੋਰ ਅਨੇਕ ਉਦਾਹਰਣ ਦਿੱਤੇ ਜਾ ਸਕਦੇ ਹਨ। ਇਹ ਪ੍ਰਮਾਣ ਵੀ ਇਸ ਰਚਨਾ ਦੇ ਕਰਤ੍ਰਿਤਵ ਦਾ ਸੰਬੰਧ ਦਸਮ ਗੁਰੂ ਨਾਲ ਨਹੀਂ ਜੋੜਦਾ।

10. ਇਸ ਚਰਿਤ੍ਰ ਪ੍ਰਸੰਗ ਵਿਚ ਕਈ ਕਾਵਿ-ਦੋਸ਼ ਇਸ ਦੇ ਰਚਨਹਾਰ ਨੂੰ ਇਕ ਸੁਲਝਿਆ ਹੋਇਆ ਕਵੀ ਪ੍ਰਮਾਣਿਤ ਨਹੀਂ ਕਰਦੇ, ਜਿਵੇਂ ਬਨ ਦੀ ਅੱਗ ਲਈ 'ਦਾਵਾਨਲ' ਦੀ ਥਾਂ ਤੇ 'ਬੜਵਾਨਲ' ਵਰਤਿਆ ਹੈ—

ਕਰਵਾਰ ਲੈ ਲਾਲ ਕੀਏ ਅਰਿ ਖੇਤ
ਲਗੀ **ਬੜਵਾਨਲ** ਜਿਉ ਬਨ ਮੈ ॥੪੮॥

ਇਸ ਕ੍ਰਿਤੀ ਦਾ ਰਚਨਾ-ਕਾਲ ਨਹੀਂ ਦਿੱਤਾ ਹੋਇਆ, ਪਰ 'ਸ' ਬੀੜ ਵਿਚ ਇਸ ਰਚਨਾ ਦੀ ਅੰਤਿਮ ਪੁਸ਼ਪਿਕਾ ਵਿਚ ਇਸ ਦਾ ਰਚਨਾ-ਕਾਲ ਸੰਮਤ 1752 ਬਿ.

Digitized by Panjab Digital Library | www.panjabdigilib.org

ਦਿੱਤਾ ਹੈ।

**ਚੰਡੀ ਚਰਿਤ੍ਰ (2) :**

11. ਇਹ 'ਚੰਡੀ ਚਰਿਤ੍ਰ' ਪਹਿਲੇ 'ਚੰਡੀ ਚਰਿਤ੍ਰ' ਤੋਂ ਬਿਲਕੁਲ ਭਿੰਨ ਸ਼ੈਲੀ ਵਿਚ ਲਿਖਿਆ ਹੈ। ਜੇ ਇਹ ਦੋਵੇਂ ਚਰਿਤ੍ਰ ਇੱਕੋ ਹੀ ਕਵੀ ਦੇ ਲਿਖੇ ਹੁੰਦੇ ਤਾਂ ਦੋ ਵਾਰ ਵੱਖ ਵੱਖ ਸ਼ੈਲੀਆਂ ਵਿਚ ਲਿਖਣ ਦੀ ਕੀ ਲੋੜ ਸੀ? ਇਸ ਤੋਂ ਛੁਟ, ਇਸ ਵਿਚ ਕਿਸੇ ਵੀ ਕਵੀ ਦੀ ਛਾਪ ਨਹੀਂ ਵਰਤੀ ਹੋਈ ਅਤੇ ਨਾ ਹੀ ਇਸ ਦੇ ਗੁਰੂ-ਕ੍ਰਿਤ ਹੋਣ ਦਾ ਕੋਈ ਅੰਦਰਲਾ ਪ੍ਰਮਾਣ ਮਿਲਦਾ ਹੈ। ਇਸ ਦਾ ਰਚਨਾ-ਕਾਲ ਵੀ ਨਹੀਂ ਦਿੱਤਾ ਹੋਇਆ। ਇਸ ਰਚਨਾ ਦੇ ਸੱਤਵੇਂ ਅਧਿਆਇ ਦੇ 34 ਛੰਦ (223 ਤੋਂ ਲੈ ਕੇ 256 ਤਕ) 'ਦ' ਅਤੇ 'ਸ' ਬੀੜਾਂ ਦੇ 'ਕ੍ਰਿਸ਼ਨਾਵਤਾਰ' ਤੋਂ ਪਹਿਲਾ ਵੀ ਲਿਖੇ ਮਿਲਦੇ ਹਨ। ਇਸ ਗੜਬੜ ਨਾਲ ਪ੍ਰਸਤੁਤ ਰਚਨਾ ਦਾ ਵਰਤਮਾਨ ਸਰੂਪ ਸੰਦਿਗਧ ਹੋ ਜਾਂਦਾ ਹੈ। ਇਸ ਤੋਂ ਇਲਾਵਾ, ਇਨ੍ਹਾਂ 34 ਛੰਦਾਂ ਵਿਚ 'ਦੇਵੀ ਜੂ ਕੀ ਉਸਤਤ' ਅੰਕਿਤ ਹੈ, ਇਸ ਤੱਥ ਦੀ ਪੁਸ਼ਟੀ 'ਅਥਿ' ਅਤੇ 'ਇਤਿ' ਸੂਚਕ ਉਕਤੀਆਂ ਤੋਂ ਹੋ ਜਾਂਦੀ ਹੈ। ਇਹ ਉਸਤਤ ਕਿਸੇ ਵਿਸ਼ੇਸ਼ ਚਰਿਤ੍ਰ-ਨਾਇਕ ਵਲੋਂ ਨਹੀਂ, ਕਵੀ ਵਲੋਂ ਪ੍ਰਸਤੁਤ ਕੀਤੀ ਗਈ ਹੈ। ਇਸ ਦਾ ਅੰਤਿਮ ਛੰਦ ਕਵੀ ਦੀ ਦੇਵੀ ਪ੍ਰਤਿ ਇਸ਼ਟ-ਬੁੱਧੀ ਨੂੰ ਬਿਲਕੁਲ ਸਪੱਸ਼ਟ ਕਰ ਦਿੰਦਾ ਹੈ—

ਸਬੈ ਸੰਤ ਉਬਾਰੀ ਬਰੰ ਬ੍ਰੂਹ ਦਾਤਾ।
ਨਮੋ ਤਾਰਣੀ ਕਾਰਣੀ ਲੋਕ ਮਾਤਾ।
ਨਮਸਤ੍ਯੰ ਨਮਸਤ੍ਯੰ ਨਮਸਤ੍ਯੰ ਭਵਾਨੀ।
ਸਦਾ ਰਾਖ ਲੈ ਮੁਹਿ ਕ੍ਰਿਪਾ ਕੈ ਕ੍ਰਿਪਾਨੀ ॥੨੫੬॥ (ਦਸਮ ਗ੍ਰੰਥ, ਪੰਨਾ 118)

ਇਸ ਇਸ਼ਟ-ਕਲਪਨਾ ਦਾ ਸੰਬੰਧ ਦਸਮ ਗੁਰੂ ਦੇ ਨਿਰਗੁਣੀ ਇਸ਼ਟ 'ਅਕਾਲ ਪੁਰਖ' ਨਾਲ ਇਕਦਮ ਨਹੀਂ ਹੈ। ਅੰਤਿਮ ਮਾਹਾਤਮ ਵੀ ਸਾਡੇ ਕਥਨ ਦੀ ਪੁਸ਼ਟੀ ਕਰਦਾ ਹੈ—

ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ।
ਅੰਤ ਲਹੈ ਗੇ ਮੁਕਤ ਫਲੁ ਪਾਵਹਿਗੇ ਭਗਵੰਤ ॥੨੬੨॥

(ਦਸਮ ਗ੍ਰੰਥ, ਪੰਨਾ 119)

**ਚੌਬੀਸ ਅਵਤਾਰ :**

12. 'ਚੌਬੀਸ ਅਵਤਾਰ' ਦੇ ਆਰੰਭ ਵਿਚ ਹੀ ਕਵੀ ਨੇ ਆਪਣਾ ਨਾਂ 'ਸ਼ਿਆਮ' ਦੇ ਕੇ ਇਸ ਰਚਨਾ ਦੇ ਕਰਤ੍ਰਿਤਵ ਵਲ ਸਪੱਸ਼ਟ ਸੰਕੇਤ ਕਰ ਦਿੱਤਾ ਹੈ।[1] ਇਸ ਰਚਨਾ

---

1. ਸੁਨੀਅਹੁ ਸੰਤ ਸਬੈ ਚਿਤਲਾਈ।
ਬਰਨਤ ਸ੍ਯਾਮ ਜਥਾਮਤ ਭਾਈ ॥੧॥ (ਦਸਮ ਗ੍ਰੰਥ, ਪੰਨਾ 155)

Digitized by Panjab Digital Library | www.panjabdigilib.org

ਦੇ ਪਾਠ ਵਿਚ ਵੀ ਇਹ ਕਵੀ-ਛਾਪ ਅਨੇਕ ਵਾਰ ਵਰਤੀ ਮਿਲਦੀ ਹੈ। 'ਕ੍ਰਿਸਨਾਵਤਾਰ' ਵਿਚ 'ਸ਼ਿਆਮ' ਦੇ ਨਾਲ ਕਿਤੇ ਕਿਤੇ 'ਰਾਮ' ਕਵੀ-ਛਾਪ ਵੀ ਦਿੱਤੀ ਹੈ, ਪਰ ਉਹ ਲਿਖਾਰੀਆਂ ਜਾਂ ਉਤਾਰਾ ਕਰਨ ਵਾਲਿਆਂ ਦੀ ਅਸਾਵਧਾਨੀ ਦਾ ਫਲ ਹੈ। ਇਸ ਸੰਬੰਧ ਵਿਚ ਵਿਸਤਾਰ-ਪੂਰਣ ਵਿਵਰਣ ਦੂਜੇ ਪ੍ਰਕਾਸ਼ (ਪੈਰਾ 13) ਵਿਚ ਦਿੱਤਾ ਜਾ ਚੁਕਾ ਹੈ। ਬਾਹਰਲੇ ਪ੍ਰਮਾਣਾਂ ਦੇ ਆਧਾਰ ਤੇ ਵੀ ਦਸਮ ਗੁਰੂ ਦੇ ਦਰਬਾਰ ਵਿਚ 'ਸਿਆਮ' ਕਵੀ ਦਾ ਹੋਣਾ ਸਿੱਧ ਹੁੰਦਾ ਹੈ।[1] ਇਹ ਸਿਆਮ ਕਵੀ ਜਾਤੀ ਦਾ ਖਤ੍ਰੀ ਅਤੇ ਤਪੱਸਿਆ ਦੇ ਸਾਧਨਾਂ ਤੋਂ ਨਾਵਾਕਫ਼ ਹੈ,[2] ਉਹ ਧਨ ਦਾ ਲਾਲਚੀ ਨਹੀਂ ਅਤੇ ਨਾ ਹੀ ਰਿੱਧੀ-ਸਿੱਧੀ ਪ੍ਰਾਪਤ ਕਰਨ ਦਾ ਚਾਹਵਾਨ ਹੈ। ਕੇਵਲ ਸ਼ਸਤ੍ਰ-ਬੱਧ ਹੋ ਕੇ ਯੁੱਧ-ਭੂਮੀ ਵਿਚ ਜੂਝਣਾ ਚਾਹੁੰਦਾ ਹੈ।[3]

13. 'ਸਿਆਮ' ਕਵੀ ਆਸਰਾ-ਦਾਤਿਆ ਅਤੇ ਦਰਬਾਰੀਆਂ ਨੂੰ ਪ੍ਰਸੰਨ ਕਰਨ ਵਾਲਾ ਕੋਈ ਦਰਬਾਰੀ ਕਵੀ ਪ੍ਰਤੀਤ ਹੁੰਦਾ ਹੈ। ਇਸ ਸੰਬੰਧ ਵਿਚ ਹੇਠ ਲਿਖੀਆਂ ਪੰਕਤੀਆਂ ਵਿਸ਼ੇਸ਼ ਵਿਚਾਰ ਯੋਗ ਹਨ—

(ੳ) ਬਾਤ ਪੁਰਾਤਨ ਭਾਖ ਸੁਨਾਊਂ।
ਜਾ ਤੇ ਕਬ ਕੁਲ ਸਰਬ ਰਿਝਾਊਂ ॥੧॥ (ਚੰਦ੍ਰ ਅਵਤਾਰ)

(ਅ) ਤਾ ਛਬਿ ਕੀ ਕਵਿਤਾ ਕਰਿ ਕੈ
ਕਬਿ ਰਾਮ ਨਰੇਸਨ ਜਾਇ ਰਿਝੈ ਹੈ।
ਜੋ ਬਲ ਪੈ ਕਹਿ ਹੈ ਕਬ ਪੰਡਿਤ
ਰੀਝ ਘਨੋ ਤਿਹ ਕੋ ਧਨ ਦੈ ਹੈ ॥੧੧੭੭॥ (ਕ੍ਰਿਸ਼ਨਾਵਤਾਰ) ॥

(ੲ) ਤਾ ਕੋ ਕਬਿਤਨ ਮੈਂ ਕਬਿ ਸਯਾਮ
ਕਹਯੋ ਕਹਿ ਕੈ ਕਬਿ ਕਉਨ ਰਿਝਾਵੈ ॥੧੯੦੨॥ (ਕ੍ਰਿਸਨਾਵਤਾਰ) ॥

(ਸ) ਸਯਾਮ ਕਥਾ ਹ੍ਵੈ ਹੈ ਮੈਂ ਕੈਹਉ।
ਸ੍ਰੋਤਨ ਭਲੀ ਭਾਂਤ ਰਿਝਵੈਹਉ ॥੨੧੯੩॥ (ਕ੍ਰਿਸਨਾਵਤਾਰ)

(ਹ) ਜੋ ਬਲਭਦ੍ਰ ਕੇ ਸੰਗ ਭਿਰੇ
ਤਿਨ ਕਉ ਕਥ ਕੈ ਪ੍ਰਭੁ ਲੋਕ ਰਿਝੈਹਉ ॥੧੦੩੭॥ (ਕ੍ਰਿਸਨਾਵਤਾਰ.

ਕਵਿਤਾ ਸੁਣਾਕੇ ਰਾਜੇ, ਆਸਰਾ-ਦਾਤੇ ਜਾਂ ਸੁਣਨ ਵਾਲੇ ਨੂੰ ਪ੍ਰਸੰਨ ਕਰਨ ਵਾਲਾ ਅਤੇ ਕਵਿਤਾ ਲਿਖ ਕੇ ਬਦਲੇ ਵਿਚ ਧਨ ਪ੍ਰਾਪਤ ਕਰਨ ਵਾਲਾ 'ਸਿਆਮ' ਕਵੀ ਕੋਈ ਸਾਧਾਰਣ ਦਰਬਾਰੀ ਕਵੀ ਹੋ ਸਕਦਾ ਹੈ, ਦਸਮ ਗੁਰੂ ਨਹੀਂ। 'ਕਬਿਯੋਬਾਚ' ਕਥਨ ਦੀ ਇਕ ਹੋਰ ਚੌਪਈ ਕਵੀ ਦੀਆਂ ਉਪਰੋਕਤ ਭਾਵਨਾਵਾਂ ਦੀ ਪੁਸ਼ਟੀ ਕਰਦਿਆ ਵੀ ਇਸੇ ਪ੍ਰਸੰਗ ਵਿਚੋਂ

1. ਵਿਸਤਾਰ ਲਈ ਵੇਖੋ ਸੱਤਵਾਂ ਪ੍ਰਕਾਸ਼ (ਪੈਰਾ 1-3, 11-12)
2. ਕ੍ਰਿਸ਼ਨਾਵਤਾਰ, ਛੰਦ 2489
3. 'ਕ੍ਰਿਸ਼ਨਾਵਤਾਰ', ਛੰਦ 1901

Digitized by Panjab Digital Library | www.panjabdigilib.org

ਮਿਲ ਜਾਂਦੀ ਹੈ, ਜਿਵੇਂ:—

ਹਰਿ ਕੇ ਸੰਤ ਕਬਤੀ ਸੁਨਾਊ ।
ਤਾਤੇ ਪ੍ਰਭੁ ਲੋਚਨ ਰਿਝਵਾਊ ॥੨੪੮੦॥(ਕ੍ਰਿਸ਼ਨਾਵਤਾਰ)

ਉਕਤ ਮੋਟੇ ਸ਼ਬਦਾਂ ਦਾ ਅਰਥ ਸਾਰੀ ਸਮੱਸਿਆ ਦਾ ਹਲ ਕਰ ਦਿੰਦਾ ਹੈ। ਜਿਥੇ ਕਵੀ ਕਵਿਤਾ ਕਰਕੇ ਦਸਮ ਗੁਰੂ (ਪ੍ਰਭੁ) ਦਾ ਸਿਖਾ (ਲੋਚਨ) ਨੂੰ ਪ੍ਰਸੰਨ ਕਰਨਾ ਚਾਹੁੰਦਾ ਹੈ।

14. 'ਚੌਬੀਸ ਅਵਤਾਰ' ਪ੍ਰਸੰਗ ਦੇ ਹੇਠ ਲਿਖੇ ਛੰਦਾਂ ਤੋਂ ਇਸ ਦੇ ਰਚਨਹਾਰ ਦਾ ਇਕ ਸਾਧਾਰਣ ਕਵੀ ਹੋਣਾ ਹੀ ਪ੍ਰਮਾਣਿਤ ਹੁੰਦਾ ਹੈ—

(ੳ) ਧਨਖ ਤੇਜ ਮੈ ਬਰਨਿਯਾਂ ਕਿਸਨ ਕਥਾ ਕੇ ਕਾਜ ।
ਅਤਿ ਹੀ ਚੂਕ ਮੋ ਤੇ ਭਈ ਛਿਮੀਯੋ ਸੋ ਮਹਾਰਾਜ ॥੮੩੪॥ (ਕ੍ਰਿਸ਼ਨਾਵਤਾਰ)

(ਅ) ਬਿਨਤ ਕਰੋ ਦੋਊ ਜੋਰਿ ਕਰਿ ਸੁਨੋ ਜਗਤ ਕੇ ਰਾਇ ।
ਮੋ ਮਸਤਕ ਤੁੈ ਪਗ ਸਦਾ ਰਹੈ ਦਾਸ ਕੇ ਭਾਇ ॥੭੫੬॥ (ਕ੍ਰਿਸ਼ਨਾਵਤਾਰ)

(ੲ) ਸਤ੍ਰਹ ਸੈ ਚਵਤਾਲ ਮੈ ਸਾਵਨ ਸੁਦਿ ਬੁਧਵਾਰ ।
ਨਗਰ ਪਾਵਟਾ ਮੋ ਤੁਮੋ ਰਚਿਯੋ ਗ੍ਰੰਥ ਸੁਧਾਰ ॥੯੮੩॥ (ਕ੍ਰਿਸ਼ਨਾਵਤਾਰ)

(ਸ) ਇਸੀ ਭਾਂਤ ਸੋ ਕ੍ਰਿਸਨ ਜੀ ਖੇਲ ਕਰੇ ਬ੍ਰਿਜ ਮਾਹਿ ।
ਅਬ ਪਗ ਚਲਤਨੋਂ ਕੀ ਕਥਾ ਕਹੋ ਸੁਨੋ ਨਰ ਨਾਹਿ ॥੧੧੭॥ (ਕ੍ਰਿਸ਼ਨਾਵਤਾਰ)

ਪਹਿਲੇ ਛੰਦ ਵਿਚ ਕੁਬਜਾ-ਕ੍ਰਿਸ਼ਨ ਪ੍ਰਸੰਗ ਤੋਂ ਬਾਦ ਕ੍ਰਿਸ਼ਨ ਦੁਆਰਾ ਧਨੁਖ ਤੋੜਨ ਉਪਰੰਤ ਕਵੀ ਉਸ ਧਨੁਖ ਦਾ ਵਰਣਨ ਆਰੰਭ ਕਰ ਦਿੰਦਾ ਹੈ, ਪਰ ਜਦੋਂ ਉਸ ਨੂੰ ਆਪਣੇ ਪ੍ਰਸੰਗ ਤੋਂ ਦੂਰ ਹਟਣ ਦੀ ਉਕਾਈ ਦਾ ਗਿਆਨ ਹੁੰਦਾ ਹੈ ਤਾਂ **'ਮਹਾਰਾਜ'** ਤੋਂ ਖਿਮਾ ਦੀ ਯਾਚਨਾ ਕਰਦਾ ਹੈ। 'ਮਹਾਰਾਜ' ਸ਼ਬਦ ਇਥੇ ਆਸਰਾਦਾਤੇ ਲਈ ਵਰਤਿਆ ਗਿਆ ਹੈ ਅਤੇ ਸੰਬੰਧ ਅਨੁਸਾਰ ਆਸਰਾਦਾਤਾ ਦਸਵੇਂ ਗੁਰੂ ਤੋਂ ਕੋਈ ਭਿੰਨ ਵਿਅਕਤੀ ਨਹੀਂ ਹੈ। ਇਸ ਲਈ ਇਸ ਛੰਦ ਨਾਲ ਸੰਬੰਧਿਤ ਰਚਨਾ ਗੁਰੂ ਜੀ ਦੇ ਕਿਸੇ ਦਰਬਾਰੀ ਕਵੀ ਦੀ ਰਚਨਾ ਸਿੱਧ ਹੁੰਦੀ ਹੈ। ਦੂਜੇ ਛੰਦ ਵਿਚ **'ਜਗਤ ਕੇ ਰਾਇ'** ਜਿਸ ਦੇ ਪੈਰਾਂ ਉੱਤੇ ਕਵੀ ਦਾ ਮਸਤਕ ਟਿਕਿਆ ਹੋਇਆ ਹੈ ਅਤੇ ਜਿਸ ਦੇ ਪਾਸ ਕਵੀ ਦਾਸ ਰੂਪ ਵਿਚ ਰਹਿਣਾ ਚਾਹੁੰਦਾ ਹੈ, ਆਸਰਾ-ਦਾਤੇ ਤੋਂ ਭਿੰਨ ਕੋਈ ਹੋਰ ਪ੍ਰਮਾਣਿਤ ਨਹੀਂ ਹੁੰਦਾ ਅਤੇ ਆਸਰਾਦਾਤਾ ਦਸਮ ਗੁਰੂ ਹੀ ਸਨ। ਤੀਜੇ ਛੰਦ ਦਾ 'ਤੁਮੋ' ਸ਼ਬਦ ਵੀ ਆਸਰਾਦਾਤੇ ਨੂੰ ਸੰਬੋਧਨ ਕਰਨ ਲਈ ਹੀ ਵਰਤਿਆ ਗਿਆ ਹੈ। ਚੌਥੇ ਛੰਦ ਦਾ **'ਨਰ ਨਾਹਿ'** ਜਿਸ ਨੂੰ ਸੰਬੰਧਿਤ ਕਥਾ ਸੁਣਾਈ ਜਾ ਰਹੀ ਹੈ, ਆਸਰਾਦਾਤਾ ਸਿੱਧ ਹੁੰਦਾ ਹੈ। ਇਸ ਲਈ ਕਵੀ ਦਾ 'ਨਰ-ਨਾਹਿ' ਤੋਂ ਮਤਲਬ ਦਸਮ ਗੁਰੂ ਹੀ ਹੈ। ਸਾਰਾਂਸ਼ ਇਹ ਕਿ ਇਨ੍ਹਾਂ ਸਾਰਿਆਂ ਛੰਦਾਂ ਦੇ ਅਰਥ ਪ੍ਰਸੰਗ-ਕ੍ਰਮ ਅਨੁਸਾਰ ਦਰਬਾਰੀ ਭਾਵਨਾ ਅਤੇ ਆਸਰਾਦਾਤੇ ਦੀ ਉਸਤਤਿ-ਪਰੰਪਰਾ ਦੀ ਪੁਸ਼ਟੀ ਕਰਦੇ ਹਨ।

Digitized by Panjab Digital Library | www.panjabdigilib.org

15. 'ਚੌਬੀਸ ਅਵਤਾਰ' ਦਾ ਕਵੀ ਕਈ ਇਕ ਥਾਵਾਂ ਤੇ ਆਪਣੀਆਂ ਭੁੱਲਾਂ ਨੂੰ ਮੰਨਦਾ ਹੋਇਆ ਉਨ੍ਹਾਂ ਦੀ ਸੋਧ ਦਾ ਅਧਿਕਾਰ ਹੋਰਨਾ ਕਵੀਆਂ ਜਾਂ ਸਰੋਤਿਆਂ ਨੂੰ ਦਿੰਦਾ ਹੈ, ਜਿਵੇਂ—

(ੳ) ਜਹ ਭੂਲਿ ਭਈ ਹਮ ਤੇ ਲਹੀਯੋ ।
ਸੁ ਕਬੋ ਤਹ ਅੱਛ੍ਰ ਬਨਾ ਕਹੀਯੋ ॥੬॥ (ਰਾਮਾਵਤਾਰ)
(ਅ) ਤਾਂਤੇ ਥੋਰੀਐ ਕਥਾ ਕਹਾਈ ।
ਭੂਲਿ ਦੇਖਿ ਕਬ ਲੇਹੁ ਬਨਾਈ ॥੬॥ (ਨਰ ਅਵਤਾਰ)
(ੲ) ਸਤ੍ਰਹ ਸੈ ਪੈਤਾਲ ਮੈਂ ਕੀਨੀ ਕਥਾ ਸੁਧਾਰ ।
ਚੂਕ ਹੋਇ ਜਹ ਤਹ ਸੁ ਕਵਿ ਲੀਜਹੁ ਸਕਲ ਸੁਧਾਰ ॥੭੫੫॥
(ਕ੍ਰਿਸਨਾਵਤਾਰ)
(ਸ) ਖੜਗਪਾਨ ਕੀ ਕ੍ਰਿਪਾ ਤੇ ਪੋਥੀ ਰਚੀ ਵਿਚਾਰ ।
ਭੂਲਿ ਹੋਇ ਜਹੰ ਤਹਿੰ ਸੁ ਕਵਿ ਪੜੀਅਹੁ ਸਬੈ ਸੁਧਾਰ ॥੯੮੪॥
(ਕ੍ਰਿਸ਼ਨਾਵਤਾਰ)

ਇਹ ਕਥਨ ਇਕ ਸਾਧਾਰਣ ਕਵੀ ਦੇ ਹੋ ਸਕਦੇ ਹਨ, ਪਾਰਦਰਸੀ ਦਸਮ ਗੁਰੂ ਦੇ ਨਹੀਂ । ਕਿਉਂਕਿ ਗੁਰੂ ਜੀ ਜੇ ਪ੍ਰਚਲਿਤ ਪਰੰਪਰਾ ਅਨੁਸਾਰ ਆਪਣੀ ਆਤਮਿਕ ਸ਼ਕਤੀ ਦੇ ਆਧਾਰ ਤੇ ਸੰਪੂਰਣ 'ਆਦਿ ਗ੍ਰੰਥ' ਨੂੰ ਲਿਖਵਾ ਸਕਦੇ ਸਨ, ਤਾਂ ਇਨ੍ਹਾਂ ਕ੍ਰਿਤੀਆਂ ਵਿਚ ਤਰੁਟੀਆਂ ਦੀ ਗੁੰਜਾਇਸ਼ ਕਿਵੇਂ ਰਹਿ ਜਾਂਦੀ । ਦੂਜੇ, ਆਸ਼ਰਾਦਾਤੇ ਤੋਂ ਅਜਿਹੀ ਭਾਵਨਾ ਦੀ ਆਸ ਨਹੀਂ ਕੀਤੀ ਜਾ ਸਕਦੀ, ਨਹੀਂ ਤਾਂ ਉਸ ਦੇ ਰਾਜਸੀ ਮਹੱਤਵ ਅਤੇ ਪ੍ਰਭੁਤਵ ਨੂੰ ਠੇਸ ਲਗਦੀ ਹੈ ।

16. ਇਸ ਰਚਨਾ ਦਾ ਕਵੀ ਆਪਣੀ ਕਵਿਤਾ ਦੀ ਤੁੱਛਤਾ ਤੋਂ ਵੀ ਜਾਣੂ ਹੈ ਅਤੇ ਉਸ ਉਪਰ ਹੋਰਨਾਂ ਕਵੀਆਂ ਦੁਆਰਾ ਮਖੌਲ ਕੀਤੇ ਜਾਣ ਦੀ ਵੀ ਸ਼ੰਕਾ ਕਰਦਾ ਹੈ । ਇਸ ਲਈ ਕਿਤੇ ਕਿਤੇ ਅਜਿਹਾ ਨਾ ਕਰਨ ਲਈ ਉਹ ਹੋਰਨਾਂ ਕਵੀਆਂ ਅਗੇ ਸਪੱਸ਼ਟ ਰੂਪ ਵਿਚ ਪ੍ਰਾਰਥਨਾ ਕਰਦਾ ਵੀ ਵੇਖਿਆ ਜਾ ਸਕਦਾ ਹੈ—

(ੳ) ਤਾਤੇ ਕਥਾ ਥੋਰ ਹੀ ਭਾਜੀ ।
ਨਿਰਖ ਭੂਲਿ ਕਬਿ ਕਰੋਂ ਨ ਹਾਸੀ ॥੨੮॥ (ਜਲੰਧਰ ਅਵਤਾਰ)
(ਅ) ਸਬ ਨਾਮ ਜਥਾ ਮਤ ਸਯਾਮ ਧਰੋ ।
ਘਟ ਜਾਨ ਕਵਿ ਜਿਨ ਨਿੰਦ ਕਰੋ ॥੮॥ (ਖੀਰ-ਸਮੁੰਦ੍ਰ ਮੰਥਨ)

17. 'ਕ੍ਰਿਸਨਾਵਤਾਰ' ਦੇ ਯੁੱਧ-ਪ੍ਰਬੰਧ ਵਿਚ ਕ੍ਰਿਸ਼ਨ ਦਾ ਮੁਸਲਮਾਨਾਂ ਨਾਲ ਯੁੱਧ ਵਿਆਖਿਆ ਗਿਆ ਹੈ । ਅਜਿਹਾ ਉਲੇਖ ਕਿਸੇ ਪੁਰਾਣ ਜਾਂ ਇਤਿਹਾਸ ਵਿਚ ਨਹੀਂ ਮਿਲਦਾ । ਫਲਸਰੂਪ, ਇਥੇ ਕਾਲ-ਦੋਸ਼ ਹੈ ।

Digitized by Panjab Digital Library | www.panjabdigilib.org

18. 'ਕ੍ਰਿਸ਼ਨਾਵਤਾਰ' ਦੇ ਛੰਦ 587 ਵਿਚ ਕ੍ਰਿਸ਼ਨ ਦੇ ਬੜਵਾਨਲ ਦੇ ਪੀਣ ਦਾ ਉਲੇਖ ਹੈ। ਕ੍ਰਿਸ਼ਨ ਨੇ ਅਸਲ ਵਿਚ ਦਾਵਾਨਲ ਪੀਤੀ ਸੀ, ਬੜਵਾਨਲ ਨਹੀਂ।[1] 'ਕ੍ਰਿਸ਼ਨਾਵਤਾਰ' ਦੇ ਛੰਦ 805 ਵਿਚ ਕਵੀ ਨੇ ਕ੍ਰਿਸ਼ਨ-ਵਿਜੋਗਨੀ ਗੋਪੀਆਂ ਤੋਂ ਨਾਥ-ਜੋਗੀਆਂ ਦਾ ਪਹਿਰਾਵਾਂ ਧਾਰਣ ਕਰ ਲੈਣ ਦਾ ਭਾਵ ਪ੍ਰਗਟਾਇਆ ਹੈ, ਇਹ ਸਪੱਸ਼ਟ ਰੂਪ ਵਿਚ ਕਾਲ-ਦੋਸ਼ ਹੈ, ਕਿਉਂਕਿ ਕ੍ਰਿਸ਼ਨ-ਗੋਪੀ ਪ੍ਰੇਮ ਪਹਿਲਾਂ ਦੀ ਘਟਨਾ ਹੈ ਅਤੇ ਨਾਥਾਂ ਦਾ ਯੁਗ ਬਾਦ ਵਿਚ ਆਉਂਦਾ ਹੈ।

19. ਬ੍ਰਹਮਾ, ਸ਼ਿਵ, ਚੰਦ੍ਰ, ਸੂਰਜ, ਜਲੰਧਰ ਆਦਿ ਭਾਰਤ ਦੀ ਅਵਤਾਰਵਾਦੀ ਪਰੰਪਰਾ ਅਤੇ ਪੁਰਾਣਾਂ ਅਨੁਸਾਰ ਵਿਸ਼ਨੂੰ ਦੇ ਅਵਤਾਰ ਨਹੀਂ ਹਨ, ਪਰ ਇਸ ਪ੍ਰਸੰਗ ਦੇ ਕਵੀ ਨੇ ਵਿਸ਼ਨੂੰ ਦੇ ੨੪ ਅਵਤਾਰਾਂ ਵਿਚ ਇਨ੍ਹਾਂ ਦੀ ਗਿਣਤੀ ਕੀਤੀ ਹੈ। ਤੇਰ੍ਹਵਾਂ ਅਵਤਾਰ ਕਿਸ ਲਈ ਅਵਤਰਿਤ ਹੋਇਆ ਹੈ, ਇਹ ਨਹੀਂ ਦਸਿਆ ਗਿਆ। ਉਸ ਦੀ ਉਤਪੱਤੀ ਅਦਿਤੀ ਦੇ ਗਰਭ ਤੋਂ ਦਸੀ ਗਈ ਹੈ। ਅਦਿਤੀ ਦੇ ਗਰਭ ਤੋਂ ਉਤਪੰਨ ਹੋਣ ਵਾਲਾ ਵਿਸ਼ਨੂੰ ਦਾ ਅਵਤਾਰ 'ਵਾਮਨ' ਸੀ, ਜਿਸ ਦਾ ਉੱਲੇਖ 8ਵੇਂ ਅਵਤਾਰ ਪ੍ਰਸੰਗ ਵਿਚ ਪਹਿਲਾਂ ਹੀ ਹੋ ਚੁਕਾ ਹੈ। ਇਸ੍ਹ ਵਿਵਰਣ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਕਵੀ ਨੂੰ ਵਿਸ਼ਨੂੰ ਦੀ ਅਵਤਾਰ-ਪਰੰਪਰਾ ਦਾ ਬੜਾ ਸਥੂਲ ਗਿਆਨ ਹੈ। ਉਹ ਆਪ ਮੰਨਦਾ ਹੈ ਕਿ ਇਨ੍ਹਾਂ ਪ੍ਰਸੰਗਾਂ ਦੀ ਸੋਧ ਸ਼ਾਸਤ੍ਰਾਂ ਦੇ ਆਧਾਰ ਤੇ ਜਾਂ ਕਵੀਆਂ ਦੇ ਮੁਖ ਤੋਂ ਸੁਣ ਕੇ ਕਰ ਲਈ ਜਾਵੇ—

> ਗਾਇ ਰਖੀਸਨ ਕਉ ਦਈ ਕਹਲਉ ਕਰੋਂ ਬਿਚਾਰ।
> ਸ਼ਾਸਤ੍ਰ ਸੋਧ ਕਬੀਅਨ ਮੁਖਨ ਲੀਜਹੁ ਪੂਛ ਸੁਧਾਰ ॥ ੭ ॥
> (ਮਹਾ-ਮੋਹਿਨੀ)

ਇਕ ਥਾਂ ਤੇ 'ਸਿਆਮ' ਕਵੀ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਇਹ ਕਥਾ ਉਸਨੇ ਪੁਰਾਣਾ ਤੋਂ ਆਪ ਪੜ੍ਹੀ ਨਹੀਂ, ਸਗੋਂ ਕੇਵਲ ਸੁਣ ਕੇ ਪਦ-ਬੱਧ ਕੀਤੀ ਹੈ—

> ਸੋ ਕਬਿ ਸਯਾਮ **ਪੁਰਾਣਨ ਤੇ ਸੁਨ,**
> ਭੇਦ ਕਹਯੋ ਸਭ ਸੰਤ ਸੁਨੈਯੋ ॥ ੨੧੪੫ ॥ (ਕ੍ਰਿਸ਼ਨਾਵਤਾਰ)

ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਪੁਰਾਣਾਂ ਦੀ ਕਥਾ ਸੁਣਾਉਣ ਵਾਲਾ ਕੋਈ ਭਿੰਨ ਵਿਅਕਤੀ ਹੈ ਅਤੇ ਉਸਨੂੰ ਭਾਸ਼ਾ-ਰੂਪ ਦੇਣ ਵਾਲਾ ਕੋਈ ਹੋਰ ਵਿਕਤੀ ਹੈ। ਇਸ ਤੱਥ ਦੀ ਪੁਸ਼ਟੀ ਬਾਬਾ ਸਰੂਪ ਦਾਸ ਭਲਾ ਦੇ 'ਮਹਿਮਾ ਪ੍ਰਕਾਸ਼' ਤੋਂ ਵੀ ਹੋ ਜਾਂਦੀ ਹੈ (ਵੇਖੋ ਸੱਤਵਾਂ ਪ੍ਰਕਾਸ਼, ਪੈਰਾ 1 ਛੰਦ 5)।

20. ਨਰ-ਨਾਰਾਇਣ ਅਤੇ ਮੋਹਿਨੀ ਅਵਤਾਰ ਪਰਸਪਰ ਸੰਬੰਧਿਤ ਹਨ ਅਤੇ

---

1. ਵੇਖੋ ਭਾਗਵਤ ਪੁਰਾਣ ਦਸਮ ਸਕੰਧ, ਅਧਿਆਇ 17 (21-24)

Digitized by Panjab Digital Library | www.panjabdigilib.org

ਇਨ੍ਹਾਂ ਦਾ ਅਵਤਰਣ ਅੰਮ੍ਰਿਤ ਪ੍ਰਾਪਤੀ ਲਈ ਸਮੁੰਦ੍ਰ ਮੱਥਣ ਦੀ ਘਟਨਾ ਵੇਲੇ ਦੈਤਾਂ ਅਤੇ ਦੇਵਤਿਆਂ ਵਿਚ ਉਤਪੰਨ ਹੋਏ ਵਿਵਾਦ ਨੂੰ ਨਜਿਠਣ ਲਈ ਹੋਇਆ ਸੀ। ਇਹ ਵਿਸ਼ਨੂੰ ਦੇ ਪ੍ਰਸਿੱਧ ਅਵਤਾਰ ਹਨ। ਭਿੰਨ ਭਿੰਨ ਪੁਰਾਣਾਂ ਅਤੇ ਖ਼ਾਸ ਕਰ ਭਾਗਵਤ ਪੁਰਾਣ (ਸਕੰਧ 8/8–10), ਵਿਸ਼ਨੂੰ ਪੁਰਾਣ (ਅੰਸ਼ 1/9/75-112) ਅਤੇ ਮਹਾਭਾਰਤ ਆਦਿ ਪਰਵ/18-19) ਵਿਚ ਇਨ੍ਹਾਂ ਸੰਬੰਧੀ ਵਿਸਤਾਰ ਸਹਿਤ ਵਿਵਰਣ ਮਿਲ ਜਾਂਦਾ ਹੈ। ਪਰ ਪ੍ਰਸਤੁਤ ਪ੍ਰਸੰਗ ਦਾ ਕਵੀ ਪੁਰਾਣ-ਕਥਾਵਾਂ ਤੋਂ ਨਾਵਾਕਫ਼ ਹੋਣ ਕਾਰਣ ਘਟਨਾਵਾਂ ਦੇ ਕ੍ਰਮ ਵਿਚ ਤਾਲ-ਮੇਲ ਨਹੀਂ ਰਹਿਣ ਦਿੰਦਾ ਅਤੇ ਜਿਸ ਅੰਮ੍ਰਿਤ ਲਈ ਦੈਤਾਂ ਅਤੇ ਦੇਵਤਿਆਂ ਵਿਚ ਇਤਨਾ ਵੱਡਾ ਸੰਘਰਸ਼ ਹੋਇਆ ਸੀ, ਉਸਦਾ ਇਸ ਪ੍ਰਸੰਗ ਵਿਚ ਸੰਕੇਤ ਤਕ ਨਹੀਂ ਕੀਤਾ ਗਿਆ। ਨਿਰਸੰਦੇਹ, ਇਹ ਤੱਥ ਕਵੀ ਦੀ ਸੂਝ ਨੂੰ ਪ੍ਰਮਾਣਿਤ ਨਹੀ ਕਰਦਾ। 'ਮੀਰ ਮਹਿਦੀ' ਦੁਆਰਾ ਕਲਕੀ ਅਵਤਾਰ ਦੇ ਵਧ ਦੀ ਘਟਨਾ ਵੀ ਪਰੰਪਰਾ ਅਤੇ ਪੁਰਾਣ-ਸਾਹਿਤ ਅਨੁਸਾਰ ਨਹੀਂ ਹੈ, ਇਹ ਕਵੀ ਦੀ ਕਲਪਨਾ ਮਾਤ੍ਰ ਅਤੇ ਅਸੰਗਤ ਹੈ।

'ਕ੍ਰਿਸ਼ਨਾਵਤਾਰ' ਦੇ ਛੰਦ 5 ਤੋਂ 8 ਤਕ ਦੀ 'ਦੇਵੀ ਜੀ ਦੀ ਉਸਤਤਿ' ਨਿਰਗੁਣੀ-ਦਸਮ ਗੁਰੂ ਦੀ ਇਸ਼ਟ-ਭਾਵਨਾ ਦੇ ਅਨੁਕੂਲ ਨਹੀਂ ਹੈ, ਜਿਵੇਂ—

ਬਿਨ ਚੰਡ ਕ੍ਰਿਪਾ ਤੁਮਾਰੀ ਕਬਹੂ
 ਮੁਖ ਤੇ ਨਹੀਂ ਅਛਰ ਹਉ ਕਰਿ ਹੌਂ।
ਤੁਮਰੋ ਕਰ ਨਾਮ ਕਿਧੋ ਤੁਲਹਾ
 ਜਿਮ ਬਾਕ ਸਮੁੰਦ੍ਰ ਬਿਖੈ ਤਰਿ ਹੌਂ ॥ ੫ ॥
ਰੇਮਨ ਭਜ ਤੁ ਸਾਰਦਾ ਅਨਗਨ ਗੁਨ ਹੈ ਜਾਹਿ।
ਰਚੌਂ ਗ੍ਰੰਥ ਇਹ ਭਾਗਵਤ ਜਉ ਦੇਂ ਕ੍ਰਿਪਾ ਕਰਾਹਿ ॥ ੬ ॥
(ਦਸਮ ਗ੍ਰੰਥ, ਪੰਨਾ 255)

21. 'ਰਾਸ-ਮੰਡਲ' ਦੇ ਆਰੰਭ ਵਿਚ ਦਿੱਤੀ ਹੋਈ ਦੇਵੀ ਦੀ ਉਸਤਤਿ ਵੀ ਕਵੀ ਦੀ ਇਸ਼ਟ-ਭਾਵਨਾ ਤੋਂ ਵੱਖ ਨਹੀਂ ਕੀਤੀ ਜਾ ਸਕਦੀ। 'ਦ' ਅਤੇ 'ਸ' ਬੀੜਾਂ ਵਿਚ 'ਯੁੱਧ-ਪ੍ਰਬੰਧ' ਅਤੇ 'ਵਿਰਹ-ਨਾਟਕ' ਨਾਮਕ ਖੰਡਾਂ ਦੇ ਸ਼ੁਰੂ ਵਿਚ ਦਿੱਤੇ ਦੇਵੀ-ਮੰਗਲ ਅਤੇ 'ਦਸਮ-ਕਥਾ' ਦੇ ਆਰੰਭ ਵਿਚ ਦਿੱਤੇ ੩੪ ਛੰਦ ਕਵੀ ਦੀ ਇਸ਼ਟ-ਭਾਵਨਾ ਦੀ ਹੀ ਪੁਸ਼ਟੀ ਕਰਦੇ ਹਨ। 'ਕ੍ਰਿਸ਼ਨਾਵਤਾਰ' ਦੇ ਕੁਝਕੁ ਛੰਦਾਂ (1324 ਤੋਂ 1332 ਤਕ) ਵਿਚ ਕਵੀ ਪ੍ਰਸੰਗ-ਵਸ਼ ਦੁਰਗਾ ਦੇਵੀ ਦੀ ਪੂਜਾ ਦੀ ਮਹੱਤਾ ਨੂੰ ਵੀ ਸਥਾਪਿਤ ਕਰਦਾ ਹੈ ਅਤੇ 2306ਵੇਂ ਛੰਦ ਵਿਚ ਤਾਂ ਉਸਨੇ 'ਦੁਰਗਾ-ਸਪਤਸਤੀ' ਦਾ ਨਿਤਾਪ੍ਰਤੀ ਪਾਠ ਚਰਿਤ੍ਰ-ਨਾਇਕ ਸ੍ਰੀ ਕ੍ਰਿਸ਼ਨ ਤੋਂ ਵੀ ਕਰਵਾਇਆ ਹੈ—

ਫਿਰ ਪਾਠ ਕਰੈ ਸਤਿ ਸੈਇ ਸਲੋਕ
 ਕੋ ਸਜਾਮ ਨਿਤਾਪ੍ਰਤ ਪੈ ਨ ਟਰੈ ॥

Digitized by Panjab Digital Library | www.panjabdigilib.org

ਇਸੇ ਪ੍ਰਸੰਗ ਵਿਚ ਕ੍ਰਿਸ਼ਨ ਅਤੇ ਬਲਰਾਮ ਨੂੰ ਸ਼ਰਾਬ ਪੀਂਦੇ ਅਤੇ ਹੋਰਨਾਂ ਨਸ਼ਿਆਂ ਦਾ ਸੇਵਨ ਕਰਦੇ ਹੋਇਆਂ ਵਿਖਾਇਆ ਗਿਆ ਹੈ। ਕਈ ਥਾਵਾਂ ਤੇ ਜਲ-ਕੇਲਿ ਅਤੇ ਮਾਸ ਖਾਣ ਦਾ ਵੀ ਵਰਣਨ ਹੋਇਆ ਹੈ। ਇਹ ਗੱਲਾਂ ਆਧਾਰ ਗ੍ਰੰਥ (ਭਾਗਵਤ ਪੁਰਾਣ) ਵਿਚ ਵਰਣਿਤ ਨਹੀਂ ਹਨ ਅਤੇ ਇਨ੍ਹਾਂ ਦਾ ਵਿਸਤਾਰ ਸਹਿਤ ਉੱਲੇਖ ਅਸੀਂ ਅਠਵੇਂ ਪ੍ਰਕਾਸ਼ ਦੇ ਪੈਰਾ 11 ਤੋਂ 15 ਤਕ ਕੀਤਾ ਹੈ।

ਇਨ੍ਹਾਂ ਤੱਥਾਂ ਦੇ ਆਧਾਰ ਤੇ ਇਹ ਕਵੀ ਸ਼ਾਕਤ-ਮਤ ਦਾ ਅਨੁਯਾਈ ਪ੍ਰਤੀਤ ਹੁੰਦਾ ਹੈ। ਕਈ ਇਕ ਥਾਵਾਂ ਤੇ ਕਵੀ ਨੇ 'ਕਬਿਯੋਬਾਚ' ਕਥਨ ਦੁਆਰਾ ਕ੍ਰਿਸ਼ਨ-ਭਗਤੀ ਤੇ ਵੀ ਬਲ ਦਿੱਤਾ ਹੈ।[1] ਇਹ ਭਾਵਨਾ ਦਸਮ-ਗੁਰੂ ਦੀ ਇਸ਼ਟ ਭਾਵਨਾ ਨਾਲ ਮੇਲ ਨਹੀਂ ਖਾਂਦੀ। ਸਾਰਾਂਸ਼ ਇਹ ਕਿ ਇਸ ਰਚਨਾ ਦਾ ਕਵੀ ਦਸਵੇਂ ਗੁਰੂ ਤੋਂ ਕੋਈ ਭਿੰਨ ਵਿਅਕਤੀ ਹੈ।

22. 'ਚੌਬੀਸ ਅਵਤਾਰ' ਵਿਚੋਂ ਕੇਵਲ 'ਰਾਮਾਵਤਾਰ' ਅਤੇ 'ਕ੍ਰਿਸ਼ਨਾਵਤਾਰ' ਦਾ ਰਚਨਾ-ਕਾਲ ਦਿੱਤਾ ਹੈ। 'ਰਾਮਾਵਤਾਰ' ਦਾ ਸੰਮਤ 1755 ਬਿ. ਹੈ,[2] ਪਰ 'ਕ੍ਰਿਸ਼ਨਾਵਤਾਰ' ਜਿਵੇਂ ਕਿ 'ਦ' ਅਤੇ 'ਸ' ਬੀੜਾਂ ਤੋਂ ਗਿਆਤ ਹੁੰਦਾ ਹੈ, ਮੂਲ ਵਿਚ ਚਾਰ ਖੰਡਾਂ ਵਿਚ ਵੰਡਿਆ ਹੋਇਆ ਸੀ, ਜਿਨ੍ਹਾਂ ਵਿਚੋਂ 'ਦਸਮ-ਕਥਾ' ਦੀ ਰਚਨਾ ਸੰਮਤ 1745 ਬਿ.[3] 'ਵਿਰਹ-ਨਾਟਕ' ਦੀ ਰਚਨਾ ਸੰਮਤ 1744 ਬਿ.[4] ਅਤੇ 'ਰਾਸ-ਮੰਡਲ' ਦੀ ਰਚਨਾ ਸੰਮਤ 1745 ਬਿ.[5] ਵਿਚ ਹੋਈ ਸੀ। 'ਯੁੱਧ-ਪ੍ਰਬੰਧ' ਦੀ ਰਚਨਾ ਦਾ ਸਮਾਂ ਕਵੀ ਦੁਆਰਾ ਨਹੀਂ ਦਿੱਤਾ ਹੋਇਆ, ਪਰ ਭਾਈ ਰਣਧੀਰ ਸਿੰਘ ਨੇ ਇਸ ਦਾ ਸੰਮਤ 1745 ਬਿ. ਮੰਨਿਆ ਹੈ।[6] ਇਹ ਸੰਮਤ ਅਸਲ ਵਿਚ 'ਦਸਮ-ਕਥਾ' ਖੰਡ ਦਾ ਹੈ, ਕਿਉਂਕਿ ਨਾ ਤਾਂ 'ਦ' ਅਤੇ 'ਸ' ਬੀੜਾਂ ਵਿਚ ਯੁੱਧ-ਪ੍ਰਬੰਧ ਦੇ ਅੰਤ ਵਿਚ ਕੋਈ ਸੰਮਤ ਦਿੱਤਾ ਹੈ ਅਤੇ ਨਾ ਹੀ ਪ੍ਰਕਾਸ਼ਿਤ ਬੀੜਾਂ ਵਿਚ ਛੰਦ-ਅੰਕ 1902 ਤੋਂ ਪਹਿਲਾਂ, ਜਿਥੇ 'ਯੁੱਧ-ਪ੍ਰਬੰਧ' ਸਮਾਪਤ ਹੁੰਦਾ ਹੈ, ਕੋਈ ਸੰਮਤ ਲਿਖਿਆ ਹੈ। ਭਾਈ ਰਣਧੀਰ ਸਿੰਘ ਨੇ ਛੰਦ 1902 ਉਤੇ ਸਮਾਪਤ ਹੋਏ ਕਥਾ-ਖੰਡ ਦਾ ਸੰਮਤ ਛੰਦ-ਅੰਕ 2490 ਤੋਂ ਲੈ ਕੇ ਭੁਲ ਕੀਤੀ ਹੈ। ਉਪਲਬਧ 'ਕ੍ਰਿਸ਼ਨਾਵਤਾਰ' ਵਿਚ ਸੰ. 1745 ਬਿ. ਵਿਚ ਰਚੇ ਗਏ 'ਰਾਸ-ਮੰਡਲ' ਦਾ ਪ੍ਰਸੰਗ ਪਹਿਲਾਂ ਸੰਕਲਿਤ ਹੈ ਅਤੇ ਸੰ. 1744 ਬਿ. ਵਿਚ ਰਚਿਤ 'ਵਿਰਹ-ਨਾਟਕ' ਨੂੰ ਬਾਦ

1. ਕ੍ਰਿਸ਼ਨਾਵਤਾਰ, ਛੰਦ 2284,2483 ਆਦਿ
2. ਰਾਮਾਵਤਾਰ, ਛੰਦ 860
3. ਕ੍ਰਿਸ਼ਨਾਵਤਾਰ, ਛੰਦ 2490
4. ਕ੍ਰਿਸ਼ਨਾਵਤਾਰ, ਛੰਦ 983
5. ਕ੍ਰਿਸ਼ਨਾਵਤਾਰ, ਛੰਦ 755
6. ਦਸਵੇਂ ਪਾਤਿਸ਼ਾਹ ਕੇ ਗ੍ਰੰਥ ਦਾ ਇਤਿਹਾਸ (ਰਣਧੀਰ ਸਿੰਘ), ਪੰਨਾ 19

Digitized by Panjab Digital Library | www.panjabdigilib.org

ਵਿਚ ਦਰਜ ਕੀਤਾ ਗਿਆ ਹੈ। ਇਸ ਤੋਂ ਪ੍ਰਤੱਖ ਹੈ ਕਿ ਚਾਰ ਖੰਡਾਂ ਵਿਚ ਰਚੇ ਗਏ 'ਕ੍ਰਿਸ਼ਨਾਵਤਾਰ' ਨੂੰ ਇਕ ਇਕਾਈ ਦੇ ਰੂਪ ਵਿਚ ਸੰਕਲਿਤ ਕਰਨ ਵੇਲੇ ਸੰਮਤਾਂ ਵਿਚ ਗੜ-ਬੜ ਹੋ ਗਈ ਹੈ।

23. 'ਕ੍ਰਿਸ਼ਨਾਵਤਾਰ' ਦੀ ਰਚਨਾ ਸੰ. 1744-45 ਬਿ. ਵਿਚ ਹੋਈ ਮੰਨੀ ਗਈ ਹੈ ਅਤੇ ਕ੍ਰਮ ਤੋਂ ਇਹ ਵਿਸ਼ਨੂੰ ਦਾ 21ਵਾਂ ਅਵਤਾਰ ਹੈ, ਪਰ 'ਰਾਮਾਵਤਾਰ' ਦੀ ਰਚਨਾ 1755 ਬਿ. ਵਿਚ ਮੰਨੀ ਗਈ ਹੈ ਅਤੇ ਇਹ ਕ੍ਰਮ ਵਿਚ ਵੀਹਵਾਂ ਅਵਤਾਰ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ 'ਚੌਬੀਸ ਅਵਤਾਰ' ਦਾ ਵਰਤਮਾਨ ਕ੍ਰਮ ਪੂਰਬ-ਨਿਸ਼ਚਿਤ ਨਹੀਂ ਸੀ। ਜੇ ਇੰਜ ਨਾ ਹੁੰਦਾ ਤਾਂ ਪਹਿਲਾਂ 'ਰਾਮਾਵਤਾਰ' ਦੀ ਰਚਨਾ ਹੁੰਦੀ ਅਤੇ ਫਿਰ 'ਕ੍ਰਿਸ਼ਨਾਵਤਾਰ' ਦੀ। ਅਜਿਹੀ ਅਵਸਥਾ ਵਿਚ ਇਹੀ ਕਿਹਾ ਜਾ ਸਕੇਗਾ ਕਿ 'ਕ੍ਰਿਸਨਾਵਤਾਰ' ਅਤੇ 'ਰਾਮਾਵਤਾਰ' ਦੀ ਰਚਨਾ ਹੋ ਜਾਣ ਤੋਂ ਬਾਦ ਹੀ ਬਾਕੀ ਅਵਤਾਰਾਂ ਦੀਆਂ ਸੰਖਿਪਤ ਕਥਾਵਾਂ ਲਿਖ ਕੇ ਇਸ ਸੰਗ੍ਰਹਿ ਨੂੰ 'ਚੌਬੀਸ ਅਵਤਾਰ' ਦਾ ਨਾਂ ਦਿੱਤਾ ਗਿਆ।

**ਬ੍ਰਹਮਾ-ਅਵਤਾਰ :**

24. ਇਸ ਰਚਨਾ ਵਿਚ ਨਾ ਤਾਂ ਕੋਈ ਕਵੀ-ਛਾਪ ਵਰਤੀ ਗਈ ਹੈ ਅਤੇ ਨਾ ਹੀ ਇਸ ਦਾ ਰਚਨਾ-ਕਾਲ ਦਿੱਤਾ ਹੈ। ਇਸ ਦਾ ਕਵੀ ਕੋਈ ਅਜਿਹਾ ਵਿਅਕਤੀ ਹੈ ਜੋ ਸਰੋਤਾ-ਗਣ ਨੂੰ ਆਪਣਾ ਭਰਾ ਕਹਿ ਕੇ ਸੰਬੋਧਨ ਕਰਦਾ ਹੈ, ਜਿਵੇਂ—

> ਤਿਹ ਤੇ ਸੁ ਥੋਰੀਐ ਬਾਤ।
> ਸੁਨਿ ਲੇਹੁ ਭਾਖੋਂ ਭ੍ਰਾਤ ॥੧੪॥ (ਅਜ ਰਾਜਾ; ਦਸਮ ਗ੍ਰੰਥ, ਪੰਨਾ 634)

ਇਸ ਤੋਂ ਛੁਟ, ਇਸ ਰਚਨਾ ਵਿਚ ਕਈ ਪ੍ਰਕਾਰ ਦੀਆਂ ਤਰੁਟੀਆਂ ਵੀ ਹਨ, ਜਿਨ੍ਹਾਂ ਦਾ ਵਿਵਰਣ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ—

(ੳ) ਪ੍ਰਿਥੁ ਰਾਜਾ ਦੇ ਪ੍ਰਸੰਗ ਵਿਚ ਕਵੀ ਨੇ ਸਕੁੰਤਲਾ ਨਾਲ ਦੁਸ਼ਯੰਤ ਦੀ ਥਾਂ ਪ੍ਰਿਥੁ ਰਾਜੇ ਦਾ ਸੰਬੰਧ ਜੋੜਿਆ ਹੈ। ਮਹਾ ਭਾਰਤ ਅਤੇ ਪੁਰਾਣਾਂ ਵਿਚ ਦਿੱਤੇ ਵੇਨ ਅਤੇ ਪ੍ਰਿਥੁ ਚਰਿਤ੍ਰਾਂ ਅਨੁਸਾਰ ਪ੍ਰਿਥੂ ਤ੍ਰੇਤਾ ਯੁਗ ਦੇ ਸੂਰਜ-ਬੰਸੀ ਰਾਜਾ ਵੇਨ ਦਾ ਪੁੱਤਰ ਸੀ। ਪੁੱਤਰ-ਹੀਨ ਵੇਨ ਰਾਜਾ ਦੀਆਂ ਭੁਜਾਵਾ ਨੂੰ ਬ੍ਰਾਹਮਣਾਂ ਨੇ ਮਥਿਆ ਅਤੇ, ਫਲਸਰੂਪ, ਪ੍ਰਿਥੁ ਤੇ ਪ੍ਰਿਥਵੀ ਦੀ ਉਤਪੱਤੀ ਹੋਈ। ਭਾਗਵਤ ਪੁਰਾਣ (ਸਕੰਧ 1/3/14, ਸਕੰਧ 2/7/9) ਅਨੁਸਾਰ ਪ੍ਰਿਥੂ ਵਿਸ਼ਨੂੰ ਦੇ ਅਵਤਾਰ ਸਨ। ਇਨ੍ਹਾਂ ਦੇ ਪੁੱਤਰ ਦਾ ਨਾਂ ਵਿਜਿਤਾਸਵ ਸੀ (ਭਾਗਵਤ ਪੁਰਾਣ, ਸਕੰਧ 4/24/1)। ਪ੍ਰਸਤੁਤ ਪ੍ਰਸੰਗ ਵਿਚ ਪ੍ਰਿਥੁ ਰਾਜਾ ਦੀ ਜੋ ਚਰਿਤ੍ਰ-ਕਥਾ ਦਿੱਤੀ ਗਈ ਹੈ, ਉਹ ਪੌਰਾਣਿਕ ਉਪਾਖਿਆਨਾਂ ਤੋਂ ਬਿਲਕੁਲ ਭਿੰਨ ਹੈ। ਅਸਲ ਵਿਚ, ਇਸ ਕਥਾ ਦਾ ਸੰਬੰਧ ਪੁਰੂ ਬੰਸ ਦੇ ਚੰਦਰ ਬੰਸੀ ਰਾਜਾ ਏਲੀਨ ਦੇ ਪੁੱਤਰ ਦੁਸ਼ਯੰਤ ਨਾਲ ਹੈ। ਦੁਸਯੰਤ-ਸ਼ਕੁੰਤਲਾ ਨਾਲ ਸੰਬੰਧਿਤ ਅਜਿਹੀ ਕਥਾ ਮਹਾਭਾਰਤ (ਆਦਿ

Digitized by Panjab Digital Library | www.panjabdigilib.org

ਪਰਵ/87-94 ਅਧਿਆਇ), ਭਾਗਵਤ ਪੁਰਾਣ (ਸਕੰਧ 9/20), ਵਿਸ਼ਨੂੰ ਪੁਰਾਣ (ਅੰਸ਼ 4/19) ਵਿਚ ਵਿਸਤਾਰ ਸਹਿਤ ਦਿੱਤੀ ਹੈ। ਪਰ ਉਥੇ ਇਸ ਦਾ ਸੰਬੰਧ ਕਿਸੇ ਵੀ ਰੂਪ ਵਿਚ ਪ੍ਰਿਥੂ ਰਾਜਾ ਨਾਲ ਨਹੀਂ ਹੈ। ਭਰਤ ਵੀ ਦੁਸ਼ਯੰਤ ਅਤੇ ਸਕੁੰਤਲਾ ਦਾ ਪੁੱਤਰ ਹੈ, ਪ੍ਰਿਥੂ ਅਤੇ ਸ਼ਕੁੰਤਲਾ ਦਾ ਨਹੀਂ। ਅਜਿਹਾ ਸੰਬੰਧ-ਹੀਨ ਅਤੇ ਬੇਤੁਕਾ ਪ੍ਰਸੰਗ ਜੋੜਨ ਵਾਲਾ ਕਵੀ ਕੋਈ ਸੁਲਝਿਆ ਹੋਇਆ ਗਿਆਨਵਾਨ ਵਿਅਕਤੀ ਪ੍ਰਤੀਤ ਨਹੀਂ ਹੁੰਦਾ।

(ਅ) ਰਘੂ ਰਾਜਾ ਦੇ ਪ੍ਰਸੰਗ ਵਿਚ ਉਸ ਦੀ ਮਹਿਮਾ ਦਾ ਵਰਣਨ ਕਰਨ ਵੇਲੇ ਇਹ ਕਹਿਣਾ ਕਿ ਸੰਨਿਆਸੀਆਂ ਨੇ ਉਸ ਨੂੰ ਦੱਤ, ਜੋਗੀਆ ਨੇ ਉਸ ਨੂੰ ਗੋਰਖ ਨਾਥ, ਵੈਰਾਗੀਆਂ ਨੇ ਰਾਮਾਨੰਦ ਅਤੇ ਤੁਰਕਾ (ਮੁਸਲਮਾਨਾਂ) ਨੇ ਮਹਾਦੀਨ (ਮਹੰਮਦ) ਸਮਝ ਲਿਆ ਸੀ, ਬਿਲਕੁਲ ਅਨੁਚਿਤ ਹੈ।[1] ਕਿਉਂਕਿ ਰਘੂ ਰਾਜਾ ਵੇਲੇ ਹਜਰਤ ਮੁਹੰਮਦ (ਛੇਵੀਂ ਸਦੀ), ਰਾਮਾ ਨੰਦ (ਬਾਰ੍ਹਵੀਂ ਸਦੀ) ਅਤੇ ਗੋਰਖ ਨਾਥ (ਤੇਰ੍ਹਵੀਂ ਸਦੀ) ਦੇ ਸੰਪ੍ਰਦਾਵਾ ਦੇ ਅਨੁਯਾਈਆਂ ਦੁਆਰਾ ਰਘੂ ਰਾਜਾ ਦੀ ਉਸਤਤ ਸੰਭਵ ਨਹੀਂ ਹੋ ਸਕਦੀ।

(ੲ) ਯਯਾਤੀ ਰਾਜੇ ਦੇ ਪ੍ਰਸੰਗ ਵਿਚ ਬੇਨ ਰਾਜੇ ਦਾ ਪ੍ਰਸੰਗ ਵੀ ਆਇਆ ਹੈ ਅਤੇ ਅਗੇ ਚਲ ਕੇ ਫਿਰ ਤੋਂ ਬੇਨ ਰਾਜੇ ਦੀ ਕਥਾ ਆਰੰਭ ਹੋ ਗਈ ਹੈ।[2] ਇਸ ਤੋਂ ਇੰਜ ਲਗਦਾ ਹੈ ਕਿ ਕਵੀ ਰਾਜਿਆਂ ਦੀ ਕਥਾ ਦਾ ਵਰਣਨ ਸਾਵਧਾਨੀ ਨਾਲ ਨਹੀਂ ਕਰ ਰਿਹਾ।

(ਸ) 'ਵਿਆਸ' ਅਵਤਾਰ ਦੇ ਪ੍ਰਸੰਗ ਵਿਚ ਰਾਜਿਆਂ ਦੇ ਕ੍ਰਮ ਠੀਕ ਨਹੀਂ ਦਿੱਤੇ ਗਏ। ਬੇਨ ਦਾ ਪੁੱਤਰ ਪ੍ਰਿਥੁ ਸੀ, ਪਰ ਪ੍ਰਿਥੁ ਦਾ ਉੱਲੇਖ ਬੇਨ ਤੋਂ ਪਹਿਲਾਂ ਹੈ। ਮਾਂਧਾਤਾ ਸਗਰ ਰਾਜਾ ਦਾ ਪੂਰਵਜ ਸੀ, ਪਰ ਉਹ ਕ੍ਰਮ ਵਿਚ ਮਗਰੋਂ ਆਇਆ ਹੈ। ਇਸ ਦਾ ਕਾਰਣ ਕਵੀ ਦੀ ਰਾਜਿਆਂ ਦੇ ਬੰਸ-ਕ੍ਰਮ ਤੋਂ ਨਾਵਾਕਫ਼ੀ ਹੈ।

(ਕ) ਸਗਰ ਰਾਜਾ ਦੇ ਪ੍ਰਸੰਗ ਵਿਚ ਉਸ ਦੇ ਪੁੱਤਰਾਂ ਦੇ ਘੋੜੇ ਦਾ ਉਸ ਰਿਸ਼ੀ (ਕਪਿਲ) ਪਿੱਛੇ ਜਾ ਖੜਾ ਹੋਣਾ ਲਿਖਿਆ ਹੈ, ਜਿਸ ਦਾ ਭੇਸ ਗੋਰਖਨਾਥ ਵਰਗਾ ਪ੍ਰਤੀਤ ਹੁੰਦਾ ਸੀ।[3] ਇਹ ਸਪੱਸ਼ਟ ਰੂਪ ਵਿਚ ਕਾਲ-ਦੋਸ਼ ਹੈ।

---

1. ਸੰਨਿਆਸਨ ਦੱਤ ਰੂਪ ਕਰਿ ਜਾਨਜੋ।
ਜੋਗਨ ਗੁਰ ਗੋਰਖ ਕਰਿ ਮਾਨਜੋ।
ਰਾਮਾਨੰਦ ਬੈਰਾਗਨ ਜਾਨਾ।
ਮਹਾਦੀਨ ਤੁਰਕਨ ਪਹਚਾਨਾ ॥ (ਦਸਮ ਗ੍ਰੰਥ, ਪੰਨਾ 624)
2. ਦਸਮ ਗ੍ਰੰਥ, ਪੰਨਾ 621 (ਯਯਾਤੀ ਰਾਜਾ, ਛੰਦ 95-103)
3. ਪ੍ਰਿਸ਼ਟ ਪਾਛ ਖਰੋ ਭਯੋ ਰਿਖ ਜਾਨ ਗੋਰਖ ਭੇਖ ॥੯੮॥ (ਦਸਮ ਗ੍ਰੰਥ, ਪੰਨਾ 619)

Digitized by Panjab Digital Library | www.panjabdigilib.org

ਅਜਿਹੀਆਂ ਤਰੁਟੀਆਂ ਖਿਮਾ ਜੋਗ ਨਹੀਂ ਹਨ ਅਤੇ ਨਾ ਹੀ ਕਵੀ ਨੂੰ ਕੋਈ ਵਿਸ਼ੇਸ਼ ਮਹੱਤਵ ਪ੍ਰਦਾਨ ਕਰਦੀਆਂ ਹਨ ।

**ਰੁਦ੍ਰਾਵਤਾਰ :**

25. ਇਸ ਰਚਨਾ ਦੇ ਦੋ ਭਾਗ ਹਨ—ਦੱਤਾਵਤਾਰ ਅਤੇ ਪਾਰਸਨਾਥ ਅਵਤਾਰ । ਦੱਤਾਵਤਾਰ ਪ੍ਰਸੰਗ ਵਿਚ 'ਸ਼ਿਆਮ' ਕਵੀ-ਛਾਪ ਮਿਲਦੀ ਹੈ, ਪਰ ਪਾਰਸਨਾਥ ਅਵਤਾਰ ਪ੍ਰਸੰਗ ਵਿਚ ਕੋਈ ਵੀ ਕਵੀ-ਛਾਪ ਨਹੀਂ ਮਿਲਦੀ । ਇਨ੍ਹਾਂ ਦੋਹਾਂ ਦੇ ਰਚਨਾ-ਸੰਮਤ ਵੀ ਨਹੀਂ ਦਿੱਤੇ ਹੋਏ ।'ਪਾਰਸਨਾਥ ਅਵਤਾਰ' ਕਥਾ ਦੀ ਵਰਣਨ-ਸ਼ੈਲੀ ਵਿਚ ਹੋਰਨਾਂ ਅਵਤਾਰ ਪ੍ਰਸੰਗਾਂ ਨਾਲੋਂ ਕੁਝ ਮਹੱਤਵਪੂਰਣ ਅੰਤਰ ਵਿਸ਼ੇਸ਼ ਉੱਲੇਖ ਯੋਗ ਹਨ, ਜਿਵੇਂ—

(ੳ) ਇਸ ਰਚਨਾ ਦਾ ਬਹੁਤ ਸਾਰਾ ਭਾਗ ਰਾਗਾਂ ਅਤੇ ਰਾਗਨੀਆਂ ਅਨੁਸਾਰ ਲਿਖਿਆ ਗਿਆ ਹੈ ਅਤੇ ਰਾਗਾਂ ਦੇ ਨਾਂ ਛੰਦ ਪਾਠਾਂ ਦੇ ਸ਼ੁਰੂ ਵਿਚ ਦਿੱਤੇ ਗਏ ਹਨ, ਜਿਵੇਂ —

ਰਾਮਕਲੀ, ਸੋਰਠ, ਦੇਵ ਗੰਧਾਰੀ, ਪਰਜ, ਕਾਫੀ, ਸੂਹੀ, ਸਾਰੰਗ, ਕਲਿਆਨ, ਗਉਰੀ, ਧਨਾਸਰੀ, ਤਿਲੰਗ, ਕਿਦਾਰਾ, ਮਾਰੂ, ਭੈਰੋ, ਅਡਾਨ, ਬਸੰਤ ਆਦਿ ।

ਅਜਿਹੀ ਸ਼ੈਲੀ ਦੀ ਕੋਈ ਇਕ ਮਿਸਾਲ ਵੀ ਦਸਮ ਗ੍ਰੰਥ ਦੀ ਕਿਸੇ ਹੋਰ ਰਚਨਾ ਵਿਚੋਂ ਨਹੀਂ ਮਿਲਦੀ । 'ਸ਼ਬਦ-ਹਜ਼ਾਰੇ' ਪ੍ਰਸੰਗ ਦੇ ਰਾਗਾਨੁਸਾਰ ਸ਼ਬਦ ਅਸਲ ਵਿਚ 'ਪਾਰਸਨਾਥ ਅਵਤਾਰ' ਦੀ ਕਥਾ ਤੋਂ ਹੀ ਟੁਟੇ ਹੋਏ ਹਨ । ਇਨ੍ਹਾਂ ਨੂੰ ਇਸ ਰਚਨਾ ਨਾਲ ਮੇਲ ਕੇ ਯਥਾਰਥ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ ।

(ਅ) ਇਸ ਰਚਨਾ ਵਿਚ ਕਿਤੇ ਕਿਤੇ ਛੰਦਾਂ ਦੇ ਨਾਂਵਾਂ ਤੋਂ ਪਹਿਲਾਂ ਹੇਠ ਲਿਖੀਆਂ ਉਕਤੀਆਂ ਵੀ ਪ੍ਰਾਪਤ ਹੁੰਦੀਆਂ ਹਨ —

(1) ਤੇਰੇ ਜੋਰੁ ਮੈਂ ਗੁੰਗਾ ਕਹਤਾ ਹੋ । }
(2) ਤੇਰਾ ਸਦਕਾ ਤੇਰੀ ਸਰਣਿ । } [1]
(3) ਤੇਰੇ ਜੋਰ ।
(4) ਤੇਰੇ ਜੋਰ ਕਹਤ ਹੋ ।
(5) ਤੇਰੇ ਜੋਰ ਸੰਗ ਕਹਤਾ ਹੋ । } [2]

ਇਸ ਪ੍ਰਕਾਰ ਦੀਆਂ ਉਕਤੀਆਂ ਦਸਮ ਗ੍ਰੰਥ ਦੀਆਂ ਹੋਰਨਾਂ ਕ੍ਰਿਤੀਆਂ ਵਿਚ ਨਹੀਂ ਮਿਲਦੀਆਂ ।

ਇਨ੍ਹਾਂ ਦੋ ਉਦਾਹਰਣਾਂ ਤੋਂ ਇਸ ਕ੍ਰਿਤੀ (ਪਾਰਸਨਾਥ ਅਵਤਾਰ) ਦਾ ਕਵੀ ਕੋਈ ਵੱਖ ਵਿਅਕਤੀ ਸਿੱਧ ਹੁੰਦਾ ਹੈ ।

---

1. ਦਸਮ ਗ੍ਰੰਥ, ਪੰਨਾ 706
2. ਦਸਮ ਗ੍ਰੰਥ, ਪੰਨਾ 707

Digitized by Panjab Digital Library | www.panjabdigilib.org

ਇਸ ਪ੍ਰਸੰਗ ਵਿਚ ਕਈ ਧਾਰਨਾ ਤੇ ਕਾਲ-ਦੋਸ਼ ਵੀ ਹਨ, ਜਿਵੇਂ 'ਦੱਤ ਅਵਤਾਰ' ਨੇ 'ਕਾਲ-ਪੁਰਖ' ਦੇ ਨਾਂ ਦੇ ਵਾਸਤਵਿਕ ਭੇਦ ਨੂੰ ਨਾ ਸਮਝਣ ਵਾਲੇ ਜਿਨ੍ਹਾਂ ਪੈਗੰਬਰਾਂ, ਪੀਰਾਂ, ਧਾਰਮਿਕ ਆਗੂਆਂ ਆਦਿ ਦਾ ਜ਼ਿਕਰ ਕੀਤਾ ਹੈ, ਉਹ ਪ੍ਰਤੱਖ ਰੂਪ ਵਿਚ ਉਸ ਦੇ ਪਰਵਰਤੀ ਹਨ। ਇਸ ਪ੍ਰਸੰਗ ਵਿਚ ਹਜ਼ਰਤ ਮੁਹੰਮਦ ਰਸੂਲ, ਗੋਰਖਨਾਥ ਅਤੇ ਮਛਿੰਦ੍ਰ ਨਾਥ ਦੇ ਨਾਵਾਂ ਦੀ ਗਿਣਤੀ ਤਾਂ 'ਦੱਤ ਅਵਤਾਰ' ਨੇ ਕੀਤੀ ਹੀ ਹੈ, ਪਰ ਉਸ ਨੇ ਆਪਣੇ ਨਾਂ ਨੂੰ ਵੀ ਇਨ੍ਹਾਂ ਧਾਰਮਿਕ ਆਗੂਆਂ ਦੀ ਸੂਚੀ ਵਿਚ ਗਿਣ ਦਿੱਤਾ ਹੈ। ਇਹ ਗੱਲ ਬੜੀ ਹਾਸੋ-ਹੀਣੀ ਹੈ ਅਤੇ ਸੰਬੰਧਿਤ ਕਵੀ ਦੀ ਮੂੜ੍ਹ-ਬੁੱਧਤਾ ਅਤੇ ਅਸਾਵਧਾਨੀ ਵਲ ਸੰਕੇਤ ਕਰਦੀ ਹੈ—

ਕਈ ਦਤ ਸਤ ਗੋਰਖ ਦੇਵ। ਮੁਨ ਮਨ ਮਛਿੰਦ੍ਰ ਨਹੀ ਲਖਤ ਭੇਵ।
ਬਹੁ ਭਾਂਤ ਮੰਤ੍ਰ ਮਤ ਕੈ ਪ੍ਰਕਾਸ। ਬਿਨ ਏਕ ਆਸ ਸਭ ਹੀ ਨਿਰਾਸ ॥੪੬॥

(ਦਸਮ ਗ੍ਰੰਥ, ਪੰਨਾ 642).

ਅਜਿਹੀਆਂ ਤਰੁਟੀਆਂ ਇਸ ਪ੍ਰਸੰਗ ਦੇ ਕਵੀ ਨੂੰ ਕੋਈ ਵਿਸ਼ੇਸ਼ ਮਹਾਨਤਾ ਪ੍ਰਦਾਨ ਨਹੀਂ ਕਰਦੀਆਂ। ਕੁਲ ਮਿਲਾ ਕੇ ਇਹ ਸਾਰਾ ਵਿਵਰਣ ਬੇਤੁਕਾ ਅਤੇ ਸੰਬੰਧ-ਹੀਨ ਹੈ।

## ਚਰਿਤ੍ਰੋਪਾਖਿਆਨ :

26. ਇਸ ਪ੍ਰਸੰਗ ਵਿਚ ਤਿੰਨ ਕਵੀ-ਛਾਪਾਂ ਵਰਤੀਆਂ ਗਈਆਂ ਹਨ— 'ਸਿਆਮ', 'ਰਾਮ' ਅਤੇ 'ਕਾਲ'। ਅਸਲ ਵਿਚ, ਇਹ ਰਚਨਾ ਇਕ ਕਵੀ ਦੀ ਨਹੀਂ, ਅਨੇਕ ਕਵੀਆਂ ਦੀਆਂ ਰਚਨਾਵਾਂ ਦਾ ਸੰਗ੍ਰਹਿ ਹੈ। ਇਸ ਕਥਨ ਦੀ ਪੁਸ਼ਟੀ ਕੁਝ ਕੁ ਅੰਦਰਲੀਆਂ ਗਵਾਹੀਆਂ ਤੋਂ ਹੋ ਜਾਂਦੀ ਹੈ। ਵਿਸਤਾਰ ਸਹਿਤ ਵਿਵਰਣ ਇਸੇ ਪ੍ਰਸੰਗ ਵਿਚ ਅਗੇ ਦਿੱਤਾ ਜਾ ਰਿਹਾ ਹੈ।

27. ਇਸ ਕ੍ਰਿਤੀ ਦੀ ਰਚਨਾ ਸਤਲੁਜ ਨਦੀ ਦੇ ਕਿਨਾਰੇ ਉਪਰ ਸੰਮਤ 1753 ਬਿ. ਵਿਚ ਹੋਈ ਮੰਨੀ ਗਈ ਹੈ —

ਸੰਵਤ ਸਤ੍ਰਹ ਸਹਸ ਭਣਿਜੈ, ਅਰਧ ਸਹਸ ਫੁਨਿ ਤੀਨਿ ਕਹਿਜੈ।
ਭਾਦ੍ਰਵ ਸੁਦੀ ਅਸਟਮੀ ਰਵਿਵਾਰਾ, ਤੀਰ ਸਤੁਦ੍ਰਵ ਗ੍ਰੰਥ ਸੁਧਾਰਾ ॥੪੦੫॥

(ਅੰਤਿਮ ਚਰਿਤ੍ਰ)

28. ਇਨ੍ਹਾਂ ਚਰਿਤ੍ਰਾਂ ਦੀ ਕੁਲ ਸੰਖਿਆ 404 ਹੈ। ਕਿਤੇ ਕਿਤੇ ਇਹ ਸੰਖਿਆ 405 ਵੀ ਦਿੱਤੀ ਹੈ ਪਰ 404 ਸੰਖਿਆ ਹੀ ਠੀਕ ਹੈ। ਅਸਲ ਵਿਚ, ਪਹਿਲਾ ਚਰਿਤ੍ਰ 'ਚਿਤ੍ਰ ਸਿੰਘ ਨ੍ਰਿਪ' ਦੀ ਕਥਾ ਤੋਂ ਸ਼ੁਰੂ ਹੁੰਦਾ ਹੈ, ਇਸ ਤੋਂ ਪਹਿਲਾਂ ਦਾ ਵਰਣਨ ਜਿਸ ਨੂੰ ਆਮ ਕਰਕੇ ਚਰਿਤ੍ਰ-ਅੰਕ ੧ ਦਿੱਤਾ ਜਾਂਦਾ ਹੈ, ਆਪਣੇ ਆਪ ਵਿਚ ਇਕ ਸੁਤੰਤਰ ਚਰਿਤ੍ਰ ਨਹੀਂ, ਸਗੋਂ ਦੇਵੀ ਦਾ ਮੰਗਲ ਮਾਤ੍ਰ ਹੈ। 'ਚਰਿਤ੍ਰੋਪਾਖਿਆਨ' ਦੇ ਅੰਦਰਲੇ

Digitized by Panjab Digital Library | www.panjabdigilib.org

ਪ੍ਰਮਾਣਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸ਼ੁਰੂ ਵਿਚ ਇਸ ਚਰਿਤ੍ਰ ਨੂੰ ਅੰਕ ੧ ਨਹੀਂ ਸੀ ਦਿੱਤਾ ਗਿਆ। ਇਹ ਬਾਦ ਦੇ ਸੰਪਾਦਕਾਂ ਜਾਂ ਸੰਕਲਨ-ਕਰਤਿਆਂ ਦੀ ਛੇੜ-ਛਾੜ ਦਾ ਫਲ ਹੈ, ਕਿਉਂਕਿ ਕਈ ਇਕ ਥਾਵਾਂ ਤੇ ਪਾਠ ਵਿਚ ਲਿਖੀ ਚਰਿਤ੍ਰ ਸੰਖਿਆ ਪੁਸ਼ਪਿਕਾਵਾਂ ਵਿਚ ਦਿੱਤੀ ਸੰਖਿਆ ਨਾਲ ਮੇਲ ਨਹੀਂ ਖਾਂਦੀ, ਜਿਵੇਂ :—

(ੳ) ਬਹੁਰਿ ਮੰਤ੍ਰੀ ਬਰ ਰਾਇ ਸੌ ਭੇਦ ਕਹਿਯੋ ਸਮਝਾਇ।
ਸਭਾ ਬਿਖੈ ਭਾਖਤ ਭਯੋ **ਦਸਮੀ ਕਥਾ** ਬਨਾਇ ॥ ੧ ॥
(ਚਰਿਤ੍ਰ 11)

(ਅ) ਨਰ ਚਰਿਤ੍ਰ ਨ੍ਰਿਪ ਦੇ ਨਿਕਟਿ ਮੰਤ੍ਰੀ ਕਹਾ ਬਿਚਾਰਿ।
ਤਬੈ **ਕਥਾ ਛਤੀਸਿਵੀਂ** ਇਹ ਬਿਧਿ ਕਹੀ ਸੁਧਾਰਿ ॥ ੧ ॥
(ਚਰਿਤ੍ਰ 37)

ਇਨ੍ਹਾਂ ਦੋ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਕਥਾਵਾਂ ਦੇ ਪਾਠ ਵਿਚ ਚਰਿਤ੍ਰ-ਸੰਖਿਆ ਦੇ ਜੋ ਅੰਕ ਲਿਖੇ ਹਨ ਉਹ ਪੁਸ਼ਪਿਕਾਵਾਂ ਵਿਚ ਦਿੱਤੇ ਸੰਖਿਆ ਅੰਕਾਂ (ਕ੍ਰਮਵਾਰ 11 ਅਤੇ 37) ਤੋਂ ਇਕ ਇਕ ਘਟ ਹਨ। ਜੇ ਦੇਵੀ-ਉਸਤਤ ਨੂੰ ਮੂਲ ਵਿਚ ਚਰਿਤ੍ਰ ਅੰਕ ੧ ਦਿੱਤਾ ਗਿਆ ਹੁੰਦਾ, ਤਾਂ ਗਿਣਤੀ ਸੰਬੰਧੀ ਅਜਿਹੀਆਂ ਤਰੁਟੀਆਂ ਨਾ ਹੁੰਦੀਆਂ। ਪ੍ਰਾਚੀਨ ਬੀੜਾਂ ਵਿਚ ਇਨ੍ਹਾਂ ਚਰਿਤ੍ਰਾਂ ਦੀਆਂ ਪੁਸ਼ਪਿਕਾਵਾਂ ਵਿਚ ਦਿੱਤੇ ਅੰਕ ਕ੍ਰਮਵਾਰ 10 ਅਤੇ 36 ਹਨ।[1]

29. ਕਈ ਸੰਪਾਦਕਾਂ ਜਾਂ ਸੰਕਲਨ-ਕਰਤਿਆਂ ਨੇ ਪਾਠ ਵਿਚ ਦਿੱਤੀ ਸੰਖਿਆ ਨੂੰ ਬਦਲਣ ਦਾ ਯਤਨ ਵੀ ਕੀਤਾ ਹੈ, ਜਿਵੇਂ —

(ੳ) ਮੰਤ੍ਰੀ ਕਥਾ **ਸਤਾਇਸੀ ਦੁਤਿਯ ਕਹੀ** ਨ੍ਰਿਪ ਸੰਗ।
ਸੁ ਕਬਿ ਰਾਮ ਐਸੇ ਚਲੀ ਤਬ ਹੀ ਕਥਾ ਪ੍ਰਸੰਗ ॥ ੧ ॥
(ਚਰਿਤ੍ਰ 54)

ਇਸ ਦੋਹਰੇ ਵਿਚ ਦਿੱਤੇ ਤੱਥ ਅਨੁਸਾਰ ਇਸ ਚਰਿਤ੍ਰ ਦੀ ਸੰਖਿਆ 55 ਹੋਣੀ ਸੀ ਪਰ ਪੁਸ਼ਪਿਕਾ ਵਿਚ 54 ਦਿੱਤੀ ਹੈ। ਪ੍ਰਾਚੀਨ ਬੀੜਾਂ ਨਾਲ ਤੁਲਨਾ ਕਰਨ ਤੇ ਇਸ ਭੇਦ ਦਾ ਪਤਾ ਚਲਿਆ ਹੈ ਕਿ ਉਨ੍ਹਾਂ ਵਿਚ 'ਸਤਾਇਸੀ' ਦੀ ਥਾਂ ਤੇ 'ਛਤੀਸਵੀਂ' ਪਾਠ ਹੈ[2]। ਇਸ ਲਈ ਇਸ ਦੋਹਰੇ ਨੂੰ ਚਰਿਤ੍ਰ ਅੰਕ 52 (26 × 2) ਤੋਂ ਬਾਦ ਅਤੇ ਚਰਿਤ੍ਰ ਅੰਕ 53 ਦੇ ਸ਼ੁਰੂ ਵਿਚ ਆਉਣਾ ਚਾਹੀਦਾ ਸੀ। ਪਰ ਪ੍ਰਕਾਸ਼ਿਤ ਬੀੜ ਵਿਚ ਦੇਵੀ-ਉਸਤਤ ਨੂੰ ਪ੍ਰਥਮ ਅੰਕ ਦਿੱਤੇ ਜਾਣ ਦੇ ਫਲਸਰੂਪ ਵਿਚਾਰਾਧੀਨ ਦੋਹਰਾ ਚਰਿਤ੍ਰ ਅੰਕ 54 (53+1)

---

1. ਵੇਖੋ 'ੳ' ਬੀੜ, ਪਤਰਾ 850 ਅਤੇ 861
2. ਵੇਖੋ (1) 'ੳ' ਬੀੜ, ਪੰਨਾ 404 ਅਤੇ
(2) 'ਅ' ਬੀੜ, ਪੰਨਾ 287.

Digitized by Panjab Digital Library | www.panjabdigilib.org

ਦੇ ਸ਼ੁਰੂ ਵਿਚ ਆ ਗਿਆ ਹੈ ।

(ਅ) ਕਥਾ **ਸਤ੍ਰਵੀ** ਰਾਮ ਕਬਿ ਉਚਰਿ ਹਿਤ ਚਿਤ ਲਾਇ ।
**ਬਹੁਰਿ ਕਥਾ** ਬੰਧਨ ਨਿਮਿਤਿ ਮਨ ਮੈ ਹਰਖੋ ਉਪਾਇ ॥੧॥
(ਚਰਿਤ੍ਰ 18)

ਇਸ ਛੰਦ ਵਿਚ ਦਿੱਤੀ ਰੇਖਾਂਕਿਤ ਚਰਿਤ੍ਰ-ਸੰਖਿਆ ਪ੍ਰਕਾਸ਼ਿਤ ਪ੍ਰਕਰਣ ਅਨੁਸਾਰ ਠੀਕ ਬੈਠਦੀ ਹੈ, ਪਰ ਪ੍ਰਚੀਨ ਬੀੜਾ ('ਗ' ਬੀੜ, ਪਤਰਾ, 383 ਆਦਿ ਵਿਚ ਦਿਤੇ ਪਾਠ 'ਸੌਰਵੀਂ' ਹੈ ਜੋ ਪ੍ਰਸੰਗ ਅਨੁਸਾਰ ਉਚਿਤ ਹੈ, ਕਿਉਂਕਿ ਉਕਤ ਬੀੜ ਵਿਚ ਚਰਿਤ੍ਰਾਂ ਦੀ ਸੰਖਿਆ 404 ਹੈ । ਸਪੱਸ਼ਟ ਹੈ ਕਿ ਚਰਿਤ੍ਰ-ਸੰਖਿਆ 405 ਨੂੰ ਨਿਆਇ-ਸੰਗਤ ਬਣਾਉਣ ਲਈ 'ਸੌਰਵੀਂ' ਸ਼ਬਦ ਨੂੰ ਬਦਲ ਕੇ 'ਸਤ੍ਰਵੀਂ' ਕਰ ਦਿੱਤਾ ਗਿਆ ਹੈ । ਸੰਪਾਦਕਾਂ ਜਾਂ ਸੰਕਲਨ-ਕਰਤਿਆਂ ਦੀ ਅਜਿਹੀ ਹੇਰ-ਫੇਰ ਨੇ ਕਈ ਪ੍ਰਕਾਰ ਦੇ ਭੁਲੇਖੇ ਪਾਏ ਹਨ, ਜਿਨ੍ਹਾਂ ਦੇ ਆਧਾਰ ਤੇ ਗਿਆਨੀ ਹਰਨਾਮ ਸਿੰਘ 'ਬੱਲਭ' ਨੇ ਉਕਤ 'ਸਤਾਇਸੀ' ('ੳ' ਭਾਗ) ਸ਼ਬਦ ਦਾ ਅਰਥ 'ਸਤਾਸੀ' ਕੱਢ ਕੇ 'ਚਰਿਤ੍ਰੋਪਾਖਿਆਨ' ਵਿਚ ਰਲਿਆਂ ਦੀ ਕਲਪਨਾ ਕੀਤੀ ਹੈ ਅਤੇ ਇਸ ਦੀਆਂ ਚਰਿਤ੍ਰ-ਕਥਾਵਾਂ ਨੂੰ ਅਗੇ-ਪਿਛੇ ਸੰਗ੍ਰਹਿਤ ਮੰਨਿਆ ਹੈ[1] ਪਰ ਇਹ ਕਥਨ ਉਪਰੋਕਤ ਦਸੇ ਤੱਥਾਂ ਦੇ ਪ੍ਰਕਾਸ਼ ਵਿਚ ਬਿਲਕੁਲ ਨਿਰਾਧਾਰ ਹੈ । ਬਾਹਰਲੇ ਪ੍ਰਮਾਣ ਜਿਨ੍ਹਾਂ ਦਾ ਉਲੇਖ ਸੱਤਵੇਂ (ਪ੍ਰਕਾਸ਼ ਪੈਰਾ 1, ਛੰਦ 8) ਵਿਚ ਕੀਤਾ ਜਾ ਰਿਹਾ ਹੈ, 'ਚਰਿਤ੍ਰੋਪਾਖਿਆਨ' ਦੇ ਚਰਿਤ੍ਰਾਂ ਦੀ ਸੰਖਿਆ ਨੂੰ 404 ਹੀ ਸਿੱਧ ਕਰਦੇ ਹਨ । ਗਿਆਨੀ ਹੋਰਾਂ ਦੇ ਇਸ ਮਤ ਨਾਲ ਵੀ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ ਮੂਲ ਵਿਚ ਚਰਿਤ੍ਰਾਂ ਦੀ ਸੰਖਿਆ ਕੇਵਲ 303 ਸੀ[2] ਕਿਉਂਕਿ —

(ੳ) 'ਸਤਾਇਸੀ' ਤੋਂ ਮਤਲਬ ੮੭ ਨਹੀਂ ੨੭ ਹੈ, ਇਸ ਲਈ ਰਲਿਆਂ ਦੀ ਗੁੰਜਾਇਸ਼ ਨਹੀਂ ਹੈ ;

(ਅ) 303 ਚਰਿਤ੍ਰ-ਸੰਖਿਆ ਸਿੱਧ ਕਰਨ ਲਈ ਜਿਸ ਚਿੱਠੀ (ਭਾਈ ਮਨੀ ਸਿੰਘ ਵਾਲੀ) ਨੂੰ ਆਧਾਰ ਬਣਾਇਆ ਗਿਆ ਹੈ, ਉਹ ਅਸਲ ਵਿਚ ਅਪ੍ਰਮਾਣਿਕ ਹੈ ;[3]

(ੲ) 'ਚਰਿਤ੍ਰੋਪਾਖਿਆਨ' ਦੀ ਕੋਈ ਅਜਿਹੀ ਪ੍ਰਮਾਣਿਕ ਹੱਥ-ਲਿਖਤ ਪੋਥੀ ਪ੍ਰਾਪਤ ਨਹੀਂ ਹੋਈ, ਜਿਸ ਦੇ ਆਧਾਰ ਤੇ ਗਿਆਨੀ ਜੀ ਦੇ ਮਤ ਨੂੰ ਸਵੀਕਾਰ ਕੀਤਾ ਜਾ ਸਕੇ ; ਅਤੇ

(ਸ) ਸਾਰੀਆਂ ਪ੍ਰਾਚੀਨ ਬੀੜਾਂ ਵਿਚ ਇਨ੍ਹਾਂ ਚਰਿਤ੍ਰਾਂ ਦੀ ਸੰਖਿਆ 404 ਦਿੱਤੀ ਹੈ ।

---

1. ਪੰਜਾਬੀ ਦੁਨੀਆ (ਬੱਲਭ); ਜੁਲਾਈ 1960, ਪੰਨਾ 13
2. ਪੰਜਾਬੀ ਦੁਨੀਆ; ਜੁਲਾਈ 1960, ਪੰਨਾ 12
3. ਵੇਖੋ ਪ੍ਰਕਾਸ਼ 2, ਪੈਰਾ 9

Digitized by Panjab Digital Library | www.panjabdigilib.org

ਫਲਸਰੂਪ, ਗਿਆਨੀ ਜੀ ਦਾ ਮਤ ਭੁਲੇਖਾ ਪਾਉਣ ਵਾਲਾ ਅਤੇ ਮੂਲ ਤੱਥਾਂ ਦੇ ਵਿਪਰੀਤ ਹੈ।

30. ਚਰਿਤ੍ਰ ਅੰਕ 309 ਤੋਂ ਬਾਦ ਕਵੀ ਦੁਆਰਾ ਅਗਲੇ ਚਰਿਤ੍ਰ ਦਾ ਪਾਠ ਸਿਧਾ ਸ਼ੁਰੂ ਨਹੀਂ ਕੀਤਾ ਗਿਆ, ਸਗੋਂ ਅਗਲੀ ਕਥਾ ਦੀ ਪਹਿਲੋਂ ਸੂਚਨਾ ਦਿੱਤੀ ਗਈ ਹੈ, ਜਿਵੇਂ —

(1) ਪੁਨਿ ਮੰਤ੍ਰੀ ਇਹ ਭਾਂਤਿ ਉਚਾਰਾ ।
ਸੁਨਹੁ ਨ੍ਰਿਪਤਿ ਜੂ ਬਚਨ ਹਮਾਰਾ ॥ ੧ ॥ ( ਚਰਿਤ੍ਰ 310 )

(2) ਮੰਤ੍ਰੀ ਕਥਾ ਉਚਾਰੀ ਔਰੈ ।
ਰਾਜਾ ਦੇਸ ਬੰਗਲਾ ਗੌਰੈ ॥ ੧ ॥ ( ਚਰਿਤ੍ਰ 317 )

(3) ਸੁਨੋ ਨ੍ਰਿਪਤਿ ਮੈਂ ਭਾਖਤ ਕਥਾ ।
ਜਿਹ ਮਿਲਿ ਦੇਵ ਸਮੁਦ ਕਹ ਮਥਾ ॥ ੧ ॥ ( ਚਰਿਤ੍ਰ 319 )

ਚਰਿਤ੍ਰ ਅੰਕ 322, 324, 334, 347, 350, 352, 354, 355–364, 367, 370, 373, 377, 378, 380, 382, 384, 404 ਆਦਿ ਵਿਚ ਵੀ ਅਜਿਹੀ ਸੂਚਨਾ ਦੇਣ ਦੀ ਪ੍ਰਵਿਰਤੀ ਰਹੀ ਹੈ। ਇਨ੍ਹਾਂ ਸਾਰੇ ਚਰਿਤ੍ਰਾਂ ਵਿਚ ਕਿਸੇ ਵੀ ਕਵੀ ਦੀ 'ਛਾਪ' ਨਹੀਂ ਦਿੱਤੀ ਹੋਈ। ਅਜਿਹੀ ਸ਼ੈਲੀ ਵਿਚ ਲਿਖੇ ਕੁਝ ਚਰਿਤ੍ਰ 309ਵੇਂ ਚਰਿਤ੍ਰ ਤੋਂ ਪਹਿਲਾਂ (ਚਰਿਤ੍ਰ ਅੰਕ 11, 13, 14, 29, 34, 36–38, 47, 76, 152 ਆਦਿ) ਵੀ ਮਿਲਦੇ ਹਨ। ਇਨ੍ਹਾਂ 11 ਚਰਿਤ੍ਰਾਂ ਵਿਚ ਕਿਸੇ ਵੀ ਕਵੀ ਦੀ ਛਾਪ ਨਹੀਂ ਵਰਤੀ ਗਈ। ਇਸ ਤੋਂ ਛੁਟ, ਚਰਿਤ੍ਰ ਅੰਕ 17, 28 ਅਤੇ 54 ਵਿਚ ਅਜਿਹੀ ਪ੍ਰਣਾਲੀ ਦਾ ਅਨੁਕਰਣ ਪ੍ਰਕਾਰਾਂਤਰ ਦੁਆਰਾ ਮਿਲਦਾ ਹੈ ਅਤੇ ਇਹ ਸਾਰੇ ਕਵੀ 'ਰਾਮ' ਦੇ ਨਾਂ ਨਾਲ ਸੰਬੰਧਿਤ ਹਨ। ਜੇਕਰ ਸਾਰੇ ਚਰਿਤ੍ਰ ਇਕੋ ਹੀ ਕਵੀ ਦੇ ਲਿਖੇ ਹੁੰਦੇ ਤਾਂ ਸੂਚਨਾਤਮਕ ਉਕਤੀਆਂ ਵਿਚ ਵਿਰੋਧ ਨਾ ਹੁੰਦਾ ਅਤੇ ਇਨ੍ਹਾਂ ਉਕਤੀਆਂ ਦੀ 'ਚਰਿਤ੍ਰੋਪਾਖਿਆਨ' ਦੇ ਕਿਸੇ ਖ਼ਾਸ ਹਿੱਸੇ ਵਿਚ ਭਰਮਾਰ ਅਤੇ ਬਾਕੀ ਭਾਗਾਂ ਵਿਚ ਅਭਾਵ ਨਾ ਹੁੰਦਾ। ਸੰਖੇਪ ਵਿਚ, 'ਚਰਿਤ੍ਰੋਪਾਖਿਆਨ' ਕ੍ਰਿਤੀ ਇਕ ਕਵੀ ਦੀ ਰਚਨਾ ਨਹੀਂ, ਅਨੇਕ ਕਵੀਆਂ ਦੁਆਰਾ ਲਿਖੇ ਚਰਿਤ੍ਰਾਂ ਦਾ ਸੰਗ੍ਰਹਿ ਹੈ। ਇਹ ਵਖਰੀ ਗੱਲ ਹੈ ਕਿ ਸਾਰੇ ਕਵੀਆਂ ਦੇ ਲਿਖੇ ਚਰਿਤ੍ਰਾਂ ਨੂੰ ਇਕ ਇਕਾਈ ਅਤੇ ਕ੍ਰਮ ਵਿਚ ਰਖਣ ਲਈ ਕਿਸੇ ਇਕੋ ਕਵੀ ਦਾ ਹੱਥ ਰਿਹਾ ਹੋਵੇ।

31. ਰੂਪ ਕੌਰ ਵਾਲੀ ਚਰਿਤ੍ਰ-ਕਥਾ (ਚਰਿਤ੍ਰ ਅੰਕ 21, 22 ਅਤੇ 23) ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਵਿਸ਼ੇਸ਼ਟਨਾ ਉਤੇ ਨਿਰਭਰ ਮੰਨਿਆ

Digitized by Panjab Digital Library | www.panjabdigilib.org

ਗਿਆ ਹੈ[1] ਅਤੇ ਇਸ ਵਿਚ ਵਰਤੇ ਹਮ, ਹਮਾਰੇ, ਆਦਿ ਉੱਤਮ-ਪੁਰਖੀ ਪੜਨਾਵਾਂ ਦੀ ਵਰਤੋਂ ਦੇ ਆਧਾਰ ਤੇ ਇਹ ਧਾਰਣਾ ਪ੍ਰਚਲਿਤ ਹੋਈ ਹੈ ਕਿ ਸੰਪੂਰਣ 'ਚਰਿਤ੍ਰੋਪਾਖਿਆਨ' ਗੁਰੂ ਜੀ ਦੀ ਆਪਣੀ ਕ੍ਰਿਤੀ ਹੈ। ਪਰ ਅਸਲ ਵਿਚ ਨਾ ਇਹ ਘਟਨਾ ਵਾਸਤਵਿਕ ਹੈ, ਅਤੇ ਨਾ ਹੀ ਇਸ ਦੇ ਰਚਨਹਾਰ ਦਸਮ ਗੁਰੂ ਆਪ ਹਨ, ਕਿਉਂਕਿ—

(ੳ) ਹਮ, ਹਮਾਰੇ ਆਦਿ ਉਤਮ-ਪੁਰਖੀ ਪੜਨਾਵਾਂ ਦੀ ਵਰਤੋਂ ਪ੍ਰਸੰਗ ਅਨੁਸਾਰ ਸੰਵਾਦ ਸ਼ੈਲੀ ਕਰ ਕੇ ਹੋਈ ਹੈ। ਇਨ੍ਹਾਂ ਸੰਵਾਦਾਂ ਦਾ ਸੰਬੰਧ ਕਿਸੇ 'ਰਾਇ' ਨਾਲ ਹੈ।

(ਅ) ਇਸ ਕਥਾ ਦਾ ਸੰਖਿਪਤ ਰੂਪ ਚਰਿਤ੍ਰ ਅੰਕ 16 ਵਿਚ ਪਹਿਲਾਂ ਹੀ ਦਿੱਤਾ ਜਾ ਚੁਕਾ ਹੈ। ਇਨ੍ਹਾਂ ਦੋਹਾਂ ਚਰਿਤ੍ਰ-ਪ੍ਰਸੰਗਾਂ ਵਿਚ ਅੰਤਰ ਕੇਵਲ ਇਤਨਾ ਹੈ ਕਿ 16ਵੇਂ ਚਰਿਤ੍ਰ ਦੀ ਛਜਿਯਾ ਵੇਸਵਾ ਇਥੇ ਇਕ ਧਨਾਢ ਪਰਿਵਾਰ ਨਾਲ ਸੰਬੰਧਿਤ ਰੂਪ ਕੌਰ ਹੈ। ਰਾਜਾ, ਨਗਰ ਆਦਿ ਸਮਾਨ ਹੀ ਹਨ, ਇਥੋਂ ਤਕ ਕਿ ਰਾਜੇ ਦਾ ਇਨ੍ਹਾਂ ਦੋਹਾਂ ਪ੍ਰਸੰਗਾਂ ਵਿਚ ਇਸਤ੍ਰੀਆਂ ਨੂੰ ਮਿਲਣ ਦਾ ਮੰਤਵ ਅਤੇ ਪਰਸਪਰ ਵਾਰਤਾਲਾਪ ਵੀ ਸਮਾਨ ਭਾਵਨਾ ਵਾਲੇ ਹਨ। ਦੋਹਾਂ ਪ੍ਰਸੰਗਾਂ ਵਿਚ ਕਿਤੇ ਕਿਤੇ ਤਾਂ ਛੰਦਾਂ ਦੇ ਛੰਦ ਸਮਾਨ ਰੂਪ ਵਿਚ ਮਿਲ ਜਾਂਦੇ ਹਨ, ਜਿਵੇਂ—

ਚਰਿਤ੍ਰ 16 :

ਕਾਮਾਤੁਰ ਹ੍ਵੈ ਜੋ ਤਰੁਨਿ ਆਵੈ ਪਿਯ ਕੇ ਪਾਸ।
ਮਹਾ ਨਰਕ ਸੋ ਡਾਰਿਯਤ ਦੈ ਜੋ ਜਾਨ ਨਿਰਾਸ ॥ ੨੩ ॥

ਚਰਿਤ੍ਰ 21 :

ਕਾਮਾਤੁਰ ਹ੍ਵੈ ਜੋ ਤ੍ਰਿਯਾ ਆਵੈ ਪਿਯ ਕੇ ਪਾਸ।
ਮਹਾ ਨਰਕ ਸੋ ਡਾਰਿਯੈ ਦੈ ਜੋ ਜਾਨ ਨਿਰਾਸ ॥ ੧੮ ॥

ਅਸਲ ਵਿਚ, 16ਵੇਂ ਚਰਿਤ੍ਰ ਦੀ ਕਥਾ ਨੂੰ ਹੀ ਚੋਰ ਚੋਰ ਕਹਿਣ ਦੀ ਘਟਨਾ ਤੋਂ ਬਾਦ ਇਕ ਨਵਾਂ ਮੋੜ ਦੇ ਕੇ ਰੂਪ ਕੌਰ ਦਾ ਪ੍ਰਸਤੁਤ ਚਰਿਤ੍ਰ ਲਿਖਿਆ ਗਿਆ ਹੈ। ਅਜਿਹਾ ਹੋਣਾ ਇਸ ਚਰਿਤ੍ਰ ਦੇ ਕਲਪਨਾ-ਪ੍ਰਸੂਤ ਹੋਣ ਦੀ ਹਾਮੀ ਭਰਦਾ ਹੈ।

(ੲ) ਇਸ ਘਟਨਾ ਦੇ ਸੰਬੰਧ ਵਿਚ ਤਤਕਾਲੀਨ ਜਾਂ ਨਿਕਟ ਉੱਤਰ-ਵਰਤੀ ਇਤਿਹਾਸ ਮੌਨ ਹੈ।

(ਸ) ਇਸਤ੍ਰੀਆਂ ਵੱਡੇ ਤੋਂ ਵੱਡੇ ਵਿਅਕਤੀ ਨੂੰ ਕਿਨ੍ਹਾਂ ਤਰਕਾਂ, ਦਲੀਲਾਂ ਅਤੇ ਹਾਵਾਂ-ਭਾਵਾਂ ਦੁਆਰਾ ਆਪਣੀ ਇੱਛਾ-ਪੂਰਤੀ ਦੇ ਅਨੁਕੂਲ ਕਰ ਲੈਂਦੀਆਂ ਹਨ ਅਤੇ ਅਜਿਹੀਆਂ ਇਸਤ੍ਰੀਆਂ ਦੇ ਮੇਲ ਵਿਚ ਆਉਣਾ ਜਾਂ ਇਨ੍ਹਾਂ ਦੇ ਨਾਲ ਭੋਗ ਕਰਨਾ

1. ਗੁਰਮਤ ਪ੍ਰਕਾਸ਼ (ਰਾਮ ਪ੍ਰਕਾਸ਼ ਸਿੰਘ ਕ੍ਰਿਤ "ਚਾਨਣ ਮੁਨਾਰਾ"); ਫਰਵਰੀ, 1959

Digitized by Panjab Digital Library | www.panjabdigilib.org

ਧਰਮ ਲਈ ਕਿਤਨਾ ਹਾਨੀਕਾਰਕ ਹੈ—ਇਨ੍ਹਾਂ ਤੱਥਾਂ ਨੂੰ ਪ੍ਰਗਟਾਉਣ ਲਈ ਹੀ ਇਸ ਪ੍ਰਸੰਗ ਨੂੰ ਸਥਾਨਿਕ ਰੰਗ ਦੇ ਕੇ ਕੇ ਲਿਖਿਆ ਗਿਆ ਹੈ । ਇਸ ਕਥਨ ਦੀ ਕੁਝ ਸਮਾਨਤਾ 'ਢੋਲਾ-ਮਾਰੂ' ਨਾਂ ਦੇ ਰਾਜਸਥਾਨੀ ਪ੍ਰੇਮ-ਆਖਿਆਨ ਨਾਲ ਸਿੱਧ ਕੀਤੀ ਜਾ ਸਕਦੀ ਹੈ ।

(ਹ) ਉਸ ਯੁਗ ਵਿਚ ਇਕ ਧਨਵਾਨ ਇਸਤ੍ਰੀ ਦੇ ਆਨੰਦਪੁਰ ਵਿਚ ਆਉਣ ਦਾ ਉਦੇਸ਼ ਕੀ ਹੋ ਸਕਦਾ ਹੈ, ਇਹ ਅਸਪੱਸ਼ਟ ਹੀ ਰਿਹਾ ਹੈ ਅਤੇ ਉਸ ਦਾ ਨਿਰ-ਉੱਦੇਸ਼ ਰੂਪ ਵਿਚ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਫਿਰਨਾ ਕਥਾ ਦੀ ਅਵਾਸਤਵਿਕਤਾ ਨੂੰ ਬਲ ਦਿੰਦਾ ਹੈ ।

(ਕ) ਇਸ ਪ੍ਰਸੰਗ ਵਿਚ 'ਰਾਇ' ਗੁਰੂ ਜੀ ਨਹੀਂ ਹੋ ਸਕਦੇ, ਕਿਉਂਕਿ 'ਰਾਇ' ਦਾ ਮੰਤ੍ਰ-ਯੰਤ੍ਰ ਸਿਖਣ ਦਾ ਮਨੋਰਥ, ਸਿੱਖ ਮਤ ਵਿਚ ਵਰਜਿਤ ਵਸਤਾਂ ਦਾ ਰਾਇ ਨੂੰ ਭੇਂਟ ਵਿਚ ਦਿੱਤਾ ਜਾਣਾ,[1] ਸੰਵਾਦਾਂ ਦੀ ਨਿਰਸਾਰਤਾ, 'ਰਾਇ' ਦੁਆਰਾ ਕਾਰਜ ਸੰਪਨਤਾ ਲਈ ਭਗੌਤੀ ਮੰਨਾਉਣਾ[2] ਆਦਿ ਗੱਲਾਂ ਗੁਰੂ ਜੀ ਦੇ ਜੀਵਨ ਅਤੇ ਵਿਅਕਤਿਤਵ ਨਾਲ ਮੇਲ ਨਹੀਂ ਖਾਂਦੀਆਂ ।

ਇਸ ਲਈ ਇਹ ਚਰਿਤ੍ਰ ਕਾਲਪਨਿਕ ਹੈ ਅਤੇ ਗੁਰੂ ਜੀ ਦੇ ਜੀਵਨ ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ।

32. ਕਵੀ ਰਾਮ ਦੇ ਘਰ ਦਾ ਵਾਤਾਵਰਣ ਕਿਸੇ ਹਿੰਦੂ ਅਤੇ ਮੁਸਲਿਮ ਮਿਲੀ-ਜੁਲੀ ਬਸਤੀ ਵਾਲਾ ਹੈ । ਹੇਠ ਲਿਖੀਆਂ ਪੰਕਤੀਆਂ ਇਸ ਸੰਬੰਧ ਵਿਚ ਵਿਚਾਰ-ਯੋਗ ਹਨ—

ਕਥਾ ਸਤ੍ਰਵੀ ਰਾਮ ਕਬਿ ਉਚਰੀ ਹਿਤ ਚਿਤ ਲਾਇ ।
ਬਹੁਰ ਕਥਾ ਬੰਧਨ ਨਿਮਿਤਿ ਮਨ ਮੈ ਕਰਯੋ ਉਪਾਇ ॥ ੧ ॥
ਧਾਮ ਨਿਕਟ ਤਾਕੇ ਹੁਤਿ ਹੋੜ ਬਦੀ ਜਿਹ ਨਾਰਿ ।
ਤਿਨਹੂੰ ਕਰਯੋ ਚਰਿਤ੍ਰ ਇਕ ਸੋ ਤੁਮ ਸੁਨਹੁ ਸੁਧਾਰਿ ॥ ੨ ॥
ਸ੍ਰੀ ਛਲ ਛਿਦ੍ਰ ਕੁਆਰਿ ਤਿਹ ਨਾਮਾ ।
ਦੂਜੇ ਰਹਤ ਮੁਗਲ ਦੀ ਬਾਮਾ ।
ਤਿਨ ਜੁ ਕਿਯਾ ਸੁ ਚਰਿਤ੍ਰ ਸੁਨਾਊ ।
ਤਾਤੇ ਤੁਮਰੇ ਹ੍ਰਿਦੈ ਰਿਝਾਊ ॥ ੩ ॥ (ਚਰਿਤ੍ਰ ੧੮)

1. ਫੂਲ ਪਾਨ ਅਰੁ ਕੈਫ ਮੰਗਾਯੋ ।...
ਆਗੇ ਧਰਿ ਤਾ ਕੋ ਤਿਨ ਲੀਨਾ ॥...੧੧॥ (ਦਸਮ ਗ੍ਰੰਥ, ਪੰਨਾ 838)
ਅਰਥ : ਕੈਫ=ਸ਼ਰਾਬ, ਫੂਲ=ਹੁੱਕਾ, ਤੰਬਾਕੂ ।
2. ਚਲਯੋ ਧਾਰਿ ਅਤੀਤ ਕੋ ਭੇਸ ਰਾਈ ।
ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ ॥ ੧੦ ॥ (ਪੰਨਾਂ 838)

Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਆਨੰਦਪੁਰ ਦੇ ਵਾਸੀ ਸਨ। ਆਨੰਦਪੁਰ ਹਿੰਦੂ-ਮੁਸਲਮਾਨਾਂ ਦੀ ਮਿਲੀ-ਜੁਲੀ ਆਬਾਦੀ ਵਾਲੀ ਬਸਤੀ ਨਹੀਂ ਸੀ। ਸਗੋਂ ਰਾਸ਼ਟਰੀ ਜਾਗ੍ਰਿਤੀ ਲਈ ਤਿਆਰ ਕੀਤੇ ਜਾ ਰਹੇ ਸੂਰਮਿਆਂ ਦੀ ਛਾਵਣੀ ਸੀ। ਉਥੇ ਦੁਰਾਚਾਰੀਆਂ ਅਤੇ ਭਗੌੜਿਆਂ ਨੂੰ ਬਹੁਤ ਕਠੋਰ ਦੰਡ ਦਿੱਤਾ ਜਾਂਦਾ ਸੀ।[1] ਆਚਰਣ-ਹੀਨ ਅਤੇ ਪਰ-ਪੁਰਸ਼ ਗਾਮਿਨੀ ਇਸਤ੍ਰੀਆਂ ਲਈ ਉਥੇ ਕੋਈ ਥਾਂ ਨਹੀਂ ਸੀ। ਇਸ ਚਰਿਤ੍ਰ ਵਿਚ ਦਿੱਤੇ ਵਿਵਰਣ ਦਾ ਮੇਲ ਦਸਮ ਗੁਰੂ ਦੇ ਜੀਵਨ, ਵਿਅਕਤਿਤਵ ਅਤੇ ਆਲੇ-ਦੁਆਲੇ ਨਾਲ ਸਿੱਧ ਨਹੀਂ ਹੁੰਦਾ। ਫਲਸਰੂਪ, ਇਹ ਸਾਰਾ ਪ੍ਰਸੰਗ ਰਾਮ ਕਵੀ ਦੇ ਜੀਵਨ ਅਤੇ ਵਾਤਾਵਰਣ ਨਾਲ ਸੰਬੰਧਿਤ ਹੈ।

33. ਚਰਿਤ੍ਰ ਅੰਕ 4 ਦਾ ਕਵੀ ਵੀ ਅਜਿਹੇ ਇਲਾਕੇ ਜਾਂ ਨਗਰ ਦਾ ਹੈ ਜਿਥੋਂ ਦੇ ਰਹਿਣ ਵਾਲੇ ਮਹਾਂਨੰਦ ਦੀ ਪਤਨੀ ਨਾਲ ਹਿੰਦੂ ਅਤੇ ਮੁਸਲਮਾਨ ਦੋਵੇਂ ਰਤੀ ਮਾਣਦੇ ਸਨ (ਛੰਦ 2) ਅਤੇ ਕਵੀ ਦੇ ਘਰ ਅਜਿਹੇ ਆਚਰਣ-ਹੀਨ ਵਿਅਕਤੀ ਸਦਾ ਪਏ ਰਹਿੰਦੇ ਸਨ (ਛੰਦ 8)। ਅਜਿਹੇ ਵਾਤਾਵਰਣ ਅਤੇ ਸੰਬੰਧਾਂ ਵਾਲਾ ਕਵੀ ਆਨੰਦਪੁਰ ਦੇ ਵਾਸੀ ਦਸਮ ਗੁਰੂ ਤੋਂ ਕੋਈ ਵਖਰਾ ਵਿਅਕਤੀ ਹੀ ਪ੍ਰਤੀਤ ਹੁੰਦਾ ਹੈ।

34. ਚਰਿਤ੍ਰ ਅੰਕ 95 ਦਾ ਕਵੀ ਅਤੇ ਉਸ ਦੇ ਨਗਰ ਦਾ 'ਰਾਇ' ਦੋਵੇਂ ਵੱਖ ਵੱਖ ਵਿਅਕਤੀ ਹਨ। 'ਬਿੰਦੋ' ਨਾਂ ਦੀ ਜਾਟ-ਪੁੱਤਰੀ ਕਵੀ ਦੇ ਨਗਰ ਵਿਚ ਭਿਖਿਆ ਮੰਗਣ ਲਈ ਆਉਂਦੀ ਹੈ[2] ਅਤੇ ਉਸ ਦੇ ਟੂਣਾ ਕਰਨ ਤੇ ਨੌਕਰਾਣੀ ਨੂੰ ਦੰਡ 'ਰਾਇ' ਦੁਆਰਾ ਦਿੱਤਾ ਜਾਂਦਾ ਹੈ।[3] ਸਪੱਸ਼ਟ ਹੈ ਕਿ ਜਿਸ ਨਗਰ ਵਿਚ ਕਵੀ ਰਹਿੰਦਾ ਹੈ ਉਥੋਂ ਦਾ ਰਾਜਾ ਇਕ 'ਰਾਇ' ਹੈ। ਜੇ "ਮਾਂਗਤ ਭੀਖ ਹਮਾਰੇ ਆਈ" ਤੋਂ ਬਿੰਦੋ ਦਾ ਆਨੰਦਪੁਰ ਨਗਰ ਵਿਚ ਆਉਣਾ ਮੰਨ ਲਈਏ ਅਤੇ ਕਵੀ ਨੂੰ ਦਸਮ ਗੁਰੂ ਸਮਝ ਲਈਏ ਤਾਂ ਉਸ ਵੇਲੇ ਆਨੰਦਪੁਰ ਵਿਚ ਕਿਸੇ ਹੋਰ ਵਿਅਕਤੀ ਦਾ ਰਾਜਾ ਹੋਣਾ ਸਿੱਧ ਹੁੰਦਾ ਹੈ, ਪਰ ਇਹ ਇਤਿਹਾਸ ਦੇ ਬਿਲਕੁਲ ਉਲਟ ਹੈ। ਫਲਸਰੂਪ, ਕਵੀ ਆਨੰਦਪੁਰ ਵਾਸੀ ਦਸਮ ਗੁਰੂ ਨਾ ਹੋ ਕੇ ਕਿਸੇ ਹੋਰ ਨਗਰ ਦੇ ਰਹਿਣ ਵਾਲਾ ਹੈ ਜਿਥੇ ਕੋਈ ਨਿੱਕਾ-ਵੱਡਾ ਰਾਜਾ ਰਾਜ ਦੀ

1. ਟਾਂਗ ਟਾਂਗ ਕਰਿ ਹਨੇ ਨਿਦਾਨਾ।
   ਕੂਕਰ ਜ਼ਿਮਿ ਤਿਨ ਤਜੇ ਪ੍ਰਾਨਾ।੩੮। (ਦਸਮ ਗ੍ਰੰਥ, ਪੰਨਾ 62)
2. ਦੁਹਿਤਾ ਏਕ ਜਾਟ ਉਪਜਾਈ।
   ਮਾਂਗਤ ਭੀਖਿ ਹਮਾਰੇ ਆਇ ॥... ੧ ॥
3. ਸੋ ਚੇਰੀ ਨ੍ਰਿਪ ਪਕਰਿ ਮੰਗਾਈ।
   ਕੁਰਰਨ ਮਾਰਿ ਅਧਿਕ ਤਿਹ ਮਾਰੀ ।...
   ਬਿਖੁ ਕੋ ਖਾਨਾ ਤਾਂਹਿ ਖਵਾਯੋ।
   ਵਾਹਿ ਮ੍ਰਿਤੁ ਕੇ ਧਾਮ ਪਠਾਯੋ ॥੭॥

Digitized by Panjab Digital Library | www.panjabdigilib.org

ਕਰਦਾ ਹੈ। ਚਰਿਤ੍ਰ ਅੰਕ 71 ਵਿਚ ਵਰਣਿਤ ਪ੍ਰਸੰਗ ਅਤੇ ਕੰਮ ਵੀ ਦਸਮ ਗੁਰੂ ਦੇ ਜੀਵਨ ਅਤੇ ਵਿਅਕਤਿਤਵ ਨਾਲ ਮੇਲ ਨਹੀਂ ਖਾਂਦੇ। ਇਸ ਕਹਾਣੀ ਵਿਚ ਸਥਾਨਿਕ ਰੰਗ ਕੇਵਲ ਅਸਲੀਅਤ ਦਾ ਪ੍ਰਭਾਵ ਪਾਉਣ ਲਈ ਦਿੱਤਾ ਗਿਆ ਪ੍ਰਤੀਤ ਹੁੰਦਾ ਹੈ।

35. ਚਰਿਤ੍ਰ ਅੰਕ 49 ਦਾ ਕਵੀ ਆਨੰਦਪੁਰ ਦੇ ਰਹਿਣ ਵਾਲਾ ਹੈ। ਇਸ ਚਰਿਤ੍ਰ ਦੀ ਨਾਇਕਾ ਵੇਸਵਾ ਰੁਚੀਆਂ ਵਾਲੀ ਨੰਦਮਤੀ ਨਾਇਣ ਦੇ ਪਤੀ ਦਾ ਕਵੀ ਦੇ ਘਰ ਪਿਆ ਰਹਿਣਾ ਲਿਖਿਆ ਹੈ[1]। ਜੇ ਇਸ ਕਥਾ ਦੀ ਘਟਨਾ ਨੂੰ ਇੰਨ ਬਿੰਨ ਸਚ ਮੰਨ ਲਈਏ ਅਤੇ ਕਵੀ ਨੂੰ ਦਸਮ ਗੁਰੂ ਸਮਝ ਲਈਏ, ਤਾਂ ਪ੍ਰਸ਼ਨ ਉਠੇਗਾ ਕਿ ਕੀ ਨਾਵੇਂ ਗੁਰੂ ਦੁਆਰਾ ਸੰਮਤ 1723 ਬਿ. ਵਿਚ ਵਸਾਏ ਗਏ ਆਨੰਦਪੁਰ ਵਿਚ 20/25 ਸਾਲਾਂ ਦੇ ਅੰਦਰ ਹੀ ਅਜਿਹੀਆਂ ਇਸਤ੍ਰੀਆਂ ਰਹਿਣ ਲਗ ਗਈਆਂ ਸਨ? ਕੀ ਮੂਰਖ, ਨਿਸਤੇਜ ਅਤੇ ਬੇਸੂਰਤ ਵਿਅਕਤੀ ਕਰਮਯੋਗੀ ਅਤੇ ਯੁੱਧਵੀਰ ਗੁਰੂ ਗੋਬਿੰਦ ਸਿੰਘ ਦੇ ਘਰ ਪਏ ਰਹਿੰਦੇ ਸਨ? ਦਸਵੇਂ ਗੁਰੂ ਨੂੰ ਅਜਿਹੀਆਂ ਕਾਮ-ਵਾਸਨਾ ਅਤੇ ਭੋਗ ਵਿਲਾਸ ਵਾਲੀਆਂ ਗੱਲਾਂ ਦੀ ਵਿਸਤਾਰ ਸਹਿਤ ਪੂਰੀ ਪੂਰੀ ਜਾਣਕਾਰੀ ਕਿਵੇਂ ਪ੍ਰਾਪਤ ਹੁੰਦੀ ਸੀ? ਕੀ ਦਸਵੇਂ ਗੁਰੂ ਦਾ ਪ੍ਰਬੰਧ ਅਜਿਹਾ ਬੋਦਾ ਸੀ ਕਿ ਉਨ੍ਹਾਂ ਦੀ ਅੱਖ ਹੇਠਾਂ ਆਨੰਦਪੁਰ ਵਿਚ ਅਜਿਹੇ ਭ੍ਰਿਸ਼ਟਾਚਾਰ ਹੁੰਦੇ ਰਹਿੰਦੇ ਸਨ ਅਤੇ ਕੀ ਉਸ ਨੰਦਮਤੀ ਦੇ ਘਰ ਭੋਗ-ਵਿਲਾਸ ਲਈ ਜਾਣ ਵਾਲੇ ਗੁਰੂ ਜੀ ਦੇ ਸਿੱਖ ਜਾਂ ਗੁਰੂ ਜੀ ਪ੍ਰਤਿ ਸ਼ਰਧਾ ਰਖਣ ਵਾਲੇ ਲੋਕ ਸਨ, ਜਿਵੇਂ—

ਤਾਕੇ ਧਾਮ ਬਹੁਤ ਜਨ ਆਵੈਂ।

ਨਿਸਦਿਨ ਤਾਸੋ ਭੋਗ ਕਮਾਵੈਂ ॥੨॥ (ਦਸਮ ਗ੍ਰੰਥ, ਪੰਨਾ 872)

ਅਸਲ ਵਿਚ, ਇਹ ਸਾਰੀਆਂ ਗੱਲਾਂ ਇਤਿਹਾਸ ਅਨੁਕੂਲ ਨਹੀਂ ਹਨ, ਆਨੰਦਪੁਰ ਨਾ ਇਤਨੀ ਪੁਰਾਣੀ ਬਸਤੀ ਸੀ ਕਿ ਨੀਚ ਆਚਰਣ ਵਾਲੇ ਕੁਕਰਮੀ ਲੋਕ ਉਥੇ ਜਾ ਵਸੇ ਸਨ, ਨਾ ਕੇਸ਼ਧਾਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਨਾਈ ਦਾ ਕੋਈ ਸੰਬੰਧ ਹੋ ਸਕਦਾ ਸੀ, ਨਾ ਨਿਸਤੇਜ ਅਤੇ ਮੂਰਖ ਲੋਕਾਂ ਨੂੰ ਗੁਰੂ ਜੀ ਦੇ ਪਾਸ ਕੋਈ ਮਾਨਤਾ ਪ੍ਰਾਪਤ ਸੀ, ਨਾ ਦਸਵੇਂ ਗੁਰੂ ਕੋਲ ਇਤਨਾ ਸਮਾਂ ਸੀ ਕਿ ਅਜਿਹੀਆਂ ਘਟੀਆ ਗੱਲਾਂ ਦੀ ਵਾਕਫ਼ੀ ਆਪ ਜਾਂ ਆਪਣੇ ਗੁਪਤ-ਚਰਾਂ ਦੁਆਰਾ ਪ੍ਰਾਪਤ ਕਰਕੇ ਉਨ੍ਹਾਂ ਦੇ ਆਧਾਰ ਤੇ ਚਰਿਤ੍ਰਾਂ ਦੀ ਰਚਨਾ ਕਰਦੇ ਰਹਿੰਦੇ ਅਤੇ ਨਾ ਹੀ ਗੁਰੂ ਜੀ ਦੁਆਰਾ ਆਨੰਦਪੁਰ ਵਿਚ ਵਸਾਏ ਲੋਕ ਖੁਲਮ-ਖੁਲਾ ਵੇਸਵਾ-ਗਮਨ ਵਿਚ ਜੁਟੇ ਹੋਏ ਸਨ। ਇਹ ਚਰਿਤ੍ਰ

---

1. ਸੋ ਸੁਤ ਪੜ੍ਹਾ ਹਮਾਰੇ ਰਹਈ।
ਤਾਕੋ ਕਛੂ ਨ ਮੁਖ ਤੈ ਕਹਈ ॥੨॥
(ਦਸਮ ਗ੍ਰੰਥ, ਪੰਨਾ 872)

Digitized by Panjab Digital Library | www.panjabdigilib.org

ਗੁਰੂ ਜੀ ਦੇ ਕਿਸੇ ਦਰਬਾਰੀ ਕਵੀ ਦੀ ਕਲਪਨਾ ਦਾ ਹੀ ਫਲ ਹੋ ਸਕਦਾ ਹੈ। 'ਹਮਾਰੇ ਗਾਂਵ' ਵਾਲਾ ਪ੍ਰਸੰਗ (ਚਰਿਤ੍ਰ ਅੰਕ 13) ਵੀ ਇਨ੍ਹਾਂ ਹੀ ਲੀਹਾਂ ਉੱਤੇ ਉਸਾਰਿਆ ਪ੍ਰਤੀਤ ਹੁੰਦਾ ਹੈ।

36. 'ਚਰਿਤ੍ਰੋਪਾਖਿਆਨ' ਅਤੇ 'ਚੌਬੀਸ ਅਵਤਾਰ' ਇਕ ਕਵੀ ਦੀ ਰਚਨਾ ਇਸ ਲਈ ਵੀ ਨਹੀਂ, ਕਿਉਂਕਿ ਜੇ ਅਜਿਹਾ ਹੁੰਦਾ ਤਾਂ 'ਚਰਿਤ੍ਰੋਪਾਖਿਆਨ' ਵਿਚ ਆਏ 'ਇੰਦੁਮਤੀ-ਰਾਵਣ' ਵਾਲੇ ਚਰਿਤ੍ਰ (ਅੰਕ 125) ਦਾ ਉਲੇਖ 'ਰਾਮਾਵਤਾਰ' ਦੇ ਪ੍ਰਸੰਗ ਵਿਚ ਅਵੱਸ਼ ਹੁੰਦਾ। 'ਰਾਮਾਵਤਾਰ' ਵਿਚ ਰਾਵਣ ਰਾਮ ਨਾਲ ਯੁੱਧ ਕਰਕੇ ਮਰਦਾ ਹੈ, ਪਰ ਚਰਿਤ੍ਰ ਅੰਕ 125 ਦਾ ਰਾਵਣ ਇੰਦੁਮਤੀ ਵੇਸਵਾ ਦੇ ਛਲ ਦੁਆਰਾ। ਇਵੇਂ ਹੀ ਚਰਿਤ੍ਰ ਅੰਕ 319 (ਬ੍ਰਹਮਾ-ਰਾਜਮਤੀ) ਦੀ ਘਟਨਾ 'ਚੌਬੀਸ ਅਵਤਾਰ' ਦੇ ਖੀਰ-ਸਮੁੰਦ੍ਰ ਵਾਲੇ ਪ੍ਰਸੰਗ ਤੋਂ ਬਿਲਕੁਲ ਵਿਲੱਖਣ ਹੈ।

37. ਚਰਿਤ੍ਰ ਅੰਕ 320 ਦੇ ਛੰਦ ਅੰਕ 3 ਤੋਂ 9 ਤਕ ਕ੍ਰਿਸ਼ਨ ਦੇ ਸਾਰਿਆਂ ਯੁੱਧਾਂ ਦਾ ਜ਼ਿਕਰ ਕੀਤਾ ਗਿਆ ਹੈ, ਪਰ 'ਕ੍ਰਿਸ਼ਨਾਵਤਾਰ' ਵਿਚ ਆਏ 'ਯੁੱਧ-ਪ੍ਰਬੰਧ' ਵਿਚ ਖੜਗ ਸਿੰਘ, ਧਨ ਸਿੰਘ ਆਦਿ ਜਿਨ੍ਹਾਂ ਯੋਧਿਆਂ ਨਾਲ ਕ੍ਰਿਸ਼ਨ ਦਾ ਯੁੱਧ ਹੋਇਆ ਹੈ, ਉਨ੍ਹਾਂ ਦਾ ਉਲੇਖ ਨਹੀਂ ਕੀਤਾ ਗਿਆ। ਜੇ ਦੋਹਾਂ ਕ੍ਰਿਤੀਆਂ ਦਾ ਕਵੀ ਇਕੋ ਹੀ ਵਿਅਕਤੀ ਹੁੰਦਾ ਤਾਂ ਉਹ ਇਸ ਮਹੱਤਵਪੂਰਣ ਤੱਥ ਦੀ ਕਦੇ ਵੀ ਉਪੇਖਿਆ ਨਾ ਕਰਦਾ। ਇਸ ਤੋਂ ਛੁਟ, ਇਸ ਚਰਿਤ੍ਰ-ਕਥਾ (ਕ੍ਰਿਸ਼ਨ-ਰੁਕਮਣੀ) ਦਾ 'ਕ੍ਰਿਸ਼ਨਾਵਤਾਰ' ਵਿਚ ਆਈ ਅਜਿਹੀ ਹੀ ਕਥਾ (ਛੰਦ 1971-2007) ਨਾਲ ਕਈਆਂ ਗੱਲਾਂ ਕਰਕੇ, ਖ਼ਾਸ ਕਰ ਯੁੱਧ ਅਤੇ ਵਰ-ਯਾਚਨਾ ਵਾਲੀਆਂ ਘਟਨਾਵਾਂ ਵਿਚ, ਸਮਾਨਤਾ ਨਹੀਂ ਹੈ। ਇਨ੍ਹਾਂ ਅਸਮਾਨਤਾਵਾਂ ਕਰਕੇ ਦੋਹਾਂ ਪ੍ਰਸੰਗਾਂ ਦੀ ਕਵੀਗਤ ਵਿਭਿੰਨਤਾ ਸਪੱਸ਼ਟ ਹੋ ਜਾਂਦੀ ਹੈ।

38. ਚਰਿਤ੍ਰ ਅੰਕ 203 (ਨਰਕਾਸੁਰ-ਰਾਣੀ-ਕ੍ਰਿਸ਼ਨ) ਦੀ ਕਥਾ ਅਤੇ 'ਕ੍ਰਿਸ਼ਨਾਵਤਾਰ' ਵਿਚ ਆਈ ਅਜਿਹੀ ਕਥਾ (ਛੰਦ 2116—2145) ਦੀ ਆਪਸ ਵਿਚ ਸਮਾਨਤਾ ਨਹੀਂ ਹੈ। ਇਸ ਚਰਿਤ੍ਰ ਵਿਚ ਅਸੁਰ ਦਾ ਨਾਂ ਨਰਕਾਸੁਰ ਹੈ ਅਤੇ 'ਕ੍ਰਿਸ਼ਨਾਵਤਾਰ' ਵਿਚ ਭੌਮਾਸੁਰ। ਦੋਹਾਂ ਪ੍ਰਸੰਗਾਂ ਦਾ ਯੁੱਧ-ਵਰਣਨ ਵੀ ਵੱਖ ਵੱਖ ਰੀਤੀਆਂ ਵਿਚ ਹੋਇਆ ਹੈ। ਵਿਚਾਰਾਧੀਨ ਚਰਿਤ੍ਰ ਵਿਚ ਕੋਈ 'ਕਵੀ-ਛਾਪ' ਨਹੀਂ ਵਰਤੀ ਗਈ ਪਰ 'ਕ੍ਰਿਸ਼ਨਾਵਤਾਰ' ਵਿਚ 'ਸਿਆਮ' ਕਵੀ-ਛਾਪ ਵਰਤੀ ਗਈ ਹੈ। ਚਰਿਤ੍ਰ ਅੰਕ 122 (ਊਸ਼ਾ-ਅਨਿਰੁੱਧ) ਦੀਆਂ ਪ੍ਰਧਾਨ ਘਟਨਾਵਾਂ ਦੀ ਸਮਾਨਤਾ 'ਕ੍ਰਿਸ਼ਨਾਵਤਾਰ' ਵਿਚ ਆਏ ਇਸੇ ਪ੍ਰਸੰਗ (ਛੰਦ 2184—2242) ਨਾਲ ਚਾਹੇ ਹੋਵੇ, ਪਰ ਦੋਹਾਂ ਦੀ ਸ਼ੈਲੀ ਅਤੇ ਵਰਣਨ-ਢੰਗ ਵੱਖ ਵੱਖ ਹਨ। 'ਕ੍ਰਿਸ਼ਨਾਵਤਾਰ' ਦੇ ਇਸ ਪ੍ਰਸੰਗ ਵਿਚ ਜਿਥੇ 'ਸਿਆਮ' ਕਵੀ-ਛਾਪ ਕਈ ਵਾਰ ਵਰਤੀ ਗਈ ਹੈ, ਉਥੇ ਇਸ ਚਰਿਤ੍ਰ ਵਿਚ ਕੋਈ ਵੀ ਕਵੀ-ਛਾਪ

Digitized by Panjab Digital Library | www.panjabdigilib.org

ਨਹੀਂ ਵਰਤੀ ਗਈ। ਇਨ੍ਹਾਂ ਪ੍ਰਮਾਣਾਂ ਤੋਂ ਪ੍ਰਤੀਤ ਹੁੰਦਾ ਹੈ ਕਿ 'ਚਰਿਤ੍ਰੋਪਾਖਿਆਨ' ਦੇ ਇਨ੍ਹਾਂ ਦੋਹਾਂ ਚਰਿਤ੍ਰਾਂ ਦਾ ਕਵੀ ਅਤੇ 'ਕ੍ਰਿਸ਼ਨਾਵਤਾਰ' ਦਾ ਕਵੀ ਇਕ ਵਿਅਕਤੀ ਨਹੀਂ ਹਨ।

39. 'ਕਾਲ' ਕਵੀ ਰਚਿਤ ਚਰਿਤ੍ਰ ਅੰਕ 217, ਜਿਸ ਦਾ ਸੰਬੰਧ ਸਿਕੰਦਰ ਨਾਲ ਹੈ, ਇਤਿਹਾਸਿਕ ਭੁਲੇਖਿਆਂ ਨਾਲ ਭਰਿਆ ਪਿਆ ਹੈ। ਜਿਨ੍ਹਾਂ ਇਲਾਕਿਆਂ ਵਲ ਸਿਕੰਦਰ ਕਦੇ ਗਿਆ ਵੀ ਨਹੀਂ ਸੀ, ਉਨ੍ਹਾਂ ਦਾ ਵਿਵਰਣ ਇਸ ਪ੍ਰਸੰਗ ਵਿਚ ਦਿੱਤਾ ਗਿਆ ਹੈ, ਜਿਵੇਂ—ਚੀਨ, ਮਚੀਨ, ਤਿੱਬਤ, ਰੂਸ, ਨਿਪਾਲ ਆਦਿ। ਇਸ ਲਈ 'ਕਾਲ' ਕਵੀ ਕੋਈ ਚੰਗਾ ਪੜ੍ਹਿਆ ਗੁੜ੍ਹਿਆ ਵਿਅਕਤੀ ਪ੍ਰਤੀਤ ਨਹੀਂ ਹੁੰਦਾ, ਕਿਉਂਕਿ ਉਸਨੂੰ ਪ੍ਰਧਾਨ ਇਤਿਹਾਸਿਕ ਪ੍ਰਸੰਗਾਂ ਬਾਰੇ ਬੜੀ ਥੋਥੀ ਵਾਕਫ਼ੀ ਹੈ।

40. 'ਸਚੀ-ਜੁਜਾਤੀ' (ਸ਼ਚੀ-ਯਯਾਤੀ) ਵਾਲੇ ਚਰਿਤ੍ਰ ਅੰਕ 117 ਦੇ ਕਵੀ ਦਾ ਪੌਰਾਣਿਕ ਗਿਆਨ ਬਹੁਤ ਭ੍ਰਾਂਤੀਪੂਰਣ ਹੈ। ਉਹ ਸੁਣੀਆ ਸੁਣਾਈਆਂ ਗੱਲਾਂ ਨੂੰ ਆਪਣੀ ਰੁਚੀ ਅਨੁਸਾਰ ਜੋੜਦਾ ਹੈ, ਪਰ ਵਰਣਿਤ ਵਿਸ਼ੇ ਦਾ ਧਿਆਨ ਨਹੀਂ ਰਖਦਾ। ਇਸ ਚਰਿਤ੍ਰ ਵਿਚ ਕਵੀ ਨੇ ਨਹੁਸ਼-ਸਚੀ ਵਾਲੇ ਪੌਰਾਣਿਕ ਆਖਿਆਨ ਨੂੰ ਰਾਜਾ ਯਯਾਤੀ ਨਾਲ ਜੋੜਿਆ ਹੈ। ਯਯਾਤੀ ਅਸਲ ਵਿਚ ਨਹੁਸ ਦਾ ਪੁੱਤਰ ਸੀ। ਇਸ ਪੌਰਾਣਿਕ ਘਟਨਾ ਦਾ ਵਰਣਨ ਵਿਚਾਰਾਧੀਨ ਚਰਿਤ੍ਰ-ਪ੍ਰਸੰਗ ਵਿਚ ਹੋਇਆ ਹੈ, ਉਹ ਬਿਲਕੁਲ ਨਹੁਸ਼ ਨਾਲ ਸੰਬੰਧਿਤ ਹੈ। ਯਯਾਤੀ ਰਾਜੇ ਦਾ ਸੰਬੰਧ ਤਾਂ ਵ੍ਰਿਸ਼ਪਰਵਾ ਅਸੁਰ ਦੀ ਪੁੱਤਰੀ ਦੇਵਯਾਨੀ ਨਾਲ ਸੀ, ਇੰਦ੍ਰਾਣੀ ਜਾਂ ਸ਼ਚੀ ਨਾਲ ਨਹੀਂ।[1] ਊਧੋ ਦੀ ਪਗੜੀ ਮਾਧੋ ਅਤੇ ਮਾਧੋ ਦੀ ਪਗੜੀ ਊਧੋ ਦੇ ਸਿਰ ਤੇ ਪਾਉਣ ਵਾਲਾ ਕਵੀ ਸਾਧਾਰਣ ਪੱਧਰ ਦਾ ਹੀ ਹੋ ਸਕਦਾ ਹੈ, ਪਾਰਦਰਸ਼ੀ ਦਸਮ ਗੁਰੂ ਨਹੀਂ।

41. ਅੰਤਲੇ 'ਮਹਾ-ਕਾਲ' ਜਾਂ 'ਮਹਾ-ਕਾਲਿਕਾ' ਵਾਲੇ ਚਰਿਤ੍ਰ ਦੀ 'ਸਤਿਜੁਗੀ' ਕਥਾ ਨਾਲ ਮੁਸਲਮਾਨਾਂ ਦਾ ਸੰਬੰਧ ਜੋੜਨਾ ਵੀ ਕਵੀ ਨੂੰ ਮਹਾਨਤਾ ਪ੍ਰਧਾਨ ਨਹੀਂ ਕਰਦਾ। ਇਸ ਚਰਿਤ੍ਰ ਦੀ 'ਬੇਨਤੀ-ਚੌਪਈ' (ਛੰਦ 377—401) ਦਾ ਸੰਬੰਧ ਪ੍ਰਸੰਗ ਅਨੁਸਾਰ 'ਮਹਾਕਾਲ' ਦੀ ਉਸਤਤ ਨਾਲ ਹੈ, ਨਾ ਕਿ ਇਹ ਕੋਈ ਸੁਤੰਤਰ ਰਚਨਾ ਹੈ, ਕਿਉਂਕਿ ਇਸ ਤੋਂ ਬਾਦ ਵੀ 'ਚਰਿਤ੍ਰੋਪਾਖਿਆਨ' ਦਾ ਪ੍ਰਸੰਗ ਚਲਦਾ ਹੈ। ਇਸ ਤੋਂ ਭਿੰਨ ਅਰਥ ਕਰਣਾ ਅਤੇ ਇਸ ਬੇਨਤੀ ਨੂੰ 'ਪ੍ਰਭੂ' ਪ੍ਰਤਿ ਬੇਨਤੀ ਸਮਝਣਾ ਵਿਅਰਥ ਚੇਸ਼ਟਾ ਹੈ। ਇਸ ਚਰਿਤ੍ਰ ਦੇ ਕਵੀ ਦੀ ਭਾਵਨਾ ਨੂੰ ਮਹਾਕਾਲ ਅਤੇ ਕਾਲਿਕਾ ਦੀ ਭਗਤੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

42. 'ਚਰਿਤ੍ਰੋਪਾਖਿਆਨ' ਵਿਚ ਨਾਰੀ ਜਾਤੀ ਦਾ ਬਹੁਤ ਘਟੀਆ ਢੰਗ ਨਾਲ

---

1. ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ (ਜੱਗੀ), ਪੰਨਾ 137-38

Digitized by Panjab Digital Library | www.panjabdigilib.org

ਸਰੂਪ-ਚਿਤ੍ਰਣ ਹੋਇਆ ਹੈ ਜੋ 'ਆਦਿ ਗ੍ਰੰਥ' ਅਤੇ ਨਿਰਗੁਣੀ ਸਿੱਖ ਗੁਰੂਆਂ ਦੀ ਭਾਵਨਾ[1] ਤੋਂ ਬਿਲਕੁਲ ਉਲਟ ਹੈ। ਇਨ੍ਹਾਂ ਚਰਿਤ੍ਰਾਂ ਵਿਚ ਕਾਮ-ਭੋਗ ਸੰਬੰਧੀ ਆਸਨਾਂ, ਮਨੁਖੀ ਗੁਪਤ-ਅੰਗਾਂ ਅਤੇ ਨਸ਼ੀਲੀਆਂ ਵਸਤਾਂ ਦੇ ਸੇਵਨ ਦਾ ਵਰਣਨ ਨਿਰਸੰਕੋਚ ਭਾਵ ਨਾਲ ਕੀਤਾ ਗਿਆ ਹੈ। ਇਨ੍ਹਾਂ ਚਰਿਤ੍ਰਾਂ ਉੱਤੇ ਤਾਂਤ੍ਰਿਕ ਮਤ ਅਤੇ ਵਾਮ-ਮਾਰਗ ਦੀਆਂ ਪ੍ਰਵਿਰਤੀਆਂ ਦਾ ਪ੍ਰਭਾਵ ਪ੍ਰਤੀਤ ਹੁੰਦਾ ਹੈ।

43. 'ਚਰਿਤ੍ਰੋਪਾਖਿਆਨ' ਦੇ ਕਵੀ ਦਰਦਾਰੀ ਕਵੀ ਪ੍ਰਤੀਤ ਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਪੇਸ਼ਾ ਕਵਿਤਾ ਸੁਣਾ ਕੇ ਦੂਸਰਿਆਂ ਨੂੰ ਪ੍ਰਸੰਨ ਕਰਨਾ ਹੈ —

(ੳ) ਤੁਮ ਕੋ ਤਾਕੀ ਕਥਾ ਸੁਨਾਊਂ।
ਤਾਤੇ ਤੁਮਰੋ ਹ੍ਰਿਦੈ ਸਿਰਾਊਂ ॥੧੦॥ (ਚਰਿਤ੍ਰ 98)

(ਅ) ਉਤੈ ਜੁੱਧ ਜੋ ਭਯੋ ਸੁਨਾਊਂ।
ਤਾਤੇ ਤੁਮਰੋ ਹ੍ਰਿਦੈ ਸਿਰਾਊਂ ॥੨੫॥ (ਚਰਿਤ੍ਰ 120)

(ੲ) ਤਿਨ ਜੁ ਕਿਯਾ ਸੁ ਚਰਿਤ੍ਰ ਸੁਨਾਊਂ।
ਤਾਤੇ ਤੁਮਰੋ ਹ੍ਰਿਦੈ ਰਿਝਾਊਂ ॥੩॥ (ਚਰਿਤ੍ਰ 18)

ਇਸ ਤੋਂ ਛੁਟ, ਹੇਠ ਲਿਖੇ ਛੰਦ ਵਿਚ ਪ੍ਰਗਟ ਕੀਤੀ ਗਈ ਭਾਵਨਾ ਦੀ ਆਸ ਵੀ ਆਸ਼ਰਾਦਾਤੇ ਅਤੇ ਧਾਰਮਿਕ ਨੇਤਾ ਤੋਂ ਨਹੀਂ ਕੀਤੀ ਜਾ ਸਕਦੀ, ਇਹ ਵੀ ਕਿਸੇ ਦਰਬਾਰੀ ਕਵੀ ਦੀ ਭਾਵਨਾ ਹੋ ਸਕਦੀ :

ਘਟਿ ਕਵਿਤਾ ਲਖਿ ਕੈ ਕਬਹਿ ਹਾਸ ਨ ਕਰਿਯਹੁ ਕੋਇ ॥ ੩੫ ॥ (ਚਰਿਤ੍ਰ ੧)

44. **ਵਾਰ ਦੁਰਗਾ ਦੀ** (ਚੰਡੀ ਦੀ ਵਾਰ) :

ਇਹ ਵਾਰ ਸੰਗਰੂਰ ਵਾਲੀ ਬੀੜ ਵਿਚ ਦਰਜ ਨਹੀਂ ਹੈ। ਆਮ ਧਾਰਨਾ ਪ੍ਰਚਲਿਤ ਹੈ ਕਿ ਜੇ ਇਹ ਰਚਨਾ ਦਸਮ-ਗੁਰੂ ਦੀ ਨਾ ਹੁੰਦੀ ਤਾਂ ਨੌਵੇਂ ਗੁਰੂ ਤੋਂ ਬਾਦ ਦਸਵੇਂ ਗੁਰੂ ਦਾ ਨਾਂ ਅਵੱਸ਼ ਆਉਂਦਾ, ਪਰ ਦਸਮ ਗੁਰੂ ਪ੍ਰਤਿ ਕਵੀ ਨੇ ਸ਼ੁਰੂ ਵਿਚ ਹੀ 'ਪਾਤਿਸ਼ਾਹੀ ੧੦' ਸ਼ਬਦ ਲਿਖ ਕੇ ਆਪਣੀ ਸ਼ਰਧਾਜਲੀ ਅਰਪਣ ਕਰ ਦਿੱਤੀ ਹੈ।

---

1 ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।
(ਆਦਿ ਗ੍ਰੰਥ, ਆਸਾ ਦੀ ਵਾਰ, ਪੰਨਾ 473)

Digitized by Panjab Digital Library | www.panjabdigilib.org

ਇਥੇ 'ਪਾਤਿਸ਼ਾਹੀ ੧੦' ਉਕਤੀ ਕਰਤ੍ਰਿਤਵ ਦੀ ਸੂਚਕ ਨਹੀਂ, ਸੰਪਾਦਕਾਂ ਅਤੇ ਸੰਕਲਨ-ਕਰਤਿਆਂ ਦੀ ਦਸਮ ਗੁਰੂ ਪ੍ਰਤਿ ਸ਼ਰਧਾ ਦੀ ਲਖਾਇਕ ਹੈ। ਇਸ ਸੰਬੰਧ ਵਿਚ ਦੂਜੇ ਪ੍ਰਕਾਸ਼ (ਪੰਨਾ 11) ਅਤੇ ਪਰਿਸ਼ਿਸ਼ਟ 5 ਵਿਚ ਵਿਸਤਾਰ ਸਹਿਤ ਚਰਚਾ ਹੋ ਚੁਕੀ ਹੈ। ਇਸ ਰਚਨਾ ਦਾ ਮੰਗਲ 'ਸ੍ਰੀ ਭਗਾਉਤੀ ਜੀ ਸਹਾਇ' ਅਤੇ ਮਾਹਾਤਮ ਵੀ ਦਸਮ ਗੁਰੂ ਦੀ ਇਸ਼ਟ-ਭਾਵਨਾ ਨਾਲ ਮੇਲ ਨਹੀਂ ਖਾਂਦਾ। ਫਲਸਰੂਪ, ਇਹ ਦਸਮ ਗੁਰੂ ਦੀ ਪ੍ਰਮਾਣਿਕ ਰਚਨਾ ਸਿੱਧ ਨਹੀਂ ਹੁੰਦੀ।

## (2) ਦੂਜੀਆਂ ਰਚਨਾਵਾਂ

45. ਜਾਪੁ ਸਾਹਿਬ, ਸਵੈਯੇ 33, ਜ਼ਫ਼ਰਨਾਮਾ (ਹਕਾਇਤਾਂ ਤੋਂ ਬਿਨਾ) ਵਿਚੋਂ ਕੋਈ ਅਜਿਹਾ ਅੰਦਰਲਾ ਪ੍ਰਮਾਣ ਨਹੀਂ ਮਿਲਦਾ, ਜੋ ਇਨ੍ਹਾਂ ਦੇ ਕਰਤ੍ਰਿਤਵ ਦਾ ਸੰਬੰਧ ਦਸਮ ਗੁਰੂ ਤੋਂ ਭਿੰਨ ਕਿਸੇ ਹੋਰ ਕਵੀ ਨਾਲ ਸਿੱਧ ਕਰ ਸਕੇ। ਹਕਾਇਤਾਂ ਦਾ ਵਿਸ਼ਾ-ਵਸਤੂ ਅਵੱਸ਼ ਸ਼ੰਕਾ ਉਤਪੰਨ ਕਰਨ ਵਾਲਾ ਹੈ। 'ਗਿਆਨ ਪ੍ਰਬੋਧ' ਇਕ ਅਪੂਰਣ ਰਚਨਾ ਹੈ, ਇਸ ਦੇ ਕਰਤ੍ਰਿਤਵ ਬਾਰੇ ਕੋਈ ਅੰਦਰਲਾ ਪ੍ਰਮਾਣ ਉਪਲਬਧ ਨਹੀਂ ਹੈ। 'ਸਸਤ੍ਰ ਨਾਮ-ਮਾਲਾ' ਵਿਚੋਂ ਵੀ ਕੋਈ ਅੰਦਰਲੀ ਗਵਾਹੀ ਨਹੀਂ ਮਿਲਦੀ, ਪਰ ਇਸ ਦਾ 'ਸ੍ਰੀ ਭਗਉਤੀ ਉਸਤਤਿ' ਵਾਲਾ ਪਹਿਲਾ ਅਧਿਆਇ ਇਸ ਰਚਨਾ ਦੇ ਕਰਤ੍ਰਿਤਵ ਦਾ ਸੰਬੰਧ ਦਸਮ ਗੁਰੂ ਨਾਲ ਨਹੀਂ ਜੋੜਦਾ। 'ਸ਼ਬਦ ਹਜ਼ਾਰੇ' ਜਾਂ 'ਬਿਸਨ ਪਦੇ' ਕੋਈ ਸੁਤੰਤਰ ਰਚਨਾ ਨਹੀਂ, ਇਹ ਬਾਕੀ ਕ੍ਰਿਤੀਆਂ ਤੋਂ ਟੁਟੇ ਹੋਏ ਛੰਦ ਹਨ, ਇਨ੍ਹਾਂ ਵਰਗੀ ਭਾਵਨਾ ਅਤੇ ਰਾਗਾਨੁਸਾਰੀ ਸ਼ੈਲੀ ਦੇ ਅਨੇਕ ਪਦ 'ਪਾਰਸਨਾਥ ਅਵਤਾਰ' ਪ੍ਰਸੰਗ ਵਿਚ ਮਿਲ ਜਾਂਦੇ ਹਨ। ਇਸ ਲਈ ਇਸ ਨਾਂ ਦੀ ਬਾਣੀ ਦਾ ਕਰਤ੍ਰਿਤਵ ਅਤੇ ਸਰੂਪ ਸੰਦਿਗਧ ਹੈ।

46. 'ਅਕਾਲ ਉਸਤਤਿ' ਦੀ ਰਚਨਾ, ਜਿਵੇਂ ਇਸ ਦੇ ਭਾਵ, ਵਿਸ਼ੇ ਅਤੇ ਛੰਦ-ਸ਼ੈਲੀ ਦੀ ਵਿਭਿੰਨਤਾ ਤੋਂ ਪਤਾ ਚਲਦਾ ਹੈ, ਇਕ ਸਮੇਂ ਨਹੀਂ ਹੋਈ ਸੀ। ਛੰਦਾਂ ਦੇ ਦੋਹਰੇ ਆਂਕੜਿਆਂ (ਇਕ ਅੰਕ ਆਦਿ ਤੋਂ ਅੰਤ ਤਕ ਚਲਦਾ ਹੈ ਅਤੇ ਦੂਜਾ ਹਰ ਭਾਗ ਤੇ ਬਦਲਦਾ ਹੈ) ਤੋਂ ਵੀ ਇਸ ਦੀ ਪੁਸ਼ਟੀ ਹੁੰਦੀ ਹੈ। ਅਸਲ ਵਿਚ, ਭਿੰਨ ਭਿੰਨ ਸਮੇਂ ਤੇ ਲਿਖੇ ਗਏ ਕਾਵਿ-ਅੰਸ਼ਾਂ ਨੂੰ ਬਾਦ ਵਿਚ ਇਕ ਥਾਂ ਇਕੱਠਾ ਕਰ ਦਿੱਤਾ ਗਿਆ ਹੈ। ਸੰਕਲਨ-ਕਰਤਾ ਨੇ ਪੋਥੀ ਲਿਖਣ ਤੋਂ ਪਹਿਲਾਂ ਉਸ ਦਾ ਆਰੰਭ 'ਖ਼ਾਸ ਦਸਖ਼ਤ' ਵਿਚ ਕਰਵਾ ਕੇ ਫਿਰ ਅਗੋਂ ਸਾਰੀ ਪੋਥੀ ਆਪ ਲਿਖੀ ਹੈ—

"ਉਤਾਰ ਖਾਸੇ ਦਸਖਤ ਕਾ ॥ ਪਾਤਿਸ਼ਾਹੀ ੧੦ ॥

ਅਕਾਲ ਪੁਰਖ ਕੀ ਰਛਾ ਹਮਨੈ। ਸਰਬ ਲੋਹ ਦੀ ਰਛਿਆ ਹਮਨੈ।

ਸਰਬ ਕਾਲ ਜੀ ਦੀ ਰਛਿਆ ਹਮਨੈ। ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ।

ਆਗੈ ਲਿਖਾਰੀ ਕੇ ਦਸਖਤ ॥"

Digitized by Panjab Digital Library | www.panjabdigilib.org

'ਦਸਖ਼ਤ ਖ਼ਾਸ' ਵਿਚ ਕਿਸ ਨੇ ਲਿਖਿਆ, ਇਸ ਬਾਰੇ ਹੁਣ ਕੁਝ ਨਹੀਂ ਕਿਹਾ ਜਾ ਸਕਦਾ, ਪਰ 'ਦਸਖਤ ਖ਼ਾਸ' ਵਿਚ ਉਪਲਬਧ ਸਾਮਗ੍ਰੀ ਦਾ ਵਾਸਤਵਿਕ ਵਿਸ਼ਲੇਸ਼ਣ ਪੰਜਵੇਂ ਪ੍ਰਕਾਸ਼ ਵਿਚ ਵਿਸਤਾਰ ਸਹਿਤ ਕਰਾਇਆ ਜਾ ਚੁਕਾ ਹੈ।

47. 'ਅਕਾਲ ਉਸਤਤ' 271½ ਛੰਦਾਂ ਦੀ ਅਪੂਰਣ ਰਚਨਾ ਹੈ। ਇਸ ਦਾ ਵਰਤਮਾਨ ਨਾਂ ਇਸ ਦੇ ਰਚਨਾ-ਕਾਲ ਵੇਲੇ ਨਹੀਂ ਦਿੱਤਾ ਗਿਆ ਸੀ। ਇਸ ਦੇ ਆਰੰਭ ਵਿਚ "ਅਕਾਲ ਪੁਰਖ ਦੀ ਰਛਾ ਹਮਨੈ" ਦਾ ਆਦਿ-ਪਦ 'ਅਕਾਲ' ਅਤੇ ਅੰਤਿਮ "ਉਸਤਤਿ ਸੰਪੂਰਨੰ" ਦਾ ਆਦਿ-ਪਦ 'ਉਸਤਤਿ' ਨੂੰ ਗ੍ਰਹਿਣ ਕਰਕੇ ਉਪਕ੍ਰਮ ਅਤੇ ਉਪਸੰਹਾਰ ਦੀ ਰੀਤੀ ਨਾਲ ਇਸ ਦਾ ਨਾਂ ਦਸਮ ਗ੍ਰੰਥ ਦੀਆਂ ਬੀੜਾਂ ਦੇ ਸੰਪਾਦਕਾਂ ਨੇ 'ਅਕਾਲ ਉਸਤਤਿ' ਰਖ ਦਿੱਤਾ ਹੈ। ਇਸ ਵਿਚ ਛੰਦ 211 ਤੋਂ 230 ਤਕ 'ਦੇਵੀ ਉਸਤਤਿ' ਨਾਲ ਸੰਬੰਧਿਤ 20 ਦੀਰਘ ਤ੍ਰਿਭੰਗੀ ਛੰਦ ਦਰਜ ਹਨ। ਇਨ੍ਹਾਂ ਦਾ ਬਾਕੀ ਦੀ ਬਾਣੀ ਨਾਲ ਇਕਦਮ ਮੇਲ ਨਹੀਂ ਹੈ ਅਤੇ ਇਹ ਪੰਡਿਤ ਰਾਮ ਕ੍ਰਿਸ਼ਨ ਦੁਆਰਾ 30 ਛੰਦਾਂ ਵਿਚ ਰਚੇ 'ਭਗਵਤੀ ਪਦਯ ਪੁਸ਼ਪਾਂਜਲਿ ਸਤੋਤ੍ਰ' ਦਾ ਸੁਤੰਤਰ ਅਨੁਵਾਦ ਹੈ। ਛੰਦ 201 ਤੋਂ 210 ਤਕ ਜੋ ਪ੍ਰਸ਼ਨ ਆਤਮਾ ਵਲੋਂ ਬੁੱਧੀ ਨੂੰ ਕਰਵਾਏ ਗਏ ਹਨ, ਉਨ੍ਹਾਂ ਬਾਰੇ ਭਿੰਨ ਭਿੰਨ ਮਤ ਪ੍ਰਚਲਿਤ ਹਨ। ਕੁਝ ਸੰਪ੍ਰਦਾਈ ਵਿਦਵਾਨ ਸ਼ਾਬਦਿਕ ਖਿਲਵਾੜ ਨਾਲ ਇਨ੍ਹਾਂ ਦੋਹਰਿਆਂ ਵਿਚੋਂ ਹੀ ਪ੍ਰਸ਼ਨਾਂ ਦੇ ਉੱਤਰ ਲਭਦੇ ਹਨ ਅਤੇ ਕੁਝ ਇਸ ਸੰਪੂਰਣ ਭਾਗ ਨੂੰ ਇਥੇ ਗਲਤੀ ਨਾਲ ਸੰਕਲਿਤ ਮੰਨਦੇ ਹੋਇਆਂ ਇਨ੍ਹਾਂ ਦਾ ਸਥਾਨ ਦਸਮ ਗ੍ਰੰਥ ਦੀ ਇਕ ਹੋਰ ਰਚਨਾ 'ਗਿਆਨ ਪ੍ਰਬੋਧ' ਦੇ ਛੰਦ ਅੰਕ 126 ਤੋਂ ਪਹਿਲਾਂ ਮੰਨਦੇ ਹਨ, ਕਿਉਂਕਿ ਉਸ ਤੋਂ ਬਾਦ ਉਥੇ ਇਨ੍ਹਾਂ ਦੇ ਉੱਤਰ ਦਿੱਤੇ ਲਗਦੇ ਹਨ। ਫਲਸਰੂਪ, ਇਸ ਰਚਨਾ ਦੇ ਵਰਤਮਾਨ ਸਰੂਪ ਦੀ ਪ੍ਰਮਾਣਿਕਤਾ ਬਾਰੇ ਮਤ-ਭੇਦ ਹੈ ਅਤੇ ਇਸ ਬਾਣੀ ਵਿਚ ਰਲਿਆਂ ਦੀ ਸ਼ੰਕਾ ਦਾ ਖੰਡਨ ਨਹੀਂ ਕੀਤਾ ਜਾ ਸਕਦਾ। ਪਰ ਇਸ ਦਾ ਅਧਿਕਾਂਸ਼ ਭਾਗ ਦਸਵੇਂ ਗੁਰੂ ਦਾ ਆਪਣਾ ਲਿਖਿਆ ਹੋਇਆ ਹੈ।

48. ਸਾਰਾਂਸ਼ ਇਹ ਕਿ ਇਨ੍ਹਾਂ ਸਾਰੇ ਅੰਦਰਲੇ ਪ੍ਰਮਾਣਾਂ ਦੇ ਆਧਾਰ ਤੇ ਇਹ ਸਪੱਸ਼ਟ ਹੈ ਕਿ ਦਸਮ ਗ੍ਰੰਥ ਦੀਆਂ ਪੌਰਾਣਿਕ ਕ੍ਰਿਤੀਆਂ ਕਾਵਿਗਤ ਅਤੇ ਕਾਲ-ਗਤ ਦੋਸ਼ਾਂ ਨਾਲ ਭਰਪੂਰ ਹਨ। ਇਨ੍ਹਾਂ ਵਿਚ ਸੰਪਾਦਕਾਂ ਦੁਆਰਾ ਅਨੇਕ ਹੇਰ-ਫੇਰ ਹੋਏ ਹਨ। ਹਮ, ਹਮਾਰੇ ਆਦਿ ਉੱਤਮ-ਪੁਰਖੀ ਪੜਨਾਂਵਾਂ ਨਾਟਕੀ ਸ਼ੈਲੀ ਕਰਕੇ ਆਏ ਹਨ। ਇਨ੍ਹਾਂ ਕ੍ਰਿਤੀਆਂ ਦੇ ਕਵੀ ਇਕ ਨਹੀਂ ਅਨੇਕ ਹਨ, ਜਿਨ੍ਹਾਂ ਦਾ ਗਿਆਨ ਸੀਮਿਤ ਅਤੇ ਤ੍ਰੁਟੀ-ਪੂਰਣ ਹੈ। ਇਨ੍ਹਾਂ ਦੀ ਭਾਵਨਾ ਸਿੱਖ ਪਰੰਪਰਾ ਨਾਲ ਮੇਲ ਨਹੀਂ ਖਾਂਦੀ। ਇਹ ਸਾਰੇ ਕਵੀ ਆਪਣੀਆਂ ਦਰਬਾਰੀ ਪ੍ਰਵਿਰਤੀਆਂ ਸਪੱਸ਼ਟ ਰੂਪ ਵਿਚ ਪ੍ਰਗਟ ਕਰਦੇ ਹਨ ਅਤੇ ਆਪਣੇ ਆਸਰਾਦਾਤੇ ਪ੍ਰਤਿ ਸ਼ਰਧਾਵਾਨ ਹਨ। ਕਵਿਤਾ ਕਰਕੇ ਰਾਜਿਆਂ, ਸਰਦਾਰਾਂ ਆਦਿ ਨੂੰ ਪ੍ਰਸੰਨ ਕਰਨਾ ਅਤੇ ਬਦਲੇ ਵਿਚ ਧਨ ਪ੍ਰਾਪਤ ਕਰਨਾ ਇਨ੍ਹਾਂ ਦਾ ਵਿਵਸਾਯ

Digitized by Panjab Digital Library | www.panjabdigilib.org

(ਪੇਸ਼ਾ) ਹੈ। ਇਹ ਆਪਣੀ ਕਵਿਤਾ ਦੀ ਭੁਲ ਸੁਧਾਰ ਦਾ ਅਧਿਕਾਰ ਹੋਰਨਾਂ ਕਵੀਆਂ ਨੂੰ ਦਿੰਦੇ ਹਨ ਅਤੇ ਇਨ੍ਹਾਂ ਨੂੰ ਆਪਣੇ ਕਾਵਿ ਦੋਸ਼ਾਂ ਕਰਕੇ ਨਿੰਦਿਆ ਦੀ ਵੀ ਸ਼ੰਕਾ ਰਹਿੰਦੀ ਹੈ ਅਤੇ ਅਜਿਹਾ ਨਾ ਕਰਨ ਲਈ ਸਰੋਤਿਆਂ ਅਗੇ ਸਦਾ ਪ੍ਰਾਰਥਨਾਸ਼ੀਲ ਹਨ। ਇਨ੍ਹਾਂ ਕ੍ਰਿਤੀਆਂ ਦਾ ਕਰਤ੍ਰਿਤਵ ਦਸਮ ਗੁਰੂ ਦਾ ਸਿੱਧ ਨਹੀਂ ਹੁੰਦਾ।

ਜਿਥੋਂ ਤਕ ਦੂਜੀਆਂ ਰਚਨਾਵਾਂ ਦਾ ਸੰਬੰਧ ਹੈ, ਉਨ੍ਹਾਂ ਵਿਚੋਂ ਜਾਪੁ ਸਾਹਿਬ, ਸਵੈਯੇ ੩੩ ਅਤੇ ਜ਼ਫਰਨਾਮਾ (ਹਕਾਇਤਾਂ ਤੋਂ ਬਿਨਾ) ਦਾ ਕਰਤ੍ਰਿਤਵ ਦਸਮ ਗੁਰੂ ਦਾ ਨਿਸਚਿਤ ਹੈ। 'ਅਕਾਲ ਉਸਤਤਿ' ਵਿਚੋਂ ਵੀ ਜ਼ਿਆਦਾ ਅੰਸ਼ ਗੁਰੂ ਰਚਿਤ ਪ੍ਰਤੀਤ ਹੁੰਦਾ ਹੈ। 'ਗਿਆਨ ਪ੍ਰਬੋਧ', ਸ਼ਬਦ ਹਜ਼ਾਰੇ, ਹਕਾਇਤਾਂ, ਸ਼ਸਤ੍ਰ ਨਾਮ-ਮਾਲਾ ਆਦਿ ਦਸਮ ਗੁਰੂ ਦੀਆਂ ਅਸੰਦਿਗਧ ਰਚਨਾਵਾਂ ਸਿੱਧ ਨਹੀਂ ਹੁੰਦੀਆਂ।

Digitized by Panjab Digital Library | www.panjabdigilib.org

# ਬਾਹਰਲੇ ਪ੍ਰਮਾਣ

ਇਸ ਪ੍ਰਕਾਸ਼ ਵਿਚ ਕੁਝਕੁ ਨਵੀਨ ਬਾਹਰਲੇ ਪ੍ਰਮਾਣ ਪੇਸ਼ ਕੀਤੇ ਹਨ, ਜਿਨ੍ਹਾਂ ਨਾਲ 'ਦਸਮ ਗ੍ਰੰਥ' ਦੇ ਕਰਤ੍ਰਿਤਵ ਬਾਰੇ ਨਵੇਂ ਤੱਥ ਸਾਹਮਣੇ ਆਉਂਦੇ ਹਨ—

**'ਮਹਿਮਾ ਪ੍ਰਕਾਸ਼' ਦਾ ਪ੍ਰਮਾਣ :**

1. ਸਰੂਪ ਦਾਸ ਭੱਲਾ ਕ੍ਰਿਤ 'ਮਹਿਮਾ ਪ੍ਰਕਾਸ਼' ਵਿਚ ਆਈ ਇਕ ਸਾਖੀ 'ਦਸਮ ਗ੍ਰੰਥ' ਦੇ ਕਰਤ੍ਰਿਤਵ ਦੇ ਸੰਬੰਧ ਵਿਚ ਕਾਫ਼ੀ ਪ੍ਰਕਾਸ਼ ਪਾਉਂਦੀ ਹੈ। ਇਸ ਗ੍ਰੰਥ ਦੀ ਰਚਨਾ 1833 ਬਿ. ਵਿਚ ਹੋਈ ਸੀ[1] ਅਤੇ ਇਸ ਦਾ ਲੇਖਕ ਗੁਰੂ-ਵੰਸ਼ ਨਾਲ ਸੰਬੰਧਿਤ ਹੈ। ਪਾਠਕਾਂ ਦੀ ਜਾਣਕਾਰੀ ਲਈ ਇਹ ਪੂਰੀ ਸਾਖੀ ਹੇਠਾਂ ਦਿੱਤੀ ਹੈ—

"ਆਗੇ ਸਾਖੀ ਸਤਿਗੁਰ ਜੀ ਨੇ ਬੇਦ ਬਿਦਿਆ ਪ੍ਰਕਾਸ਼ ਕਰਣ ਕੀ ਅਤੇ ਬਚਿਤ੍ਰ **ਨਾਟਕ ਕੀ ਬਾਨੀ ਕੀ ਸੰਗਿਆ** ਕੀ ਨਿਰੂਪਨ ਹੋਇ ਗੀ।

ਦੋਹਰਾ : ਬੇਦ ਬਿਦਿਆ ਪ੍ਰਕਾਸ ਕੋ ਸੰਕਲਪ ਧਰਿਓ ਮਨ ਦਿਆਲ।
ਪੰਡਤ ਪੁਰਾਨ ਇਕਤ੍ਰ ਕਰ ਭਾਖਾ ਰਚੀ ਬਿਸਾਲ ॥੧॥

ਚੌਪਈ : ਆਗਿ ਕੀਨੀ ਸਤਗੁਰੁ ਦਿਆਲ।
ਬਿਦਆਵਾਨ ਪੰਡਤ ਲੇਹੁ ਭਾਲ।
ਜੋ ਜਿਸ ਬਿਦਿਆ ਗਿਆਤਾ ਹੋਈ।
ਵਹੀ ਪੁਰਾਨ ਸੰਗ ਲਿਆਵੇ ਸੋਈ ॥੨॥
ਦੇਸ ਦੇਸ ਕੋ ਸਿਖ ਚਲਾਏ।
ਪੰਡਤ ਪੁਰਾਨ ਸੰਗਤਿ ਲਿਆਏ।
ਬਾਨਾਰਸ ਆਦ ਜੋ ਬਿਦਿਆ ਠੌਰ।
ਪੰਡਤ ਸਭ ਬਿਦਿਆ ਸਿਰ ਮੌਰ ॥੩॥

---

1. ਦਸ ਅਸਟ ਸਹਸ ਸੰਮਤ ਵਿਕ੍ਰਮ, ਅਵਰ ਅਧਿਕ ਤੇਤੀਸ।
ਸਰੂਪ ਦਾਸ ਸਤਗੁਰ ਕਰੀ ਮਹਿਮਾ ਪ੍ਰਕਾਸ ਬਖਸ਼ੀਸ।
(ਮਹਾਨ ਕੋਸ਼, ਪੰਨਾ 2803)

Digitized by Panjab Digital Library | www.panjabdigilib.org

ਸਤਗੁਰੂ ਕੇ ਆਇ ਇਕਤ੍ਰ ਸਭ ਭਏ ।
ਬਹੁ ਆਦਰ ਸਤਗੁਰੁ ਜੋ ਦਏ ।
ਮਿਰਜਾਦਾ ਬਾਧੰ ਖਰਚ ਕੋ ਦਇਆ ।
ਖੇਦ ਬਿਭੇਦ ਕਾਹੂ ਨਹੀਂ ਭਇਆ ॥੪॥
ਗੁਰਮੁਖੀ ਲਿਖਾਰੀ ਨਿਕਟ ਬੁਲਾਏ ।
ਤਾਕੋ ਸਭ ਬਿਧ ਦਈ ਬੁਝਾਏ ।
ਕਰ ਭਾਖਾ ਲਿਖੋ ਗੁਰਮੁਖੀ ਭਾਈ ।
ਮੁਨਿ ਮੋਕੋ ਦੇਹੁ ਕਥਾ ਸੁਨਾਈ ॥੫॥

ਦੋਹਰਾ : ਨਨੂਆ ਬੈਰਾਗੀ ਸਿਆਮ ਕਬ ਬ੍ਰਹਮ ਭਾਟ ਜੋ ਆਹਾ ।
ਭਈ ਨਿਹਚਲ ਫ਼ਕੀਰ ਗੁਰ ਬਡੇ ਗੁਨਮ ਗੁਨ ਤਾਹਾ ॥੬॥

ਅਵਰ ਕੇਤਕ ਤਿਨ ਨਾਮ ਨ ਜਾਨੋ ।
ਲਿਖੇ ਸਗਲ ਪੁਨਿ ਕਰੇ ਬਖਾਨੋ ।
ਚਾਰ ਬੇਦ ਦਸ ਅਸਟ ਪੁਰਾਨਾ ।
ਛੈ ਸਾਸਤ੍ਰ ਸਿਮ੍ਰਤ ਆਨਾ ॥੭॥
ਚੌਬੀਸ ਅਵਤਾਰ ਕੋ ਭਾਖਾ ਕੀਨਾ ।
ਚਾਰ ਸੌ ਚਾਰ ਚਲਿਤ੍ਰ ਨਵੀਨਾ ।
ਭਾਖਾ ਬਨਾਈ ਪ੍ਰਭ ਸ੍ਰਵਨ ਕਰਾਈ ।
ਭਏ ਪਰਸਨ ਸਤਗੁਰ ਮਨ ਭਾਈ ॥੮॥
ਸਭ ਸਹੰਸਕ੍ਰਿਤ ਭਾਖਾ ਕਰੀ ।
ਬਿਦਿਆ ਸਾਗਰ ਗ੍ਰਿੰਥ ਪਰ ਚੜੀ ।
ਬਿਦਿਆ ਸਾਗਰ ਭਏ ਤਿਆਰ ।
ਕਛ ਸੋਭਾ ਅੰਤ ਨਾ ਪਾਰਾਵਾਰ ॥੯॥
ਸਤਿਗੁਰ ਸ੍ਰੀ ਮੁਖ ਕਹਿਓ ਬਿਖਾਨਾ ।
ਮੈਂ ਭਾਖਾ ਰਚੀ ਪੜੇ ਸੁਗਮ ਸੁਜਾਨਾ ।
ਪੜਤੇ ਸਹੰਸਕ੍ਰਿਤ ਮਨ ਉਕਤਾਈ ।
ਭਾਖਾ ਪੜਤੇ ਚਿਤ ਲਗਾਈ ॥੧੦॥

ਦੋਹਰਾ : ਭਾਖਾ ਰਚੀ ਦਿਆਲ ਗੁਰ ਸਭ ਮਨ ਭਏ ਅਨੰਦ ।
ਦੁਰਗਮ ਸੁਗਮ ਭਏ ਸਕਲ ਪੜ ਸਿਖ ਨ ਹੋਇ ਭੰਗ ॥੧੧॥

ਤੋਮਰ ਛੰਦ : ਲੀਏ ਬਿਪ੍ਰ ਸਗਲ ਬੁਲਾਈ ।
ਦਈ ਦਛਨਾ ਪ੍ਰੇਮ ਬੜਾਈ ।

Digitized by Panjab Digital Library | www.panjabdigilib.org

ਸਭ ਲੇਤ ਭਏ ਪ੍ਰਸੰਨਾ।
ਦੀਏ ਬਸਨ ਭੂਖਨ ਧੰਨਾ ॥ ੧੨ ॥
ਧੰਨੁ ਲੇਤ ਭਏ ਪ੍ਰਸੰਨੁ।
ਕਹੈ ਧੰਨ ਸਤਗੁਰ ਧੰਨੁ।
ਹੋਇ ਬਿਦਾ ਨਿਜ ਘਰ ਕੋ ਗਏ।
ਆਨੰਦ ਸਭਿ ਬਿਧ ਭਏ ॥ ੧੩ ॥

(ਮਹਿਮਾ ਪ੍ਰਕਾਸ, ਪੱਤਰ 411-12)

2. ਇਸ ਸਾਖੀ ਤੋਂ ਹੇਠ ਲਿਖੇ ਤੱਥ ਪ੍ਰਗਟ ਹੁੰਦੇ ਹਨ—

(1) ਗੁਰੂ ਗੋਬਿੰਦ ਸਿੰਘ ਜੀ ਨੇ ਬਨਾਰਸ (ਕਾਸ਼ੀ) ਆਦਿ ਪ੍ਰਮੁਖ ਵਿਦਿਆ ਧਾਮਾਂ ਤੋਂ ਵੱਖ ਵੱਖ ਪੁਰਾਣਾਂ ਅਤੇ ਵਿਦਿਆਵਾਂ ਦੇ ਪੰਡਿਤਾਂ ਨੂੰ ਇੱਕਠਾ ਕਰਵਾਇਆ (ਛੰਦ1-4);

(2) ਪੰਡਿਤਾਂ ਨਾਲ ਗੁਰਮੁਖੀ ਲਿਖਾਰੀ ਲਗਾਏ (ਛੰਦ 5);

(3) ਨਨੂਆ ਬਿਰਾਗੀ, **ਸ਼ਿਆਮ ਕਵੀ**, ਬ੍ਰਹਮ ਭਾਟ, ਨਿਸਚਲ ਫਕੀਰ ਆਦਿ ਅਨੇਕਾਂ ਵਿਅਕਤੀਆਂ ਨੇ ਵੇਦਾਂ ਪੁਰਾਣਾਂ ਅਤੇ ਸਮ੍ਰਿਤੀਆਂ ਨੂੰ ਭਾਸ਼ਾ ਦਾ ਰੂਪ ਦੇ ਕੇ ਉਨ੍ਹਾਂ ਦਾ ਵਿਖਿਆਨ ਕੀਤਾ (ਛੰਦ 6-7);

(4) ਇਨ੍ਹਾਂ ਕਵੀਆ ਨੇ 'ਚੌਬੀਸ ਅਵਤਾਰ' ਅਤੇ '404 ਚਰਿਤ੍ਰਾਂ' ਦੀ ਭਾਸ਼ਾ ਵਿਚ ਰਚਨਾ ਕੀਤੀ ਅਤੇ ਗੁਰੂ ਜੀ ਨੂੰ ਸੁਣਾਏ। ਸਤਿਗੁਰੂ ਸੁਣ ਕੇ ਪ੍ਰਸੰਨ ਹੋਏ (ਛੰਦ 8);

(5) ਸੰਸਕ੍ਰਿਤ ਦੇ ਸਾਰੇ ਗਿਆਨ-ਵਿਗਿਆਨ ਨੂੰ ਭਾਸ਼ਾ ਵਿਚ ਲਿਖ ਕੇ 'ਵਿਦਿਆ ਸਾਗਰ' ਗ੍ਰੰਥ ਤਿਆਰ ਕੀਤਾ (ਛੰਦ 9);

(6) ਗੁਰੂ ਜੀ ਨੇ ਕਿਹਾ ਕਿ ਇਹ ਮੈਂ ਆਪ ਭਾਸ਼ਾ ਵਿਚ ਰਚਨਾ ਕੀਤੀ ਹੈ। ਬੁੱਧੀਮਾਨ ਇਸ ਨੂੰ ਪੜ੍ਹਨ। ਇਸ ਨਾਲ ਮਨ ਉਕਤਾਉਂਦਾ ਨਹੀਂ (ਛੰਦ 10-11); ਅਤੇ

(7) ਪੰਡਿਤਾਂ ਨੂੰ ਧਨ, ਵਸਤ੍ਰ ਅਤੇ ਭੂਖਣ ਦੇ ਕੇ ਪ੍ਰਸੰਨ-ਚਿਤ ਘਰਾਂ ਨੂੰ ਤੋਰਿਆ। (ਛੰਦ 12-13)।

3. ਸਾਰਾਸ਼ ਇਹ ਕਿ 'ਚੌਬੀਸ ਅਵਤਾਰ', 'ਚਰਿਤ੍ਰੋਪਾਖਿਆਨ' ਅਤੇ 'ਬਚਿਤ੍ਰ ਨਾਟਕ' (ਜਿਵੇਂ ਬਚਨਿਕਾ ਤੋਂ ਸਪੱਸ਼ਟ ਹੈ) ਨਾਮਕ ਕ੍ਰਿਤੀਆਂ ਕਵੀਆਂ, ਭੱਟਾਂ, ਪੰਡਿਤਾਂ, ਆਦਿ ਦੀਆਂ ਰਚਨਾਵਾਂ ਹਨ ਅਤੇ ਦਸਵੇਂ ਗੁਰੂ ਦੀ ਇਨ੍ਹਾਂ ਨੂੰ ਕੇਵਲ ਮਾਨਤਾ ਹੀ ਪ੍ਰਾਪਤ ਸੀ। ਇਨ੍ਹਾਂ ਕ੍ਰਿਤੀਆਂ ਪ੍ਰਤਿ ਸ਼ਰਧਾ ਪੈਦਾ ਕਰਨ ਲਈ ਗੁਰੂ ਜੀ ਨੇ ਇਨ੍ਹਾਂ ਨੂੰ ਆਪਣੀਆਂ ਰਚਨਾਵਾਂ ਦੇ ਰੂਪ ਵਿਚ ਪ੍ਰਚਾਰਿਤ ਕੀਤਾ। ਕਦਾਚਿਤ ਇਸੇ ਗੱਲ ਦਾ ਕਾਲਾਂਤਰ ਵਿਚ ਇਤਨਾ ਪ੍ਰਚਾਰ ਹੋ ਗਿਆ ਕਿ ਇਨ੍ਹਾਂ ਸਾਰੀਆਂ ਕ੍ਰਿਤੀਆਂ ਦਾ ਰਚਨਹਾਰ ਦਸਵੇਂ ਗੁਰੂ ਨੂੰ

Digitized by Panjab Digital Library | www.panjabdigilib.org

ਹੀ ਸਮਝਿਆ ਜਾਣ ਲਗਾ। ਅਸਲ ਵਿਚ, 'ਮਹਿਮਾ ਪ੍ਰਕਾਸ' ਦਾ ਇਹ ਉੱਲੇਖ ਦੋ ਕਾਰਣਾਂ ਕਰ ਕੇ ਬਹੁਤ ਮਹੱਤਵਪੂਰਣ ਹੈ—

(1) ਇਸ ਉੱਲੇਖ ਦਾ ਵਿਵਰਣ ਦਸਮ ਗੁਰੂ ਦੇ ਸਮੇਂ ਦੀਆਂ ਲਗਭਗ ਸਾਰੀਆਂ ਪਰਿਸਥਿਤੀਆਂ ਨਾਲ ਮੇਲ ਖਾਂਦਾ ਹੈ। ਇਸ ਲਈ ਇਸ ਕਥਨ ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਕਿਤੇ ਵੀ ਵਿਰੋਧ ਨਹੀਂ ਹੋਇਆ ;

(2) 'ਦਸਮ ਗ੍ਰੰਥ' ਦੇ ਅਧਿਕਾਂਸ਼ ਪ੍ਰਸੰਗ ਇਕ ਤੋਂ ਵਧ ਕਵੀਆਂ ਦੇ ਲਿਖੇ ਹਨ, ਕਿਉਂਕਿ 'ਸ਼ਿਆਮ' ਕਵੀ ਦਾ ਉੱਲੇਖ ਦ੍ਰਿੜ੍ਹਤਾ ਪੂਰਵਕ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਅਤੇ ਇਸ ਉੱਲੇਖ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ 'ਸ਼ਿਆਮ' ਸ਼ਬਦ 'ਗੋਬਿੰਦ' ਸ਼ਬਦ ਦਾ ਪ੍ਰਯਾਯ ਨਹੀਂ ਹੈ।

## 'ਗੁਰ ਪ੍ਰਤਾਪ ਸੂਰਜ' ਦਾ ਪ੍ਰਮਾਣ :

(4) ਸੰਮਤ 1900 ਵਿ. ਵਿਚ ਲਿਖੇ ਇਸ ਵੱਡੇ ਆਕਾਰ ਵਾਲੇ ਸਿੱਖ ਇਤਿਹਾਸ ਵਿਚੋਂ ਦਸਮ ਗ੍ਰੰਥ ਦੇ ਕਰਤ੍ਰਿਤਵ ਸੰਬੰਧੀ ਕੋਈ ਮਹੱਤਵਪੂਰਣ ਤੱਥ ਨਹੀਂ ਮਿਲਦਾ ਹੈ। ਹਾਂ, ਗੁਰੂ-ਦਰਬਾਰ ਵਿਚ ਹੋਈਆਂ ਕੁਝ ਕੁ ਰਚਨਾਵਾਂ ਵਲ ਅਵੱਸ਼ ਸੰਕੇਤ ਹੋਇਆ ਹੈ, ਜਿਵੇਂ—

(ੳ) ਸੁਨਿ ਯਹਿ ਸਾਹਿਬ ਸਿੰਘ ਲਿਖਾਰੀ।
ਇਹ ਸਾਖੀ ਗੁਰ ਆਪ ਉਚਾਰੀ।
ਮੋਕਉ ਕੀਨੀ ਕਿਰਪਾ ਕਰਿ ਕੈ।
ਤੂੰ ਲਿਖਿ ਸਿਖਨਿ ਹੇਤ ਸੁਧਰਿ ਕੈ ॥੩੫॥

(ਰਿਤੁ 5/ਅੰਸ਼ੁ 19)

(ਅ) ਸੋ ਹਮ ਪੰਥ ਹੇਤੁ ਕਰਿਵਾਵੈਂ।
ਪਠਹਿੰ ਆਪ ਸਭਿ ਹੂੰਨ ਸੁਨਾਵੈ।
ਹੁਤੇ ਬਵੰਜਾ ਕਵਿ ਗੁਰ ਪਾਸ।
ਸਭਿ ਹੀ ਬਾਨੀ ਕਰਹਿੰ ਪ੍ਰਕਾਸ ॥੪੭॥

(ਰਿਤੁ 3/ਅੰਸ਼ੁ 51)

(ੲ) ਸਤਿਗੁਰ ਸਭੀ ਇਕਤ੍ਰ ਕਰਿਵਾਵੈਂ।
ਪਤ੍ਰੇ ਦੀਰਘ ਪਰ ਲਿਖਵਾਵੈਂ।
ਨਾਮ ਗ੍ਰੰਥ ਕੋ ਵਿਦਿਆ ਸਾਗਰ।
ਰਾਖਨ ਕੀਨੋ ਸ੍ਰੀ ਪ੍ਰਭੁ ਨਾਗਰ ॥੪੮॥

(ਰਿਤੁ 3/ਅੰਸ਼ੁ 51)

Digitized by Panjab Digital Library / www.panjabdigilib.org

5. ਉਕਤ ਪੰਕਤੀਆਂ ਤੋਂ ਹੇਠ ਲਿਖੇ ਅਰਥ ਨਿਕਲਦੇ ਹਨ—

(1) ਸਾਹਿਬ ਸਿੰਘ ਨਾਂ ਦਾ ਇਕ ਲਿਖਾਰੀ ਗੁਰੂ ਜੀ ਦੇ ਦਰਬਾਰ ਵਿਚ ਸੀ, ਜਿਸ ਨੂੰ ਗੁਰੂ ਜੀ ਸਾਖੀਆਂ ਸੁਣਾਇਆ ਕਰਦੇ ਸਨ ਅਤੇ ਉਹ ਆਪਣੀ ਸਮਰਥਾ ਅਨੁਸਾਰ ਸੁਧਾਰ ਕੇ ਉਨ੍ਹਾਂ ਨੂੰ ਲਿਖਦਾ ਸੀ।

(2) ਗੁਰੂ ਜੀ ਇਸ ਬਾਣੀ ਨੂੰ ਪੰਥ ਲਈ ਤਿਆਰ ਕਰਵਾਂਦੇ ਸਨ। ਉਸ ਨੂੰ ਆਪ ਪੜ੍ਹਦੇ ਅਤੇ ਦੂਜਿਆਂ ਨੂੰ ਸੁਣਵਾਂਦੇ ਸਨ।

(3) ਗੁਰੂ ਜੀ ਦੇ ਦਰਬਾਰ ਵਿਚ 52 ਕਵੀ ਸਨ, ਜੋ ਆਪਣੀਆਂ ਕ੍ਰਿਤੀਆਂ ਦੀ ਰਚਨਾ ਕਰਕੇ ਗੁਰੂ ਜੀ ਨੂੰ ਭੇਟਾ ਕਰਦੇ ਸਨ ਅਤੇ ਗੁਰੂ ਜੀ ਉਨ੍ਹਾਂ ਨੂੰ ਦੀਰਘ ਪੱਤਰੇ ਤੇ ਲਿਖਵਾਂਦੇ ਸਨ। ਇਸ ਗ੍ਰੰਥ ਦਾ ਨਾਂ 'ਵਿਦਿਆ ਸਾਗਰ' ਸੀ।

6. ਸਾਰਾਂਸ਼ ਇਹ ਕਿ ਗੁਰੂ ਜੀ ਆਪ ਰਚਨਾ ਨਾ ਕਰਕੇ ਆਪਣੇ ਸਿੱਖਾਂ ਨੂੰ ਸਾਖੀਆਂ ਸੁਣਾਉਂਦੇ ਸਨ ਅਤੇ ਲਿਖਾਰੀ ਉਨ੍ਹਾਂ ਨੂੰ ਸੁਧਾਰ ਕੇ ਪੰਥ ਦੇ ਹਿਤ ਲਈ ਲਿਖਦੇ ਸਨ। ਇਹ ਸਾਰਾ ਵਿਵਰਣ ਇਕ ਪ੍ਰਮਾਣਿਕ ਵਿਦਵਾਨ ਦੀ ਲੇਖਣੀ ਦੁਆਰਾ ਪੇਸ਼ ਕੀਤਾ ਗਿਆ ਹੈ ਅਤੇ ਸ਼ਾਇਦ ਉਸ ਦੇ ਸਾਹਮਣੇ ਕੋਈ ਪ੍ਰਮਾਣਿਕ ਅਤੇ ਮਹੱਤਵਪੂਰਣ ਲਿਖਿਤ ਜਾਂ ਅਲਿਖਿਤ ਪਰੰਪਰਾ ਅਵੱਸ਼ ਰਹੀ ਹੋਵੇਗੀ। ਇਸੇ ਲਈ ਹੀ ਉਸ ਦੇ ਮੰਤਵ ਦਾ ਸਮਰਥਨ 'ਮਹਿਮਾ ਪ੍ਰਕਾਸ਼' ਆਦਿ ਤੋਂ ਸਹਜਤਾਪੂਰਵਕ ਹੋ ਜਾਂਦਾ ਹੈ।

7. ਇਸ ਤੋਂ ਛੁਟ, ਸਰਬ ਸ੍ਰੀ ਵਿਲਸਨ,[1] ਕੰਨਿਘਮ,[2] ਟ੍ਰੰਪ,[3] ਮੈਕਾਲਿਫ,[4] ਨਾਰੰਗ[5], ਮੋਹਨ ਸਿੰਘ,[6] ਬੈਨਰਜੀ,[7] ਆਦਿ ਨੇ ਵੀ ਆਪਣੀਆਂ ਇਤਿਹਾਸ-ਕ੍ਰਿਤੀਆਂ ਵਿਚ ਸੰਪੂਰਣ 'ਦਸਮ ਗ੍ਰੰਥ' ਨੂੰ ਗੁਰੂ-ਕ੍ਰਿਤ ਸਵੀਕਾਰ ਨਹੀਂ ਕੀਤਾ ਹੈ।

## 'ਰਾਮ' ਕਵੀ ਦੀ ਵਾਕਫੀ :

8. ਕਵੀ ਸੀਤਾ ਰਾਮ ਰਚਿਤ 'ਖ਼ੈਰੁਲ ਤਜਾਰਬ' (ਕਵੀ ਤਰੰਗ) ਨਾਮਕ 359

---

1. ਦੀ ਸਿੱਖ ਰਿਲੀਜਨ-ਏ ਸਿਮਪੋਜ਼ੀਅਮ, ਪੰਨਾ 58
2. ਏ ਹਿਸਟ੍ਰੀ ਆਫ਼ ਦੀ ਸਿਖਸ, ਪੰਨਾ 350—354
3. ਆਦਿ-ਗ੍ਰੰਥ, ਪ੍ਰੈਫੇਟ੍ਰੀ ਰੀਮਾਰਕਸ, ਪੰਨਾ XCI, ਪਦ-ਟਿੱਪਣੀ
4. (1) ਦੀ ਸਿੱਖ ਰਿਲੀਜਨ-ਏ ਸਿਮਪੋਜ਼ੀਅਮ, ਪੰਨਾ 2
   (2) ਦੀ ਸਿੱਖ ਰਿਲੀਜਨ, ਭਾਗ ਪ, ਪੰਨਾ 260
5. ਟ੍ਰਾਂਸਫ਼ਾਰਮੇਸ਼ਨ ਆਫ਼ ਸਿੱਖਿਜ਼ਮ, ਪੰਨਾ 342—45 Appx I
6. ਏ ਹਿਸਟ੍ਰੀ ਆਫ਼ ਪੰਜਾਬੀ ਲਿਟਰੇਚਰ, ਪੰਨਾ 40, 98
7. ਏਵੋਲੀਉਸ਼ਨ ਆਫ਼ ਖ਼ਾਲਸਾ, ਪੰਨਾ 106

Digitized by Panjab Digital Library | www.panjabdigilib.org

ਪੱਤਰਾਂ ਦੀ ਇਕ ਹੱਥ-ਲਿਖਿਤ ਪੋਥੀ ਮਹਾਰਾਜਾ ਪਟਿਆਲਾ ਦੇ ਨਿਜੀ ਪੁਸਤਕਾਲਯ ਵਿਚ ਸੁਰਖਿਅਤ ਹੈ। ਵਿਚਾਰਾਧੀਨ ਪੋਥੀ ਲਗ-ਭਗ 150 ਵਰ੍ਹੇ ਪੁਰਾਣੀ ਹੈ। ਇਸ ਵਿਚ ਨਕਲ ਕਰਨ ਵਾਲੇ ਲਿਖਾਰੀ ਦਾ ਕੋਈ ਜ਼ਿਕਰ ਨਹੀਂ ਹੈ। ਇਸ ਪੋਥੀ ਦਾ ਪਾਠ ਇੰਜ ਸ਼ੁਰੂ ਹੁੰਦਾ ਹੈ—

ਮਾਰਗ ਸਿਰ ਤ੍ਰਿਤੀਆ ਅਸਿਤ, ਸੋਮ ਦਿਵਸ ਸੁਤ ਵਾਰ।
ਸੰਮਤ ਸਤਰਹ ਸੈਸ ਮੈ, ਅਵਰ ਸਾਠ ਨਿਰਵਾਰ ॥ ੨ ॥
ਦੇਖੀ ਤਿਬ ਸਹਾਬ ਕੀ, ਉਪਜਯੋ ਮਨ ਆਨੰਦ।
ਅਰਥ ਫਾਰਸੀ ਕਠਿਨ ਹੈ, ਸੁਗਮ ਬਤਾਏ ਛੰਦ ॥ ੩ ॥
ਬ੍ਰਾਹਮਣ ਤਿਖੈ ਬੰਸ ਮੈ, ਕੇਸਵ ਸੁਤ **ਕਵਿ ਰਾਮ**।
**ਰੋਪੜ ਮੈ** ਭਾਖਾ ਕਹੀ, ਕਵਿ ਤਰੰਗ ਧਰਿ ਨਾਮ ॥ ੪ ॥
**ਰਾਮ ਕਵੀ** ਭਾਖਾ ਕਰੀ ਤਰਕਿ ਨ ਕਰੀਅਹੁ ਕੋਇ।
ਜਿਉ ਦੀਪਕ ਤੇ ਦੀਪ ਹੈ, ਘਟਿ ਉਦੋਤ ਨ ਹੋਇ ॥ ੫ ॥

9. ਇਨ੍ਹਾਂ ਪੰਕਤੀਆਂ ਦੇ ਪ੍ਰਕਾਸ਼ ਵਿਚ ਹੇਠ ਲਿਖੇ ਤੱਥ ਵਿਚਾਰਯੋਗ ਹਨ—

(1) ਰੋਪੜ ਨਗਰ, ਜਿੱਥੇ ਕਵੀ ਰਾਮ ਨੇ 'ਕਵੀ ਤਰੰਗ' ਦੀ ਰਚਨਾ ਕੀਤੀ ਸੀ, ਆਨੰਦਪੁਰ ਤੋਂ ਕੇਵਲ 19 ਮੀਲ ਦੂਰ ਹੈ।

(2) 'ਕਵਿ ਤਰੰਗ' ਦਾ ਰਚਨਹਾਰ ਕਵੀ 'ਰਾਮ' ਦਸਮ ਗੁਰੂ ਦਾ ਸਮਕਾਲੀ ਸੀ। ਦਸਵੇਂ ਗੁਰੂ 1765 ਬਿ. ਵਿਚ ਜੋਤੀ ਜੋਤ ਸਮਾਏ ਸਨ ਅਤੇ ਵਿਚਾਰਧੀਨ ਕ੍ਰਿਤੀ 1760 ਬਿ. ਵਿਚ ਪੂਰੀ ਹੋਈ ਸੀ।

(3) 'ਕਵਿ ਤਰੰਗ' ਦਾ ਕਵੀ ਆਪਣੀ ਕਵਿਤਾ ਵਿਚ 'ਕਵਿ ਰਾਮ' ਜਾਂ 'ਰਾਮ ਕਵਿ' ਛਾਪ ਵਰਤਦਾ ਹੈ। ਦਸਮ ਗ੍ਰੰਥ ਦੀਆਂ 'ਕ੍ਰਿਸ਼ਨਾਵਤਾਰ', 'ਚਰਿਤ੍ਰੋਪਾਖਿਆਨ' ਆਦਿ ਰਚਨਾਵਾਂ ਵਿਚ ਵੀ ਇਨ੍ਹਾਂ ਹੀ ਲੀਹਾਂ ਤੇ 'ਰਾਮ' ਕਵੀ-ਛਾਪ ਵਰਤੀ ਹੋਈ ਮਿਲਦੀ ਹੈ।

10. ਸਾਰਾਂਸ਼ ਇਹ ਕਿ ਸ਼ਾਇਦ ਦਸਮ ਗੁਰੂ ਦਾ ਦਰਬਾਰੀ ਕਵੀ ਰਾਮ ਅਤੇ 'ਕਵਿ-ਤਰੰਗ' ਦਾ ਰਚਨਹਾਰ 'ਕੇਸਵ ਸੁਤ ਕਵੀ ਰਾਮ' ਇਕੋ ਹੀ ਵਿਅਕਤੀ ਹੋਣ।

ਇਸ ਹੱਥ-ਲਿਖਿਤ ਪੋਥੀ ਦਾ ਉੱਲੇਖ ਭਾਸ਼ਾ ਵਿਭਾਗ, ਪਟਿਆਲਾ ਵਲੋਂ ਪ੍ਰਕਾਸ਼ਿਤ 'ਪੰਜਾਬੀ ਹੱਥ-ਲਿਖਤਾਂ ਦੀ ਸੂਚੀ' (ਪੰਨਾ 689-90) ਵਿਚ ਵੀ ਹੈ। ਕਵੀ 'ਰਾਮ' ਦੇ ਸੰਬੰਧ ਵਿਚ ਉੱਥੇ ਇੰਜ ਲਿਖਿਆ ਹੈ—

'ਇਹ ਕਵੀ ਸ਼ਾਇਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ

Digitized by Panjab Digital Library | www.panjabdigilib.org

ਰਿਹਾ ਸੀ। ਕਵੀ ਰਾਮ ਇਸੇ ਦਾ ਉਪਨਾਮ ਹੈ[1]।

ਸੀਤਾ ਰਾਮ ਕਵੀ ਦੀ 'ਅਲਕ ਬਤੀਸੀ' ਨਾਂ ਦੀ ਇਕ ਹੋਰ ਰਚਨਾ ਵੀ ਹੱਥ-ਲਿਖਿਤ ਰੂਪ ਵਿਚ ਮਿਲਦੀ ਹੈ।

ਸਿੱਟਾ ਇਹ ਕਿ ਦਸਮ ਗੁਰੂ ਦੇ ਸਮੇਂ ਵਿਚ ਕੇਸ਼ਵ ਪੰਡਿਤ ਦਾ ਪੁੱਤਰ ਸੀਤਾ ਰਾਮ ਕਵੀ (ਤ੍ਰਿਖਾ ਬ੍ਰਾਹਮਣ) ਰੋਪੜ ਨਗਰ ਵਿਚ ਰਿਹਾ ਕਰਦਾ ਸੀ ਅਤੇ ਉਹ ਆਪਣੀ ਕਵਿਤਾ ਵਿਚ 'ਰਾਮ ਕਵੀ' ਜਾਂ 'ਕਵਿ ਰਾਮ' ਛਾਪ ਵਰਤਦਾ ਸੀ। ਅਜਿਹੀ ਅਵਸਥਾ ਵਿਚ ਇਹ ਕਹਿਣਾ ਬਿਲਕੁਲ ਭ੍ਰਾਂਤ ਹੈ ਕਿ 'ਰਾਮ' ਸ਼ਬਦ 'ਗੋਬਿੰਦ' ਸ਼ਬਦ ਦਾ ਪ੍ਰਯਾਯ ਹੈ।

## 'ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼' ਦਾ ਪ੍ਰਮਾਣ :

11. ਇਸ ਗ੍ਰੰਥ ਦੇ ਲੇਖਕ ਬਾਬਾ ਸੁਮੇਰ ਸਿੰਘ ਨੇ ਸਾਖੀ 104 ਵਿਚ 'ਸਿਆਮ' ਅਤੇ 'ਰਾਮ' ਨੂੰ ਗੁਰੂ ਜੀ ਦਾ ਦਰਬਾਰੀ ਕਵੀ ਮੰਨਿਆ ਹੈ—

"ਰਾਮ ਸਯਾਮ ਸਤਿਗੁਰੂ ਕੇ ਪਯਾਰੇ।"
ਅੰਤਰੰਗ ਸਤ ਗੁਨ ਨਿਰਧਾਰੇ ॥੯॥ (ਪੰਨਾ 338)

ਇਸ ਤੱਥ ਦੇ ਪ੍ਰਕਾਸ਼ ਵਿਚ 'ਸ਼ਿਆਮ' ਅਤੇ 'ਰਾਮ' ਦੋਵੇਂ ਦਸਵੇਂ ਗੁਰੂ ਦੇ ਦਰਬਾਰੀ ਕਵੀ ਪ੍ਰਮਾਣਿਤ ਹੁੰਦੇ ਹਨ।

12. ਉਪਰੋਕਤ ਵਿਵੇਚਨ ਤੋਂ ਬਿਲਕੁਲ ਸਪੱਸ਼ਟ ਹੈ ਕਿ ਦਸਮ ਗੁਰੂ ਦੇ ਦਰਬਾਰ ਵਿਚ ਰਾਮ, ਸਿਆਮ ਆਦਿ ਕਵੀ ਵਿਦਮਾਨ ਸਨ। 'ਬਚਿਤ੍ਰ ਨਾਟਕ', 'ਚੌਬੀਸ ਅਵਤਾਰ', 'ਚਰਿਤ੍ਰੋਪਾਖਿਆਨ' ਆਦਿ ਇਨ੍ਹਾਂ ਦੀਆਂ ਹੀ ਰਚਨਾਵਾਂ ਹਨ। 'ਦਸਮ ਗ੍ਰੰਥ' ਵਿਚ ਸੰਗ੍ਰਹਿਤ ਕ੍ਰਿਤੀਆਂ ਤੋਂ ਛੁਟ ਵੀ ਇਨ੍ਹਾਂ ਦੀਆਂ ਕਈ ਰਚਨਾਵਾਂ ਉਪਲਬਧ ਹਨ। ਗੁਰੂ ਜੀ ਦੇ ਦਰਬਾਰ ਵਿਚ ਸਾਹਿਬ ਸਿੰਘ ਵਰਗੇ ਲਿਖਾਰੀ ਰਹਿੰਦੇ ਸਨ, ਜੋ ਗੁਰੂ ਜੀ ਦੁਆਰਾ ਦਸੀਆਂ ਸਾਖੀਆਂ ਨੂੰ ਆਪਣੀ ਯੋਗਤਾ ਅਨੁਸਾਰ ਸੁਧਾਰ ਕੇ ਸਿੱਖਾਂ ਲਈ ਲਿਖਦੇ ਸਨ। ਅਸਲ ਵਿਚ, 'ਦਸਮ ਗ੍ਰੰਥ' ਇਕ ਕਵੀ ਦੀ ਰਚਨਾ ਨਹੀਂ, ਅਨੇਕ ਕਵੀਆਂ ਦੁਆਰਾ ਲਿਖਿਆ ਪੂਰਾ ਸਾਹਿਤ ਹੈ। ਇਸ ਵਿਚ ਨਾ ਤਾਂ ਉੱਤਮ ਤੱਥਾਂ ਦੀ ਘਾਟ ਹੈ ਅਤੇ ਨਾ ਹੀ ਘਟੀਆ ਕਥਨਾਂ ਦੀ। ਉਂਜ ਵੀ ਜੇ ਕਰ ਦਸਮ ਗੁਰੂ ਦੇ ਬਹੁਤ ਰੁਝੇਵੇਂ ਭਰਪੂਰ ਅਤੇ ਅਤਿ ਸੰਖਿਪਤ ਜੀਵਨ (42 ਵਰ੍ਹੇ) ਵਿਚੋਂ ਉਨ੍ਹਾਂ ਦਾ ਬਚਪਨ, ਵਿਦਿਆ-ਪ੍ਰਾਪਤੀ ਦਾ ਸਮਾਂ, ਯੁੱਧ-ਕਾਲ ਅਤੇ ਆਨੰਦਪੁਰ ਤਿਆਗਣ ਤੋਂ ਬਾਦ ਦਾ ਸਮਾਂ ਕੱਢ ਦੇਈਏ ਅਤੇ ਉਨ੍ਹਾਂ ਦੇ ਕਵਿਤਾ-ਕਾਲ ਦੀਆਂ ਹੱਦਾਂ ਵਿਗਿਆਨਿਕ ਅਤੇ ਮਨੁਖੀ ਪੱਧਰ ਤੇ ਨਿਸ਼ਚਿਤ ਕਰੀਏ ਤਾਂ ਇਤਨੀਆਂ ਰਚਨਾਵਾਂ ਦਾ ਉਨ੍ਹਾਂ ਦੁਆਰਾ ਲਿਖਿਆ ਜਾਣਾ ਅਸੰਭਵ ਪ੍ਰਤੀਤ ਹੁੰਦਾ ਹੈ।

1. ਪੰਜਾਬੀ ਹੱਥ-ਲਿਖਤਾਂ ਦੀ ਸੂਚੀ 7 ਪੰਨਾ 6??

Digitized by Panjab Digital Library | www.panjabdigilib.org

# ਇਸ਼ਟ-ਭਾਵਨਾ

1. ਜਾਪੁ, ਸਵੈਯੇ ੩੩, ਸ਼ਬਦ ਹਜ਼ਾਰੇ ਅਤੇ ਜਫਰਨਾਮਾ ਵਿਚ ਸਿੱਖ ਸਿੱਧਾਂਤਾ, ਨਿਰਗੁਣੀ ਭਾਵਨਾ ਜਾਂ ਦਸਮ ਗੁਰੂ ਦੀ ਇਸ਼ਟ-ਬੁੱਧੀ ਦੇ ਵਿਰੁੱਧ ਕੋਈ ਅੰਸ਼ ਨਹੀਂ ਹੈ। 'ਗਿਆਨ ਪ੍ਰਬੋਧ' ਵਿਚ ਵੀ ਕੋਈ ਅਜਿਹਾ ਪ੍ਰਤੱਖ ਵਿਰੋਧ ਨਹੀਂ ਮਿਲਦਾ। 'ਅਕਾਲ ਉਸਤਤਿ' ਪ੍ਰਸੰਗ ਵਿਚ 20 ਦੀਰਘ ਤ੍ਰਿਭੰਗੀ ਛੰਦ (211-230) ਦੇਵੀ ਦੀ ਪੂਜਾ ਨਾਲ ਸੰਬੰਧਿਤ ਹੋਣ ਕਾਰਣ ਗੁਰੂ ਗੋਬਿੰਦ ਸਿੰਘ ਜੀ ਦੀ ਭਾਵਨਾ ਨਾਲ ਮੇਲ ਖਾਂਦੇ ਪ੍ਰਤੀਤ ਨਹੀਂ ਹੁੰਦੇ, ਉਦਾਹਰਣ ਵਜੋਂ—

ਦੁਰਜਨ ਦਲ ਦੰਡਣ ਅਸੁਰ ਬਿਹੰਡਣ
ਦੁਸਟ ਨਿਕੰਦਣ ਆਦਿ ਬ੍ਰਿਤੇ।
ਚਛਰਾਸੁਰ ਮਾਰਣ ਪਤਤ ਉਧਾਰਣ
ਨਰਕ ਨਿਵਾਰਣ ਗੁੜਗਤੇ।
ਅਛੇ ਅਖੰਡੇ ਤੇਜ ਪ੍ਰਚੰਡੇ
ਖੰਡ ਉਦੰਡੇ ਅਲਖ ਮਤੇ।
ਜੈ ਜੈ ਹੋਸੀ ਮਹਖਾਸੁਰ ਮਰਦਨ
ਰੰਮਕ ਪਰਦਨ ਛਤ੍ਰ ਛਿਤੇ ॥੨੧੧॥

(ਦਸਮ ਗ੍ਰੰਥ, ਪੰਨਾ 30-31)

2. 'ਸ਼ਸਤ੍ਰ ਨਾਮ ਮਾਲਾ' ਵਿਚ ਕਵੀ ਨੇ ਸ਼ਸਤ੍ਰਾਂ ਦਾ ਵਰਣਨ ਕਰਨ ਤੋਂ ਪਹਿਲਾਂ 'ਭਗਉਤੀ' ਦੀ ਉਸਤਤ ਵਿਚ ਇਕ ਪੂਰਾ ਅਧਿਆਇ (27 ਛੰਦਾਂ ਦਾ) ਲਿਖਿਆ ਹੈ। ਆਰੰਭ ਵਿਚ 'ਸ੍ਰੀ ਭਗਉਤੀ ਜੀ ਸਹਾਇ' ਉਕਤੀ ਆਈ ਹੈ ਅਤੇ ਅਧਿਆਇ-ਅੰਤ ਤੇ ਹੇਠ ਲਿਖੀ ਪੁਸ਼ਪਿਕਾ ਦਿੱਤੀ ਹੈ—

"ਇਤਿ ਸ੍ਰੀ ਨਾਮ ਮਾਲਾ ਪੁਰਾਣੇ **ਸ੍ਰੀ ਭਗਉਤੀ ਉਸਤਤ** ਪ੍ਰਿਥਮ ਧਿਆਇ ਸਮਾਪਤ ਮਸਤੁ ਸੁਭ ਮਸਤੁ ॥"

Digitized by Panjab Digital Library | www.panjabdigilib.org

ਇਨ੍ਹਾਂ ਟੂਕਾਂ ਤੋਂ ਇਹ ਆਭਾਸ ਹੁੰਦਾ ਹੈ ਕਿ ਪ੍ਰਸਤੁਤ ਰਚਨਾ ਦਾ ਕਵੀ 'ਭਗਉਤੀ' ਦੇਵੀ ਦੇ ਪ੍ਰਤਿ ਸ਼ਿਰੋਮਣੀ ਜਾਣਦਾ ਹੈ ਅਤੇ ਪਾਪ ਰੂਪ ਵੈਰੀ ਨੂੰ ਨਾਸ਼ ਕਰਨ ਵਾਲੀ ਮੂਲ ਸ਼ਕਤੀ ਦੇਵੀ ਹੀ ਹੈ, ਮਾਰਕੰਡੇ-ਪੁਰਾਣ ਤੋਂ ਕਵੀ ਦੀ ਕ੍ਰਿਪਾ ਦਾ ਅਨੁਗਾਮੀ ਜਾਪਦਾ ਹੈ, ਜਿਵੇਂ—

ਤੁਮ ਧੰਨਣ ਪ੍ਰਥਮੈ ਹਨੰ ਬਹੁਰੋ ਬਜੇ ਕ੍ਰਿਪਾਣ ॥੨੧॥ (ਪੰਨਾ 718)

ਇਸ ਟੂਕ ਤੋਂ 'ਭਗਉਤੀ' ਸ਼ਬਦ ਨੂੰ ਤਲਵਾਰ, ਖੜਗ, ਕ੍ਰਿਪਾਣ ਦਾ ਪ੍ਰਯਾਯ ਮੰਨਣ ਵਾਲੇ ਸਕੂਲ ਦਾ ਵੀ ਖੰਡਨ ਹੁੰਦਾ ਹੈ, ਕਿਉਂਕਿ ਵੈਰੀਆਂ ਦਾ ਪਹਿਲਾਂ ਹਨਨ (ਬਧ) ਕਰਨ ਵਾਲੀ ਸ਼ਕਤੀ ਕ੍ਰਿਪਾਣ ਤੋਂ ਪ੍ਰਮੁਖ, ਅਗ੍ਰਿਮ ਅਤੇ ਭਿੰਨ ਹੈ।

3. ਸਾਰਾਂਸ਼ ਇਹ ਕਿ ਜਾਪੁ, ਸਵੈਯੇ ੩੩, ਸ਼ਬਦ ਹਜ਼ਾਰੇ, ਜ਼ਫਰਨਾਮਾ, ਗਿਆਨ ਪ੍ਰਬੋਧ ਅਤੇ ਅਕਾਲ ਉਸਤਤਿ (201 ਤੋਂ 230 ਤਕ ਛੰਦ ਛਡ ਕੇ) ਵਿਚ ਨਿਰਗੁਣ ਭਾਵ-ਧਾਰਾ ਅਤੇ ਸਿੱਖ ਇਸ਼ਟ-ਬੁੱਧੀ ਵਿਰੁੱਧ ਅੰਸ਼ ਨਹੀਂ ਹੈ। 'ਸ਼ਸਤ੍ਰ ਨਾਮ ਮਾਲਾ' ਵਿਚ ਇਸ ਦੇ ਰਚਨਹਾਰ ਕਵੀ ਦੀ ਦੇਵੀ ਪ੍ਰਤਿ ਸ਼ਰਧਾ ਉਘੜਦੀ ਹੈ। ਪਰ ਇਸ਼ਟ-ਭਾਵਨਾ ਸੰਬੰਧੀ ਸਭ ਤੋਂ ਜ਼ਿਆਦਾ ਰੜਕਣ ਵਾਲਾ ਅੰਸ਼ 'ਦਸਮ ਗ੍ਰੰਥ' ਵਿਚ ਦਰਜ ਪੌਰਾਣਿਕ ਰਚਨਾਵਾਂ ਹਨ, ਜਿਨ੍ਹਾਂ ਦਾ ਵਿਸਤਾਰ-ਪੂਰਣ ਵਿਸ਼ਲੇਸ਼ਣ ਕਰ ਲੈਣਾ ਅਤਿ ਆਵੱਸ਼ਕ ਹੈ।

## ਪੌਰਾਣਿਕ ਰਚਨਾਵਾਂ

4. ਪੌਰਾਣਿਕ ਰਚਨਾਵਾਂ—ਬਚਿਤ੍ਰ ਨਾਟਕ (ਅਪਨੀ ਕਥਾ, ਚੰਡੀ ਚਰਿਤ੍ਰ ੧, ਚੰਡੀ ਚਰਿਤ੍ਰ ੨, ਚੌਬੀਸ ਅਵਤਾਰ, ਬ੍ਰਹਮਾ ਅਵਤਾਰ, ਰੁਦ੍ਰਾਵਤਾਰ) ਅਤੇ ਚਰਿਤ੍ਰੋਪਾਖਿਆਨ—ਵਿਚ ਇਸ਼ਟ-ਭਾਵਨਾ ਸੰਬੰਧੀ ਕਈ ਭ੍ਰਾਂਤੀ-ਪੂਰਣ ਕਥਨ ਮਿਲਦੇ ਹਨ। ਇਹ ਭ੍ਰਾਂਤੀਆਂ 'ਮਹਾਕਾਲ' ਅਤੇ 'ਕਾਲੀ' ਦੇ ਨਾਂਵਾਂ ਸੰਬੰਧੀ ਹਨ। ਇਸ ਲਈ ਇਨ੍ਹਾਂ ਦੋਹਾਂ ਬਾਰੇ ਬੜੀ ਸਾਵਧਾਨੀ ਨਾਲ ਵਿਚਾਰ ਕਰ ਲੈਣਾ ਬੜਾ ਜ਼ਰੂਰੀ ਹੈ।

**ਮਹਾਕਾਲ**—'ਮਹਾਕਾਲ' ਬਾਰੇ ਇਨ੍ਹਾਂ ਕ੍ਰਿਤੀਆਂ ਵਿਚ ਅਨੇਕ ਉੱਲੇਖ ਹਨ। ਜੇ ਇਨ੍ਹਾਂ ਸਾਰਿਆਂ ਨੂੰ ਇਕੱਠਾ ਕੀਤਾ ਜਾਵੇ, ਤਾਂ ਹੇਠ ਲਿਖੇ ਸਿੱਟੇ ਨਿਕਲਦੇ ਹਨ—

(ੳ) **ਨਾਂ** : 'ਮਹਾਕਾਲ' ਦੇ ਵੱਖ ਵੱਖ ਨਾਂ ਇਸ ਪ੍ਰਕਾਰ ਵਰਤੇ ਗਏ ਹਨ—

ਕਾਲ (ਪੰਨਾ 41/ਛੰਦ 26), ਗੁਰਦੇਵ (55/4), ਪਰਮੇਸਵਰ (46/99), ਮਹਾਕਾਲ (55/2), ਪਰਮ-ਪੁਰਖ (55/15), ਪਰਮ-ਤਤ (56/17), ਪਾਰਬ੍ਰਹਮ (56/28), ਹਰਿ (56/28), ਮਹਾਪੁਰਖ (58/45), ਪ੍ਰਭੁ (57/36), ਸਰਬਕਾਲ (73/5), ਬੇਅੰਤ (156/6), ਛਲੀਆ, ਦੀਨ ਬੰਧ (156/8), ਕਰੁਣਾਨਿਧਿ (156/10), ਸੰਕਟ-ਹਰਨ, ਦੁਖਦਾਹਨ (156/11), ਅਜੋਨ, ਅਲਖ (156/13), ਅਭੇਖੀ, ਅਲੇਖ (156/15), ਆਦਿ-ਪੁਰਖ (157/21), ਹਰਿਰਾਈ (185/2), ਕਾਲ-ਪੁਰਖ

Digitized by Panjab Digital Library | www.panjabdigilib.org

(183/6), ਸ੍ਰੀ-ਅਸਪਾਨ (254/863), ਮਹਾਲੋਹ (310/435), ਮੁਰਾਰ (612/20), ਗਰਬ-ਪ੍ਰਹਾਰ (613/33), ਕਰਤਾਰ (642/97), ਭਗਵਾਨ (1363/52), ਸਤਿਕਾਲ (1363/53), ਨਿਰਵੈਰ, ਨਿਰੰਕਾਰ (1366/97), ਅਸਿਧੁਜ (1375/229), ਖੜਗਕੇਤੁ (1377/247), ਕਲਿ (1380/285), ਅਸਿਕੇਤੁ (1385/367) ਆਦਿ।

(ਅ) **ਸਮਰਥਾ** : 'ਮਹਾਕਾਲ' ਦੀ ਸਮਰਥਾ ਬਾਰੇ ਇਸ ਪ੍ਰਕਾਰ ਦੀਆਂ ਉਕਤੀਆਂ ਮਿਲਦੀਆਂ ਹਨ—

(1) ਸ੍ਰਿਜੇ ਸ੍ਵੇਤਜੰ ਜੇਰਜੰ ਉਤਭੁਜੇਵੰ।
ਰਚੇ ਅੰਡਜੰ ਖੰਡ ਬ੍ਰਹਮੰਡ ਏਵੰ।... ... ...
ਚਤੁਰ ਬੇਦ ਚਥਜੰ ਕੁਰਾਣੰ ਪੁਰਾਣੰ। (ਪੰਨਾ 41/ਛੰਦ 24)

(2) ਕਈ ਮੇਟ ਡਾਰੇ ਉਸਾਰੇ ਬਨਾਏ। (41/26)

(3) ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ।
ਕਿਤੇ ਰਾਮ ਸੇ ਮੇਟਿ ਡਾਰੇ ਉਪਾਏ। (41/27)

(4) ਜਿਤੇ ਅਉਲੀਆ ਅੰਬੀਆ ਗਉਸ ਹ੍ਵੈ ਹੈਂ।
ਸਭੈ ਕਾਲ ਕੇ ਅੰਤ ਦਾੜਾ ਤਲੈ ਹੈਂ। (41/29)

(5) ਕਾਲ ਸਭਨ ਕਾ ਕਰਤ ਪਸਾਰਾ।
ਅੰਤ ਕਾਲ ਸੋਈ ਖਾਪਨ ਹਾਰਾ। (156/3)

(6) ਦਾਇਕ ਸਭੋ ਅਜਾਚੀ ਸਭ ਤੇ। (157/16)

(7) ਕਈ ਕੋਟ ਇੰਦ੍ਰ ਜਿ ਪਾਨਹਾਰ। (641/65)

(8) ਜਗ ਕਾਰਣ ਕਰੁਣਾ ਨਿਧਿ ਸ੍ਵਾਮੀ। (1366/99)

(9) ਭਏ ਸੰਭ ਨੈਸੰਭ ਸ੍ਰੋਣੰਤ ਬੀਜੰ।
ਤੇਊ ਕਾਲ ਕੀਨੇ ਪੁਰੇਜੇ ਪੁਰੇਜੰ। (43/64)

(ੲ) **ਸਰੂਪ** :

(1) ਸਦਾ ਏਕ ਜੋਤ੍ਯੰ ਅਜੂਨੀ ਸਰੂਪੰ।
ਮਹਾਦੇਵ ਦੇਵ ਦੇਵੰ ਮਹਾ ਭੂਪ ਭੂਪੰ। (ਪੰਨਾ 39/ਛੰਦ 3)

(2) ਨਿਰੰਕਾਰ ਨ੍ਰਿਬਿਕਾਰ ਨਿਤ੍ਯੰ ਨਿਰਾਲੰ।
ਨ ਬ੍ਰਿਧੰ ਬਿਸੇਖੰ ਨ ਤਰੁਨੰ ਨ ਬਾਲੰ। (39/4)

(3) ਮਹਾ ਤੇਜ ਤੇਜੰ ਮਹਾਂ ਜ੍ਵਾਲ ਜ੍ਵਾਲੰ।
ਮਹਾ ਮੰਤ੍ਰ ਮੰਤ੍ਰੰ ਮਹਾ ਕਾਲ ਕਾਲੰ। (40/17)

Digitized by Panjab Digital Library | www.panjabdigilib.org

(4) ਮਹਾ ਦਾੜ ਦਾੜ੍ਹੰ ਸੁ ਸੋਹੰ ਅਪਾਰੰ। (40/18)
(5) ਚਤੁਰ ਬਾਂਹ ਚਾਰੰ। ਨਿਜੂਟੰ ਸੁਧਾਰੰ।
ਗਦਾ ਪਾਸ ਸੋਹੰ। (41/32)
(6) ਸੁਭੰ ਰੂਪ ਸਿਆਮੰ। (41/34)
(7) ਸੁਭੰ ਜੀਭ ਜੁਆਲੰ। ਸੁ ਦਾੜ੍ਹਾ ਕਰਾਲੰ। (41/33)
(8) ਧਨੁਰ ਬਾਨ ਧਾਰੇ। (41/37)
(9) ਮਧੋ ਮਾਨ ਮੁੰਡੰ। ਸੁਭੰ ਰੁੰਡ ਝੁੰਡੰ। (42/41)
(10) ਕ੍ਰਿਪਾਨ ਪਾਣ ਰਾਜਈ। (42/50)
(11) ਮਦ ਮਤ ਕ੍ਰਿਪਾਣ ਕਰਾਲ ਧਰੰ। (42/55)
(12) ਬਿਸਾਲ ਲਾਲ ਲੋਚੰ। (44/81)
(13) ਜਿਹ ਨਾਹਿ ਪਿਤਾ ਭ੍ਰਿਤ ਤਾਤ ਮਾਤ। (642/97)
(14) ਧਾਰਤ ਭਯੋ ਭੇਸ ਬਿਕਰਾਲਾ। (1366/107)

(ਸ) **ਦੀਖਿਆ**:

ਇਹ ਛਲ ਸੋ ਮਿਸਰਹਿ ਛਲਾ ਪਾਹਨ ਦਏ ਬਹਾਇ।
ਮਹਾਕਾਲ ਕੋ ਸਿਖ੍ਯ ਕਰਿ ਮਦਰਾ ਭਾਂਗ ਪਿਵਾਇ ॥੧੨੫॥

(ਦਸਮ ਗ੍ਰੰਥ, ਪੰਨਾ 1210)

(ਹ) **ਚਿੰਨ੍ਹ**:

ਜਾਕੀ ਧੁਜਾ ਬਿਖੈ ਹਾਜਿਤ ਅਸਿ ॥੧੦੩॥ (ਦਸਮ ਗ੍ਰੰਥ, ਪੰਨਾ 1366)

(ਕ) **ਨਿਵਾਸ-ਸਥਾਨ**:

ਬ੍ਰਹਮਾ ਗਯੋ ਛੀਰ ਨਿਧ ਜਹਾਂ।
ਕਾਲ ਪੁਰਖ ਇਸਥਿਤ ਥੇ ਤਹਾ।
ਕਹ੍ਯੋ ਬਿਸਨ ਕਹ ਨਿਕਟ ਬੁਲਾਈ।
ਕ੍ਰਿਸਨ ਅਵਤਾਰ ਧਰੋ ਤੁਮ ਜਾਈ ॥੨॥

(ਦਸਮ ਗ੍ਰੰਥ, ਪੰਨਾ 254)

5. **ਕਾਲੀ**: 'ਕਾਲੀ' ਦੇ ਸੰਬੰਧ ਵਿਚ ਵੀ ਬਹੁਤ ਸਾਰੇ ਕਥਨ ਦਸਮ ਗ੍ਰੰਥ ਦੀਆਂ ਇਨ੍ਹਾਂ ਪੌਰਾਣਿਕ ਕ੍ਰਿਤੀਆਂ ਵਿਚ ਮਿਲਦੇ ਹਨ। ਇਨ੍ਹਾਂ ਸਾਰਿਆਂ ਦਾ ਸਾਰਾਂਸ਼ ਇੰਜ ਦਿੱਤਾ ਜਾ ਸਕਦਾ ਹੈ—

(ੳ) **ਨਾਂ**: ਚੰਡੀ (ਪੰਨਾ 76/ਛੰਦ 24), ਸਿਵਾ (99/231), ਚੰਡਿਕਾ (74/2), ਚੰਡ (255/5), ਦੁਰਗਾ (117/240), ਖੜਗਪਾਣੀ, ਕਾਲਕਾ (117/243), ਚਤੁਰਬਾਹੀ, ਅਸ਼ਟਬਾਹਾ (117/245), ਕਪਾਲੀ, ਭਦ੍ਰਕਾਲੀ

Digitized by Panjab Digital Library | www.panjabdigilib.org

(117/247), ਭਵਾਨੀ (117/249), ਬਾਣਪਾਣੀ (118/252), ਬ੍ਰਾਹਮੀ, ਬੈਸਨਵੀ, ਬਾਸਵੀ, ਦੀਸੂਰੀ, ਕਾਰਤਕਿਆਨੀ, ਅੰਬਕਾ, ਮੁੰਡਮਾਲੀ (309/430), ਭਗਵਤ (310/440), ਅਸਪਾਣੰ (673/50), ਭੈਰਵੀ, ਜਾਲਪਾ (675/69), ਸਸਤ੍ਰਣੀ ਅਸਤ੍ਰਣੀ, ਸੂਲਨੀ, ਸਾਮਣੀ (675/72), ਖੜਗਧਾਰਾ, ਬਾਢਵਾਰੀ (809/1), ਗਰੀਬ-ਨਿਵਾਜ (813/47), ਜਗਮਾਤ (98/227), ਕ੍ਰੂਰ ਕਰਮਾ (115/225), ਜੋਗ-ਮਾਯਾ (115/226), ਪਾਰਬਤੀ (116/228), ਸਸਤ੍ਰ ਪਾਣੰ (116/230), ਸਿੰਘ ਬਾਹੀ (116/234), ਕਪਾਲੀ (116/239), ਸਾਰਦਾ (255/6) ਆਦਿ।

**(ਅ) ਸਮਰਥਾ :**

(1) ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ।
ਕਾਰਨ ਈਸ ਕਲਾ ਕਮਲਾ ਹਰਿ ਅਦ੍ਰਸੁਤਾ ਜਹ ਦੇਖੋਂ ਉਹੀ ਹੈ।
(ਪੰਨਾ 74/ਛੰਦ 4)

(2) ਪ੍ਰਿਥਵੀ ਭੁਮ ਆਕਾਸ ਤੈ ਹੀ ਕੀਆ ਹੈ। (309/421)

(3) ਤੁਹੀ ਤੇਜ ਆਕਾਸ ਥੰਭੋ ਮਹੀ ਹੈ। (309/422)

(4) ਤੁਹੀਂ ਦੇਵ ਤੂੰ ਦੈਤ ਤੈ ਜਛ ਉਪਾਏ।
ਤੁਹੀ ਤੁਰਕ ਹਿੰਦੂ ਜਗਤ ਮੈ ਬਨਾਏ। (809/3)

(5) ਤੁਮੀ ਸੁੰਭ ਨੈਸੁੰਭ ਦਾਨੌ ਸੰਘਾਰੇ। (809/4)

(6) ਤੁਮੀ ਸੇਸ ਕੀ ਆਪ ਸੇਜਸਾ ਬਨਾਈ।
ਤੁਹੀ ਕੇਸਰੀ ਬਾਹਮੀ ਕੈ ਕਹਾਈ। (809/8)

(7) ਤੁਮੀ ਦਾੜ ਪੈ ਭੂਮਿ ਕੋ ਭਾਰ ਧਾਰਜੋ। (809/5)

(8) ਤੁਮੀ ਰਾਮ ਹ੍ਵੈ ਕੈ ਹਠੀ ਦੈਤ ਘਾਯੋ।
ਤੁਮੀ ਕ੍ਰਿਸਨ ਹ੍ਵੈ ਕੰਸ ਕੇਸੀ ਖਪਾਯੋ।
ਤੁਹੀ ਜਾਲਪਾ ਕਾਲਕਾ ਕੈ ਬਖਾਨੀ। (809/6)

**(ੲ) ਸਰੂਪ :**

(1) ਨਮੋ ਸਿੰਘ ਬਾਹੀ ਨਮੋ ਦਾੜ ਗਾੜੇ। (ਪੰਨਾ 116/ਛੰਦ 234)
(2) ਨਮੋ ਰੂਪ ਕਾਲੀ ਕਪਾਲੀ ਅਨੰਦੀ। (116/238)
(3) ਨਮੋ ਚਤੁਰ ਬਾਹੀ ਨਮੋ ਅਸਟ ਬਾਹਾ। (117/245)
(4) ਨਮੋ ਦੀਰਘ ਦਾੜਾ ਨਮੋ ਸਿਆਮ ਬਰਣੀ। (117/248)
(5) ਅਰੂਪੰ ਅਨੂਪੰ ਅਨਾਮੰ ਅਠਾਮੰ। (118/251)

Digitized by Panjab Digital Library | www.panjabdigilib.org

(6) ਜਯੰਤੀ ਤੁਹੀ ਮੰਗਲਾ ਰੂਪ ਕਾਲੀ।
ਕਪਾਲਨਿ ਤੁਹੀ ਹੈ ਤੁਹੀ ਭਦ੍ਰਕਾਲੀ।
ਦ੍ਰੁਗਾ ਤੂੰ ਛਿਮਾ ਤੂੰ ਸਿਵਾ ਰੂਪ ਤੇਰੋ। (810/12)

(7) ਮੁੰਡ ਕੀ ਮਾਲ ਦਿਸਾਨ ਕੇ ਅੰਬਰ
ਬਾਮ ਕਰਯੋ ਗਲ ਮੈਂ ਅਸਿ ਭਾਰੋ।
ਲੋਚਨ ਲਾਲ ਕਰਾਲ ਦਿਪੈ ਦੋਊ
ਭਾਲ ਬਿਰਾਜਤ ਹੈ ਅਨਿਯਾਰੋ।
ਛੂਟੇ ਹੈ ਬਾਲ ਮਹਾ ਬਿਕਰਾਲ
ਬਿਸਾਲ ਲਸੈ ਰਦ ਪੰਤਿ ਉਜਯਾਰੋ।
ਛਾਡਤ ਜ੍ਵਾਲ ਲਏ ਕਰ ਬ੍ਯਾਲ
ਸੁ ਕਾਲ ਸਦਾ ਪ੍ਰਤਿਪਾਲ ਤਿਹਾਰੋ। (810/17)

ਇਨ੍ਹਾਂ ਟੂਕਾਂ ਤੋਂ ਭਲੀ-ਭਾਂਤ ਸਪੱਸ਼ਟ ਹੈ ਕਿ 'ਮਹਾਕਾਲ' ਅਤੇ 'ਕਾਲੀ' ਵਿਚ ਸਮਸਤ ਸੰਸਾਰ ਦੀ ਉਤਪੱਤੀ ਅਤੇ ਲਯ ਦੀ ਸ਼ਕਤੀ ਵਿਦਮਾਨ ਹੈ। ਪਰਮਾਤਮਾ ਦੀਆਂ ਸਾਰੀਆਂ ਸਮਰਥਾਵਾਂ ਦਾ ਆਰੋਪਣ ਇਨ੍ਹਾਂ ਤੇ ਕੀਤਾ ਗਿਆ ਹੈ। ਇਹ ਸਭ ਕੁਝ ਸੰਪ੍ਰਦਾਇਕਤਾ ਦੀ ਭਾਵ-ਧਾਰਾ ਦੇ ਅਨੁਰੂਪ ਹੈ। ਸੰਪ੍ਰਦਾਇਕਤਾ ਦੀ ਰੁਚੀ ਅਨੁਸਾਰ ਹਰ ਸੰਪ੍ਰਦਾਇ ਦੇ ਇਸ਼ਟ-ਦੇਵ ਦੂਜੇ ਸੰਪ੍ਰਦਾਇ ਦੇ ਇਸ਼ਟ-ਦੇਵਾਂ ਤੋਂ ਕਿਤੇ ਮਹਾਨ ਅਤੇ ਅਧਿਕ ਸ਼ਕਤੀ ਸੰਪੰਨ ਹੁੰਦੇ ਹਨ। ਇਹ ਰੁਚੀ ਸੰਪ੍ਰਦਾਵਾਂ ਲਈ ਕਈ ਵਾਰ ਹੋੜ ਜਾਂ ਪ੍ਰਤਿਯੋਗਤਾ ਦਾ ਕਾਰਣ ਵੀ ਬਣੀ ਹੈ। ਇਸ ਦਾ ਅਤਿ ਉਗਰ ਰੂਪ ਪੁਰਾਣਾਂ ਵਿਚ ਵੇਖਿਆ ਜਾ ਸਕਦਾ ਹੈ। ਵਿਚਾਰਾਧੀਨ ਪੌਰਾਣਿਕ ਕ੍ਰਿਤੀਆਂ ਵਿਚ ਵੀ ਇਸੇ ਰੁਚੀ ਅਧੀਨ 'ਮਹਾਕਾਲ' ਅਤੇ 'ਕਾਲੀ' ਦੀ ਸਮਰਥਾ ਦਰਸਾਈ ਗਈ ਹੈ।[1]

6. **ਪਰਸਪਰ ਸੰਬੰਧ :** ਇਸ ਵਿਵਰਣ ਤੋਂ ਸਪੱਸ਼ਟ ਹੈ ਕਿ 'ਮਹਾਕਾਲ' ਅਤੇ 'ਕਾਲੀ' ਦੋਵੇਂ ਦਿਬ-ਸ਼ਕਤੀਆਂ ਨਾਲ ਵਿਭੂਸ਼ਿਤ ਹਨ। ਇਨ੍ਹਾਂ ਦਾ ਸਰੂਪ ਸਿਲਿਸ਼ਟ ਹੈ, ਇਹ ਨਿਰਗੁਣ ਵੀ ਹਨ ਅਤੇ ਸਰਗੁਣ ਵੀ। ਕਈ ਇਕ ਪ੍ਰਸੰਗਾਂ ਵਿਚ ਤਾਂ ਇਨ੍ਹਾਂ ਦੋਹਾਂ ਇਸ਼ਟ-ਦੇਵਾਂ ਦੇ ਪਰਸਪਰ ਸੰਬੰਧ ਬਾਰੇ ਨਿਰਣਾ ਕਰ ਲੈਣਾ ਵੀ ਅਨੁਚਿਤ ਨਹੀਂ ਹੋਵੇਗਾ—

(1) 'ਚਰਿਤ੍ਰੋਪਾਖਿਆਨ' ਦੇ ਪਹਿਲੇ ਚਰਿਤ੍ਰ (ਦੇਵੀ-ਉਸਤਤਿ) ਵਿਚ 'ਕਾਲ' ਨੂੰ

---

1. 'ਦਸਮ ਗ੍ਰੰਥ' ਵਿਚ ਸੰਪ੍ਰਦਾਇਕਤਾ ਦੀ ਰੁਚੀ ਦੇ ਵਿਸਤਾਰ-ਪੂਰਣ ਵਿਵਰਣ ਲਈ ਵੇਖੋ 'ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ' (ਜੱਗੀ), ਪ੍ਰਕਰਣ 4 (ਸੰਪ੍ਰਦਾਇਕਤਾ)।

Digitized by Panjab Digital Library | www.panjabdigilib.org

ਹੀ 'ਕਾਲੀ' ਦਾ ਪ੍ਰਤਿਪਾਲਕ ਦਸਿਆ ਗਿਆ ਹੈ—

ਛਾਡਤ ਜ੍ਵਾਲ ਲਏ ਕਰ ਬਯਾਲ ਸੁਕਾਲ ਸਦਾ ਪ੍ਰਤਿਪਾਲ ਤਿਹਾਰੋ ॥੧੭॥
(ਦਸਮ ਗ੍ਰੰਥ, ਪੰਨਾ 810)

(2) 'ਚਰਿਤ੍ਰੋਪਾਖਿਆਨ' ਦੇ ਅੰਤਲੇ ਚਰਿਤ੍ਰ (405) ਵਿਚ 'ਮਹਾਕਾਲ' 'ਕਾਲੀ' ਨੂੰ ਵੈਰੀ-ਸੈਨਾ ਭਖਣ ਲਈ ਆਗਿਆ ਦਿੰਦਾ ਹੈ—

ਆਗਿਆ ਬਹੁਰਿ ਕਾਲਿ ਕਹ ਦੇਈ।
ਸਤ੍ਰੁ ਸੈਨ ਭਛਨ ਕਰਿ ਗਈ ॥੩੬੪॥ (ਦਸਮ ਗ੍ਰੰਥ, ਪੰਨਾ 1385)

7. ਉਕਤ ਦੋਹਾਂ ਪ੍ਰਸੰਗਾ ਵਿਚ ਇਸ਼ਟ-ਦੇਵਾਂ ਦਾ ਬਹੁਤ ਨਿਘਾ ਪਰਸਪਰ ਸੰਬੰਧ ਹੈ, ਪਰ 'ਕਾਲੀ' ਹੈ 'ਮਹਾਕਾਲ' ਦੇ ਅਧੀਨ। ਹੁਣ ਅਜਿਹੇ ਪ੍ਰਸੰਗਾਂ ਦੀ ਪਰਖ ਕਰਾਂਗੇ, ਜਿਥੇ ਇਨ੍ਹਾਂ ਦੋਹਾਂ ਵਿਚ ਪਰਸਪਰ ਇਕਮਿਕਤਾ ਪ੍ਰਤੀਤ ਹੁੰਦੀ ਹੈ—

(1) 'ਚਰਿਤ੍ਰੋਪਾਖਿਆਨ' ਦੇ ਪਹਿਲੇ ਚਰਿਤ੍ਰ ਵਿਚ ਉਸਤਤ ਦੇਵੀ ਦੀ ਹੋ ਰਹੀ ਹੈ ਅਤੇ ਵਿਚ ਵਿਚ 'ਕਾਲ' ਦਾ ਵੀ ਜ਼ਿਕਰ ਹੋਇਆ ਹੈ—

ਜਬ ਹੀ ਕਰ **ਕਾਲ** ਕ੍ਰਿਪਾਨ ਗਹੀ।
ਨਹਿ ਮੋਤੇ ਪ੍ਰਭਾ ਤਿਹ ਜਾਤ ਕਹੀ ॥੨੬॥
ਕੁਪਿ **ਕਾਲਿ** ਕ੍ਰਿਪਾਨ ਕਰੈ ਗਹਿ ਕੈ।
ਦਲ ਦੈਤਨ ਬੀਚ ਪਰੀ ਕਹਿ ਕੈ ॥੨੭॥
(ਦਸਮ ਗ੍ਰੰਥ, ਪੰਨਾ 811)

(2) 'ਚਰਿਤ੍ਰੋਪਾਖਿਆਨ' ਦੇ ਅੰਤਲੇ ਚਰਿਤ੍ਰ (405) ਵਿਚ ਦੂਲਹ ਦੇਵੀ ਨੂੰ ਵਰ 'ਕਾਲਿਕਾ' ਦਿੰਦੀ ਹੈ (ਛੰਦ 31) ਪਰ ਅਸੁਰਾਂ ਦੇ ਵਧ ਜਾਣ ਤੇ ਉਹ ਸਿਮਰਨ 'ਕਾਲ' ਦਾ ਕਰਦੀ ਹੈ (ਛੰਦ 52)। ਇਸੇ ਪ੍ਰਸੰਗ ਵਿਚ ਇਕੋ ਹੀ ਛੰਦ (77) ਅੰਦਰ 'ਕਾਲ' ਅਤੇ 'ਕਾਲੀ' ਦੋਵੇਂ ਨਾਂ ਇਕੱਠੇ ਵੀ ਵਰਤੇ ਗਏ ਹਨ। ਛੰਦ ਅੰਕ 126 ਵਿਚ ਜੇ 'ਮਹਾਕਾਲ' ਦਾ ਜ਼ਿਕਰ ਹੋਇਆ ਹੈ ਤਾਂ ਛੰਦ ਅੰਕ 132 ਵਿਚ ਪਹੁੰਚ ਕੇ ਉਸੇ ਪ੍ਰਸੰਗ ਦਾ ਸੰਬੰਧ 'ਕਾਲੀ' ਨਾਲ ਜੋੜ ਦਿੱਤਾ ਗਿਆ ਹੈ। ਅੰਤ ਵਿਚ ਤਾਂ ਕਵੀ ਗ੍ਰੰਥ ਦੇ ਨਿਰਵਿਘਨ ਸੰਪੂਰਣ ਹੋਣ ਤੇ ਦੋਹਾਂ ਦਾ ਧੰਨਵਾਦ ਕਰਦਾ ਹੈ—

(ੳ) ਕ੍ਰਿਪਾ ਕਰੀ ਹਮ ਪਰ **ਜਗਮਾਤਾ**। ਗ੍ਰੰਥ ਕਰਾ ਪੂਰਨ ਸੁਭਰਾਤਾ।
ਕਿਲ ਬਿਖ ਸਕਲ ਦੇਹ ਕੋ ਹਰਤਾ। ਦੁਸਟ ਦੋਖਿਯਨ ਕੋ ਛੈ ਕਰਤਾ ॥੪੦੨॥
(ਅ) **ਸ੍ਰੀ ਅਸਿਧੁਜ** ਜਬ ਭਏ ਦਇਆਲਾ। ਪੂਰਨ ਕਰਾ ਗ੍ਰੰਥ ਤਤਕਾਲਾ।
ਮਨ ਬਾਂਛਤ ਫਲ ਪਾਵੈ ਸੋਈ। ਦੂਖ ਨ ਤਿਸੈ ਬਿਆਪਤ ਕੋਈ ॥੪੦੩॥

(3) 'ਕ੍ਰਿਸਨਾਵਤਾਰ' ਦੇ 'ਰਾਸ-ਮੰਡਲ' ਪ੍ਰਸੰਗ ਦੇ ਮੰਗਲ ਵਿਚ 'ਦੇਵੀ ਦੀ ਉਸਤਤਿ' (ਛੰਦ 421—440) ਹੋਈ ਹੈ, ਪਰ ਇਸ ਪ੍ਰਸੰਗ ਵਿਚ ਮਹਾਕਾਲ,

Digitized by Panjab Digital Library | www.panjabdigilib.org

ਮਹਾਲੋਹ, ਆਦਿ ਦੀ ਵੀ ਉਸਤਤ ਕੀਤੀ ਗਈ ਹੈ—

> ਮਹਾਕਾਲ ਰਖਵਾਰ ਹਮਾਰੋ । ਮਹਾਲੋਹ ਮੈ ਕਿੰਕਰ ਥਾਰੋ ।
> ਅਪਨਾ ਜਾਨ ਕਰੋ ਰਖਵਾਰ । ਬਾਹ ਗਹੇ ਕੀ ਲਾਜ ਬਿਚਾਰ ॥੪੩੫॥

(4) 'ਪਾਰਸਨਾਥ' ਅਵਤਾਰ ਪ੍ਰਸੰਗ (ਛੰਦ ਅੰਕ 75-85) ਵਿਚ ਵੀ ਇਨ੍ਹਾਂ ਦੋਹਾਂ ਦੀ ਉਸਤਤ ਮਿਲਵੇਂ ਰੂਪ ਵਿਚ ਹੋਈ ਹੈ ।

(5) 'ਬ੍ਰਹਮਾਵਤਾਰ' ਦੇ ਬਾਲਮੀਕ ਅਵਤਾਰ ਪ੍ਰਸੰਗ ਵਿਚ 'ਕਾਲ' ਅਤੇ 'ਕਾਲਿਕਾ' ਦਾ ਮਿਲਵਾਂ-ਜੁਲਵਾਂ ਸਰੂਪ ਚਿਤਰਿਆ ਗਿਆ ਹੈ ।

8. ਉਕਤ ਵਿਚਾਰ ਤੋਂ ਸਪੱਸ਼ਟ ਹੈ ਕਿ 'ਕਾਲੀ' ਅਸਲ ਵਿਚ 'ਮਹਾਕਾਲ' ਦਾ ਅਭਿੰਨ ਰੂਪ ਹੈ ਅਤੇ ਉਸੇ ਦੀ ਸ਼ਕਤੀ ਹੈ । ਸ਼ਿਵ ਪੁਰਾਣ (ਸ਼ਤ ਰੁਦ੍ਰ ਸੰਹਿਤਾ/17ਵਾਂ ਅਧਿਆਇ) ਵਿਚ 'ਮਹਾਕਾਲ' ਨੂੰ ਸ਼ਿਵ ਜੀ ਦਾ ਪ੍ਰਥਮ ਅਵਤਾਰ ਦਸਿਆ ਗਿਆ ਹੈ ਅਤੇ 'ਮਹਾਕਾਲੀ' ਉਸੇ ਦੀ ਹੀ ਸ਼ਕਤੀ ਜਾਂ ਵਿਦਿਆ ਹੈ । ਇਹ ਦੋਵੇਂ ਭਗਤਾਂ ਨੂੰ ਭੁਗਤੀ-ਮੁਕਤੀ ਪ੍ਰਦਾਨ ਕਰਨ ਵਾਲੇ ਹਨ ਅਤੇ ਉਨ੍ਹਾਂ ਦੀਆਂ ਅਭਿਲਾਸ਼ਾਵਾਂ ਨੂੰ ਵੀ ਪੂਰਨ ਕਰਦੇ ਹਨ[1] । ਪਰ ਦਸਮ ਗ੍ਰੰਥ ਵਿਚ ਇਹ ਦੋਵੇਂ ਸੁਤੰਤਰ ਰੂਪ ਵਿਚ ਚਿਤਰੇ ਗਏ ਹਨ, ਸ਼ਿਵ ਆਦਿ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਹੀਂ, ਸਗੋਂ ਉਨ ਤੋਂ ਸ੍ਰੇਸ਼ਟ ਹਨ । ਇਨ੍ਹਾਂ ਦੋਹਾਂ ਦਾ ਰੂਪ ਵੀ ਕਰੂਰ ਅਤੇ ਭਿਆਨਕ ਹੈ । ਇਹ ਰੂਪ ਸ਼ਿਵ ਦੇ 'ਕਪਾਲਿਨ' ਰੂਪ ਨਾਲ ਬਹੁਤ ਸਮਾਨਤਾ ਰਖਦਾ ਹੈ । "ਇਸ ਰੂਪ ਵਿਚ ਸ਼ਿਵ ਜੀ ਦੀ ਆਕ੍ਰਿਤੀ ਭਿਆਨਕ ਹੈ ।...... ਉਨ੍ਹਾਂ ਦੀ ਜੀਭ ਤੇ ਦੰਦ ਬਾਹਰ ਨਿਕਲੇ ਹੋਏ ਹਨ ਅਤੇ ਉਹ ਸਭ ਪ੍ਰਕਾਰ ਤੋਂ 'ਭੀਸ਼ਣ' ਹਨ । ਉਹ ਬਿਲਕੁਲ ਵਸਤ੍ਰਹੀਨ ਹਨ ਅਤੇ ਇਸੇ ਕਰ ਕੇ ਉਨ੍ਹਾਂ ਨੂੰ 'ਦਿਗੰਬਰ' ਦੀ ਉਪਾਧਿ ਵੀ ਮਿਲੀ ਹੈ...ਉਨ੍ਹਾਂ ਦੇ ਗੱਲ ਵਿਚ ਨਰਮੁੰਡ ਦੀ ਮਾਲਾ ਹੈ ਸ਼ਮਸ਼ਾਨ ਉਨ੍ਹਾਂ ਦੀ ਪ੍ਰਿਯ-ਭੂਮੀ ਹੈ ।"[2] ਡਾ. ਯਦੁਵੰਸ਼ੀ ਨੇ 'ਕਾਲੀ ਤੰਤ੍ਰ' ਵਿਚ ਚਿਤਰਿਤ ਦੇਵੀ ਦੇ ਰੂਪ ਨੂੰ ਸ਼ਿਵ ਦੇ 'ਕਪਾਲਿਨ' ਰੂਪ ਜਿਹਾ ਹੀ ਮੰਨਿਆ ਹੈ । ਦੇਵੀ ਦਾ "ਮੁਖ ਕਰਾਲ ਹੈ, ਕੇਸ ਖਿੰਡੇ ਹੋਏ ਹਨ, ਉਹ ਕਪਾਲਾਂ ਦੀ ਮਾਲਾ ਨਾਲ ਸਜੀ ਹੋਈ ਹੈ ਅਤੇ ਹੱਥ ਵਿਚ ਸਦ-ਛਿੰਨ ਨਰ-ਮੁੰਡ ਲਏ ਹੋਏ ਹਨ । ਉਹ ਕ੍ਰਿਸ਼ਨਵਰਣਾ (ਕਾਲੇ ਰੰਗ ਵਾਲੀ) ਹੈ, ਦਿਗੰਬਰੀ ਹੈ ਅਤੇ

---

1. शृण्वथो गिरिशस्याद्यावतारान् दशसंख्यकान् ।
   महाकाल मुखान् भक्तयोपासनाकाण्ड सेवितान् ।।१।।
   तत्राधो हि महाकालो भुक्तिमुक्ति प्रदस्सतान् ।
   शक्तिस्तत्र महाकाली भक्तेप्सितफल प्रदा ।।२।।
2. ਸ਼ੈਵ ਮੱਤ (ਯਦੁਵੰਸ਼ੀ), ਪੰਨਾ 107

Digitized by Panjab Digital Library | www.panjabdigilib.org

ਸ਼ਮਸ਼ਾਨ ਭੂਮੀ ਵਿਚ ਬਿਹਾਰ ਕਰਦੀ ਹੈ" ।[1] ਦਸਮ ਗ੍ਰੰਥ ਵਿਚ ਚਿਤਰਿਆ 'ਕਾਲੀ' ਦਾ ਜੋ ਸਰੂਪ ਉਪਰ ਦਰਸਾਇਆ ਜਾ ਚੁਕਾ ਹੈ (ਪੈਰਾ 5-8), 'ਕਾਲੀ-ਤੰਤ੍ਰ' ਦੇ ਦੇਵੀ ਦੇ ਸਰੂਪ ਨਾਲ ਲਗ-ਭਗ ਸਮਾਨਤਾ ਰਖਦਾ ਹੈ ।

9. ਇਸ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਦਸਮ ਗ੍ਰੰਥ ਵਿਚ 'ਮਹਾਕਾਲ' ਅਤੇ 'ਕਾਲੀ' ਅਸਲ ਵਿਚ ਸ਼ਾਕਤ ਮਤ ਅਨੁਸਾਰ ਹੀ ਚਿਤਰੇ ਹੋਏ ਹਨ, ਕਿਉਂਕਿ ਇਨ੍ਹਾਂ ਕ੍ਰਿਤੀਆਂ ਤੋਂ ਸ਼ਾਕਤ ਭਗਤੀ ਨੂੰ ਵੱਖ ਨਹੀਂ ਕੀਤਾ ਜਾ ਸਕਦਾ । ਇਥੋਂ ਤਕ ਕਿ 'ਬਚਿਤ੍ਰ-ਨਾਟਕ' ਦੇ ਕਵੀ ਨੇ ਤਾਂ ਪੂਰਬ-ਜਨਮ ਵਿਚ ਆਪਣੇ ਚਰਿਤ੍ਰ-ਨਾਇਕ ਦਸਮ ਗੁਰੂ ਤੋਂ ਮਹਾਕਾਲ ਅਤੇ ਕਾਲਿਕਾ ਦੀ ਯੁਗਲ-ਭਗਤੀ ਕਰਵਾਈ ਹੈ[2] ਅਤੇ ਹੁਣ ਵੀ ਗੁਰੂ ਜੀ ਇਨ੍ਹਾਂ ਦੋਹਾਂ ਨੂੰ ਮਾਤਾ-ਪਿਤਾ ਦੇ ਯੁਗਲ ਰੂਪ ਵਿਚ ਗ੍ਰਹਿਣ ਕਰਦੇ ਵਿਖਾਏ ਗਏ ਹਨ—

ਸਰਬਕਾਲ ਹੈ ਪਿਤਾ ਹਮਾਰਾ ।
ਦੇਬਿ ਕਾਲਕਾ ਮਾਤ ਹਮਾਰਾ ॥ ੫ ॥ (ਦਸਮ ਗ੍ਰੰਥ, ਪੰਨਾ 73)

ਯੁਗਲ-ਭਗਤੀ ਭਾਰਤੀ ਧਰਮ-ਸਾਧਨਾ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰਖਦੀ ਹੈ । ਭਿੰਨ ਭਿੰਨ ਸੰਪ੍ਰਦਾਵਾਂ ਨੇ ਆਪਣੀ ਆਪਣੀ ਧਾਰਨਾ ਅਨੁਸਾਰ ਰਾਧਾ-ਕ੍ਰਿਸ਼ਨ, ਸੀਤਾ ਰਾਮ, ਸ਼ਿਵ-ਪਾਰਵਤੀ, ਵਿਸ਼ਨੂੰ-ਲਛਮੀ, ਮਹਾਕਾਲ-ਕਾਲੀ ਆਦਿ ਯੁਗਲ ਇਸ਼ਟਾਂ ਦੀ ਕਲਪਨਾ ਕੀਤੀ ਹੈ । ਤਾਂਤ੍ਰਿਕ ਬੋਧੀਆਂ ਨੇ ਇਸੇ ਦੇ ਸਮਾਨਾਂਤਰ ਯੁਗਨੱਧ ਭਗਤੀ ਦੀ ਸਥਾਪਨਾ ਕੀਤੀ ਹੈ । ਇਨ੍ਹਾਂ ਇਸ਼ਟ-ਦੇਵਾਂ ਦੀਆਂ ਯੁਗਲ ਮੂਰਤੀਆਂ ਤਕ ਦਾ ਨਿਰਮਾਣ ਹੋਇਆ ਹੈ । ਪਰ ਨਿਰਗੁਣਵਾਦੀ ਧਰਮ-ਸਾਧਕਾਂ ਨੇ ਕੇਵਲ ਇਕ ਅਖੰਡ ਬ੍ਰਹਮ ਦੀ ਭਗਤੀ ਤੇ ਬਲ ਦਿੱਤਾ ਹੈ ਅਤੇ ਸਿੱਖ ਸਿੱਧਾਂਤ ਪ੍ਰਧਾਨ 'ਆਦਿ ਗ੍ਰੰਥ' ਵਿਚ ਵੀ ਯੁਗਲ-ਭਗਤੀ ਦਾ ਪ੍ਰਤਿਪਾਦਨ ਨਹੀਂ ਹੈ, ਨਾ ਹੀ ਗੁਰਮਤ ਦੇ ਪ੍ਰਚਾਰਕ ਅਤੇ ਪ੍ਰਵਕਤਾ ਭਾਈ ਗੁਰਦਾਸ ਨੇ ਯੁਗਲ-ਭਗਤੀ ਦੀ ਕੋਈ ਭਾਵਨਾ ਪ੍ਰਗਟ ਕੀਤੀ ਹੈ । ਦਸਮ ਗ੍ਰੰਥ ਦੀਆਂ ਪੌਰਾਣਿਕ ਕ੍ਰਿਤੀਆਂ ਵਿਚ ਪ੍ਰਤਿਪਾਦਿਤ ਮਹਾਕਾਲ-ਕਾਲੀ ਦੀ ਯੁਗਲ-ਭਗਤੀ ਨਿਰਸੰਦੇਹ 'ਆਦਿ ਗ੍ਰੰਥ' ਅਤੇ ਗੁਰਮਤ ਦੇ ਉਲਟ ਹੈ । ਇਸ ਤੋਂ ਛੁਟ, ਦਸਮ ਗ੍ਰੰਥ ਵਿਚ ਦਰਜ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਮਾਣਿਕ ਰਚਨਾ 'ਅਕਾਲ ਉਸਤਤਿ' (201 ਤੋਂ 230 ਤਕ ਦੇ ਛੰਦ ਛੱਡ ਕੇ) ਵਿਚ ਅਕਾਲ ਪੁਰਖ ਦੀ ਉਸਤਤ ਕਰਦਿਆਂ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ 'ਮਹਾਕਾਲ' ਦਾ ਵੀ ਸੁਆਮੀ ਅਤੇ ਨਿਯੰਤਾ ਦਸਿਆ ਹੈ—

---

1. ਸ਼ੈਵ ਮੱਤ( ਯਦੂ ਵੰਸ਼ੀ),ਪੰਨਾ 120
2. ਤਹ ਹਮ ਅਧਿਕ ਤਪਸਿਆ ਸਾਧੀ ।
ਮਹਾਂਕਾਲ ਕਾਲਕਾ ਅਰਾਧੀ ॥ ੨ ॥ (ਦਸਮ ਗ੍ਰੰਥ, ਪੰਨਾ 54—55)

Digitized by Panjab Digital Library | www.panjabdigilib.org

ਗਿਆਨ ਹੂ ਕੇ ਗਿਆਤਾ ਮਹਾ ਬੁੱਧਤਾ ਕੇ ਦਾਤਾ ਦੇਵ
ਕਾਲ ਹੂ ਕੇ ਕਾਲ **ਮਹਾਂਕਾਲ ਹੂ ਕੇ ਕਾਲ ਹੈਂ** ॥ ੧ ॥
(ਦਸਮ ਗ੍ਰੰਥ, ਪੰਨਾ 36)

10. ਉਪਰੋਕਤ ਵਿਵੇਚਨ ਤੋਂ ਸਪੱਸ਼ਟ ਹੈ ਕਿ 'ਮਹਾਕਾਲ' ਦਾ ਸੰਬੰਧ ਅਕਾਲ ਪੁਰਖ ਨਾਲ ਨਹੀਂ ਹੈ ਅਤੇ ਨਾ ਹੀ ਇਹ ਦਸਮ ਗੁਰੂ ਦਾ ਇਸ਼ਟ-ਦੇਵ ਹੈ। ਅਸਲ ਵਿਚ, ਪੌਰਾਣਿਕ ਕ੍ਰਿਤੀਆਂ ਸਾਕਤ ਮਤ ਦੀ ਵਾਮ ਮਾਰਗੀ ਸ਼ਾਖਾ ਦੀਆਂ ਪ੍ਰਵਿਰਤੀਆਂ ਅਤੇ ਤਾਂਤ੍ਰਿਕ ਭਾਵਨਾਵਾਂ ਨਾਲ ਸਮਾਵਿਸ਼ਟ ਹਨ। ਗਿਆਨੀ ਹਰਨਾਮ ਸਿੰਘ ਬੱਲਭ[1] ਅਤੇ ਸ. ਸਮਸ਼ੇਰ ਸਿੰਘ 'ਅਸ਼ੋਕ'[2] ਨੇ ਵੀ ਉਕਤ ਕਥਨ ਦੀ ਪੁਸ਼ਟੀ ਕੀਤੀ ਹੈ। ਇਸ ਕਥਨ ਦੀ ਹੋਰ ਵਿਸਤਾਰ ਸਹਿਤ ਪੁਸ਼ਟੀ ਕਰ ਲੈਣਾ ਅਨੁਚਿਤ ਨਹੀਂ ਹੋਵੇਗਾ। ਕੁਲ ਮਿਲਕੇ ਸਾਕਤ ਮਤ ਦੇ ਵਾਮ-ਮਾਰਗੀਆਂ ਅਤੇ ਤਾਂਤ੍ਰਿਕਾਂ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਪੰਜ ਹਨ—

(ੳ) ਦੇਵੀ ਪ੍ਰਤਿ ਇਸ਼ਟ-ਭਾਵਨਾ,
(ਅ) ਮੈਥੁਨ ਅਤੇ ਅਸ਼ਲੀਲ ਸ਼ਬਦਾਵਲੀ ਦੀ ਵਰਤੋਂ,
(ੲ) ਸ਼ਸਤ੍ਰ ਪੂਜਾ,
(ਸ) ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ,
(ਹ) ਮਾਸ ਖਾਣਾ,

ਦਸਮ ਗ੍ਰੰਥ ਦੀਆਂ ਇਨ੍ਹਾਂ ਦੋਹਾਂ ਪੌਰਾਣਿਕ ਕ੍ਰਿਤੀਆਂ (ਚਰਿਤ੍ਰ ਨਾਟਕ, ਅਤੇ ਚਰਿਤ੍ਰੋਪਾਖਿਆਨ) ਵਿਚ ਉਕਤ ਪ੍ਰਵਿਰਤੀਆਂ ਪ੍ਰਤਿ ਪ੍ਰਤੱਖ ਝੁਕਾ ਹੈ—

11. **(ੳ) ਦੇਵੀ ਪ੍ਰਤਿ ਇਸ਼ਟ-ਭਾਵਨਾ :** ਦੇਵੀ ਪ੍ਰਤਿ ਇਨ੍ਹਾਂ ਕ੍ਰਿਤੀਆਂ ਦੇ ਕਵੀਆਂ ਦੀ ਇਸ਼ਟ-ਭਾਵਨਾ ਕੀ ਰਹੀ ਹੈ, ਇਸ ਦਾ ਵਿਸ਼ਲੇਸ਼ਣ ਉਪਰ ਕਰ ਆਏ ਹਾਂ, ਇਕ ਹੋਰ ਉਦਾਹਰਣ ਲਈ 'ਰਾਸ-ਮੰਡਲ' ਦੇ "ਦੇਵੀ ਜੂ ਕੀ ਉਸਤਤ ਕਥਨੰ" ਪ੍ਰਸੰਗ ਵਿਚ ਕਵੀ ਦਾ ਹੇਠ ਲਿਖਿਆ ਕਥਨ ਵੇਖੋ—

ਦਾਸ ਜਾਨ ਕਰਿ ਦਾਸ ਪਰਿ ਕੀਜੈ ਕ੍ਰਿਪਾ ਅਪਾਰ।
ਆਪ ਹਾਥ ਦੈ ਰਾਖ ਮੁਹਿ ਮਨ ਕ੍ਰਮ ਬਚਨ ਬਿਚਾਰ ॥੪੩੩॥
(ਦਸਮ ਗ੍ਰੰਥ, ਪੰਨਾ 310)

ਕਈ ਇਕ ਪ੍ਰਸੰਗਾਂ ਵਿਚ ਤਾਂ ਇਨ੍ਹਾਂ ਕਵੀਆਂ ਨੇ ਆਪਣੇ ਚਰਿਤ੍ਰ-ਨਾਇਕਾ

---

1. 'ਪੰਜਾਬੀ ਦੁਨੀਆ' · ਫਰਵਰੀ, 1960 (ਕ੍ਰਿਸ਼ਨਾਵਤਾਰ) ਅਤੇ 'ਪੰਜਾਬੀ ਦੁਨੀਆ'; ਜਲਾਈ, 1960 (ਚਰਿਤ੍ਰੋਪਾਖਿਆਨ)
2. 'ਪ੍ਰੀਤਮ'; ਅਕਤੂਬਰ, 1942 (ਦਸਮ ਗ੍ਰੰਥ ਵਿਚ ਤਾਂਤ੍ਰਿਕ ਮਤ)

Digitized by Panjab Digital Library | www.panjabdigilib.org

ਦੁਆਰਾ ਵੀ ਦੇਵੀ ਦੀ ਪੂਜਾ ਕਰਵਾਈ ਹੈ। 'ਅਪਨੀ ਕਥਾ' ਦੇ ਚਰਿਤ੍ਰ-ਨਾਇਕ ਦਸਮ ਗੁਰੂ ਦੇ ਸੰਬੰਧ ਵਿਚ ਉਪਰ ਦਸਿਆ ਜਾ ਚੁਕਾ ਹੈ। ਹੁਣ ਹੋਰਨਾਂ ਨਾਇਕਾਂ ਬਾਰੇ ਕੁਝ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ—

(1) 'ਪਾਰਸਨਾਥ ਅਵਤਾਰ' ਪ੍ਰਸੰਗ ਵਿਚ ਉਸ ਪਾਸੋਂ ਦੇਵੀ ਦੀ ਪੂਜਾ ਕਰਵਾਈ ਗਈ ਹੈ (ਛੰਦ 45–85)।

(2) 'ਰਾਮਾਵਤਾਰ' ਵਿਚ ਸ਼ਤ੍ਰੁਘਨ ਦੁਰਗਾ ਦਾ ਜਾਪ ਕਰਕੇ ਲਵਣਾਸੁਰ ਨੂੰ ਤੀਰ ਮਾਰਦਾ ਹੈ—

ਹਨਿਯੋ ਤਾਹਿ ਸੀਸੰ ਦ੍ਰੁਗਾ ਜਾਪ ਜਾਪੰ ॥੭੧੨॥

(ਦਸਮ ਗ੍ਰੰਥ, ਪੰਨਾ 244)

(3) 'ਰਾਮਾਵਤਾਰ' ਵਿਚ ਰਿਸ਼ੀ ਬਾਲਮੀਕ ਤਿਆਗੀ ਹੋਈ ਸੀਤਾ ਨੂੰ ਆਪਣੇ ਆਸ਼੍ਰਮ ਵਿਚ ਲੈ ਜਾ ਕੇ ਦੁਰਗਾ ਦਾ ਪਾਠ ਆਰੰਭ ਕਿਤਾ ਹੈ—

[illegible]

(ਦਸਮ ਗ੍ਰੰਥ, ਪੰਨਾ [illegible])

(4) 'ਕ੍ਰਿਸ਼ਨਾਵਤਾਰ' ਵਿਚ ਕਵੀ ਨੇ ਕ੍ਰਿਸ਼ਨ ਤੋਂ ਨਿਤਾ-ਪ੍ਰਤਿ 'ਦੁਰਗਾ ਸਪਤਸ਼ਤੀ' ਦਾ ਪਾਠ ਕਰਵਾ ਕੇ ਹੋਰਨਾਂ ਤੋਂ ਵੀ ਇਹੀ ਆਸ ਕੀਤੀ ਹੈ–

ਬ੍ਰਹਮ ਮਹੂਰਤ ਸਜਾਮ ਉਠੇ ਉਠ
ਨਾਇ ਹ੍ਰਿਦੇ ਹਰਿ ਧਿਆਨ ਧਰੈ।
ਫਿਰ ਸੰਧਜਾਹਿ ਕੋਰ ਵਿਹੋਤ
ਉਦੈ ਸੁ ਜਲਾਜਲੁ ਦੈ ਅਰੁ ਮੰਤ੍ਰ ਰਰੈ।
ਫਿਰ ਪਾਠ ਕਰੈ ਸਤਿ ਸੈਈ ਸਲੋਕ ਕੋ
ਸਜਾਮ ਨਿਤਾਪ੍ਰਤ ਪੈ ਨ ਟਰੈ।
ਤਬ ਕਰਮਨ ਕਉਨ ਕਰੈ ਜਗ ਮੈ
ਜਬ ਆਪਨ ਸਜਾਮ ਜੁ ਕਰਮ ਕਰੈ। ॥੨੩੦੬॥

(ਦਸਮ ਗ੍ਰੰਥ, ਪੰਨਾ 546)

ਦੇਵੀ ਪ੍ਰਤਿ ਭਗਤੀ-ਭਾਵਨਾ ਦਾ ਉਕਤ ਉੱਲੇਖ ਮੂਲਾਧਾਰ ਪੌਰਾਣਿਕ ਪ੍ਰਸੰਗਾਂ ਵਿਚ ਨਹੀਂ ਹੈ। ਫਲਸਰੂਪ, ਪ੍ਰਸਤੁਤ ਪ੍ਰਸੰਗਾਂ ਵਿਚ ਇਹ ਉੱਲੇਖ ਕਵੀਆਂ ਦੀ ਇਸਟ-ਬੁੱਧੀ ਦਾ ਸੂਚਕ ਹੈ।

12. (ੳ) **ਮੈਥੁਨ : ਅਸ਼ਲੀਲ ਸ਼ਬਦਾਵਲੀ, ਦੀ ਵਰਤੋਂ :** "ਪੰਜ ਮਕਾਰ ਤੰਤ੍ਰ ਦੇ ਪ੍ਰਾਣ-ਰੂਪ ਹਨ। ਪੰਚ ਮਕਾਰ ਤੋਂ ਬਿਨਾਂ ਤਾਂਤ੍ਰਿਕ ਨੂੰ ਕਿਸੇ ਵੀ ਕਾਰਜ ਦਾ

Digitized by Panjab Digital Library | www.panjabdigilib.org

ਅਧਿਕਾਰ ਨਹੀਂ ਹੈ।[1] ਇਨ੍ਹਾਂ ਪੰਜਾਂ ਵਿਚੋਂ ਮੈਥੁਨ (ਜਿਨਸੀ ਮਿਲਾਪ) ਵੀ ਇਕ ਮਕਾਰ ਹੈ। ਮੈਥੁਨ ਸੰਬੰਧੀ ਪ੍ਰਕਿਰਿਆ ਵਿਚ ਅਸ਼ਲੀਲ ਅਤੇ ਅਨੈਤਿਕ ਸ਼ਬਦਾਵਲੀ ਦੀ ਵਰਤੋਂ ਹੋ ਜਾਣਾ ਸੁਭਾਵਿਕ ਹੈ। ਤੰਤ੍ਰਾਂ ਅਨੁਸਾਰ ਕੋਈ ਵੀ ਅਜਿਹਾ ਸ਼ਬਦ ਨਹੀਂ, ਜਿਸ ਦੇ ਬੋਲਣ ਵਿਚ ਸੰਕੋਚ ਕੀਤਾ ਜਾ ਸਕੇ। ਘਿਰਣਾ ਜਾਂ ਸੰਕੋਚ ਕਰਨ ਵਾਲਿਆਂ ਨੂੰ ਪਾਸ਼-ਗ੍ਰਸਤ ਪਸ਼ੂ ਆਖਿਆ ਜਾਂਦਾ ਹੈ। ਤੰਤ੍ਰਾਂ ਵਿਚ ਮਨੁਖੀ ਗੁਪਤ ਅੰਗਾਂ ਦੇ ਸਤੋਤ੍ਰ ਵੀ ਮਿਲਦੇ ਹਨ ਅਤੇ 'ਮਹਾਕਾਲ' ਅਤੇ 'ਮਹਾਕਾਲੀ' ਦੇ ਉਲਟੇ ਆਸਨਾ ਦਾ ਵੀ ਜ਼ਿਕਰ ਹੈ। 'ਕਾਲੀ ਤੰਤ੍ਰ' ਅਨੁਸਾਰ ਤਾਂ "ਦੇਵੀ ਜ਼ਿਆਦਾਤਰ ਆਪਣੇ ਪਤੀ ਨਾਲ ਸੰਭੋਗ ਵਿਚ ਰਤ ਰਹਿੰਦੀ ਹੈ ਅਤੇ ਇਸ ਸੰਭੋਗ ਵਿਚ ਉਸਨੂੰ ਸਭ ਤੋਂ ਜ਼ਿਆਦਾ ਪ੍ਰਸੰਨਤਾ ਹੁੰਦੀ ਹੈ।"[2]

ਉਕਤ ਦੋਹਾਂ ਪੌਰਾਣਿਕ ਕ੍ਰਿਤੀਆਂ ਵਿਚੋਂ 'ਚਰਿਤ੍ਰੋਪਾਖਿਆਨ' ਤਾਂ ਮੈਥੁਨੀ ਆਸਨਾਂ, ਚੁੰਬਨਾਂ ਅਤੇ ਗਲਵਕੜੀਆਂ ਦਾ ਵਿਵਰਣ ਮਾਤ੍ਰ ਹੈ। ਅਲਿੰਗਨ ਅਤੇ ਚੁੰਬਨ ਦੇ ਉੱਲੇਖ ਤੋਂ ਸ਼ਾਇਦ ਹੀ ਕੋਈ ਚਰਿਤ੍ਰ-ਪ੍ਰਸੰਗ ਬਚਿਆ ਹੋਵੇ। ਕਾਮ, ਭੋਗ ਤੇ ਵਿਲਾਸ ਲਈ ਇਸਤ੍ਰੀਆਂ ਤੋਂ ਨੀਚ ਅਤੇ ਘਿਰਣਿਤ ਕੰਮ ਕਰਵਾਏ ਗਏ ਹਨ। ਅਜਿਹੀਆਂ ਕਥਾਵਾਂ ਵਿਚ ਗੁਪਤ ਅੰਗਾਂ ਦਾ ਵੀ ਨਿਰਸੰਕੋਚ ਭਾਵ ਨਾਲ ਵਰਣਨ ਕੀਤਾ ਹੈ, ਜਿਵੇਂ—

(1) ਭਗ ਮੇਂ ਲਿੰਗ ਦਿਯੋ ਰਾਜਾ ਜਬ।
ਰੁਚਿ ਉਪਜੀ ਤਰਨੀ ਕੇ ਜਿਯ ਤਬ।
ਲਪਟਿ ਲਪਟਿ ਆਸਨ ਤਰ ਗਈ।
ਚੁੰਬਨ ਕਰਤ ਭੂਪ ਕੇ ਭਈ ॥ ੨੫ ॥

ਗਹਿ ਗਹਿ ਤਿਹ ਕੋ ਗਰੇ ਲਗਾਵਾ।
ਆਸਨ ਸੋ ਆਸਨਹਿ ਛੁਹਾਵਾ।
ਅਧਰਨ ਸੋ ਦੋਊ ਅਧਰ ਲਗਾਏ।
ਦੁਹੂੰ ਕੁਚਨ ਸੋਂ ਕੁਚਨ ਮਿਲਾਈ ॥ ੨੬ ॥

(ਦਸਮ ਗ੍ਰੰਥ, ਪੰਨਾ 1358)

(2) ਕੈ ਜੜ ਪ੍ਰਾਨਨ ਕੀ ਆਸਾ ਤਜੁ।
ਕੈ ਰੁਚਿ ਮਾਨਿ ਆਉ ਮੁਹਿ ਕੋ ਭਜੁ।
ਕੈ ਤੁਹਿ ਕਾਟਿ ਕਰੌ ਸਤ ਖੰਡਾ।
ਦੈ ਕੈ ਮੋਰਿ ਭਗਾ ਬਿਖੈ ਲੰਡਾ ॥ ੧੧ ॥

(ਦਸਮ ਗ੍ਰੰਥ, ਪੰਨਾ 1267)

---

1. ਵਿਦ੍ਰੂਪ (ਰਾਮ ਦਾਸ ਗੌੜ), ਪੰਨਾ 493,
2. ਸ਼ੈਵ ਮਤ (ਯਦੁਵੰਸ਼ੀ), ਪੰਨਾ 121,

Digitized by Panjab Digital Library | www.panjabdigilib.org

ਇਸ ਸੰਬੰਧੀ ਕੁਝ ਉਦਾਹਰਣ ਪਿੱਛੇ ਦੂਜੇ ਪ੍ਰਕਾਸ਼ (ਪੈਰਾ 11-ੲ) ਵਿਚ ਦਿੱਤੇ ਜਾ ਚੁਕੇ ਹਨ। ਅਸਲ ਵਿਚ, ਜੋ ਅਸ਼ਲੀਲਤਵ ਖਜੋਰਾਹੋ ਅਤੇ ਜਗਨ ਨਾਥ ਪੁਰੀ ਦੇ ਮੰਦਿਰਾਂ ਵਿਚ ਮੂਰਤੀਮਾਨ ਹੈ, ਉਸ ਦਾ ਲਿਪੀਕਰਣ 'ਚਰਿਤ੍ਰੋਪਾਖਿਆਨ' ਵਿਚ ਹੋਇਆ ਹੈ।

'ਬਚਿਤ੍ਰ ਨਾਟਕ' ਵਿਚ ਵੀ ਅਜਿਹੇ ਪ੍ਰਸੰਗ ਮਿਲ ਜਾਂਦੇ ਹਨ—

(1) ਪ੍ਰਿਥੂ-ਸਕੁੰਤਲਾ (ਬ੍ਰਹਮਾਵਤਾਰ) ਪ੍ਰਸੰਗ ਵਿਚ ਪ੍ਰਿਥੂ ਰਾਤ ਨੂੰ ਸ਼ਕੁੰਤਲਾ ਪਾਸ ਕੁਟੀਆ ਵਿਚ ਰਹਿੰਦਾ ਹੈ। ਇਸ ਘਟਨਾ ਦਾ ਜ਼ਿਕਰ ਕਰਦੇ ਹੋਇਆਂ ਕਵੀ ਨੇ ਲਿਖਿਆ ਹੈ—

ਬਹੁ ਭਾਂਤ ਭਜੀ। ਨਿਸ ਲੌ ਨ ਤਜੀ।
ਦੋਊ ਰੀਝ ਰਹੇ। ਨਹਿ ਜਾਤ ਕਹੇ ॥ ੩੦ ॥

(ਦਸਮ ਗ੍ਰੰਥ, ਪੰਨਾ 616)

(2) ਊਸ਼ਾ-ਅਨਿਰੁਧ (ਕ੍ਰਿਸ਼ਨਾਵਤਾਰ) ਪ੍ਰਸੰਗ ਵਿਚ ਜਦ ਉਨ੍ਹਾਂ ਦੋਹਾਂ ਨੂੰ ਦੂਤੀ ਮਿਲਾ ਦਿੰਦੀ ਹੈ ਤਾਂ ਉਸ ਘਟਨਾ ਦਾ ਚਿਤ੍ਰਣ ਕਵੀ ਨੇ ਇੰਜ ਕੀਤਾ ਹੈ—

ਚਾਰ ਪ੍ਰਕਾਰ ਕੋ ਭੋਗ ਕੀਯੋ ਨਰ ਨਾਰ ਹੁਲਾਸ ਹੀਯੈ ਮੈ ਬਢੈਕੈ।
ਆਸਨ ਕੋਕ ਕੇ ਬੀਚ ਜਿਤੇ ਕਬਿ ਭਾਖਤ ਹੈ ਸੁ ਸਬੈ ਇਨ ਕੈਕੈ।
ਬਾਤ ਕਹੀ ਅਨਰੁਧ ਕਛੂ ਮੁਸਕਾਇ ਤ੍ਰੀਆ ਸੰਗ ਨੈਨ ਨਚੈਕੈ।
ਜਿਉ ਹਮਰੀ ਤੁਮ ਹ੍ਵੈ ਰਹੀ ਸੁੰਦਰਿ ਤਿਉ ਹਮਹੂ ਤੁਮਰੇ ਰਹੇ ਹ੍ਵੈਕੈ ॥੨੨੦੫॥

(ਦਸਮ ਗ੍ਰੰਥ, ਪੰਨਾ 533)

ਇਸ਼ਟ-ਦੇਵ ਪ੍ਰਤਿ ਸ਼ਰਧਾਯੁਕਤ ਉਕਤੀਆਂ ਵਿਚ ਵੀ ਗੁਪਤ ਅੰਗਾਂ ਦੇ ਨਾਂਵਾਂ ਦਾ ਜ਼ਿਕਰ ਮਿਲ ਜਾਂਦਾ ਹੈ। ਇਹ ਵੀ ਤਾਂਤ੍ਰਿਕ ਪ੍ਰਭਾਵ ਹੈ, ਜਿਵੇਂ—

ਪ੍ਰੀਤ ਕਰੇ ਪ੍ਰਭੁ ਪਾਇਤ ਹੈ ਕਿਰਪਾਲ
ਨ ਭੀਜਤ **ਲਾਂਡ** ਕਟਾਏ ॥ ੧੦੦ ॥ (ਦਸਮ ਗ੍ਰੰਥ, ਪੰਨਾ 46)

13. (ੲ) **ਸ਼ਸਤ੍ਰ-ਪੂਜਾ** :

ਸ਼ਸਤ੍ਰ-ਪੂਜਾ ਸਾਕਤ-ਮਤ ਦੀ ਪੂਜਾ ਪ੍ਰਣਾਲੀ ਦਾ ਇਕ ਅਨਿਖੜਵਾਂ ਅੰਗ ਹੈ। ਮਹਾ ਨਿਰਵਾਣ, ਕੁਲਚੂੜਾਮਣਿ, ਕੁਲਾਰਣਵ ਆਦਿ ਤੰਤ੍ਰਾਂ ਵਿਚੋਂ ਇਸ ਕਥਨ ਦੀ ਪੁਸ਼ਟੀ ਹੋ ਸਕਦੀ ਹੈ। ਇਸ ਪ੍ਰਵਿਰਤੀ ਨੂੰ 'ਦਸਮ ਗ੍ਰੰਥ' ਦੀਆਂ ਪੌਰਾਣਿਕ ਰਚਨਾਵਾਂ ਅੰਦਰ ਤਿੰਨ ਰੂਪਾਂ ਵਿਚ ਗ੍ਰਹਣ ਕੀਤਾ ਗਿਆ ਹੈ—

(1) **ਦੇਵੀ ਦੇ ਪ੍ਰਤੀਕ ਰੂਪ ਵਿਚ ਸ਼ਸਤ੍ਰ-ਪੂਜਾ :** ਅਜਿਹੀ ਪੂਜਾ ਜ਼ਿਆਦਾਤਰ 'ਮੰਗਲਾਂ' ਵਿਚ ਹੋਈ ਹੈ। 'ਬਚਿਤ੍ਰ ਨਾਟਕ' ਦੇ ਪਹਿਲੇ ਛੰਦ ਤੋਂ ਹੀ ਇਸ ਕਥਨ ਦੀ ਪੁਸ਼ਟੀ ਹੋ ਜਾਂਦੀ ਹੈ—

ਨਮਸਕਾਰ **ਸ੍ਰੀ ਖੜਗ** ਕੋ ਕਰੋ ਸੁ ਹਿਤੁ ਚਿਤੁ ਲਾਇ।
ਪੂਰਨ ਕਰੋ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ ॥੧॥

(ਦਸਮ ਗ੍ਰੰਥ, ਪੰਨਾ 39)

Digitized by Panjab Digital Library | www.panjabdigilib.org

'ਬਚਿਤ੍ਰ ਨਾਟਕ' (ਅਪਨੀ ਕਥਾ) ਦੇ ਪਹਿਲੇ ਅਧਿਆਇ (ਕਾਲ ਜੀ ਕੀ ਉਸਤਤਿ) ਦੇ ਹੇਠ ਲਿਖੇ ਛੰਦ ਵਿਚ 'ਕਾਲੀ' ਜਾਂ 'ਕਾਲ' ਅਤੇ ਸ਼ਸਤ੍ਰਾਂ ਦਾ ਪਰਸਪਰ ਅਜਿਹਾ ਮਿਸ਼ਰਣ ਪੇਸ਼ ਕੀਤਾ ਗਿਆ ਹੈ ਕਿ ਇਨ੍ਹਾਂ ਵਿਚਾਲੇ ਅੰਤਰ ਨਹੀਂ ਦਰਸਾਇਆ ਜਾ ਸਕਦਾ—

ਨਮੋ **ਖਗ ਖੰਡੰ ਕ੍ਰਿਪਾਣੰ ਕਟਾਰੰ** ।
ਸਦਾ ਏਕ ਰੂਪੰ ਸਦਾ ਨਿਰਬਿਕਾਰੰ ।
ਨਮੋ **ਬਾਣ ਪਾਣੰ** ਨਮੋ **ਦੰਡ ਧਾਰਿਯੰ** ।
ਜਿਨੈ **ਚੌਦਹੂੰ ਲੋਕ ਜੋਤੰ ਬਿਥਾਰਿਯੰ** ॥੮੭॥

(ਦਸਮ ਗ੍ਰੰਥ, ਪੰਨਾ 45)

'ਰਾਸ-ਮੰਡਲ' (ਕ੍ਰਿਸ਼ਨਾਵਤਾਰ ਪ੍ਰਸੰਗ) ਦੇ "ਦੇਵੀ ਜੂ ਕੀ ਉਸਤਤਿ ਕਥਨੰ" ਪ੍ਰਸੰਗ ਵਿਚ ਤਾਂ ਕਵੀ ਦੀ ਇਹ ਭਾਵਨਾ ਹੋਰ ਵੀ ਸਪੱਸ਼ਟ ਹੋ ਗਈ ਹੈ, ਜਿਵੇਂ—

ਮਹਾ ਬਾਹਣੀ ਅਸਤ੍ਰਣੀ ਸਸਤ੍ਰਧਾਰੀ ।
ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥੪੨੭॥

(ਦਸਮ ਗ੍ਰੰਥ, ਪੰਨਾ 309)

(2) **ਸਪੱਸ਼ਟ ਰੂਪ ਵਿਚ ਸ਼ਸਤ੍ਰ-ਪੂਜਾ :** 'ਬਚਿਤ੍ਰ ਨਾਟਕ' (ਅਪਨੀ ਕਥਾ) ਦਾ ਦੂਜਾ ਛੰਦ ਹੀ ਇਸ ਕਥਨ ਦਾ ਪ੍ਰਮਾਣ ਹੈ। ਇਸ ਤੋਂ ਅਗੇ ਤਾਂ ਕਵੀ ਨੇ ਇਸ ਭਾਵਨਾ ਦੀ ਪ੍ਰਤੱਖ ਘੋਸ਼ਣਾ ਕਰ ਦਿੱਤੀ ਹੈ—

ਜਿਤੇ ਸ਼ਸਤ੍ਰ ਨਾਮੰ । ਨਮਸਕਾਰ ਤਾਮੰ ।
ਜਿਤੇ ਅਸਤ੍ਰ ਭੇਯੰ । ਨਮਸਕਾਰ ਤੇਯੰ ॥੯੧॥ (ਦਸਮ ਗ੍ਰੰਥ, ਪੰਨਾ 45)

(3) **ਵੱਖ ਵੱਖ ਪਾਤਰਾਂ ਦੁਆਰਾ ਸ਼ਸਤ੍ਰ-ਪੂਜਾ :** ਇਸ ਸੰਬੰਧ ਵਿਚ ਵੀ ਕਿਤੇ ਕਿਤੇ ਉਦਾਹਰਣ ਮਿਲ ਜਾਂਦੇ ਹਨ। ਆਖਰੀ ਚਰਿਤ੍ਰ ਵਿਚ 'ਦੂਲਹ ਦੇਈ' ਯੁੱਧ ਸ਼ੁਰੂ ਕਰਨ ਤੋਂ ਪਹਿਲਾਂ ਸ਼ਸਤ੍ਰਾਂ ਨੂੰ ਪ੍ਰਣਾਮ ਕਰਦੀ ਹੈ—

ਇਤ ਦਿਸਿ ਦੂਲਹ ਦੇਈ ਕੁਮਾਰੀ । ਸ਼ਸਤ੍ਰ ਸਾਜਿ ਰਥਿ ਚੜ੍ਹ ਸਵਾਰੀ ।
**ਸਸਤ੍ਰਨ ਕਰਿ ਪ੍ਰਨਾਮ ਤਿਹ ਕਾਲਾ** । ਛਾਡਤ ਭੀ ਰਨ ਬਿਸਿਖ ਕਰਾਲਾ ॥੪੧॥

(ਦਸਮ ਗ੍ਰੰਥ, ਪੰਨਾ 1362)

'ਕਲਕੀ ਅਵਤਾਰ' ਪ੍ਰਸੰਗ ਵਿਚ 'ਕਲਕੀ' ਨੂੰ ਤਲਵਾਰ ਦਾ ਉਪਾਸਕ ਮੰਨਿਆ ਗਿਆ ਹੈ—

**ਅਸਯੁਪਾਸਕ ਹੈਂ** । ਅਰਿ ਨਾਸਕ ਹੈਂ ।
ਅਰਿ ਘਾਇਕ ਹੈਂ । ਸੁਖਦਾਇਕ ਹੈਂ ॥ ੩੫੨ ॥ (ਦਸਮ ਗ੍ਰੰਥ, 593)

Digitized by Panjab Digital Library | www.panjabdigilib.org

ਸਪੱਸ਼ਟ ਹੈ ਕਿ ਕਵੀਆਂ ਦੀ ਉਪਾਸਨਾ-ਪ੍ਰਣਾਲੀ ਤੋਂ ਸ਼ਸਤ੍ਰ-ਪੂਜਾ ਨੂੰ ਵੱਖ ਨਹੀਂ ਕੀਤਾ ਜਾ ਸਕਦਾ।

14. (ਸ) **ਸ਼ਰਾਬ ਅਤੇ ਹੋਰ ਨਸ਼ਿਆਂ ਦਾ ਸੇਵਨ :** ਮਦ (ਸ਼ਰਾਬ) ਵੀ ਤਾਂਤ੍ਰਿਕਾਂ ਦੇ ਪੰਜ-ਮਕਾਰਾਂ ਵਿਚੋਂ ਇਕ ਹੈ। "ਕਾਲੀ ਅਤੇ ਤਾਰਾ ਦਾ ਮੰਤ੍ਰ ਗ੍ਰਹਿਣ ਕਰਕੇ ਜੋ ਸ਼ਰਾਬ ਨਹੀਂ ਪੀਂਦਾ, ਉਹ 'ਕਲਜੁਗ' ਵਿਚ ਪਤਿਤ ਹੁੰਦਾ ਹੈ। ਤਾਂਤ੍ਰਿਕ ਜਪ, ਹੋਮ, ਆਦਿ ਕਾਰਜਾਂ ਵਿਚ ਅਨਾਧਿਕਾਰੀ ਹੁੰਦਾ ਹੈ ਅਤੇ ਉਹ ਵਿਅਕਤੀ ਅਬ੍ਰਾਹਮਣ ਅਤੇ ਹਸਤੀ-ਮੂਰਖ ਅਖਵਾਉਂਦਾ ਹੈ। ਉਸ ਵਿਅਕਤੀ ਦਾ ਪਿਤਰੀ-ਤਰਪਣ ਕੁੱਤੇ ਦੇ ਮੂਤਰ ਦੇ ਸਮਾਨ ਹੈ। ਜੋ ਵਿਅਕਤੀ ਕਾਲੀ ਅਤੇ ਤਾਰਾ ਦਾ ਮੰਤ੍ਰ ਪ੍ਰਾਪਤ ਕਰ ਕੇ ਵੀਰ-ਆਚਾਰ ਨਹੀਂ ਕਰਦਾ, ਉਹ ਸ਼ੂਦਰਤਾ ਨੂੰ ਪ੍ਰਾਪਤ ਹੁੰਦਾ ਹੈ। ਸੁਰਾ (ਸ਼ਰਾਬ) ਸਾਰਿਆਂ ਕਾਰਜਾਂ ਵਿਚ ਯੁਕਤ ਹੈ, ਅਤੇ ਪ੍ਰਿਥਵੀ ਉਤੇ ਇਹੀ ਇਕ ਮਾਤ੍ਰ ਮੁਕਤੀ ਦੇਣ ਵਾਲੀ ਹੈ"[1]। ਮਾਰਕੰਡੇ ਪੁਰਾਣ ਵਿਚ ਦੇਵੀ ਨੂੰ ਮਦ-ਪ੍ਰਿਯ ਵੀ ਮੰਨਿਆ ਗਿਆ ਹੈ। ਮਹਿਖਾਸੁਰ ਨਾਲ ਯੁੱਧ ਕਰਨ ਵੇਲੇ ਸ਼ਰਾਬ ਪੀ ਕੇ ਦੇਵੀ ਤਾਜ਼ਾ ਦਮ ਹੁੰਦੀ ਹੈ।[2] ਤਾਂਤ੍ਰਿਕਾਂ ਵਿਚ ਵਿਜਯਾ (ਭੰਗ) ਆਦਿ ਦਾ ਸੇਵਨ ਵੀ ਵਰਜਿਤ ਨਹੀਂ ਹੈ।

'ਦਸਮ ਗ੍ਰੰਥ' ਦੀਆਂ ਪੌਰਾਣਿਕ ਕ੍ਰਿਤੀਆਂ ਵਿਚ ਉਪਰੋਕਤ ਵਿਚਾਰ-ਪ੍ਰਣਾਲੀ ਅਨੁਸਾਰ ਮਦਿਰਾ ਅਤੇ ਹੋਰਨਾਂ ਨਸ਼ਿਆਂ ਪ੍ਰਤਿ ਆਦਰ ਦੀ ਭਾਵਨਾ ਪ੍ਰਗਟ ਕੀਤੀ ਗਈ ਹੈ। ਇਸ ਸੰਬੰਧ ਵਿਚ ਕੁਝ ਉਦਾਹਰਣ ਕਾਫ਼ੀ ਹੋਣਗੇ—

(1) ਜਰਾਸਿੰਧ ਨੂੰ ਪਰਾਜਿਤ ਕਰਕੇ ਜਦ ਕ੍ਰਿਸ਼ਨ ਮੁੜਦੇ ਹਨ ਤਾਂ ਉਗਰਸੈਨ ਉਨ੍ਹਾਂ ਦਾ ਸਵਾਗਤ ਮਦਿਰਾ ਆਦਿ ਨਾਲ ਕਰਦਾ ਹੈ ਅਤੇ ਕ੍ਰਿਸ਼ਨ ਉਸ ਨੂੰ ਪ੍ਰਾਪਤ ਕਰਕੇ ਅਤਿ ਸੁਖ ਦਾ ਅਨੁਭਵ ਕਰਦੇ ਹਨ—

ਆਦਰ ਸੋ ਕਬਿ ਸਯਾਮ ਭਨੈ ਨ੍ਰਿਪ ਲੈ ਸੁ ਸਿੰਘਾਸਨ ਤੀਰ ਬੈਠਾਯੋ।
ਬਾਰੁਨੀ ਲੈ ਰਸੁ ਆਗੇ ਧਰਯੋ ਤਿਹ ਪੇਖਿ ਕੈ ਸਯਾਮ ਮਹਾ ਸੁਖ ਪਾਯੋ॥੧੯੯੧॥
(ਦਸਮ ਗ੍ਰੰਥ, ਪੰਨਾ 494)

(2) ਰੁਕਮਨੀ ਨਾਲ ਵਿਆਹ ਕਰਨ ਤੋਂ ਬਾਦ ਕ੍ਰਿਸ਼ਨ ਸ਼ਰਾਬ ਨਾਲ ਮਸਤ ਚਿਤਰੇ ਗਏ ਹਨ—

1. ਹਿੰਦੁਤ੍ਵ (ਰਾਮਦਾਸ ਗੌੜ), ਪੰਨਾ 493

2. गर्ज गर्ज क्षण मूढ मधु यावत पिवाम्यहम्।
मया त्वयि हतेत्रैव गर्जिष्यन्त्याशु देवताः ॥३६॥
(अध्याय ८३)

ਬਾਰਨੀ ਕੇ ਰਸ ਸੰਗ ਛਕੇ ਜਹ, ਬੈਠੇ ਹੈਂ ਕ੍ਰਿਸ਼ਨ ਹੁਲਾਸ ਬਢੈ ਕੈ ॥੨੦੧੨॥

(ਦਸਮ ਗ੍ਰੰਥ, ਪੰਨਾ 509)

(3) ਬਲਰਾਮ ਦੇ ਗੋਕਲ ਤੋਂ ਮੁੜਨ ਉਤੇ ਕ੍ਰਿਸ਼ਨ ਨੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਇਕੱਠੇ ਸ਼ਰਾਬ ਪੀਤੀ—

ਅੰਕ ਭ੍ਰਾਤ ਦੋਊ ਮਿਲੈ ਅਤਿ ਪਾਯੋ ਸੁਖ ਚੈਨ ।
ਮਦਰਾ ਪੀਵਤ ਅਤਿ ਹਸਤਿ ਆਏ ਅਪਨੇ ਐਨ ॥ ੨੨੬੦ ॥

(ਦਸਮ ਗ੍ਰੰਥ, ਪੰਨਾ 540)

(4) ਕ੍ਰਿਸਨ ਅਵਧੇਸ ਕੁਮਾਰੀ ਨੂੰ ਸੁਅੰਬਰ ਵਿਚੋਂ ਜਿਤ ਕੇ ਲਿਆਉਂਦੇ ਹਨ ਅਤੇ ਅਰਜੁਨ ਨਾਲ ਭੋਜਨ ਕਰਨ ਵੇਲੇ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਸੇਵਨ ਕਰਦੇ ਅਤੇ ਉਨ੍ਹਾਂ ਦੀ ਮਹਿਮਾ ਗਾਉਂਦੇ ਹਨ—

ਤਿਨ ਕੋ ਬ੍ਯਹੁ ਕੈ ਸੰਗਿ ਪਾਰਥ ਲੈ
ਹਰਿ ਭੋਜਨ ਕੀ ਭੂਅ ਮੈ ਪਗ ਧਾਰਯੋ ।
ਪੋਸਤ ਭਾਂਗ ਅਫੀਮ ਮੰਗਾਇ ਪੀਯੋ
ਮਦ ਸੋਕ ਬਿਦਾ ਕਰਿ ਡਾਰ੍ਯੋ ।
ਮਤਿ ਹੋ ਚਾਰੋ ਈ ਕੈਫਨ ਸੋ
ਸੁਤ ਇੰਦ੍ਰ ਕੈ ਸੋ ਇਮ ਸ੍ਯਾਮ ਉਚਾਰਯੋ ।
ਕਾਮ ਕੀਯੋ ਬ੍ਰਹਮਾ ਘਟਿ
ਕਿਉ ਮਦਰਾ ਕੋ ਨ ਆਠਵੋ ਸਿੰਧ ਸਵਾਰਯੋ ॥੨੧੧੫॥[1]

(ਦਸਮ ਗ੍ਰੰਥ, ਪੰਨਾ 522)

(5) 'ਮਹਾਕਾਲ' ਅਤੇ 'ਕਾਲੀ' ਨੂੰ ਵੀ ਸ਼ਰਾਬ ਨਾਲ ਮਸਤ ਚਿਤਰਿਆ ਗਿਆ ਹੈ—

ਮਹਾਕਾਲ : ਮਦ ਮਤ ਕ੍ਰਿਪਾਣ ਕਰਾਲ ਧਰੈ ॥੫੫॥

(ਦਸਮ ਗ੍ਰੰਥ, ਪੰਨਾ 42)

ਕਾਲੀ : ਮਤ ਭਈ ਮਦਰਾ ਭਏ ਬਕਤ ਅਟਪਟੇ ਬੈਨ ॥੩੦॥

(ਦਸਮ ਗ੍ਰੰਥ, ਪੰਨਾ 812)

(6) 'ਚਰਿਤ੍ਰੋਪਾਖਿਆਨ' ਵਿਚ ਨਸ਼ਿਆਂ ਦਾ ਸੇਵਨ ਕਾਮੁਕ ਭਾਵਨਾਵਾਂ ਨੂੰ

---

1. ਯਾਦ ਰਹੇ ਕਿ 'ਮਦਿਰਾ' ਅਤੇ ਹੋਰ ਨਸ਼ੇ ਸੇਵਨ ਕਰਨ ਦੀਆਂ ਇਨ੍ਹਾਂ ਸਾਰੀਆਂ ਘਟਨਾਵਾਂ ਦਾ 'ਕ੍ਰਿਸ਼ਨਾਵਤਾਰ' ਦੇ ਮੂਲ-ਆਧਾਰ ਗ੍ਰੰਥ ਸ੍ਰੀ ਮਦਭਾਗਵਤ ਪੁਰਾਣ ਵਿਚ ਇਕਦਮ ਅਭਾਵ ਹੈ ।

Digitized by Panjab Digital Library | www.panjabdigilib.org

ਤੀਬਰ ਕਰਨ ਅਤੇ ਭੜਕਾਉਣ ਲਈ ਖ਼ਾਸ ਤੌਰ ਤੇ ਉੱਲਿਖਿਤ ਹੈ। ਕਈ ਅਜਿਹੇ ਚਰਿਤ੍ਰ ਵੀ ਘੜੇ ਗਏ ਹਨ ਜਿਨ੍ਹਾਂ ਵਿਚ ਨਸ਼ੇਬਾਜ਼ਾਂ ਦੀ ਜਿਤ ਅਤੇ ਨਸ਼ਾ ਨਾ ਕਰਨ ਵਾਲਿਆਂ ਦੀ ਹਾਰ ਵਿਖਾਈ ਗਈ ਹੈ, ਜਿਵੇਂ ਚਰਿਤ੍ਰ ਅੰਕ 266 ਅਤੇ 245।

(7) ਨਸ਼ਾ ਨਾ ਕਰਨ ਵਾਲਿਆਂ ਲਈ ਇਨ੍ਹਾਂ ਕ੍ਰਿਤੀਆਂ ਵਿਚ ਜੜ, ਸੂਮ, ਪਸੂ, ਮੂੜੀ, ਭੋਂਦੂ ਆਦਿ ਸ਼ਬਦਾਂ (ਵਿਸ਼ੇਸ਼ਣਾਂ) ਦੀ ਵਰਤੋਂ ਕੀਤੀ ਗਈ ਹੈ। ਜਿਵੇਂ 'ਕ੍ਰਿਸ਼ਨਾਵਤਾਰ' ਵਿਚ ਅਰਜੁਨ ਨਸ਼ਾ ਨਾ ਕਰਨ ਵਾਲੇ ਬ੍ਰਾਹਮਣਾਂ ਸੰਬੰਧੀ ਕ੍ਰਿਸ਼ਨ ਨੂੰ ਕਹਿੰਦਾ ਹੈ—

ਤਬ ਪਾਰਥ ਕਰਿ ਜੋਰਿ ਕੈ ਹਰਿ ਸਿਉ ਕਹ੍ਯੋ ਸੁਨਾਇ।
**ਜੜ ਬਾਮਨ** ਇਨ ਰਸਨ ਕੋ ਜਾਨੈ ਕਹਾ ਉਪਾਇ ॥੨੧੧੯॥

(ਦਸਮ ਗ੍ਰੰਥ, ਪੰਨਾ 522)

ਮਦਿਰਾ ਅਤੇ ਹੋਰਨਾਂ ਨਸ਼ਿਆਂ ਪ੍ਰਤਿ ਇਨ੍ਹਾਂ ਰਚਨਾਵਾਂ ਦੇ ਕਵੀਆਂ ਦੀ ਸ਼ਰਧਾ ਇਨ੍ਹਾਂ ਉਪਰ ਤਾਂਤ੍ਰਿਕ ਮਤ ਦੇ ਪ੍ਰਭਾਵ ਦੀ ਸੂਚਕ ਹੈ।

15. (ਹ) **ਮਾਂਸ ਖਾਣਾ :** ਮਾਂਸ ਵੀ ਤਾਂਤ੍ਰਿਕਾਂ ਦੇ ਪੰਜ-ਮਕਾਰਾਂ ਵਿਚੋਂ ਇਕ ਹੈ। ਇਸ ਪ੍ਰਵਿਰਤੀ ਸੰਬੰਧੀ ਇਨ੍ਹਾਂ ਕ੍ਰਿਤੀਆਂ ਵਿਚ ਕੋਈ ਵਿਸ਼ੇਸ਼ ਉੱਲੇਖ ਨਹੀਂ ਹੋਇਆ, ਪਰ ਫਿਰ ਵੀ ਇਸ ਦਾ ਸੰਕੇਤਿਕ ਅੰਕਨ ਜ਼ਰੂਰ ਹੈ। 'ਕ੍ਰਿਸ਼ਨਾਵਤਾਰ' ਦੇ "ਅਥ ਬਿਪਨ ਗ੍ਰਿਹ ਗੋਪ ਪਠੈਬੋ" ਪ੍ਰਸੰਗ ਵਿਚ ਬ੍ਰਾਹਮਣੀਆਂ ਦੁਆਰਾ ਖਾਣ ਦੀਆਂ ਹੋਰਨਾਂ ਵਸਤਾਂ ਨਾਲ ਹੇਠ ਲਿਖੇ ਪਦਾਰਥ ਵੀ ਲਿਆਏ ਗਏ ਲਿਖੇ ਹਨ—

**ਸਾਲਨ** ਅਉ **ਅਖਨੀ ਬਿਰੀਆ**
**ਜੁਜਤਾਹਰੀ** ਅਉਰ ਪੁਲਾਵ ਘਨੇ ॥੩੨੯॥

ਅਰਥਾਤ : ਸਾਲਨ, ਯਖ਼ਨੀ, ਭੁਨਿਆ ਹੋਇਆ ਮਾਂਸ ਅਤੇ ਦੁੰਬੇ ਦੀ ਚੱਕੀ ਤੇ ਬਹੁਤ ਸਾਰੇ ਪੁਲਾ.........

ਇਸ ਪ੍ਰਕਾਰ ਦੇ ਤਾਮਸਿਕ ਭੋਜਨ ਦਾ ਬ੍ਰਾਹਮਣੀਆਂ ਦੁਆਰਾ ਪਕਾਇਆ ਜਾਣਾ ਅਤੇ ਕ੍ਰਿਸ਼ਨ ਤੇ ਗਵਾਲ ਬਾਲਕਾਂ ਦੁਆਰਾ ਖਾਇਆ ਜਾਣਾ ਇਤਿਹਾਸ ਅਤੇ ਪਰੰਪਰਾ ਤੋਂ ਸਿੱਧ ਨਹੀਂ ਹੁੰਦਾ, ਨਾ ਹੀ ਮੂਲ-ਆਧਾਰ ਕਥਾ (ਸ੍ਰੀ ਮਦਭਾਗਵਤ ਪੁਰਾਣ, ਦਸਮ ਸਕੰਧ। 23/35) ਵਿਚ ਇਸ ਦਾ ਜ਼ਿਕਰ ਹੋਇਆ ਹੈ।

16. ਇਸ ਵਿਚਾਰ ਤੋਂ ਸਪੱਸ਼ਟ ਹੈ ਕਿ ਦਸਮ ਗ੍ਰੰਥ ਦੀਆਂ ਪੌਰਾਣਿਕ ਕ੍ਰਿਤੀਆਂ ਸ਼ਾਕਤ, ਤਾਂਤ੍ਰਿਕ ਅਤੇ ਵਾਮ-ਮਾਰਗੀ ਕਵੀਆਂ ਦੀਆਂ ਰਚਨਾਵਾਂ ਹਨ। ਸਿੱਖ-ਸ੍ਰੁਤੀ 'ਆਦਿ ਗ੍ਰੰਥ' ਵਿਚ ਸ਼ਾਕਤ-ਮਤ ਜਾਂ ਦੇਵੀ ਨੂੰ ਆਦਰਯੋਗ ਥਾਂ ਪ੍ਰਾਪਤ ਨਹੀਂ ਹੈ, ਜਿਵੇਂ—

Digitized by Panjab Digital Library | www.panjabdigilib.org

(1) ਦੇਵੀਆ ਨਹੀ ਜਾਨੈ ਮਰਮ ।
ਸਭ ਤ੍ਰਿਪਹਿ ਅਲਖ ਪਾਰਬ੍ਰਹਮ ॥ ੨ ॥ (ਰਾਮਕਲੀ ਮ. ੫, ਪੰਨਾ 894)

(2) ਠਾਕੁਰੁ ਛੋਡਿ ਦਾਸੀ ਕਉ ਸਿਮਰਹਿ
ਮਨ ਮੁਖ ਅੰਧ ਅਗਿਆਨਾ । (ਭੈਰਉ ਮ. ੫, ਪੰਨਾ 1138)

(3) ਸਾਕਤੀ ਪਾਪ ਕਰਿਕੈ ਬਿਖਿਆ ਧਨੁ ਸੰਚਿਆ ਤਿਨਾ
ਇਕ ਵਿਖ ਨਾਲਿ ਨ ਜਾਇ ।
ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ
ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ ॥ ੫ ॥
(ਸੂਹੀ ਮ. ੪, ਪੰਨਾ 734)

ਅਸਲ ਵਿਚ, 'ਆਦਿ ਗ੍ਰੰਥ' ਦੇ 'ਧਿਰਥੀ ਸਾਕਤ ਕੀ ਆਰਜਾ'—ਇਸ ਨਾਹਰੇ ਦਾ ਸਪੱਸ਼ਟ ਵਿਰੋਧ ਇਨ੍ਹਾਂ ਪੌਰਾਣਿਕ ਕ੍ਰਿਤੀਆਂ ਵਿਚ ਮਿਲ ਜਾਂਦਾ ਹੈ—

(1) ਸੇਵ ਕਰੈ ਤੁਮਰੀ ਤਿਨ ਕੇ ਛਿਨ ਮੈ
ਧਨ ਲਾਗਤ ਧਾਮ ਭਰੋਸੇ ।
ਯਾ ਕਲਿ ਮੈ ਸਭ ਕਾਲਿ ਕ੍ਰਿਪਾਨ
ਕੀ ਭਾਰੀ ਭੁਜਾਨ ਕੇ ਭਾਰੀ ਭਰੋਸੋ ॥ ੪੭ ॥
(ਚਰਿਤ੍ਰ ਅੰਕ 1)

(2) ਅਦ੍ਰਸੁਤਾ ਹੰ ਕੀ ਜੋ ਤਨਯਾ ਮਹਿਖਾਸੁਰ ਕੀ ਮਰਤਾ ਪੁਨਿ ਜੋਊ ।
ਇੰਦ੍ਰ ਕੋ ਰਾਜਹਿ ਕੀ ਦਿਵਈਯਾ ਕਰਤਾ ਬਧ ਸੁੰਭ ਨਿਸੁੰਭਹਿ ਦੋਊ ।
ਜੋ ਜਪਕੈ ਇਹ ਸੇਵ ਕਰੈ ਬਰ ਕੋ ਸੁ ਲਹੈ ਮਨ ਇਛਤਾ ਸੋਊ ।
ਲੋਕ ਬਿਖੈ ਉਹ ਕੀ ਸਮਤੁਲ ਗਰੀਬ ਨਿਵਾਜ ਨ ਦੂਸਰ ਕੋਊ ।੮। (ਕ੍ਰਿਸ਼ਨਾਵਤਾਰ)

ਇਸ ਲਈ 'ਦਸਮ ਗ੍ਰੰਥ' ਦੀਆਂ ਪੌਰਾਣਿਕ ਰਚਨਾਵਾਂ ਦੀ ਇਸ਼ਟ-ਭਾਵਨਾ 'ਆਦਿ ਗ੍ਰੰਥ' ਦੀ ਇਸ਼ਟ-ਭਾਵਨਾ ਨਾਲੋਂ ਬਿਲਕੁਲ ਭਿੰਨ ਹੈ ।

17. ਇਥੇ ਇਸ ਜ਼ਾਹਰੀ ਭਰਮ ਦਾ ਨਿਵਾਰਣ ਕਰ ਦੇਣਾ ਵੀ ਉਚਿਤ ਹੋਵੇਗਾ ਕਿ 'ਆਦਿ ਗ੍ਰੰਥ' ਦੇ ਧੀਰ, ਗੰਭੀਰ ਅਤੇ ਸੌਮਜ 'ਅਕਾਲ ਪੁਰਖ' ਦਸਮ ਗ੍ਰੰਥ ਦੇ ਕਰੂਰ-ਕਰਮਾ, ਭਿਆਨਕ ਅਤੇ ਸਤਰੂ ਹੰਤਾ 'ਮਹਾ ਕਾਲ' ਜਾਂ 'ਕਾਲ ਪੁਰਖ' ਨਾਲ ਬਿਲਕੁਲ ਅਭਿੰਨ ਹਨ । ਭਾਵੇਂ 'ਆਦਿ ਗ੍ਰੰਥ' ਵਿਚ 'ਅਕਾਲ-ਪੁਰਖ' ਲਈ ਵਰਤੇ ਗਈਆਂ ਨਾਵਾਂ ਜਾਂ ਵਿਸ਼ੇਸ਼ਣਾਂ ਨੂੰ ਇਨ੍ਹਾਂ ਕ੍ਰਿਤੀਆਂ ਵਿਚ 'ਮਹਾ-ਕਾਲ' ਲਈ ਅਪਣਾ ਲਿਆ ਗਿਆ ਹੈ, ਪਰ ਇਸ ਨੂੰ 'ਆਦਿ ਗ੍ਰੰਥ' ਦੇ ਪ੍ਰਭਾਵ ਤੋਂ ਛੁਟ ਹੋਰ ਕੁਝ ਨਹੀਂ ਕਿਹਾ ਜਾ ਸਕਦਾ । ਅਸਲ ਵਿਚ, ਇਨ੍ਹਾਂ ਕ੍ਰਿਤੀਆਂ ਦਾ 'ਮਹਾ ਕਾਲ' ਜਾਂ 'ਕਾਲ ਪੁਰਖ' ਜਿਤਨਾ ਅਵਤਾਰਵਾਦ ਦੇ ਨੇੜੇ ਹੈ ਉਤਨਾ 'ਆਦਿ ਗ੍ਰੰਥ' ਦੇ 'ਅਕਾਲ ਪੁਰਖ' ਨਹੀਂ । ਵੀਰ ਭਾਵਨਾਵਾਂ ਨੂੰ ਸਿੱਖਾ

Digitized by Panjab Digital Library | www.panjabdigilib.org

ਵਿਚ ਉਤਪੰਨ ਕਰਨ ਲਈ ਚਾਹੇ ਇਨ੍ਹਾਂ ਕ੍ਰਿਤੀਆਂ ਨੇ ਸਿੱਖ-ਸਮਾਜ ਵਿਚ ਆਦਰ ਦਿੱਤਾ ਜਾਂਦਾ ਰਿਹਾ ਹੈ, ਪਰ ਸਿੱਧਾਂਤਿਕ ਰੂਪ ਵਿਚ ਤਾਂ ਦਸਵੇਂ ਗੁਰੂ ਨੇ ਆਪ ਵੀ ਇਨ੍ਹਾਂ ਨੂੰ ਪ੍ਰਮਾਣਿਕ ਨਹੀਂ ਮੰਨਿਆ ਸੀ। (ਵੇਖੋ ਪ੍ਰਕਾਸ਼ 2, ਪੈਰਾ 3-ਸ)।

18. 'ਮਹਾ ਕਾਲ' ਜਾਂ 'ਕਾਲ ਪੁਰਖ' ਦਾ ਦਸਮ ਗ੍ਰੰਥ ਵਾਲਾ ਸਰੂਪ ਮਹਾ ਭਾਰਤ ਦੇ ਬਲਿ-ਵਾਸਵ-ਸੰਵਾਦ (ਸਾਂਤਿ ਪਰਵ/ਅਧਿਆਇ 224-225) ਪ੍ਰਸੰਗ ਵਿਚ ਵਰਣਿਤ 'ਕਾਲ' ਦੇ ਸਰੂਪ ਤੋਂ ਵੀ ਵੱਖ ਹੈ, ਕਿਉਂਕਿ ਉਥੇ ਚਾਹੇ 'ਕਾਲ' ਨੂੰ ਇਸ ਸੰਸਾਰ ਦੀ ਸਥਿਤੀ ਅਤੇ ਲਯ ਦਾ ਇਕ ਮਾਤ੍ਰ ਕਾਰਣ ਮੰਨਿਆ ਗਿਆ ਹੈ, ਪਰ ਦਸਮ ਗ੍ਰੰਥ ਦੇ 'ਕਾਲ ਪੁਰਖ' ਜਾਂ 'ਮਹਾ ਕਾਲ' ਦੀ ਜੋ ਅਰਾਧਨਾ ਕਰਦਾ ਹੈ ਉਸ ਦੇ ਨੇੜੇ ਤਾਂ 'ਕਾਲ' ਆ ਹੀ ਨਹੀਂ ਸਕਦਾ—

ਜੋ ਕਲਿ ਕੋ ਇਕ ਬਾਰ ਧਿਐ ਹੈ।
ਤਾਕੇ ਕਾਲ ਨਿਕਟ ਨਹਿ ਐ ਹੈ ॥ ੩੯੮ ॥

(ਦਸਮ ਗ੍ਰੰਥ, ਪੰਨਾ 1388)

ਵਾਸਤਵ ਵਿਚ, ਦਸਮ ਗ੍ਰੰਥ ਅੰਦਰ ਚਿਤਰਿਤ 'ਮਹਾਕਾਲ' ਅਤੇ 'ਕਾਲੀ' ਦਾ ਸਰੂਪ 'ਮਹਾਕਾਲ ਸਹਿੰਤਾ' ਅਤੇ 'ਕਾਲੀ ਤੰਤ੍ਰ' ਦੇ ਹੀ ਅਨੁਸਾਰ ਹੈ।

19. ਸ਼ਾਇਦ ਇਹ ਪ੍ਰਸ਼ਨ ਉਠ ਸਕਦਾ ਹੈ ਕਿ ਦਸਮ ਗੁਰੂ ਦੀ ਸਰਪ੍ਰਸਤੀ ਵਿਚ ਰਚੀਆਂ ਇਨ੍ਹਾਂ ਕ੍ਰਿਤੀਆਂ ਵਿਚ ਸਿੱਖ ਸਿੱਧਾਂਤਾਂ ਤੋਂ ਭਿੰਨ ਗੱਲਾਂ ਕਿਉਂ ਆ ਰਲੀਆਂ ਸਨ ? ਅਸਾਡਾ ਨਿਮਰਤਾ ਸਹਿਤ ਨਿਵੇਦਨ ਹੈ ਕਿ ਦਸਮ ਗੁਰੂ ਦੇ ਦਰਬਾਰੀ ਕਵੀ ਜ਼ਰੂਰੀ ਤੌਰ ਤੇ ਸਿੱਖ ਧਰਮ ਦੇ ਅਨੁਯਾਈ ਨਹੀਂ ਸਨ। ਸਾਧੂ, ਬਿਰਾਗੀ, ਭੱਟ ਆਦਿ ਸਾਰੇ ਪ੍ਰਵਾਨ ਸਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਸੰਪ੍ਰਦਾਇਗਤ ਪ੍ਰਵਿਰਤੀਆਂ ਆ ਦਾਖ਼ਿਲ ਹੋਈਆਂ ਹੋਣ, ਤਾਂ ਅਸਚਰਜ ਦੀ ਕੋਈ ਗਲ ਨਹੀਂ। ਉਹ ਵੇਲਾ ਸਿੱਧਾਂਤਿਕ ਤਰਕ-ਵਿਤਰਕ ਦਾ ਨਹੀਂ ਸੀ। ਦਸਮ ਗੁਰੂ "ਧਰਮ ਜੁੱਧ" ਲੜ ਰਹੇ ਸਨ। ਉਸ ਤੋਂ ਮਤਲਬ ਸਿੱਖ ਧਰਮ ਲਈ ਯੁੱਧ ਨਹੀਂ ਸੀ, ਸਗੋਂ ਸਾਰੇ ਭਾਰਤੀ ਧਰਮ ਦੀ ਰਖਿਆ ਨਿਮਿਤ ਉਨ੍ਹਾਂ ਨੇ ਕ੍ਰਿਪਾਨ ਨੂੰ ਚਿਰਸੰਗਣੀ ਬਣਾਇਆ ਸੀ। ਉਸ ਵੇਲੇ ਹਿੰਦੂਆਂ ਅਤੇ ਸਿੱਖਾਂ ਵਿਚ ਕੋਈ ਖ਼ਾਸ ਅੰਤਰ ਵੀ ਨਹੀਂ ਸੀ। ਹਿੰਦੂ ਹੀ ਸਿੱਖਾਂ ਨੂੰ ਸੰਕਟ-ਕਾਲ ਵਿਚ ਸ਼ਰਣ ਅਤੇ ਸਹਾਇਤਾ ਦੇ ਕੇ ਆਪਣੇ ਮਿਲਵਰਤਨ ਦਾ ਸਬੂਤ ਦਿੰਦੇ ਸਨ। ਸਮਾਜਿਕ ਪੱਖ ਤੋਂ ਵੀ ਉਨ੍ਹਾਂ ਵਿਚ ਕੋਈ ਖ਼ਾਸ ਅੰਤਰ ਨਹੀਂ ਸੀ। ਉਹ ਮਿਲਾਪ ਦਾ ਯੁਗ ਸੀ। ਫਲਸਰੂਪ 'ਧਰਮ-ਜੁੱਧ' ਦੇ ਉਦੇਸ਼ ਦੀ ਪੂਰਤੀ ਲਈ ਹਰ ਪ੍ਰਕਾਰ ਦੀਆਂ ਰਚਨਾਵਾਂ ਸ੍ਵੀਕ੍ਰਿਤ ਸਨ।

Digitized by Panjab Digital Library | www.panjabdigilib.org

# ਅੰਤਿਕਾ

1. ਦਸਮ ਗ੍ਰੰਥ ਦੇ ਇਸ ਵਿਸਤ੍ਰਿਤ ਅਧਿਐਨ ਤੋਂ ਸਪੱਸ਼ਟ ਹੋ ਗਿਆ ਹੈ ਕਿ ਜਾਪੁ, ਅਕਾਲ ਉਸਤਤਿ (201 ਤੋਂ 230 ਛੰਦ ਛੱਡ ਕੇ), ਸਵੈਯੇ (33), ਜ਼ਫਰਨਾਮਾ ਆਦਿ ਦਸਮ ਗੁਰੂ ਦੀਆਂ ਪ੍ਰਮਾਣਿਕ ਰਚਨਾਵਾਂ ਹਨ। ਸਬਦ ਹਜਾਰੇ, ਖਾਲਸਾ ਮਹਿਮਾ ਅਤੇ ਗਿਆਨ ਪ੍ਰਬੋਧ ਦਾ ਸਰੂਪ ਕੁਝ ਸੰਦਿਗਧ ਹੈ ਪਰ ਪੌਰਾਣਿਕ ਕ੍ਰਿਤੀਆਂ—ਅਪਨੀ ਕਥਾ, ਚੰਡੀ ਚਰਿਤ੍ਰ 'ਉਕਤਿ ਬਿਲਾਸ', ਚੰਡੀ ਚਰਿਤ੍ਰ ਦੂਜਾ, ਚੌਬੀਸ ਅਵਤਾਰ, ਬ੍ਰਹਮਾ ਅਵਤਾਰ, ਰੁਦ੍ਰ ਅਵਤਾਰ, ਵਾਰ ਦੁਰਗਾ ਕੀ, ਚਰਿਤ੍ਰੋਪਾਖਿਆਨ) ਅਤੇ ਸ਼ਸਤ੍ਰ ਨਾਮ-ਮਾਲਾ ਇਕਦਮ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਨਹੀਂ ਹਨ। ਇਸ ਖੋਜ-ਪ੍ਰਬੰਧ ਦਾ ਪ੍ਰਕਾਸ਼-ਕ੍ਰਮ ਅਨੁਸਾਰ ਸਾਰਾਂਸ਼ ਇਸ ਪ੍ਰਕਾਰ ਹੈ—

2. 'ਦਸਮ ਗ੍ਰੰਥ' ਦਾ ਪਹਿਲਾ ਸੰਕਲਨ ਦਸਮ ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਦ ਹੋਇਆ ਅਤੇ ਇਸ ਦੇ ਕਰਤ੍ਰਿਤਵ ਸੰਬੰਧੀ ਵਿਵਾਦ ਇਸ ਦੇ ਸੰਕਲਨ-ਕਾਲ ਤੋਂ ਹੀ ਚਲ ਪਿਆ। ਇਸ ਵਿਵਾਦ ਨੂੰ ਤਿੰਨ ਦੌਰਾਂ ਵਿਚ ਵੰਡਿਆ ਜਾ ਸਕਦਾ ਹੈ—(1) ਸਿੰਘ ਸਭਾ ਲਹਿਰ ਤੋਂ ਪਹਿਲਾਂ, (2) ਸਿੰਘ ਸਭਾ ਲਹਿਰ ਤੋਂ ਸਨ 1947 ਤਕ, ਅਤੇ (3) ਸਨ 1947 ਤੋਂ ਬਾਦ। ਇਸ ਵਿਵਾਦ ਵਿਚ ਭਾਗ ਲੈਣ ਵਾਲੇ ਪ੍ਰਮੁਖ ਵਿਦਵਾਨ ਹਨ—ਭਾਈ ਗੁਰਮੁਖ ਸਿੰਘ, ਬਾਬੂ ਤੇਜਾ ਸਿੰਘ, ਗਿਆਨੀ ਸਰਦੂਲ ਸਿੰਘ, ਭਾਈ ਬਿਸ਼ਨ ਸਿੰਘ (ਸੰਗਰੂਰ ਵਾਲੇ), ਡਾ. ਰਣ ਸਿੰਘ, ਗਿਆਨੀ ਲਾਲ ਸਿੰਘ, ਡਾ. ਜਸਵੰਤ ਸਿੰਘ (ਲਖਨਊ ਵਾਲੇ), ਭਾਈ ਸ਼ੇਰ ਸਿੰਘ (ਕਸ਼ਮੀਰ ਵਾਲੇ), ਸ. ਸ਼ਮਸ਼ੇਰ ਸਿੰਘ ਅਸ਼ੋਕ, ਡਾ. ਤ੍ਰਿਲੋਚਨ ਸਿੰਘ, ਭਾਈ ਰਣਧੀਰ ਸਿੰਘ, ਡਾ. ਧਰਮ ਪਾਲ ਆਸ਼ਟਾ, ਡਾ. ਹਰਭਜਨ ਸਿੰਘ, ਗਿਆਨੀ ਹਰਨਾਮ ਸਿੰਘ 'ਬੱਲਭ', ਸ. ਅਮਰ ਸਿੰਘ ਸ਼ੇਰ-ਏ-ਪੰਜਾਬ, ਸ. ਕਰਤਾਰ ਸਿੰਘ ਹਿਤਕਾਰੀ ਆਦਿ।

3. ਕਰਤ੍ਰਿਤਵ ਦੇ ਵਿਵਾਦ ਸੰਬੰਧੀ ਸਿੱਖ ਵਿਦਵਾਨਾਂ ਵਿਚ ਦੋ ਧੜੇ ਰਹੇ—ਪੂਰਬ ਪੱਖ ਅਤੇ ਵਿਰੋਧੀ ਪੱਖ। ਪੂਰਬ ਪੱਖ ਵਾਲੇ ਵਿਦਵਾਨਾਂ ਦੁਆਰਾ ਪੇਸ਼ ਕੀਤੇ ਕੇਸਰ ਸਿੰਘ ਛਿੱਬਰ ਕ੍ਰਿਤ ਬੰਸਾਵਲੀਨਾਮੇ ਦੇ ਪ੍ਰਮਾਣ ਭ੍ਰਾਂਤੀਪੂਰਣ ਹਨ ਅਤੇ ਉਸ ਵਿਚ ਦਿੱਤੇ ਸੰਮਤ ਸਿੱਖ ਇਤਿਹਾਸ ਨਾਲ ਮੇਲ ਨਹੀਂ ਖਾਂਦੇ। ਇਨ੍ਹਾਂ ਵਿਦਵਾਨਾਂ ਦੁਆਰਾ ਬਹੁ ਚਰਚਿਤ ਭਾਈ ਮਨੀ ਸਿੰਘ ਵਾਲੀ ਚਿੱਠੀ ਜਾਅਲੀ ਹੈ ਅਤੇ ਬਾਣੀਆਂ ਦੀਆਂ ਆਰੰਭਿਕ ਕਰਤ੍ਰਿਤਵ ਸੂਚਕ ਉਕਤੀਆਂ ਉਤਾਰਾ-ਕਾਰਾਂ ਦੀ ਦੇਨ ਹੈ, ਇਹ ਕਰਤ੍ਰਿਤਵ

Digitized by Panjab Digital Library | www.panjabdigilib.org

ਨਿਰਣੇ ਵਿਚ ਸਹਾਇਕ ਨਹੀਂ ਹਨ। ਰਾਮ, ਸਿਆਮ, ਕਾਲ ਆਦਿ ਸ਼ਬਦ ਦਸਮ ਗੁਰੂ ਦੇ ਨਾਂ ਦੇ ਨਾ ਤਾਂ ਪ੍ਰਯਾਯ ਹਨ ਅਤੇ ਨਾ ਹੀ ਇਨ੍ਹਾਂ ਦੀਆਂ ਕਵੀ-ਛਾਪਾਂ। ਸ਼ੈਲੀ ਸੰਬੰਧੀ ਦਿੱਤੇ ਪ੍ਰਮਾਣ ਵੀ ਨਿਰਾਧਾਰ ਹਨ। ਇਨ੍ਹਾਂ ਵਿਦਵਾਨਾਂ ਨੇ ਅਸਲੀਅਤ ਨੂੰ ਛਿਪਾਣ ਦਾ ਯਤਨ ਕੀਤਾ ਹੈ ਅਤੇ ਵਿਸ਼ੇਸ਼ ਪ੍ਰਸੰਗਾਂ ਵਿਚੋਂ ਕੁਝ ਕੁਝ ਅੰਸ਼ ਕੱਢ ਕੇ ਉਨ੍ਹਾਂ ਦੇ ਬੇਤੁਕੇ ਅਰਥ ਕੀਤੇ ਹਨ। ਇਨ੍ਹਾਂ ਨੇ ਪੂਰਬ ਨਿਸਚਿਤ ਉੱਦੇਸ਼ਾਂ ਨੂੰ ਹੀ ਰੂਪਮਾਨ ਕੀਤਾ ਹੈ ਅਤੇ ਕਿਤੇ ਕਿਤੇ ਵਿਅਰਥ ਦੇ ਰਲੇ ਵੀ ਪਾਏ ਹਨ। ਸਮਾਧਾਨ ਦੀ ਥਾਂ ਤੇ ਇਨ੍ਹਾਂ ਵਿਦਵਾਨਾਂ ਦੇ ਤਰਕਾਂ ਨੇ ਭਰਮ ਜ਼ਿਆਦਾ ਫੈਲਾਏ ਹਨ।

4. ਉੱਤਰ ਪੱਖ ਵਾਲਿਆਂ ਨੇ ਨਕਾਰਾਤਮਕ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ, ਕਿਉਂਕਿ ਇਨ੍ਹਾਂ ਵਿਚੋਂ ਵੀ ਬਹੁਤ ਸਾਰੇ ਵਿਦਵਾਨਾਂ ਦੀਆਂ ਧਾਰਨਾਵਾਂ ਪੂਰਬ ਨਿਸਚਿਤ ਹੀ ਹਨ। ਇਨ੍ਹਾਂ ਦੇ ਕੱਢੇ ਸਿੱਟੇ ਅਨੁਮਾਨਿਕ ਅਧਿਕ ਅਤੇ ਆਧਾਰਭੂਤ ਘਟ ਹਨ। ਪਰ ਸ: ਸ਼ਮਸ਼ੇਰ ਸਿੰਘ ਅਸ਼ੋਕ ਅਤੇ ਗਿ. ਹਰਨਾਮ ਸਿੰਘ ਬੱਲਭ ਦੀ ਖੋਜ-ਦ੍ਰਿਸ਼ਟੀ ਵਸਤੂ-ਨਿਸ਼ਠ ਅਧਿਕ ਹੈ।

5. 'ਦਸਮ ਗ੍ਰੰਥ' ਦੀਆਂ ਉਪਲਬਧ ਪ੍ਰਾਚੀਨ ਬੀੜਾਂ ਚਾਰ ਹਨ—ਭਾਈ ਮਨੀ ਸਿੰਘ ਵਾਲੀ, ਮੋਤੀ ਬਾਗ ਵਾਲੀ, ਸੰਗਰੂਰ ਵਾਲੀ ਅਤੇ ਪਟਨੇ ਵਾਲੀ। ਇਨ੍ਹਾਂ ਬੀੜਾਂ ਵਿਚ ਕ੍ਰਿਤੀਆਂ ਦਾ ਕ੍ਰਮ ਅਤੇ ਸੰਖਿਆ ਇਕ-ਸਮਾਨ ਨਹੀਂ ਹੈ, ਨਾ ਹੀ ਛੰਦ ਸੰਖਿਆ ਸੰਬੰਧੀ ਕ੍ਰਿਤੀਆਂ ਵਿਚ ਪਰਸਪਰ ਮੇਲ ਹੈ। ਕਈਆਂ ਵਿਚ ਛੰਦ ਅਧਿਕ ਹਨ ਅਤੇ ਕਈਆਂ ਵਿਚ ਬਹੁਤ ਸਾਰੇ ਛੰਦਾਂ ਦਾ ਨਿਰਾਧਾਰ ਲੋਪ ਹੈ। 'ਕ੍ਰਿਸਨਾਵਤਾਰ' ਪ੍ਰਸੰਗ ਦਾ ਸਰੂਪ ਤੇ ਆਕਾਰ ਇਨ੍ਹਾਂ ਬੀੜਾਂ ਵਿਚ ਇਕ-ਸਮਾਨ ਨਹੀਂ ਹੈ। ਬਾਣੀਆਂ ਦੇ ਪਾਠ ਸ਼ੁਰੂ ਹੋਣ ਤੋਂ ਪਹਿਲਾ ਦਿੱਤੀਆਂ ਮੰਗਲਿਕ ਅਤੇ ਤਾਤ੍ਰਿਤਕ ਸੂਚਕ ਉਕਤੀਆਂ ਸੰਪਾਦਕਾਂ, ਲਿਖਾਰੀਆਂ ਅਤੇ ਉੱਤਰਾਧਿਕਾਰੀਆਂ ਦੁਆਰਾ ਦਿੱਤੀਆਂ ਹਨ, ਕਿਉਂਕਿ ਇਨ੍ਹਾਂ ਵਿਚ ਕੋਈ ਪਰਸਪਰ ਮੇਲ ਅਤੇ ਏਕਤਾ ਨਹੀਂ ਹੈ। ਇਨ੍ਹਾਂ ਬੀੜਾਂ ਵਿਚ ਪਾਠਾਂਤਰ ਬਹੁਤ ਹਨ, ਅਧਿਆਇ ਵੰਡ ਵੀ ਸਮਾਨ ਨਹੀਂ ਹੈ ਅਤੇ ਨਾ ਹੀ ਬਚਨਿਕਾਵਾਂ ਅਤੇ ਪੁਸ਼ਪਿਕਾਵਾਂ ਪਰਸਪਰ ਮੇਲ ਖਾਂਦੀਆਂ ਹਨ।

6. ਦਸਮ ਗੁਰੂ ਦੇ ਸ੍ਵ-ਹੱਥ-ਲਿਖਿਤ ਵਿਚ ਦਸੇ ਜਾਂਦੇ ਖ਼ਾਸ-ਪੱਤਰਾਂ ਵਿਚ ਅਨੇਕ ਪਾਠਾਂ ਦਾ ਨਿਰਾਧਾਰ ਰੂਪ ਵਿਚ ਲੋਪ ਹੋਇਆ ਹੈ ਅਤੇ ਛੰਦਾਂ ਦੇ ਪ੍ਰਸਿੱਧ ਨਿਯਮਾਂ ਦੀ ਉਲੰਘਣਾ ਹੋਈ ਹੈ। ਛੰਦਾਂ ਦੇ ਸੰਖਿਆ-ਅੰਕਾਂ ਵਿਚ ਵੀ ਬਹੁਤ ਗੜਬੜ ਹੈ। ਅਨੇਕ ਪਾਠ ਅਸ਼ੁੱਧ ਦਿੱਤੇ ਗਏ ਹਨ। 'ੳ' ਅਤੇ 'ਅ'-ਬੀੜਾਂ ਵਿਚ ਲਗੇ ਖ਼ਾਸ-ਪੱਤਰਾਂ ਦੀਆਂ ਤਰੁਟੀਆਂ ਲਗਭਗ ਸਮਾਨ ਹਨ ਅਤੇ ਇਨ੍ਹਾਂ ਦਾ ਸਰੋਤ ਵੀ ਸਮਾਨ ਪ੍ਰਤੀਤ ਹੁੰਦਾ ਹੈ। 'ਖ਼ਾਸ ਲਿਪੀ' ਦਸਮ ਗੁਰੂ ਤੋਂ ਪਹਿਲਾ ਅਤੇ ਪਿੱਛੋਂ ਵੀ ਪੰਜਾਬ ਵਿਚ ਪ੍ਰਚਲਿਤ ਰਹੀ। ਇਸ ਦੇ ਦੋ ਰੂਪ

Digitized by Panjab Digital Library | www.panjabdigilib.org

ਰਹੇ ਹਨ, ਇਹ ਦੋਵੇਂ ਮੰਡੀ ਸੁਕੇਤ ਵਿਚ ਪ੍ਰਚਲਿਤ 'ਟਾਕਰੀ ਲਿਪੀ' ਦੇ ਪ੍ਰਕਾਰ ਹਨ। ਖ਼ਾਸ-ਪੱਤਰਾਂ ਦੇ ਲਿਖਾਰੀ ਆਪ ਕਵੀ ਨਹੀਂ ਸਨ, ਕਿਉਂਕਿ ਇਨ੍ਹਾਂ ਵਿਚ ਕਵੀ-ਬੁੱਧੀ ਦੇ ਉਲਟ ਤਰੁੱਟੀਆਂ ਹਨ। ਇਕੋ ਹੀ ਪਾਠ ਦੇ ਖ਼ਾਸ ਪੱਤਰ ਇਕੋ ਹੀ ਹੱਥ-ਲੇਖ ਵਿਚ ਭਿੰਨ ਭਿੰਨ ਥਾਵਾਂ ਤੇ ਮਿਲਦੇ ਹਨ। ਫਲਸਰੂਪ, ਇਨ੍ਹਾਂ ਦੀ ਪ੍ਰਮਾਣਿਕਤਾ ਸ਼ੱਕੀ ਹੈ। ਇਤਿਹਾਸ ਅਤੇ ਪਰੰਪਰਾ ਅਨੁਸਾਰ ਧਨ ਅਤੇ ਜਾਗੀਰ ਪ੍ਰਾਪਤੀ ਦੇ ਲਾਲਚ ਲਈ ਅਜਿਹੇ ਪੱਤਰ ਅਤੇ ਪੋਥੀਆਂ ਤਿਆਰ ਕੀਤੀਆਂ ਜਾਂਦੀਆਂ ਸਨ ਅਤੇ ਚੋਖੇ ਮੁੱਲ ਤੇ ਵੇਚੀਆਂ ਜਾਂਦੀਆਂ ਰਹੀਆਂ ਹਨ। ਮੋਤੀ ਬਾਗ਼ ਵਾਲੀ ਬੀੜ ਦੇ ਖ਼ਾਸ-ਪੱਤਰ ਚੜ੍ਹਤ ਸਿੰਘ ਦੇ ਲਿਖੇ ਸਿੱਧ ਹੁੰਦੇ ਹਨ। ਪਟਨੇ ਵਾਲਾ ਹੁਕਮਨਾਮਾ ਅਤੇ ਮਨੀ ਸਿੰਘ ਵਾਲੀ ਬੀੜ ਦੇ ਖ਼ਾਸ-ਪੱਤਰ ਚੂੰਕਿ ਮੋਤੀ ਬਾਗ਼ ਵਾਲੀ ਬੀੜ ਨਾਲ ਮੇਲ ਖਾਂਦੇ ਹਨ, ਇਸ ਲਈ ਇਨ੍ਹਾਂ ਦਾ ਲਿਖਾਰੀ ਵੀ ਉਹੀ ਹੈ। ਅੰਦਰਲੇ ਤੇ ਬਾਹਰਲੇ ਪ੍ਰਮਾਣਾਂ ਅਤੇ ਵਿਗਿਆਨਿਕ ਪਰੀਖਿਆ ਦੇ ਆਧਾਰ ਤੇ ਇਹ ਪੱਤਰ ਦਸਮ ਗੁਰੂ ਦੇ ਸ੍ਵ-ਹੱਥ-ਲਿਖਿਤ ਸਿੱਧ ਨਹੀਂ ਹੁੰਦੇ।

7. ਚਰਿਤ੍ਰੋਪਾਖਿਆਨ, ਬਚਿਤ੍ਰ ਨਾਟਕ (ਅਪਨੀ ਕਥਾ, ਚੰਡੀ ਚਰਿਤ੍ਰ ੧ ਅਤੇ ੨, ਚੌਬੀਸ ਅਵਤਾਰ, ਬ੍ਰਹਮਾਵਤਾਰ, ਰੁਦ੍ਰਾਵਤਾਰ) ਆਦਿ ਕ੍ਰਿਤੀਆਂ ਗੁਰੂ ਜੀ ਤੋਂ ਭਿੰਨ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਹਨ। ਇਨ੍ਹਾਂ ਵਿਚ ਹਮ, ਹਮਾਰੇ ਆਦਿ ਉੱਤਮ-ਪੁਰਖੀ ਪੜਨਾਂਵਾਂ ਦੀ ਵਰਤੋਂ ਨਾਟਕੀ ਸ਼ੈਲੀ ਕਰਕੇ ਹੋਈ ਹੈ। ਇਨ੍ਹਾਂ ਕਥਾ ਪ੍ਰਸੰਗਾਂ ਵਿਚ ਸੰਪਾਦਕਾਂ ਦੁਆਰਾ ਹੇਰ-ਫੇਰ ਕੀਤੀ ਗਈ ਹੈ। ਇਹ ਕ੍ਰਿਤੀਆਂ ਕਾਵਿ-ਦੋਸਾਂ ਨਾਲ ਭਰਪੂਰ ਹਨ ਅਤੇ ਇਨ੍ਹਾਂ ਦੇ ਕਵੀਆਂ ਦਾ ਗਿਆਨ ਸੀਮਿਤ ਹੈ, ਕਿਉਂਕਿ ਇਨ੍ਹਾਂ ਦੀਆਂ ਕਹੀਆਂ ਗੱਲਾਂ ਭਰਮ-ਪੂਰਣ ਹਨ। ਇਨ੍ਹਾਂ ਨੇ ਅਸੰਬੰਧਿਤ ਪਾਤਰਾਂ ਨਾਲ ਵੀ ਕਈ ਪੌਰਾਣਿਕ ਕਥਾਵਾਂ ਜੋੜ ਕੇ ਆਪਣੀ ਅਗਿਆਨਤਾ ਦਾ ਸਬੂਤ ਦਿੱਤਾ ਹੈ। ਇਨ੍ਹਾਂ ਰਚਨਾਵਾਂ ਵਿਚ ਦਰਬਾਰੀ ਕਾਵਿ ਪ੍ਰਵਿਰਤੀਆਂ ਵਿਦਮਾਨ ਹਨ, ਕਿਉਂਕਿ ਇਹ ਕਵੀ ਆਪਣੀ ਭੁੱਲ-ਸੁਧਾਰ ਦਾ ਅਧਿਕਾਰ ਸਰੋਤਿਆਂ ਤੇ ਹੋਰਨਾਂ ਕਵੀਆਂ ਨੂੰ ਦਿੰਦੇ ਹਨ ਅਤੇ ਕਵਿਤਾ ਕਰਕੇ ਰਾਜਾ ਨੂੰ ਪ੍ਰਸੰਨ ਕਰਨਾ ਅਤੇ ਬਦਲੇ ਵਿਚ ਧਨ ਪ੍ਰਾਪਤ ਕਰਨਾ ਇਨ੍ਹਾਂ ਦਾ ਵਿਵਸਾਇਕ ਧੰਦਾ ਹੈ। ਇਹ ਕ੍ਰਿਤੀਆਂ ਦਸਮ ਗੁਰੂ ਦੀਆਂ ਰਚਨਾਵਾਂ ਨਹੀਂ, ਇਸੇ ਪ੍ਰਕਰਣ ਵਿਚ 'ਵਾਰ ਦੁਰਗਾ ਕੀ' ਵੀ ਦਸਮ ਗੁਰੂ ਰਚਿਤ ਸਿੱਧ ਨਹੀਂ ਹੁੰਦੀ। ਜਾਪੁ, ਅਕਾਲ ਉਸਤਤਿ (201 ਤੋਂ 230 ਤਕ ਨੂੰ ਛਡ ਕੇ), ਸਵੈਯੇ, ਜ਼ਫ਼ਰਨਾਮੇ ਆਦਿ ਦੇ ਕਰਤ੍ਰਿਤਵ ਨੂੰ ਦਸਮ ਗੁਰੂ ਤੋਂ ਭਿੰਨ ਸਿੱਧ ਕਰਨ ਦੀ ਕੋਈ ਗਵਾਹੀ ਨਹੀਂ ਮਿਲਦੀ। ਖ਼ਾਲਸਾ ਮਹਿਮਾ, ਗਿਆਨ ਪ੍ਰਬੋਧ ਅਤੇ ਸਬਦ ਹਜ਼ਾਰੇ ਦਾ ਸਰੂਪ ਸੰਦਿਗਧ ਹੈ। ਸ਼ਸਤ੍ਰ-ਨਾਮ-ਮਾਲਾ ਦਾ ਕਰਤ੍ਰਿਤਵ ਪੌਰਾਣਿਕ ਕ੍ਰਿਤੀਆਂ ਨਾਲ ਸੰਬੰਧ ਰਖਦਾ ਹੈ।

8. 'ਸ਼ਿਆਮ' ਆਦਿ ਅਨੇਕ ਕਵੀ ਦਸਮ ਗੁਰੂ ਦੇ ਦਰਬਾਰੀ ਕਵੀ ਸਨ। ਬਚਿਤ੍ਰ

Digitized by Panjab Digital Library | www.panjabdigilib.org

ਨਾਟਕ, ਚੌਬੀਸ ਅਵਤਾਰ, ਚਰਿਤ੍ਰੋਪਾਖਿਆਨ ਆਦਿ ਰਚਨਾਵਾਂ ਕਵੀਆਂ, ਪੰਡਿਤਾਂ, ਭ੍ਰਾਟਾਂ ਆਦਿ ਦੀਆਂ ਕ੍ਰਿਤੀਆਂ ਹਨ, ਦਸਮ ਗੁਰੂ ਨੇ ਉਨ੍ਹਾਂ ਨੂੰ ਕੇਵਲ ਆਪਣੀ ਮਾਨਤਾ ਪ੍ਰਦਾਨ ਕੀਤੀ ਸੀ। ਸਾਹਿਬ ਸਿੰਘ ਵਰਗੇ ਵਿਅਕਤੀ ਗੁਰੂ ਜੀ ਦੇ ਦਰਬਾਰੀ ਲਿਖਾਰੀ ਸਨ, ਜੋ ਕਥਾਵਾਂ ਸੁਣ ਕੇ ਅਤੇ ਫਿਰ ਸੁਧਾਰ ਕੇ ਸਿੱਖਾਂ ਦੇ ਹਿਤ ਲਈ ਲਿਖਦੇ ਸਨ। 'ਰਾਮ' ਕਵੀ-ਛਾਪ ਵਾਲਾ ਕਵੀ ਵੀ ਦਸਮ ਗੁਰੂ ਦਾ ਦਰਬਾਰੀ ਕਵੀ ਸੀ। ਇਹ ਕੇਸਵ ਦਾ ਪੁੱਤਰ, ਜਾਤ ਦਾ ਤ੍ਰਿਖਾ ਬ੍ਰਾਹਮਣ ਅਤੇ ਰੋਪੜ ਦਾ ਰਹਿਣ ਵਾਲਾ ਅਤੇ ਇਸ ਦਾ ਪੂਰਾ ਨਾਂ ਸੀਤਾ ਰਾਮ ਸੀ। ਇਸ ਦੀਆਂ ਹੋਰ ਰਚਨਾਵਾਂ ਵੀ ਮਿਲਦੀਆਂ ਹਨ।

9. ਦਸਮ ਗ੍ਰੰਥ ਦੀਆਂ ਪੌਰਾਣਿਕ ਕ੍ਰਿਤੀਆਂ ਦੇ ਇਸ਼ਟ-ਦੇਵ 'ਮਹਾ ਕਾਲ' ਅਤੇ 'ਕਾਲਿਕਾ' ਹਨ। ਇਨ੍ਹਾਂ ਦੋਹਾਂ ਦੇ ਸਰੂਪ, ਸਮਰਥਾ, ਨਾਂ, ਥਾਂ ਅਤੇ ਦੀਖਿਆ 'ਮਹਾ ਕਾਲ ਸੰਹਿਤਾ' ਅਤੇ 'ਕਾਲੀ ਤੰਤ੍ਰ' ਦੇ ਅਨੁਰੂਪ ਹਨ। ਇਨ੍ਹਾਂ ਦੀਆਂ ਭਾਵਨਾਤਮਕ ਪ੍ਰਵਿਰਤੀਆਂ ਵਾਮ-ਮਾਰਗੀਆਂ, ਸ਼ਾਕਤਾਂ, ਤਾਂਤ੍ਰਿਕਾਂ ਆਦਿ ਨਾਲ ਮੇਲ ਖਾਂਦੀਆਂ ਹਨ। ਸਿੱਖ ਸਿੱਧਾਂਤਾਂ ਅਤੇ ਪਰੰਪਰਾਵਾਂ ਨਾਲ ਇਨ੍ਹਾਂ ਦਾ ਕੋਈ ਮੇਲ ਨਹੀਂ ਹੈ। 'ਅਕਾਲ ਉਸਤਤਿ' ਦੇ 20 ਦੀਰਘ ਤ੍ਰਿਭੰਗੀ ਛੰਦਾਂ (211-230) ਅਤੇ ਸ਼ਸਤ੍ਰ ਨਾਮ ਮਾਲਾ ਵਿਚ ਵੀ ਦੇਵੀ ਪੂਜਾ ਅਤੇ ਸ਼ਸਤ੍ਰ-ਪੂਜਾ ਦੀ ਪ੍ਰਵਿਰਤੀ ਮਿਲ ਜਾਂਦੀ ਹੈ। ਬਾਕੀ ਰਚਨਾਵਾਂ ਦੇ ਇਸ਼ਟ ਦਾ ਸਰੂਪ ਇਨ੍ਹਾਂ ਪੌਰਾਣਿਕ ਰਚਨਾਵਾ ਤੋਂ ਭਿੰਨ ਅਤੇ ਲਗਭਗ ਸਿੱਖ ਸਿੱਧਾਂਤ ਪਰੰਪਰਾ ਅਨੁਕੂਲ ਹੈ।

10. ਸਾਰਾਂਸ਼ ਇਹ ਕਿ ਸੰਪੂਰਣ ਦਸਮ ਗ੍ਰੰਥ ਦਾ ਅਸ਼ੇਸ਼ ਰੂਪ ਵਿਚ ਕਰਤ੍ਰਿਤਵ ਦਸਮ ਗੁਰੂ ਨਾਲ ਨਹੀਂ ਜੁੜਦਾ, ਇਸ ਵਿਚ ਕਵੀ ਕ੍ਰਿਤੀਆਂ ਵੀ ਹਨ। ਗੁਰੂ ਜੀ ਦੀਆਂ ਇਸ ਗ੍ਰੰਥ ਵਿਚ ਪ੍ਰਮਾਣਿਕ ਰਚਨਾਵਾਂ ਹਨ—ਜਾਪੁ, ਅਕਾਲ ਉਸਤਤਿ (201 ਤੋਂ 230 ਤਕ ਦੇ ਭਾਗ ਨੂੰ ਛਡ ਕੇ), ਸਵੈਯੇ, ਜਫ਼ਰਨਾਮਾ ਆਦਿ।

Digitized by Panjab Digital Library | www.panjabdigilib.org

## ਪਰਿਸ਼ਿਸ਼ਟ ੧

### ਛਿੱਬਰ ਦੇ ਬੰਸਾਵਲੀਨਾਮੇ ਨਾਲ ਸੰਮਤਾਂ ਦੀ ਤੁਲਨਾਤਮਕ ਤਾਲਿਕਾ

| ਪਾਤਸ਼ਾਹੀ | ਕੇਸਰ ਸਿੰਘ ਛਿੱਬਰ ਦਾ ਦਿੱਤਾ ਅਵਤਾਰ ਸੰਮਤ | ਖਾਲਸਾ. ਟ੍ਰੈ. ਸੋ. ਦੀ 'ਗੁਰੂਕੁਲ ਦੀਪਕ ਪਤ੍ਰਕਾ' ਦਾ ਅਵਤਾਰ ਸੰਮਤ | ਪ੍ਰੋ. ਗੰਡਾ ਸਿੰਘ ਜੀ ਦਾ 'ਮਾਖਜ਼ ਤਾਰੀਖੇ ਸਿੱਖਾਂ' ਵਿਚ ਦਿੱਤਾ ਅਵਤਾਰ ਸੰਮਤ |
|---|---|---|---|
| ਪਹਿਲੀ | 1526 ਬਿ. 18 ਕਤਕ ਪੂਰਨਮਾਸ਼ੀ | 1526 ਬਿ. ਕਤਕ ਪੂਰਨਮਾਸ਼ੀ | 1526 ਬਿ. ਵੈਸਾਖ ਸੁਦੀ 3 ਸ਼ਨੀਵਾਰ |
| ਦੂਜੀ | 1566 ਬਿ. 11 ਵੈਸਾਖ ਸੋਮਵਾਰ 4 ਘੜੀ ਰਾਤ ਰਹਿੰਦੀ | 1561 ਬਿ. ਵੈਸਾਖ ਸੁਦੀ ਏਕਮ | 1561 ਬਿ. ਵੈਸਾਖ ਵਦੀ ਏਕਮ |
| ਤੀਜੀ | 1566 ਬਿ. 18 ਵੈਸਾਖ, ਚਾਨਣਾ ਪੱਖ, ਕ੍ਰਿਤਕਾ ਨਛਤ੍ਰ | 1526 ਬਿ. ਵੈਸਾਖ ਸੁਦੀ 14 | 1536 ਬਿ. ਵੈਸਾਖ ਸੁਦੀ 14 |
| ਚੌਥੀ | 1587 ਬਿ. 20 ਕਤਕ, ਕ੍ਰਿਸਨ ਪੱਖ ਚਿਤ੍ਰਾ ਨਛਤ੍ਰ ਚਾਰ ਘੜੀ ਦਿਨ ਚੜ੍ਹੇ | 1591 ਬਿ. ਕਤਕ ਵਦੀ 2 | 1591 ਬਿ. ਕਤਕ ਵਦੀ 2 |
| ਪੰਜਵੀਂ | 1610 ਬਿ. 18 ਵੈਸਾਖ, ਸੁਕਲਾ ਪੱਖ, ਕ੍ਰਿਤਕਾ ਨਛਤ੍ਰ ਰਾਤ ਅੱਧੀ ਗਈ | 1620 ਬਿ. ਵੈਸਾਖ ਵਦੀ 7 | 1620 ਬਿ. ਵੈਸਾਖ ਵਦੀ 7 |
| ਛੇਵੀਂ | 1647 ਬਿ. 21 ਹਾੜ, ਸੁਕਲਾ ਪਖ, ਅੱਧੀ ਰਾਤ ਗਈ ਪੁਖ ਨਛਤ੍ਰ | 1652 ਬਿ. ਹਾੜ ਵਦੀ 1 | 1652 ਬਿ. ਹਾੜ ਵਦੀ 7 ਵੀਰਵਾਰ |
| ਸਤਵੀਂ | 1688 ਬਿ. ਮਾਹ ਮਹੀਨੇ | 1687 ਬਿ. ਮਾਘ ਸੁਦੀ 13 | 1686 ਬਿ. ਮਾਘ ਸੁ. 13 ਸ਼ਨੀਵਾਰ |
| ਅਠਵੀਂ | 1711 ਬਿ. 9 ਸਾਵਣ ਪੱਖ ਚਾਨਣਾ | 1713 ਬਿ. ਸਾਵਣ ਵਦੀ 9 | 1713 ਬਿ. ਸਾਵਣ ਵਦੀ |
| ਨੌਵੀਂ | 1678 ਬਿ. 19 ਮਘਰ, ਕ੍ਰਿਸ਼ਨਾ ਪੱਖ ਡੇੜ ਪਹਿਰ ਰਾਤ ਰਹੀ | 1678 ਬਿ. ਵੈਸਾਖ ਵਦੀ 5 | 1678 ਬਿ. ਵੈਸਾਖ ਵਦੀ 5 |
| ਦਸਵੀਂ | 1718 ਬਿ. ਮਾਹ ਅਸਟਮੀ ਰਵੀਵਾਰ, ਧਨੇਸਟਾ ਨਛਤ੍ਰ ਤੀਜੇ ਚਰਨ, ਸ਼ੁਕਲਾ ਪੱਖ, ਪਿਛਲੀ ਰਾਤ | 1723 ਬਿ. ਪੋਹ ਸੁਦੀ 7 | 1725 ਬਿ. ਪੋਹ ਸੁਦੀ 7 |

Digitized by Panjab Digital Library | www.panjabdigilib.org

ਪਰਿਸ਼ਿਸ਼ਟ ੨

## 'ਕ੍ਰਿਸਨ' ਅਤੇ 'ਚਰਿਤ੍ਰ' ਸ਼ਬਦਾਂ ਦੇ ਜੋੜਾਂ ਦਾ ਉਤਰੋਤਰ ਸਰੂਪ

### ਕ੍ਰਿਸ਼ਨ

1. ਆਦਿ ਗ੍ਰੰਥ :

ਕ੍ਰਿਸਨ—**ਕ੍ਰਿਸਨੁ** ਬਲਭਦ੍ਰ ਗੁਰੁ ਪਗ ਲਗਿ ਧਿਆਵੈ । (ਗਉੜੀ ਮ. ੪)

ਕਿਸਨੁ—**ਕਿਸਨੁ** ਸਦਾ ਅਵਤਾਰੀ ਰੂਧਾ । (ਵਡਹੰਸ ਮ. ੩)

ਇਸ ਸ਼ਬਦ ਦਾ '**ਕਰਿਸਨ**' ਰੂਪ 'ਆਦਿ ਗ੍ਰੰਥ' ਵਿਚ ਬਿਲਕੁਲ ਨਹੀਂ ਵਰਤਿਆ ਗਿਆ ।

2. ਭਾਈ ਗੁਰਦਾਸ ਦੀਆਂ ਵਾਰਾਂ :

ਕ੍ਰਿਸਨ—ਪਰਸਰਾਮ **ਕ੍ਰਿਸਨ** ਹੋਇ ਪਿਲਕ ਕਲੰਕੀ ਨਾਉ ਗਣਾਏ ।

(ਵਾਰ 39/ਪਉੜੀ 15)

ਕਿਸਨ—**ਕਿਸਨ** ਸਹਾਈ ਪਾਂਡਵਾਂ ਭਾਇ ਭਗਤਿ ਕਰਤੂਤ ਵਿਸੇਖੇ ।

(ਵਾਰ 31/ਪਉੜੀ 4)

ਇਸ ਸ਼ਬਦ ਦੀ '**ਕਰਿਸਨ**' ਰੂਪ ਵਿਚ ਕਿਤੇ ਵੀ ਵਰਤੋਂ ਨਹੀਂ ਹੋਈ ।

3. ਦਸਮ ਗ੍ਰੰਥ ਦੀਆਂ ਪ੍ਰਾਚੀਨ ਬੀੜਾਂ :

(1) ਮਨੀ ਸਿੰਘ ਵਾਲੀ ਬੀੜ :

ਪੱਤਰਾ 5—ਪ੍ਰਸੰਗ "ਜੋਤੀ ਜੋਤ ਸਮਾਣੇ ਦੇ ਸੰਮਤ"—ਗੁਰ ਹਰ **ਕਿਸਨ**

ਪੱਤਰਾ 616—ਅਥ **ਕਿਸਨਾ** ਅਵਤਾਰ ਇਕੀਸਮੋ ਅਵਤਾਰ ਕਥਨੰ ।

'ਕ੍ਰਿਸਨਾਵਤਾਰ' ਪ੍ਰਸੰਗ ਵਿਚ 'ਕ੍ਰਿਸਨ' ਰੂਪ ਵੀ ਹੈ ।

(2) ਮੋਤੀ ਬਾਗ ਵਾਲੀ ਬੀੜ : ਇਸ ਵਿਚ 'ਕ੍ਰਿਸਨ' ਅਤੇ 'ਕਿਸਨ' ਦੋਵੇਂ ਰੂਪ ਵਰਤੇ ਗਏ ਹਨ ।

(3) ਸੰਗਰੂਰ ਵਾਲੀ ਬੀੜ : ਪੱਤਰਾ 718/118—**ਕ੍ਰਿਸਨ** ਅਵਤਾਰ ਇਕੀਸਵੇਂ ।

(4) ਪਟਨਾ ਵਾਲੀ ਬੀੜ : ਪੱਤਰਾ 156—ਇਤ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਦਸਮ ਸਕੰਦੇ ਪੁਰਾਣੇ ਸ੍ਰੀ **ਕ੍ਰਿਸਨਾ** ਅਵਤਾਰ ਇਕੀਸਵਾਂ......

(5) ਬਾਣੀ-ਵੇਰਵਾ ਵਾਲਾ ਖ਼ਾਸ-ਪੱਤਰਾ :

ਮਨੀ ਸਿੰਘ ਵਾਲੀ ਬੀੜ ਪੱਤਰਾ 615—'ਕਿਸਨ' ਰੂਪ ਹੈ ।

5. 'ਕ੍ਰਿਸ਼ਨਾਵਤਾਰ' ਦੀ ਇਕ ਪੁਰਾਣੀ ਪੋਥੀ (ਸਿੱਖ ਰੈਫਰੇਂਸ ਲਾਇਬ੍ਰੇਰੀ, ਹੱਥ-ਲਿਖਿਤ ਅੰਕ 4443):

Digitized by Panjab Digital Library | www.panjabdigilib.org

ਇਹ ਪੋਥੀ 200 ਵਰ੍ਹਿਆਂ ਤੋਂ ਜ਼ਿਆਦਾ ਪੁਰਾਣੀ ਹੈ ਅਤੇ ਇਸ ਵਿਚ ਇਸ ਸ਼ਬਦ ਦੇ **'ਕਿਸਨ'** ਅਤੇ **'ਕ੍ਰਿਸਨ'** ਦੋਵੇਂ ਰੂਪ ਵਰਤੇ ਗਏ ਹਨ।

5. 'ਕ੍ਰਿਸਨਾਵਤਾਰ' ਦੀ ਇਕ ਹੋਰ ਪੁਰਾਣੀ ਪੋਥੀ [ਸਿੱਖ ਰੈਫਰੈਂਸ ਲਾਇਬ੍ਰੇਰੀ, ਹੱਥ-ਲਿਖਿਤ ਅੰਕ 1579]:
ਇਹ ਪੋਥੀ ਸੰਮਤ 1858 ਬਿ. ਵਿਚ ਲਿਖੀ ਗਈ ਸੀ। ਇਸ ਵਿਚ **'ਕ੍ਰਿਸਨ'** ਰੂਪ ਹੈ।
ਪੱਤਰਾ 519—ਇਤ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ **ਕ੍ਰਿਸਨਾ** ਅਵਤਾਰ......

6. ਗੁਰ ਬਿਲਾਸ ਪਾਤਿਸਾਹੀ ੧੦ ; ਕ੍ਰਿਤ ਸਿੰਘ ਕਲਾਲ ਵਾਲਾ (ਸਿੱਖ ਰੈਫਰੈਂਸ ਲਾਇਬ੍ਰੇਰੀ, ਹੱਥ-ਲਿਖਿਤ ਅੰਕ 1198)
ਪੰਨਾ 59—ਤੁ ਗੁਰ ਰਾਮ **ਕ੍ਰਿਸਨ** ਅਵਤਾਰੀ।

ਟਿਪਣੀ : ਉਪਰ ਲਿਖੀਆਂ ਬੀੜਾਂ, ਪੋਥੀਆਂ ਅਤੇ ਹੋਰ ਅਨੇਕ ਪ੍ਰਾਚੀਨ ਹੱਥ-ਲਿਖਤਾਂ ਵਿਚ ਕਿਤੇ ਵੀ **'ਕਰਿਸਨ'** ਰੂਪ ਵਰਤਿਆ ਹੋਇਆ ਨਹੀਂ ਮਿਲਿਆ। ਦਸਮ ਗ੍ਰੰਥ ਦੀਆਂ ਪ੍ਰਕਾਸ਼ਿਤ ਬੀੜਾਂ ਵਿਚ ਵੀ ਇਸ ਸ਼ਬਦ ਦੇ ਜੋੜ 'ਕ੍ਰਿਸਨ' ਅਤੇ 'ਕਿਸਨ' ਹਨ।

## ਚਰਿਤ੍ਰ

1. ਆਦਿ ਗ੍ਰੰਥ : **ਚਰਿਤ੍ਰ** ਜਾਂ **ਚਰਿਤ** ਰੂਪ ਵਿਚ ਵਰਤੋਂ ਹੋਈ ਹੈ। 'ਚਰਿਤਰ' ਰੂਪ ਵਿਚ ਕਿਤੇ ਵੀ ਨਹੀਂ—
ਅਪਨੇ **ਚਰਿਤ** ਪ੍ਰਭਿ ਆਪ ਬਨਾਏ। (ਸੁਖਮਨੀ)

2. ਭਾਈ ਗੁਰਦਾਸ ਦੀਆਂ ਵਾਰਾਂ : **ਚਰਿਤ੍ਰ** ਅਤੇ **ਚਰਿਤ** ਦੋਹਾਂ ਰੂਪਾਂ ਦੀ ਵਰਤੋਂ ਹੋਈ ਹੈ, ਪਰ 'ਚਰਿਤਰ' ਰੂਪ ਦੀ ਨਹੀਂ—
ਖਾਣੀ ਬਾਣੀ **ਚਲਿਤ** ਕਰਿ ਆਵਾਗਉਣ **ਚਰਿਤ੍ਰ** ਦਿਖਾਈ।
[ਵਾਰ ੧/ਪਉੜੀ ੨]

3. ਦਸਮ ਗ੍ਰੰਥ ਦੀਆਂ ਪ੍ਰਾਚੀਨ ਬੀੜਾਂ :
(1) ਮਨੀ ਸਿੰਘ ਵਾਲੀ ਬੀੜ :
ਪੱਤਰਾ 553—ਅਥ ਚੰਡੀ **ਚਰਿਤ੍ਰ** ਉਕਤਿ ਬਲਾਸ ਲਿਖਯਤੇ।
ਪੱਤਰਾ 842—ਤਤਕਰ ਸ੍ਰੀ **ਚਰਿਤ੍ਰ**ਖਯਾਨ ਕਾ ਲਿਖਿਯਤੇ।
(2) ਮੋਤੀ ਬਾਗ ਵਾਲੀ ਬੀੜ :
ਪੱਤਰਾ 13—ਅਥ ਚੰਡੀ **ਚਰਿਤ੍ਰ** ਉਕਤਿ ਬਿਲਾਸ ਲਿਖਯਤੇ।
ਪੱਤਰਾ 266— **ਚਰਿਤ੍ਰ**

Digitized by Panjab Digital Library | www.panjabdigilib.org

(3) ਪਟਨੇ ਵਾਲੀ ਬੀੜ. :

ਪੱਤਰਾ 372—ਇਤ ਸ੍ਰੀ ਚਰਿਤ੍ਰੋਪਾਖਿਆਨ ਚੰਡੀ **ਚਰਿਤ੍ਰ** ਸਮਾਪਤ...
ਅਥ **ਚਰਿਤ੍ਰੋ**ਪਾਖਿਆਨ ਦੀ ਕਥਾ ਲਿਖਤੇ ।
ਪੱਤਰਾ 183—ਅਥ ਚੰਡੀ **ਚਰਿਤ੍ਰ** ਉਕਤਿ ਬਿਲਾਸ ਲਿਖਯਤੇ ।

(4) ਸੰਗਰੂਰ ਵਾਲੀ ਬੀੜ :

ਪੱਤਰਾ 910/310—ਅਥ ਪਾਖਿਯਾਨ **ਚਰਿਤ੍ਰ** ਲਿਖਿਯਤੇ ।
ਪੱਤਰਾ 668/68—ਅਥ ਚੰਡੀ **ਚਰਿਤ੍ਰ** ਬਿਲਾਸ ਲਿਖਿਯਤੇ ।

(5) ਬਾਣੀ-ਵੇਰਵਾ ਵਾਲਾ ਖ਼ਾਸ-ਪੱਤਰਾ :

ਮਨੀ ਸਿੰਘ ਵਾਲੀ ਬੀੜ ਪੱਤਰਾ 615—'**ਚਰਿਤ੍ਰ**'

4. ਮਹਿਮਾ ਪ੍ਰਕਾਸ਼ (ਸਰੂਪ ਦਾਸ ਭੱਲਾ) :

ਪੱਤਰਾ 411-12—ਚਾਰ ਸੋ ਚਾਰ ਚਲਿਤ੍ਰ ਨਵੀਨਾ ।

5. ਬਾਦਸ਼ਾਹੀ ਦਸ ਗ੍ਰੰਥੀ [ਕੇਂਦਰੀ ਪੁਸਤਕਾਲਯ, ਪਟਿਆਲਾ, ਹੱਥ-ਲਿਖਿਤ ਅੰਕ 748] ਇਹ ਹੱਥ-ਲਿਖਿਤ 120 ਵਰ੍ਹਿਆਂ ਤੋਂ ਜ਼ਿਆਦਾ ਪੁਰਾਣੀ ਹੈ ਅਤੇ ਇਸ ਵਿਚ 'ਚਰਿਤ੍ਰ' ਰੂਪ ਹੈ—

ਅਥ ਚੰਡੀ **ਚਰਿਤ੍ਰ** ਲਿਖਿਜਤੇ ।

ਟਿੱਪਣੀ : ਉਪਰ ਲਿਖੀਆਂ ਬੀੜਾਂ ਅਤੇ ਪੋਥੀਆਂ ਤੇ ਹੋਰ ਅਨੇਕ ਪ੍ਰਾਚੀਨ ਹੱਥ-ਲਿਖਿਤਾਂ ਵਿਚ ਕਿਤੇ ਵੀ 'ਚਰਿਤਰ' ਰੂਪ ਵਰਤਿਆ ਹੋਇਆ ਨਹੀਂ ਮਿਲਦਾ। ਪ੍ਰਕਾਸ਼ਿਤ ਦਸਮ ਗ੍ਰੰਥਾਂ ਵਿਚ ਵੀ ਇਹ ਰੂਪ ਨਹੀਂ ਵਰਤਿਆ ਗਿਆ ਹੈ।

ਸਾਰਾਂਸ਼ ਇਹ ਕਿ ਸਭ ਥਾਵਾਂ ਤੇ ਇਨ੍ਹਾਂ ਸ਼ਬਦਾਂ ਦੇ ਹੇਠ ਲਿਖੇ ਰੂਪ ਹੀ ਮਿਲਦੇ ਹਨ—

ਕ੍ਰਿਸ਼ਨ—ਕ੍ਰਿਸਨ, ਕਿਸਨ ;

ਚਰਿਤ੍ਰ—ਚਰਿਤ੍ਰ, ਚਰਿਤ, ਚਲਿਤ੍ਰ, ਚਲਿਤ ।

ਇਸ ਲਈ ਭਾਈ ਮਨੀ ਸਿੰਘ ਦੀ ਚਿੱਠੀ ਵਿਚ ਵਰਤੇ ਇਨ੍ਹਾਂ ਸ਼ਬਦਾਂ ਦੇ ਜੋੜ (**ਕਰਿਸਨ** ਅਤੇ **ਚਰਿਤਰ**) ਇਨ੍ਹਾਂ ਦੇ ਪਰੰਪਰਾਗਤ ਜੋੜਾਂ ਨਾਲ ਮੇਲ ਨਹੀਂ ਖਾਂਦੇ।

## ਆਧੁਨਿਕ ਦ੍ਰਿਸ਼ਟੀਕੋਣ

ਆਧੁਨਿਕ ਪੰਜਾਬੀ ਸਾਹਿਤ ਵਿਚ ਭਾਵੇਂ ਸੰਯੁਕਤ ਅੱਖਰਾਂ ਪ੍ਰਤਿ ਉਦਾਸੀਨਤਾ ਰਹੀ ਹੋਵੇ, ਤਾਂ ਵੀ ਇਹ ਦੋਵੇਂ ਸ਼ਬਦ ਸੰਯੁਕਤ ਪਰੰਪਰਾ ਅਨੁਸਾਰ ਹੀ ਲਿਖੇ ਜਾਂਦੇ ਹਨ। ਕੁਝ ਵਿਦਵਾਨਾਂ ਦੇ ਮਤ ਵੇਖੋ—

(1) **ਪ੍ਰਿੰ. ਤੇਜਾ ਸਿੰਘ** : (ਪੰਜਾਬੀ ਕਿਵੇਂ ਲਿਖੀਏ, ਪੰਨਾ 115) "ਆਮ ਤੌਰ ਤੇ ਪੰਜਾਬੀ ਲਿਖਤ ਵਿਚ ਦੋਹਰੇ ਅੱਖਰ ਘੱਟ ਵਰਤੀਂਦੇ ਹਨ।...... ਨੇਮ ਇਹ ਹੈ ਕਿ ਜਿਹੜੇ

Digitized by Panjab Digital Library | www.panjabdigilib.org

ਸ਼ਬਦ ਬਾਹਰੋਂ ਆ ਕੇ ਅਜੇ ਤਾਈਂ ਪਰਾਹੁਣਾ ਹੀ ਰਿਹਾ ਹੈ, ਉਸ ਨੂੰ ਮੂਲ ਰੂਪ ਵਿਚ ਹੀ ਲਿਖਿਆ ਜਾਂਦਾ ਹੈ, ਜਿਵੇਂ...ਕ੍ਰਿਸ਼ਨ..."

(2) **ਪ੍ਰੋ. ਸੇਵਾ ਸਿੰਘ ਸੇਵਕ** : (ਪ੍ਰਬੋਧ ਪੰਜਾਬੀ ਵਿਆਕਰਣ ਤੇ ਪ੍ਰਸਤਾਵ-ਰਚਨਾ, ਪੰਨਾ 17)

"ਪੰਜਾਬੀ ਵਿਚ 'ਹ', 'ਰ' ਤੇ 'ਵ' ਹੀ ਮਿਸ਼ਰਤ ਰੂਪ ਵਿਚ ਵਰਤੇ ਜਾਂਦੇ ਹਨ। ਪੰਜਾਬੀ ਬੋਲੀ ਵਿਚ ਦੁੱਤ ਅੱਖਰ ਲਿਖਣ ਦਾ ਰਿਵਾਜ ਦਿਨੋ ਦਿਨ ਘਟਦਾ ਜਾ ਰਹਿਆ ਹੈ।"

(3) **ਪ੍ਰੋ. ਕੇਸਰ ਸਿੰਘ ਉਬਰਾਏ**: (ਸਰਲ ਵਿਆਕਰਣ ਅਤੇ ਲੇਖ, ਪੰਨਾ 63)

ਪੰਜਾਬੀ ਦੇ ਤਿੰਨ ਦੁੱਤ ਅੱਖਰ ਹਨ—ਹ, ਰ, ਵ

**ਸਿੱਟਾ :**

ਪੰਜਾਬੀ ਸ਼ਬਦ-ਜੋੜਾਂ ਦੀ ਪਰੰਪਰਾ ਅਨੁਸਾਰ 'ਚਰਿਤ੍ਰ' ਅਤੇ 'ਕ੍ਰਿਸ਼ਨ' ਸ਼ਬਦਾਂ ਦੇ ਸਰੂਪ ਹੇਠ ਲਿਖੇ ਹੀ ਸਰਬ ਸ੍ਵੀਕ੍ਰਿਤ ਹਨ :

ਕ੍ਰਿਸ਼ਨ—ਕ੍ਰਿਸਨ, ਕ੍ਰਿਸ਼ਨ, ਕਿਸ਼ਨ

ਚਰਿਤ੍ਰ—ਚਰਿਤ੍ਰ, ਚਰਿਤ, ਚਲਿਤ੍ਰ, ਚਲਿਤ

ਇਨ੍ਹਾਂ ਤੋਂ ਭਿੰਨ ਸ਼ਬਦ-ਜੋੜ ਪਰੰਪਰਾ ਦੇ ਪ੍ਰਤਿਕੂਲ ਅਤੇ ਸਖੀ ਹਨ।

Digitized by Panjab Digital Library | www.panjabdigilib.org

## ਪਰਿਸ਼ਿਸ਼ਟ ੩

# ਦਸਮ ਗ੍ਰੰਥ ਵਿਚ ਕਵੀ-ਛਾਪਾਂ ਦੀ ਵਰਤੋਂ ਦੀ ਪ੍ਰਣਾਲੀ

'ਦਸਮ ਗ੍ਰੰਥ' ਵਿਚ ਕਵੀ-ਛਾਪਾਂ ਦੀ ਵਰਤੋਂ ਕੇਵਲ ਤਿੰਨ ਪ੍ਰਸੰਗਾਂ ਵਿਚ ਹੋਈ ਹੈ— 'ਚੌਬੀਸ ਅਵਤਾਰ', 'ਰੁਦ੍ਰਾਵਤਾਰ ਅਤੇ 'ਚਰਿਤ੍ਰੋਪਾਖਿਆਨ'। ਇਨ੍ਹਾਂ ਸਾਰਿਆਂ ਪ੍ਰਸੰਗਾਂ ਅੰਦਰ ਜਿਸ ਜਿਸ ਰੂਪ ਵਿਚ ਕਵੀ-ਛਾਪ ਵਰਤੀ ਗਈ ਹੈ, ਉਸ ਦਾ ਵਿਵਰਣ ਇੰਜ ਹੈ—

| ਰਚਨਾ | ਪ੍ਰਸੰਗ | ਛੰਦ ਅੰਕ | ਪ੍ਰਣਾਲੀ |
|---|---|---|---|
| ਚਰਿਤ੍ਰੋਪਾਖਿਆਨ | ਚਰਿਤ੍ਰ ਅੰਕ 1 | 22 | ਰਾਮ ਭਨੈ |
| ,, | ,, 18 | 1 | ਰਾਮ ਕਵਿ |
| ,, | ,, 26 | 13 | ਰਾਮ ਭਨੈ |
| ,, | ,, 28 | 14 | ,, |
| ,, | ,, 52 | 68 | ਕਵਿ ਰਾਮ ਭਨੈ |
| ,, | ,, 54 | 1 | ਸੁਕਵਿ ਰਾਮ |
| ,, | ,, 109 | 19 | ਕਬਿ ਰਾਮ |
| ,, | ,, 109 | 32 | ਸ੍ਯਾਮ ਭਨੈ |
| ,, | ,, 110 | 11 | ਕਵਿ ਸ੍ਯਾਮ |
| ,, | ,, 122 | 22 | ਸੁਕਵਿ ਸ੍ਯਾਮ |
| ,, | ,, 128 | 13 | ਸ੍ਯਾਮ ਭਨੈ |
| ,, | ,, 195 | 29 | ਸੁਕਬਿ ਕਾਲ |
| ,, | ,, 217 | 52 | ,, |
| ,, | ,, 227 | 11 | ਸੁਕਬਿ ਕਾਲ |
| ,, | ,, 296 | 11 | ,, |
| ,, | ,, 336 | 47 | ,, |
| ,, | ,, 401 | 10 | ,, |
| ਰੁਦ੍ਰਵਤਾਰ | ਦਤ | 498 | ਸੋ ਕਬਿ ਸ੍ਯਾਮ |
| ਚੌਬੀਸ ਅਵਤਾਰ | ਭੂਮਿਕਾ | 1 | ਬਰਨਤ ਸ੍ਯਾਮ |
| ,, | ਖੀਰ ਸਮੁਦ੍ਰ | 1 | ਕਬ ਸ੍ਯਾਮ |
| ,, | 14ਵਾਂ ਅਵਤਾਰ | 4 | ਸੁਕਬਿ ਸ੍ਯਾਮ |
| ,, | ਰਾਮਾਵਤਾਰ | 323 | ,, |

Digitized by Panjab Digital Library | www.panjabdigilib.org

| ਰਚਨਾ | ਪ੍ਰਸੰਗ | ਛੰਦ ਅੰਕ | ਪ੍ਰਣਾਲੀ |
|---|---|---|---|
| ਚੌਬੀਸ ਅਵਤਾਰ | ਕ੍ਰਿਸ਼ਨਾਵਤਾਰ | 33 | ਕਬਿ ਸਜਾਮ ਸੁਨਾਏ |
| ,, | ,, | 103 | ਕਬਿ ਸਜਾਮ ਕਹੀ |
| ,, | ,, | 119 | ਕਬਿ ਸਜਾਮ ਕਹੈ |
| ,, | ,, | 122 | ਕਬਿ ਸਜਾਮ ਲਖੀ |
| ,, | ,, | 123 | ਸਜਾਮ ਕਹੈ |
| ,, | ,, | 132 | ,, |
| ,, | ,, | 136 | ਕਬਿ ਸਜਾਮ |
| ,, | ,, | 138 | ਸਜਾਮ ਕਹੀ |
| ,, | ,, | 143 | ਸਜਾਮ ਕਹੈ |
| ,, | ,, | 157 | ਸਜਾਮ ਕਥਾ ਸੁਨਹੀ |
| ,, | ,, | 166 | ਕਬਿ ਸਜਾਮ ਪਿਰਾਨੀ |
| ,, | ,, | 224 | ਕਹੈ ਕਬਿ ਸਜਾਮ |
| ,, | ,, | 229 | ,, |
| ,, | ,, | 231 | ਸਜਾਮ ਕਹੈ |
| ,, | ,, | 235 | ਕਬਿ ਸਜਾਮ ਗਨੋ |
